ਪ੍ਰਵਚਨ ਸਾਹਿਤ ਸਮੀਖਿਆ ਤੇ ਸੱਭਿਆਚਾਰ ਦੀ ਤ੍ਰੈ-ਮਾਸਿਕ ਪਤ੍ਰਿਕਾ

ਸਾਲ : 20 ਪੁਸਤਕ ਲੜੀ : 77 ਅਕਤੂਬਰ-ਦਸੰਬਰ, 2019

ਸੰਪਾਦਕ:
ਡਾ. ਰਜਨੀਸ਼ ਬਹਾਦਰ ਸਿੰਘ
9, Raseela Nagar
Adjoining Asharam,
Jalandhar-144002
Mob: 98148-60778
pravachan07@gmail.com
ਸੰਤੋਖ ਸਿੰਘ ਧਾਲੀਵਾਲ
65 Wroxham Drive, Wollation,
Nottingham NG8 2QR, U.K.

ਵਿਸ਼ੇਸ਼ ਸਲਾਹਕਾਰ: ਜਸ ਮੰਡ

ਸਹਿਯੋਗ
ਡਾ. ਕੁਲਵੰਤ ਸਿੰਘ ਸੰਧੂ
ਡਾ. ਜਸਵਿੰਦਰ ਸਿੰਘ
ਬਲਬੀਰ ਪਰਵਾਨਾ
ਡਾ. ਪਰਮਜੀਤ ਕੌਰ ਸਿੱਧੂ
ਵਰਿੰਦਰ ਪਰਿਹਾਰ,
ਡਾ. ਹਰਭਜਨ ਸਿੰਘ ਢਿੱਲੋਂ (ਕੈਲਗਰੀ)

ਚੰਦਿਆਂ ਦਾ ਵੇਰਵਾ:

| | |
|---|---|
| India | Rs. 50 Per Issue |
| | Rs. 200 Per Year |
| | Rs. 800 Per 5 Years |
| U.K. | £4 Per issue |
| | £15 Per Year |
| | £75 Per 5 Years |
| U.S.A./ | $30 Per Year |
| Canada | $30 Per Year |
| | $150 Per 5 Years. |

ਅੰਦਰ ਪੜ੍ਹੋ:

ਸੰਪਾਦਕੀ
✲ ਸਮਕਾਲੀ ਪੰਜਾਬੀ ਚਿੰਤਨ ਦੀਆਂ ਸਮੱਸਿਆਵਾਂ
-ਰਜਨੀਸ਼ ਬਹਾਦਰ ਸਿੰਘ/02
ਲੇਖ:
✲ ਸਮਕਾਲੀ ਚਿੰਤਨ ਅਤੇ ਸਾਹਿਤ 'ਚ ਇਤਿਹਾਸਿਕਤਾ... -ਮਨਮੋਹਨ ਬਾਵਾ/06
✲ ਸਮਕਾਲ ਵਿੱਚ ਇਤਿਹਾਸਕ ਪ੍ਰਸੰਗਾਂ ਦੀ ਪੇਸ਼ਕਾਰੀ
-ਰਾਜਪਾਲ ਸਿੰਘ/11
✲ ਅਜੋਕੀ ਪੰਜਾਬੀ ਨਾਵਲ ਆਲੋਚਨਾ : ਕੱਚ-ਸੱਚ/
-ਡਾ. ਮਹਿਲ ਸਿੰਘ/19
✲ ਸਾਹਿਤ ਅਤੇ ਸਾਹਿਤ ਚਿੰਤਨ
-ਬਲਦੇਵ ਸਿੰਘ (ਡਾ.)/29
✲ ਸਮਕਾਲੀ ਚਿੰਤਨ: ਪੰਜਾਬੀ ਕਹਾਣੀ ਆਲੋਚਨਾ
-ਹਰਪ੍ਰੀਤ ਕੌਰ ਸੰਧੂ/37
✲ ਦਲਿਤ ਪੰਜਾਬੀ ਕਹਾਣੀ ਚਿੰਤਨ
-ਡਾ. ਸੰਤੋਖ ਸਿੰਘ/44
✲ ਸਮਕਾਲੀ ਚਿੰਤਨ : ਪੰਜਾਬੀ ਕਾਵਿ ਆਲੋਚਨਾ
-ਸੁਖਪ੍ਰੀਤ ਸਿੰਘ ਸੰਧ/52
✲ ਸਮਕਾਲੀ ਚਿੰਤਨ ਅਤੇ ਪੰਜਾਬੀ ਨਾਟ ਸਮੀਖਿਆ
-ਕੁਲਦੀਪ ਸਿੰਘ ਦੀਪ (ਡਾ.)/60
✲ ਪੰਜਾਬੀ ਗਇਕੀ ਦੇ ਸਰੋਕਾਰ
-ਪ੍ਰੋ ਰਾਜਿੰਦਰ ਪਾਲ ਸਿੰਘ ਬਰਾੜ/88
✲ ਪੰਜਾਬੀ ਲੋਕਧਾਰਾ ਚਿੰਤਨ-ਡਾ. ਦਰਿਆ/101
✲ ਸਮਕਾਲ ਵਿਚ ਪੱਤਰਕਾਰੀ-ਸੁਕੀਰਤ/114
✲ ਅਨੁਵਾਦ ਦੀ ਰਾਜਨੀਤੀ ਦੇ ਸਮਕਾਲੀਨ ਮੁੱਦੇ
-ਜਸ ਮੰਡ/121
✲ 21ਵੀਂ ਸਦੀ ਦੇ ਦੂਜੇ ਦਹਾਕੇ ਦੇ ਪੀਐੱਚ. ਡੀ.
-ਡਾ. ਰਮਿੰਦਰ ਕੌਰ, ਸ਼ਰਨਜੀਤ ਕੌਰ/126
✲ ਮੌਜੂਦਾ ਦੌਰ ਵਿਚ ਭਾਰਤੀ...- ਕੁਲਵਿੰਦਰ/133
ਪੁਸਤਕ ਪੜਚੋਲ/ਪ੍ਰੋ. ਸਤਿੰਦਰ ਕੌਰ/139
ਪਾਠਕ ਪ੍ਰਤੀਕ੍ਰਿਆ/141

☛ ਸੰਪਾਦਕੀ ਬੋਰਡ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।
☛ ਨੋਟ: ਚੰਦੇ ਕੇਵਲ ਚੈੱਕ ਜਾਂ ਡਰਾਫਟ ਰਾਹੀਂ ਸੰਪਾਦਕ R.B. Singh

Bright Printing Press, Mohalla Kishanpura, Jalandhar

ਸੰਪਾਦਕੀ

# ਸਮਕਾਲੀ ਪੰਜਾਬੀ ਚਿੰਤਨ ਦੀਆਂ ਸਮੱਸਿਆਵਾਂ

ਸਮਕਾਲੀ ਚਿੰਤਨ ਵਰਤਮਾਨ ਸਥਿਤੀਆਂ ਵਿਚੋਂ ਪੈਦਾ ਹੁੰਦਾ ਹੋਇਆ ਵੀ ਭੂਤਕਾਲ ਨਾਲ ਜੁੜਿਆ ਹੋਇਆ ਹੀ ਨਹੀਂ ਹੁੰਦਾ ਸਗੋਂ ਭਵਿੱਖ ਨੂੰ ਵੀ ਰੇਖਾਂਕਿਤ ਕਰਦਾ ਹੈ। ਕਿਸੇ ਵੀ ਭੂਗੋਲਿਕ ਖਿੱਤੇ ਵਿਚ ਵਸਣ ਵਾਲੇ ਲੋਕ ਇਕ ਵਿਸ਼ਾਲ ਸਭਿਆਚਾਰਕ ਇਕਾਈ ਵਿਚ ਬੱਝੇ ਹੁੰਦੇ ਹਨ। ਭੂਗੋਲਿਕ ਖਿੱਤੇ ਦੀ ਵਿਸ਼ਾਲਤਾ ਕਰਕੇ ਕਈ ਕੌਮਿਅਤਾਂ ਅਤੇ ਉਪ-ਸਭਿਆਚਾਰਕ ਇਕਾਈਆਂ ਕਿਸੇ ਵਿਸ਼ਾਲ ਖਿੱਤੇ ਤੇ ਅਧਾਰਿਤ ਮੁੱਖ ਸਭਿਆਚਾਰ ਦੇ ਕੁਝ ਸਾਂਝੇ ਸੂਤਰਾਂ ਨਾਲ ਆਪਸ ਵਿਚ ਜੁੜੀਆਂ ਹੁੰਦੀਆਂ ਹਨ। ਇਹ ਅਨੇਕਤਾਂ ਵਿਚ ਏਕਤਾ ਦਾ ਸੂਤਰ ਵੱਖ-ਵੱਖ ਨਸਲਾਂ, ਧਰਮਾਂ ਅਤੇ ਭਾਸ਼ਾਈ ਵੱਖਰਤਾ ਵਾਲੇ ਦੇਸ਼ਾਂ ਦੀ ਮੂਲ ਆਤਮਾ ਹੁੰਦੀ ਹੈ। ਇਥੇ ਆਤਮਾ ਦਾ ਅਰਥ ਮੂਲ ਸੁਰ ਤੋਂ ਹੈ। ਜਗੀਰਦਾਰੀ ਪ੍ਰਬੰਧ ਉੱਤੇ ਅਧਾਰਿਤ ਰਜਵਾੜਾ ਸ਼ਾਹੀ ਵਿਚ ਦੇਸ਼ਾਂ ਦੀਆਂ ਹੱਦਾਂ ਰਾਜੇ ਦੀ ਸ਼ਕਤੀ ਤੈਅ ਕਰਦੀ ਸੀ। ਇਸ ਲਈ ਹੱਦਾਂ ਦੀ ਸੀਮਾ ਲਈ ਪਰੰਪਰਾਵਾਂ ਸਨ, ਕੋਈ ਕੌਮਾਂਤਰੀ ਨਿਯਮ ਨਹੀਂ ਸੀ। ਸੰਗਠਨ ਬਣਾਉਣ ਅਤੇ ਅਗਵਾਈ ਕਰਨ ਵਾਲਾ ਵਿਅਕਤੀ ਵੱਖ-ਵੱਖ ਨਾਹਰਿਆਂ ਅਧੀਨ ਲੋਕਾਂ ਦਾ ਗਰੋਹ ਤਿਆਰ ਕਰਦਾ ਸੀ ਅਤੇ ਇਲਾਕੇ ਜਿੱਤਣ ਤੇ ਲੁੱਟਮਾਰ ਕਰਨ ਲਈ ਤੁਰ ਪੈਂਦਾ ਸੀ। ਇਸ ਵਰਤਾਰੇ ਨਾਲ ਲੋਕਾਂ ਦੀ ਲੁੱਟਮਾਰ ਤੇ ਨਾਲ-ਨਾਲ ਸਭਿਆਚਾਰਕ ਵਟਾਂਦਰੇ ਦਾ ਵਰਤਾਰਾ ਵੀ ਚਲਦਾ ਰਹਿੰਦਾ ਸੀ। ਇਸ ਵਰਤਾਰੇ ਨੇ ਭਾਰਤ ਅੰਦਰ ਸਯੁਕਤ ਸਭਿਆਚਾਰ ਤੋਂ ਲੈ ਕੇ ਮਿਸ਼ਰਤ ਸਭਿਆਚਾਰ ਤਕ ਦਾ ਸਫ਼ਰ ਤੈਅ ਕੀਤਾ। ਇਸੇ ਸਥਿਤੀ ਵਿਚੋਂ ਸੰਵਾਦ ਲਈ ਥਾਂ ਬਣਦੀ ਹੈ। ਇਹ ਸੰਵਾਦ ਹੀ ਸਿਹਤਬੰਦ ਸਮਾਜ ਦੀ ਬੁਨਿਆਦ ਹੈ। ਭਾਰਤੀ ਸਭਿਆਚਾਰ ਵਿਚੋਂ ਪੰਜਾਬੀ ਸਭਿਆਚਾਰ ਵਿਸ਼ੇਸ਼ ਤੌਰ ਤੇ ਇਸ ਵਰਤਾਰੇ ਦਾ ਮਹੱਤਵਪੂਰਨ ਭੂਗੋਲਿਕ ਖਿੱਤਾ ਹੈ। ਆਧੁਨਿਕ ਸਮੇਂ ਵਿਚ ਇਸ ਸੰਵਾਦ ਦੇ ਵਾਹਕ ਅਕਾਦਮਿਕ ਖੇਤਰ ਨਾਲ ਜੁੜੇ ਲੋਕ ਅਤੇ ਹੋਰ ਸੰਸਥਾਵਾਂ ਵਿਚ ਕੰਮ ਕਰਦੇ ਬੁੱਧੀਜੀਵੀ ਹਨ। ਇਹ ਸਮਾਜ ਦਾ ਹਿੱਸਾ ਚੇਤੰਨ ਕਿਰਿਆਸ਼ੀਲ ਲੋਕਾਂ ਦਾ ਸਮੂਹ ਹੁੰਦਾ ਹੈ। ਇਹ ਤਬਕਾ ਸਮਾਜਿਕ ਵਿਕਾਸ ਦੀ ਦਸ਼ਾ ਦੀ ਨਿਸ਼ਾਨਦੇਹੀ ਕਰਕੇ ਇਕ ਦਿਸ਼ਾ ਤੈਅ ਕਰਦਾ ਹੈ। ਇਹ ਤਬਕਾ ਨਿੱਡਰ ਮੰਨਿਆ ਜਾਂਦਾ ਹੈ। ਸੱਤਾ ਇਸ ਤੋਂ ਸੇਧ ਵੀ ਲੈਂਦੀ ਹੈ ਅਤੇ ਭੈਅ ਵੀ ਖਾਂਦੀ ਹੈ। ਇਸ ਵਿਚਲੇ ਧੜੇ ਸੱਤਾ ਦੀ ਕਾਰਗੁਜ਼ਾਰੀ ਨੂੰ ਲੈ ਕੇ ਸੰਵਾਦੀ ਸਥਿਤੀ ਵਿਚ ਰਹਿੰਦੇ ਹਨ। ਬੇਬਾਕੀ ਇਨ੍ਹਾਂ ਦੇ ਖ਼ਮੀਰ ਵਿਚ ਹੁੰਦੀ ਹੈ। ਵਰਤਮਾਨ ਸਮੇਂ ਵਿਚ ਪੂੰਜੀਵਾਦ ਨੇ ਮੰਡੀ ਦੀਆਂ ਸਥਿਤੀਆਂ ਨੂੰ ਮੰਡੀ ਸਭਿਆਚਾਰ ਵਿਚ ਤਬਦੀਲ ਕਰ ਦਿੱਤਾ ਹੈ। ਇਸ ਵਰਤਾਰੇ ਨੂੰ ਸਮਕਾਲ ਦੇ ਪ੍ਰਸੰਗ ਵਿਚ ਉਠਾਉਣਾ ਬਹੁਤ ਮਹੱਤਵਪੂਰਨ ਹੈ।

ਭਾਰਤ ਵਿਚ ਭੂਗੋਲਿਕ ਤੌਰ ਤੇ ਪੰਜਾਬ ਉਹ ਖਿੱਤਾ ਹੈ ਜਿਹੜਾ ਭਾਰਤੀ ਸਭਿਆਚਾਰਕ ਇਕਾਈ ਵਿਚ ਹਮੇਸ਼ਾ ਹੀ ਗੌਲਣਯੋਗ ਸਭਿਆਚਾਰਕ ਇਕਾਈ ਰਿਹਾ ਹੈ। ਇਹ ਭਾਰਤ ਦੇ ਉਪ-ਸਭਿਆਚਾਰਾਂ ਤੋਂ ਲੈ ਕੇ ਏਸ਼ੀਆ ਦੇ ਖਿੱਤੇ ਦੇ ਸਭਿਆਚਾਰਾਂ ਨਾਲ ਵੀ ਸੰਵਾਦ ਰਚਾ ਰਿਹਾ ਹੈ। ਇਸੇ ਲਈ ਇਸ ਸਭਿਆਚਾਰਕ ਤਾਲਮੇਲ ਨੂੰ ਗੰਗਾ-ਜਮਨਾ ਅਤੇ ਦਜਲਾ ਫਰਾਤ ਦੇ ਸਭਿਆਚਾਰ ਦੀ ਸਯੁੰਕਤ ਇਕਾਈ ਸਮਝਿਆ ਜਾਂਦਾ ਹੈ। ਇਹ ਤਹਿਜ਼ੀਬ ਏਸ਼ਿਆਈ ਖਿੱਤੇ ਦੇ ਮਾਨਵੀ ਮੁੱਲਾਂ ਦੀ ਜਾਮਨ ਰਹੀ ਹੈ। ਇਸ ਤਹਿਜ਼ੀਬ ਦਾ ਅਧਾਰ ਹੀ ਸੰਵਾਦ ਹੈ। ਇਸੇ ਲਈ

ਭਾਰਤ ਬਹੁ-ਕੌਮੀਅਤਾਂ ਦੀ ਖੁਦਮੁਖਤਾਰੀ ਅਤੇ ਸੁਰੱਖਿਆ ਦੀ ਜਾਮਨੀ ਦੇਂਦਾ ਹੈ। ਇਸ ਸੰਵਾਦ ਦੀ ਇਕ ਧਿਰ ਇਸ ਧਾਰਾ ਦੀ ਵਿਰੋਧੀ ਰਹੀ ਹੈ। ਉਹ ਖਿੱਤੇ ਵਿਚ ਇਕ ਧੁਨੀ ਦੀ ਪ੍ਰਭੂਸੱਤਾ ਦੀ ਹਾਮੀ ਰਹੀ ਹੈ। ਇਹ ਧੁਨੀ ਸਭਿਆਚਾਰਕ ਪ੍ਰਭੂਸੱਤਾ ਨੂੰ ਇਕ ਧਰਮ, ਇਕ ਭਾਸ਼ਾ, ਇਕ ਨਸਲ ਉੱਤੇ ਅਧਾਰਿਤ ਦੇਸ਼ ਅਤੇ ਸੱਤਾ ਦੀ ਪਰਿਕਲਪਨਾ ਕਰਦੀ ਹੈ। ਉਹ ਬਾਕੀ ਸਮਾਜਿਕ ਸਮੂਹਾਂ ਨੂੰ ਇਸੇ ਪ੍ਰਭੂਸੱਤਾ ਦੇ ਅਧੀਨ ਲਿਆਉਣਾ ਚਾਹੁੰਦੀ ਹੈ। ਇਸ ਵਿਚਾਰਧਾਰਾ ਦੀ ਪਹਿਲੀ ਪ੍ਰਯੋਗਸ਼ਾਲਾ ਜਰਮਨੀ ਅਤੇ ਇਟਲੀ ਬਣੇ। ਇਸ ਤੋਂ ਬਾਅਦ ਇਸ ਨੇ ਦੁਨੀਆਂ ਉੱਤੇ ਅਸਰ ਪਾਇਆ। ਦੂਜੀ ਸੰਸਾਰ ਜੰਗ ਸਮੇਂ ਇਹਨਾਂ ਮੂਲਵਾਦੀ ਵਿਚਾਰਧਾਰਕ ਸ਼ਕਤੀਆਂ ਦਾ ਇਕ ਧਿਰ ਵੱਲੋਂ ਫੈਲਾਅ ਤੇਜ਼ੀ ਨਾਲ ਹੋਇਆ। ਭਾਰਤ ਵਿਚ ਇਹ ਵਿਚਾਰਧਾਰਾ ਕੌਮੀ ਮੁਕਤੀ ਅੰਦੋਲਨ ਸਮੇਂ ਇਕ ਰਾਜਸੀ ਕਮਜ਼ੋਰ ਸ਼ਕਤੀ ਦੇ ਰੂਪ ਵਿਚ ਉਭਰੀ ਪ੍ਰੰਤੂ ਨਿਰੰਤਰ ਵਿਕਾਸ ਕਰਦੀ ਚਲੀ ਗਈ। ਇਥੇ ਇਹ ਪਹਿਲਾਂ ਆਪਣੇ ਆਪ ਨੂੰ ਸਿਰਫ਼ ਸਭਿਆਚਾਰਕ ਸੰਗਠਨ ਦੇ ਤੌਰ ਤੇ ਪੇਸ਼ ਕਰਦੀ ਸੀ ਫਿਰ ਇਸ ਨੇ ਆਪਣਾ ਰਾਜਸੀ ਚਿਹਰਾ ਪਹਿਲਾਂ ਜਨ ਸੰਘ ਅਤੇ ਬਾਅਦ ਵਿਚ ਭਾਰਤੀ ਜਨਤਾ ਪਾਰਟੀ ਦੇ ਨਾਂ ਥੱਲੇ ਜਥੇਬੰਦ ਕਰ ਲਿਆ। ਪਹਿਲਾਂ ਇਹ ਉਤਰੀ ਭਾਰਤ ਦੇ ਕੁਝ ਰਾਜਾਂ ਵਿਚ ਅਤੇ ਫਿਰ 2014 ਵਿਚ ਕੇਂਦਰ ਵਿਚ ਮੌਕਾਪ੍ਰਸਤ ਵਿਅਕਤੀਆਂ ਅਤੇ ਖੇਤਰੀ ਪਾਰਟੀਆਂ ਨਾਲ ਮਿਲ ਕੇ ਸੱਤਾ ਵਿਚ ਆ ਗਈ। 2019 ਦੀਆਂ ਚੋਣਾਂ ਵਿਚ ਇਹ ਵਿਚਾਰਧਾਰਾ ਨਾਲ ਜੁੜੀ ਪਾਰਟੀ ਹੋਰ ਮਜ਼ਬੂਤੀ ਨਾਲ ਅੱਗੇ ਵਧੀ। ਹੁਣ ਸਥਿਤੀ ਇਹ ਹੈ ਕਿ ਹੁਣ ਇਸ ਵਿਚਾਰਧਾਰਾ ਨੇ ਇਕ ਪਾਰਟੀ ਵਿਚੋਂ ਇਕ ਚਿਹਰੇ ਨੂੰ ਇਸ ਇਕ ਧੁਨੀ ਦਾ ਪ੍ਰਤੀਕ ਬਣਾ ਲਿਆ ਹੈ। ਇਨ੍ਹਾਂ ਨੇ ਸਭ ਤੋਂ ਪਹਿਲਾਂ ਹਮਲਾ ਲੋਕਤੰਤਰੀ ਸੰਸਥਾਵਾਂ ਉੱਤੇ ਕੀਤਾ। ਇਹਨਾਂ ਸੰਸਥਾਵਾਂ ਦੇ ਮੁਖੀਆਂ ਦੀ ਚੋਣ ਆਰ.ਐਸ.ਐਸ. ਦੇ ਪਿਛੋਕੜ ਨਾਲ ਜੁੜੇ ਵਿਅਕਤੀਆਂ ਵਿਚੋਂ ਕਰਨੀ ਸ਼ੁਰੂ ਕਰ ਦਿੱਤੀ। ਹੁਣ ਸਥਿਤੀ ਇਹ ਹੈ ਕਿ ਇਸ ਸੰਸਥਾ ਅਤੇ ਸਰਕਾਰ ਉੱਤੇ ਕਾਬਜ਼ ਦੋਨਾਂ ਦੀਆਂ ਨੀਤੀਆਂ ਅਤੇ ਵਿਹਾਰ ਦੇ ਵਿਰੋਧ ਨੂੰ ਦੇਸ਼ ਵਿਰੋਧ ਨਾਲ ਜੋੜਿਆ ਜਾ ਰਿਹਾ ਹੈ। ਅਕਾਦਮਿਕ ਖੇਤਰ ਅਤੇ ਬੁੱਧੀਜੀਵੀਆਂ ਦਾ ਵੱਡਾ ਹਿੱਸਾ ਡਰ ਦੀ ਸਥਿਤੀ ਵਿਚੋਂ ਲੰਘ ਰਿਹਾ ਹੈ। ਪੰਜਾਬ ਵਿਚ ਇਸ ਦਾ ਅਸਰ ਨਜ਼ਰ ਆਉਣ ਲੱਗ ਪਿਆ ਹੈ। ਭਾਵੇਂ ਸਮਕਾਲ ਵਿਚ ਪੰਜਾਬ ਦੀ ਸੱਤਾ ਕੌਮੀ ਸਰਮਾਏਦਾਰੀ ਦੇ ਇਕ ਧੜੇ ਕੋਲ ਹੈ। ਇਸ ਦਾ ਆਗੂ ਪ੍ਰਬੰਧਕੀ ਕਮੀਆਂ ਵਾਲਾ ਹੋ ਸਕਦਾ ਹੈ ਪ੍ਰੰਤੂ ਉਹ ਫਾਸੀਵਾਦੀ ਰੁਝਾਨ ਤੋਂ ਮੁਕਤ ਹੈ। ਕੇਂਦਰ ਦੀ ਸੱਤਾ ਵਿਚ ਬੈਠੇ ਲੋਕ ਸੰਵਾਦ ਤਾਂ ਦੂਰ ਦੀ ਗੱਲ ਹੈ ਜੇ ਕੋਈ ਪ੍ਰਧਾਨ ਮੰਤਰੀ ਨੂੰ ਲੋਕ ਪੀੜਾ ਬਿਆਨ ਕਰਦੀ ਚਿੱਠੀ ਹੀ ਲਿਖ ਦਿੰਦਾ ਹੈ ਤਾਂ ਚਿੱਠੀ ਲਿਖਣ ਵਾਲਿਆਂ ਦੇ ਵਿਰੁੱਧ ਦੇਸ਼ ਧ੍ਰੋਹ ਦਾ ਮੁਕੱਦਮਾ ਦਰਜ ਕਰ ਦਿੱਤਾ ਜਾਂਦਾ ਹੈ। ਇਸ ਸਥਿਤੀ ਦਾ ਅਸਰ ਨਿਡਰ ਕਹਾਉਂਦੇ ਪੰਜਾਬੀਆਂ, ਬੁੱਧੀਜੀਵੀਆਂ ਉੱਤੇ ਪੈ ਰਿਹਾ ਹੈ। ਇਸ ਸਥਿਤੀ ਦਾ ਜਾਇਜ਼ਾ ਜ਼ਰੂਰੀ ਹੈ। ਇਸ ਦਾ ਪਤਾ ਸਮਕਾਲੀ ਲਿਖਤਾਂ ਤੋਂ ਲਗਦਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਵਾ ਵਿਚ ਤੈਰਦੀ ਦਹਿਸ਼ਤ ਅਕਾਦਮਿਕ ਹਲਕਿਆਂ ਵਿਚ ਮਹਿਸੂਸ ਹੁੰਦੀ ਹੈ। ਕੁਝ ਲਲਚਾਈਆਂ ਨਜ਼ਰਾਂ ਨਾਲ ਸੰਸਥਾਵਾਂ ਦੀਆਂ ਮੈਂਬਰੀਆਂ ਵਲ ਝਾਕ ਰਹੇ ਹਨ ਅਤੇ ਕੁਝ ਅਖੌਤੀ ਖੋਲ੍ਹਾਂ ਵਿਚ ਸਿਰੀਆਂ ਦੇਣ ਲੱਗ ਪਏ ਹਨ। ਇਹ ਕੁਝ ਅਨੁਭਵ ਵਿਚੋਂ ਮਹਿਸੂਸ ਹੋਇਆ ਹੈ।

ਪੰਜਾਬੀ ਕੌਮੀਅਤ ਦੀ ਧੁਨੀ ਦੀ ਕੇਂਦਰੀ ਸੁਰ ਬਗਾਵਤ ਭਰੇ ਸੰਵਾਦ ਦੀ ਹੈ। ਸਾਡੇ ਪੁਰਖਿਆਂ (ਭਾਵ ਪੰਜਾਬੀਆਂ ਦੇ) ਨੇ ਦੱਖਣੀ ਤੋਂ ਲੈ ਕੇ ਮੱਧ-ਪੂਰਬ ਏਸ਼ੀਆ ਤਕ ਸੰਵਾਦ

ਰਚਾਇਆ। ਆਦਿ-ਕਾਲ ਵਿਚ ਬ੍ਰਾਹਮਣੀ ਸੱਤਾ, ਮੱਧ-ਕਾਲ ਵਿਚ ਜਗੀਰਦਾਰੀ ਪ੍ਰਬੰਧ ਅਤੇ ਆਧੁਨਿਕ ਕਾਲ ਵਿਚ ਕੌਮੀ ਮੁਕਤੀ ਅੰਦੋਲਨ ਸਮੇਂ ਵਿਰੋਧ ਦਾ ਨੈਰੇਟਿਵ ਖੜ੍ਹਾ ਕੀਤਾ। ਉਸ ਲਈ ਹਰ ਪ੍ਰਕਾਰ ਦੀ ਕੁਰਬਾਨੀ ਦਿੱਤੀ। ਅਜ਼ਾਦੀ ਤੋਂ ਬਾਅਦ ਵੱਖ-ਵੱਖ ਲੋਕ ਲਹਿਰਾਂ ਨੂੰ ਸਿਧਾਂਤਕ ਅਗਵਾਈ ਦੇਣ ਲਈ ਬੁੱਧੀਜੀਵੀ ਅੱਗੇ ਆਏ। ਨੌਕਰੀਆਂ ਗਵਾਈਆਂ, ਜੇਲ੍ਹਾਂ ਕੱਟੀਆਂ। ਹੁਣ ਮੰਡੀ ਸਭਿਆਚਾਰ ਨੇ ਵਿਰੋਧ ਕਰਨ ਦੀ ਤਾਕਤ ਅਤੇ ਘੇਰੇ ਨੂੰ ਸੁੰਗੇੜ ਦਿੱਤਾ ਹੈ। ਹੁਣ ਅਕਾਦਮਿਕ ਅਦਾਰਿਆਂ ਦੀ ਸੱਤਾ 'ਤੇ ਕਾਬਜ਼ ਲੋਕਾਂ ਨੂੰ ਵੇਖ ਕੇ ਖੋਜ ਤਕ ਦੀਆਂ ਸੁਰਾਂ ਬਦਲ ਰਹੀਆਂ ਹਨ ਪਤਾ ਨਹੀਂ ਲੱਗਦਾ ਕਦੋਂ ਕੋਈ ਖੱਬੇ ਪੱਖੀ ਦਲਿਤਪੁਣੇ ਦੀ ਚਾਦਰ ਓੜ ਲੈਂਦਾ ਹੈ। ਸਾਨੂੰ ਦਲਿਤ ਚਿੰਤਨ ਨਾਲ ਕੋਈ ਸਮੱਸਿਆ ਨਹੀਂ ਪ੍ਰੰਤੂ ਜਦੋਂ ਜਾਤੀ ਤਾਣੇ-ਬਾਣੇ ਦੀ ਪੈਰਵੀ ਅਧੀਨ ਹਿੱਤ ਸਾਧੇ ਜਾਂਦੇ ਹਨ ਤਾਂ ਉਹ ਉਸ ਖੱਬੇ ਪੱਖੀ ਅਖੌਤੀ ਚਿੰਤਕ ਦੀ ਪ੍ਰਤੀਬੱਧਤਾ ਉੱਤੇ ਸ਼ੱਕ ਹੁੰਦਾ ਹੈ ਕਿਉਂਕਿ ਸੱਤਾ ਦੇ ਲਾਲਚ ਵਿਚ ਦਲਿਤ ਪਿਛੋਕੜ ਵਾਲਾ ਮੱਧ-ਵਰਗ ਸਮਕਾਲੀ ਸੱਤਾ ਵੱਲ ਤੁਰ ਪਿਆ ਹੈ। ਕੁਝ ਖੱਬੇ ਪੱਖੀ ਸੰਗਠਨਾਂ ਵਿਚ ਕੰਮ ਕਾਰ ਦਾ ਬਹਾਨਾ ਬਣਾ ਕੇ ਕੁਝ ਲਿਖਣ ਤੋਂ ਝਿਜਕ ਰਹੇ ਹਨ। ਅਸਲ ਡਰ ਸੱਤਾ ਦਾ ਹੈ। ਇਕ ਛੋਟਾ ਜਿਹਾ ਹਿੱਸਾ ਸਰਕਾਰੀ ਅਫ਼ਸਰ ਲੇਖਕਾਂ ਦੀ ਖੁਸ਼ਾਮਦੀ ਉੱਤੇ ਲੱਗਾ ਹੋਇਆ ਹੈ। ਝਾਕ ਉਨ੍ਹਾਂ ਦੀ ਵੀ ਸੰਸਥਾਵਾਂ ਦੀ ਮੈਂਬਰੀ ਤੋਂ ਹੈ ਜਾਂ ਫਿਰ ਉਨ੍ਹਾਂ ਕੁਲਪਤੀਆਂ ਦੀ ਘੁਰਕੀ ਤੋਂ ਡਰ ਲੱਗਦਾ ਹੈ। ਸਿੱਧੀਆਂ ਕੇਂਦਰ ਅਧੀਨ ਆਉਂਦੀਆਂ ਯੂਨੀਵਰਸਿਟੀਆਂ ਦੇ ਵੱਡੀ ਗਿਣਤੀ ਵਿਚ ਬੁੱਧੀਜੀਵੀ ਵੀ ਦਹਿਸ਼ਤ ਦਾ ਸ਼ਿਕਾਰ ਹਨ। ਹੁਣ ਤਾਂ ਕਈ ਸੇਵਾ ਮੁਕਤੀ ਤੋਂ ਬਾਅਦ ਵੀ ਦੀਨ ਦਿਆਲ ਓਪਾਧਿਆਇ ਉੱਤੇ ਪੰਜਾਬੀ ਵਿਚ ਪੁਸਤਕਾਂ ਸੰਪਾਦ ਕਰਾ ਰਹੇ ਹਨ। ਅਜਿਹੀ ਅਖੌਤੀ ਬੁੱਧੀਜੀਵੀ ਦੀ ਭੀੜ ਸਮਕਾਲ ਦੇ ਖ਼ਤਰੇ ਦੀ ਥਾਂ ਖੁਸ਼ਾਮਦੀ ਵਿਚ ਲੱਗੀ ਹੋਈ ਹੈ।

ਪ੍ਰੰਤੂ ਸਾਰਾ ਕੁਝ ਕਾਲਾ ਨਹੀਂ ਹੈ। ਅਜੇ ਵੀ ਇਕ ਹਿੱਸਾ ਹਿੱਕ ਤਾਣ ਕੇ ਖੜ੍ਹਾ ਹੈ। ਇਨ੍ਹਾਂ ਵਿਚੋਂ ਕੁਝ ਡਰ ਤੋਂ ਅਣਜਾਣ ਵੀ ਹੋ ਸਕਦੇ ਹਨ। ਪ੍ਰੰਤੂ ਉਹ ਕੁਝ ਕਹਿ ਰਹੇ ਹਨ। ਵਿਚਾਰਧਾਰਕ ਸਪੱਸ਼ਟਤਾ ਅਸਪੱਸ਼ਟਤਾ ਦਾ ਮਸਲਾ ਸੰਵਾਦੀ ਹੋ ਸਕਦਾ ਹੈ। ਇਸ ਦੀਆਂ ਜੜ੍ਹਾਂ ਪੰਜਾਬ ਦੀਆਂ ਸੰਵਾਦੀ ਪਰੰਪਰਾਵਾਂ ਵਿਚ ਮੌਜੂਦ ਹਨ। ਇਸ ਸੰਵਾਦ ਦਾ ਸਬੰਧ ਪੰਜਾਬ ਦੇ ਸਮਾਜਿਕ ਤਾਣੇ-ਬਾਣੇ ਟਕਰਾਅ ਅਤੇ ਸਮਝਵੇਂ ਦੇ ਸੁਭਾਅ ਨਾਲ ਹੈ। ਇਹ ਪਰੰਪਰਾ ਸਮਕਾਲ ਵਿਚ ਕਮਜ਼ੋਰ ਹੋਈ ਹੈ। ਵਿਰੋਧ ਦੀਆਂ ਅਵਾਜ਼ਾਂ ਉੱਠਦੀਆਂ ਹਨ ਪ੍ਰੰਤੂ ਉਹ ਬਹੁਤ ਕਮਜ਼ੋਰ ਹਨ। ਇਨ੍ਹਾਂ ਵਿਚ ਸੜਕਾਂ ਉੱਤੇ ਜੋ ਕੇਂਦਰੀ ਸੱਤਾ ਦੇ ਵਿਰੁੱਧ ਅਵਾਜ਼ ਉੱਠ ਰਹੀ ਹੈ ਉਹ ਖੱਬੇ ਪੱਖੀਆਂ ਦੀ ਹੈ। ਉਹ ਭਾਵੇਂ ਕਿਸੇ ਦੀ ਪਾਰਟੀ ਜਾਂ ਸੰਗਠਨ ਨਾਲ ਜੁੜੇ ਹੋਏ ਹੋਣ। ਉਨ੍ਹਾਂ ਦੀ ਸਮਾਜਵਾਦੀ ਪ੍ਰਬੰਧ ਦੀ ਉਸਾਰੀ ਅਤੇ ਭਾਰਤੀ ਸਮਾਜ ਪ੍ਰਤੀ ਕੋਈ ਵੀ ਸਮਝ ਹੋ ਸਕਦੀ ਹੈ। ਸਾਹਿਤ ਸਿਰਜਣਕਾਰੀ ਅਤੇ ਆਲੋਚਨਾ ਦੀ ਸੁਰ ਦਾ ਸੁਚੇਤ ਜਾਂ ਅਚੇਤ ਸਬੰਧ ਪ੍ਰਗਤੀਵਾਦ ਜਾਂ ਪ੍ਰਗਤੀਲਤਾ ਨਾਲ ਹੈ। ਅਕਾਦਮਿਕ ਖੇਤਰ ਵਿਚ ਇਕ ਵੱਡਾ ਹਿੱਸਾ ਦ੍ਰਿਸ਼ਟੀਹੀਣਤਾ ਦਾ ਵੀ ਸ਼ਿਕਾਰ ਹੈ ਉਹ ਸਾਹਿਤਕ ਟੈਕਸਟ ਦੇ ਅੰਗਾਂ ਉਪ-ਅੰਗਾਂ ਦਾ ਸਾਦਾ ਅਤੇ ਮਕਾਨਕੀ ਜਿਹਾ ਮੁਲੰਕਣ ਪੇਸ਼ ਕਰਦਾ ਹੈ। ਕਈ ਵਾਰੀ ਸਮੁੱਚਾ ਲੇਖ ਆਪਾ-ਵਿਰੋਧੀ ਵਿਚਾਰਧਾਰਕ ਸੰਕਲਪਾਂ ਨਾਲ ਭਰਿਆ ਹੁੰਦਾ ਹੈ। ਇਸ ਤੋਂ ਬਿਨਾਂ ਅਧਿਆਪਨ ਖੇਤਰ ਨਾਲ ਜੁੜਿਆ ਇਕ ਹਿੱਸਾ ਤਰੱਕੀ ਲਈ ਨੰਬਰ ਇਕੱਠੇ ਕਰਨ ਲਈ ਪੈਸੇ ਦੇ ਕੇ ਚਲੰਤ ਜਿਹੇ ਪਰਚਿਆਂ ਵਿਚ ਛਪਣ ਹਿੱਤ ਹਰ ਹੀਲਾ ਵਰਤਦਾ ਹੈ। ਅਸਲ ਵਿਚ ਸੱਤਾ ਲੋਕ ਚੇਤਨਾ ਨੂੰ ਸਵਾਲ ਕਰਨ ਤੋਂ ਵਰਜਣ ਲਈ ਵਿਅਕਤੀਵਾਦੀ ਸੁਭਾਅ

ਨੂੰ ਘੜ ਰਹੀ ਹੈ। ਪੰਜਾਬੀ ਸਾਹਿਤ ਚਿੰਤਨ ਇਸ ਸਥਿਤੀ ਦਾ ਭਿਆਨਕ ਰੂਪ ਵਿਚ ਸ਼ਿਕਾਰ ਹੈ। ਇਸ ਸਥਿਤੀ ਦੀ ਥਾਹ ਪਾਉਣ ਲਈ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਦੀ ਆਲੋਚਨਾ ਦਾ ਜਾਇਜ਼ਾ ਮਹੱਤਵਪੂਰਨ ਹੈ। ਇਸ ਤਰ੍ਹਾਂ ਵਿਧਾਵਾਂ ਨਾਲ ਸਬੰਧਿਤ ਆਲੋਚਨਾ ਦੇ ਵਿਚਾਰਧਾਰਾਈ ਅਧਾਰਾਂ ਦੀ ਪਛਾਣ ਕੀਤੀ ਜਾ ਸਕਦੀ ਹੈ ਤਾਂ ਜੋ ਸਮਕਾਲ ਵਿਚ ਵਿਚਾਰਾਂ ਦੀ ਗਹਿਰਾਈ ਅਤੇ ਉਸ ਵਿਚਲੇ ਸਮਕਾਲੀ ਦਬਾਵਾਂ ਦੇ ਵਿਰੋਧ ਦੀ ਸ਼ਿੱਦਤ ਨੂੰ ਮਹਿਸੂਸ ਕੀਤਾ ਜਾ ਸਕੇ। ਇਸ ਸ਼ਿੱਦਤ ਦਾ ਅਧਾਰ ਸਾਹਿਤ ਆਲੋਚਨਾ ਹੋ ਸਕਦੀ ਹੈ ਸਾਹਿਤ ਅਲੋਚਨਾ ਦਾ ਅਧਾਰ ਵਿਚਾਰਧਾਰਾ ਹੁੰਦੀ ਹੈ ਜਿਸ ਤਰ੍ਹਾਂ ਸਿਰਜਣਕਾਰੀ ਦਾ ਕੋਈ ਪ੍ਰਯੋਜਨ ਹੁੰਦਾ ਹੈ। ਕਲਾ ਸਿਰਫ਼ ਮਾਧਿਅਮ ਹੈ ਪ੍ਰੰਤੂ ਹੈ ਉਹ ਨਿਰਣਾਇਕ ਤੱਤ। ਇਕ ਵਧੀਆ ਕਲਾਤਮਕ ਸਿਰਜਣਕਾਰੀ ਸੁਚੇਤ ਅਚੇਤ ਕਿਸੇ ਪ੍ਰਯੋਜਨ ਦੀ ਪੂਰਤੀ ਹੀ ਹੁੰਦੀ ਹੈ। ਜੋ ਉਸ ਵਿਚ ਮਨੋਰੰਜਨ ਮਾਤਰ ਹੀ ਹੋਵੇ ਤਾਂ ਵੀ ਉਸ ਪਿੱਛੇ ਅਚੇਤ ਹੀ ਇਕ ਵਿਚਾਰਧਾਰਾ ਹੁੰਦੀ ਹੈ। ਇਹੀ ਮਸਲਾ ਸਾਹਿਤ ਅਲੋਚਨਾ ਦਾ ਹੈ। ਇਸ ਦਾ ਸਬੰਧ ਸਿਰਜਣਕਾਰੀ ਦੀਆਂ ਪਰਤਾਂ ਨਾਲ ਹੁੰਦਾ ਹੈ। ਇਹ ਪਰਤਾਂ ਵਰਤਮਾਨੀ ਕਾਰਕਾਂ ਵਿਚੋਂ ਆਪਣੀ ਹੋਂਦ ਗ੍ਰਹਿਣ ਕਰਦੀਆਂ ਹਨ। ਇਸ ਲਈ ਸਿਰਜਣਕਾਰੀ, ਸਮੀਖਿਆ ਅਤੇ ਖੋਜ ਖਲਾਅ ਵਿਚੋਂ ਪੈਦਾ ਨਹੀਂ ਹੁੰਦੇ। ਇਨ੍ਹਾਂ ਦਾ ਸਬੰਧ ਸਮਕਾਲ ਨਾਲ ਹੁੰਦਾ ਹੈ। ਇਸੇ ਲਈ ਸੰਗਠਤ ਚਿੰਤਨ ਉੱਤੇ ਕੰਮ ਕਰਨ ਵਾਲੇ ਚਿੰਤਕ ਲਈ ਗਿਆਨ ਦੇ ਬਾਕੀ ਅਨੁਸ਼ਾਸਨਾਂ ਦੀ ਸਮਝ ਜ਼ਰੂਰੀ ਹੈ। ਪ੍ਰੰਤੂ ਹੁਣ ਸਮੱਸਿਆ ਇਹ ਬਣੀ ਹੋਈ ਹੈ ਕਿ ਸਾਹਿਤ ਸਮੀਖਿਆ ਦਾ ਬਹੁਤਾ ਕਾਰਜ ਟੈਕਸਟ ਦੇ ਸਮੀਖਿਆ ਦੇ ਨਾਂ ਥੱਲੇ ਮਕੈਨੀਕਲ ਹੋ ਰਿਹਾ ਹੈ। ਸਮਕਾਲ ਵਿਚ ਮੁਖ ਲੋੜ ਉਸ ਸਮੀਖਿਆ ਨੂੰ ਪਛਾਣਨ ਦੀ ਹੈ ਜਿਹੜੀ ਸਿਰਜਣਕਾਰੀ ਨੂੰ ਖੋਜ ਅਤੇ ਚਿੰਤਨੀ ਸੰਦਾਂ ਰਾਹੀਂ ਟੈਕਸਟ ਨੂੰ ਮੁਲੰਕ੍ਰਿਤ ਕਰੇ। ਸਿਰਜਣਕਾਰੀ ਵਿਚ ਖੋਜ ਕਾਰਜ, ਗਾਇਕੀ, ਇਤਿਹਾਸਕਾਰੀ, ਲੋਕ ਧਾਰਾ ਫ਼ਿਲਮਸਾਜ਼ੀ ਵਿਚੋਂ ਸਮਕਾਲ ਨੂੰ ਵਧੇਰੇ ਪਛਾਣਨ ਦੀ ਲੋੜ ਹੈ। ਇਹੀ ਇਸ ਵਿਸ਼ੇਸ਼ ਅੰਕ ਦੇ ਕੇਂਦਰਿਤ ਮੁੱਦੇ ਹਨ।

ਇਸ ਅੰਕ ਦੀ ਯੋਜਨਾ ਦਾ ਖਾਕਾ ਇਸ ਸਾਲ ਪਹਿਲਾਂ ਉਲੀਕਿਆ ਗਿਆ ਸੀ। ਪਿਛਲੇ ਪੰਜ ਸਾਲਾਂ ਤੋਂ ਭਾਰਤੀ ਰਾਜਨੀਤੀ ਵਿਚ ਜਿਹੜੇ ਬਦਲਾਅ ਆਏ ਹਨ ਉਨ੍ਹਾਂ ਨੇ ਭਾਰਤ ਦੀ ਹਜ਼ਾਰਾਂ ਸਾਲਾਂ ਤੋਂ ਚਲੀਂ ਆ ਰਹੀ ਚਿੰਤਨੀ ਪਰੰਪਰਾ ਵਿਚ ਵੱਢ ਮਾਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਵਿਚ ਸੱਜ-ਪਿਛਾਖੜੀ ਤਾਕਤਾਂ ਕੁਝ ਹੱਦ ਤਕ ਕਾਮਯਾਬ ਵੀ ਹੋਈਆਂ ਹਨ। ਪ੍ਰੰਤੂ ਭਾਰਤ ਦੇ ਬਹੁਵਾਦ ਅਤੇ ਇਕਵਾਦ ਵਾਲੀਆਂ ਸ਼ਕਤੀਆਂ ਵਿਚਕਾਰ ਇਕ ਸੰਘਰਸ਼ ਚਲ ਰਿਹਾ ਹੈ। ਇਹ ਸੰਘਰਸ਼ ਇਕ ਛੋਟੇ ਜਿਹੇ ਸਮੂਹ ਵਲੋਂ ਹੀ ਸਹੀ ਹੁੰਦਾ ਰਹੇਗਾ। ਭਾਰਤੀ ਪਰੰਪਰਾ ਵਿਚ ਇਸ ਨੂੰ ਸੱਚ ਦੀ ਅਵਾਜ਼ ਕਿਹਾ ਜਾਂਦਾ ਹੈ। ਇਹ ਅਵਾਜ਼ ਹਰ ਇਕਾਈ ਨਾਲ ਸੰਘਰਸ਼ ਤੋਂ ਲੈ ਕੇ ਵੱਡੇ ਸੰਘਰਸ਼ ਤਕ ਚਲਦੀ ਰਹੇਗੀ। ਇਹ ਧਿਰ ਵਿਰੋਧ ਦੀ ਕਮਜ਼ੋਰ ਤੋਂ ਕਮਜ਼ੋਰ ਧਿਰ ਤੋਂ ਲੈ ਕੇ ਵੱਡੀ ਧਿਰ ਤਕ ਹਰ ਕਦਮ ਉੱਤੇ ਆਪਣੀ ਹੋਂਦ ਜਤਾਏਗੀ, ਜਿਨ੍ਹਾਂ ਵਿਦਵਾਨਾਂ ਨੇ ਇਸ ਵਿਚਾਰਧਾਰਕ ਸੰਘਰਸ਼ ਵਿਚ ਆਪਣੀ ਹੋਂਦ ਜਤਾਈ ਹੈ ਉਨ੍ਹਾਂ ਦਾ ਧੰਨਵਾਦ ਜਿਨ੍ਹਾਂ ਨੇ ਪਾਸਾ ਵੱਟਿਆ ਹੈ ਉਹ ਵੀ ਸੋਚਣਗੇ ਕਿ ਜਦੋਂ ਭਾਰਤੀ ਚਿੰਤਨ ਪਰੰਪਰਾ ਦੀ ਮੂਲ ਸੁਰ ਨਾਲ ਛੇੜਛਾੜ ਹੋ ਰਹੀ ਸੀ ਤਾਂ ਉਹ ਕਿੱਥੇ ਸਨ ਹਾਂ ਉਨ੍ਹਾਂ ਕੋਲ ਬਹਾਨਾ ਜ਼ਰੂਰ ਹੋਵੇਗਾ, ਪੰਜਾਬ ਦੀ ਧੀਮੀ ਹੀ ਸਹੀ ਪ੍ਰੰਤੂ ਗੂੰਜਦੀ ਚੇਤੰਨ ਧੁਨੀ ਨੂੰ ਸਲਾਮ।

-ਰਜਨੀਸ਼ ਬਹਾਦਰ ਸਿੰਘ

# ਸਮਕਾਲੀ ਚਿੰਤਨ ਅਤੇ ਸਾਹਿਤ 'ਚ ਇਤਿਹਾਸਿਕਤਾ ਦੀ ਸਿਰਜਣਕਾਰੀ ਅਤੇ ਚੁਣੌਤੀਆਂ

–ਮਨਮੋਹਨ ਬਾਵਾ

ਇਹ ਸਵਾਲ ਜਿੰਨਾ ਮਹੱਤਵਪੂਰਨ ਹੈ, ਓਨਾ ਹੀ ਗੁੰਝਲਦਾਰ ਵੀ। 'ਸਮਕਾਲੀ ਚਿੰਤਨ' ਦਾ ਭਾਵ ਵਿਸ਼ਵ ਚਿੰਤਨ ਵੀ ਹੋ ਸਕਦਾ ਹੈ ਅਤੇ ਭਾਰਤੀ ਜਾਂ ਪੰਜਾਬੀ ਚਿੰਤਨ ਵੀ। ਜੇ ਵਿਸ਼ਵ ਚਿੰਤਨ ਦੀ ਗੱਲ ਕਰਨੀ ਹੋਵੇ ਤਾਂ ਚਰਚਾ ਬਹੁਤ ਲੰਮੀ ਹੋ ਜਾਵੇਗੀ। ਜੇ ਕੇਵਲ ਪੰਜਾਬੀ ਚਿੰਤਨ ਤੱਕ ਸੀਮਤ ਰੱਖਣਾ ਹੋਵੇ ਤਾਂ ਬਹੁਤ ਸੰਕੁਚਿਤ ਰਹਿ ਜਾਵੇਗੀ। ਸੰਕੁਚਿਤ ਇਸ ਲਈ ਕਿ ਪੰਜਾਬੀ ਸਾਹਿਤ ਦੇ ਖੇਤਰ 'ਚ ਇਤਿਹਾਸ ਕੇਂਦਰਿਤ ਬਹੁਤ ਘੱਟ ਲਿਖਿਆ ਗਿਆ ਹੈ। ਜੋ ਲਿਖਿਆ ਗਿਆ, ਉਸ ਦਾ ਦਾਇਰਾ ਵੀ ਬਹੁਤ ਸੀਮਤ, ਅਲਬੱਤਾ ਹਿੰਦੀ, ਬੰਗਾਲੀ, ਕੰਨਡ, ਮਰਾਠੀ, ਗੁਜਰਾਤੀ ਸਾਹਿਤ 'ਚ ਖਾਲਸ ਇਤਿਹਾਸ ਦੇ ਇਲਾਵਾ ਸੈਂਕੜੇ ਨਾਟਕ, ਨਾਵਲ ਅਤੇ ਕਹਾਣੀਆਂ ਮਿਲ ਸਕਦੀਆਂ ਹਨ। ਅਲਬੱਤਾ ਜੀਵਨੀਆਂ ਦੇ ਰੂਪ 'ਚ ਪੰਜਾਬੀ ਸਾਹਿਤ 'ਚ ਆਪਣੇ ਨਾਇਕਾਂ, ਖਾਸ ਕਰਕੇ ਸਿੱਖਾਂ ਨਾਲ ਸੰਬੰਧਿਤ ਨਾਇਕਾਂ ਬਾਰੇ ਅਨੇਕਾਂ ਪੁਸਤਕਾਂ ਮਿਲ ਸਕਦੀਆਂ ਹਨ– ਗੁਰੂਆਂ ਦੇ ਇਲਾਵਾ ਬੰਦਾ ਬਹਾਦਰ, ਅਕਾਲੀ ਫੂਲਾ ਸਿੰਘ, ਹਰੀ ਸਿੰਘ ਨਲੂਆ, ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਮਹਾਰਾਜਾ ਰਣਜੀਤ ਸਿੰਘ ਆਦਿ ਬਾਰੇ।

ਸਾਹਿਤਕ ਵਿਧਾ 'ਚ ਕੁਝ ਨਾਵਲ ਅਤੇ ਨਾਟਕ ਜੋ ਮੇਰੀ ਨਜ਼ਰ 'ਚ ਆਏ। ਇਨ੍ਹਾਂ ਦੇ ਸਭ ਤੋਂ ਪਹਿਲਾਂ ਭਾਈ ਵੀਰ ਸਿੰਘ ਦੇ ਲਿਖੇ ਦੋ ਨਾਵਲ 'ਸੁੰਦਰੀ' ਅਤੇ 'ਬਿਜੈ ਸਿੰਘ'। ਇਸ ਤੋਂ ਬਾਅਦ ਕਰਨਲ ਨਰਿੰਦਰ ਪਾਲ ਸਿੰਘ ਦੁਆਰਾ ਰਚਿਤ ਕੁਝ ਨਾਵਲ ਨਜ਼ਰ ਆਉਂਦੇ ਹਨ। ਕਿਉਂਕਿ ਸਿੱਖ ਨਾਇਕਾਂ ਬਾਰੇ ਨਾਵਲ ਲਿਖਣ ਵਾਲਾ ਇਹ ਤਕਰੀਬਨ ਪਹਿਲਾ ਲੇਖਕ ਸੀ, ਇਸ ਲਈ ਇਸ ਨੂੰ ਕਾਫ਼ੀ ਮਹੱਤਤਾ ਪ੍ਰਾਪਤ ਹੋਈ। ਪਰ ਇਹ ਨਾਵਲ ਸਾਹਿਤਕ ਵਿਧੀ ਮੁਤਾਬਕ ਪਰਖਦਿਆਂ ਇਨ੍ਹਾਂ ਦੀ ਕੋਈ ਮਹੱਤਤਾ ਨਹੀਂ।

ਹਿੰਦੀ, ਬੰਗਾਲੀ, ਕੰਨਡ, ਮਰਾਠੀ, ਗੁਜਰਾਤੀ ਅਤੇ ਹੋਰ ਭਾਸ਼ਾਵਾਂ 'ਚ ਇਤਿਹਾਸਕ ਨਾਵਲ ਲਿਖਣ ਦੀ ਪਰੰਪਰਾ ਬਹੁਤ ਪੁਰਾਣੀ ਹੈ। ਆਚਾਰੀਆ ਚਤੁਰ ਸੇਨ, ਵਿਰਿੰਦਾ ਲਾਲ ਵਰਮਾ ਆਦਿ ਨੇ ਹਿੰਦੀ 'ਚ ਵੀਹ ਤੋਂ ਵੱਧ ਲਿਖੇ। ਯਸ਼ ਪਾਲ ਨੇ ਇਤਿਹਾਸਕ ਕਹਾਣੀਆਂ ਵੀ ਲਿਖੀਆਂ ਅਤੇ ਇਕ ਬਹੁ ਚਰਚਿਤ ਨਾਵਲ 'ਦਿਵੀਆ' ਲਿਖਿਆ। ਹਜ਼ਾਰੀ ਪ੍ਰਸਾਦ ਦਿਵੇਦੀ ਨੇ ਇਤਿਹਾਸ, ਮਿਥਿਹਾਸ ਤੇ ਅਧਾਰਿਤ ਤਿੰਨ ਨਾਵਲ ਲਿਖੇ। ਇਨ੍ਹਾਂ 'ਚੋਂ 'ਬਾਣ ਭੱਟ ਦੀ ਆਤਮ ਕਥਾ' ਹਿੰਦੀ ਸਾਹਿਤ 'ਚ ਇਕ ਉੱਚੀ ਕੋਟੀ ਦੀ ਕਿਰਤ ਮੰਨੀ ਜਾਂਦੀ ਹੈ। ਤੀਸਰਾ ਪ੍ਰਸਿੱਧ ਹਿੰਦੀ ਨਾਵਲ ਆਚਾਰੀਆ ਚਤੁਰ ਸੇਨ ਸ਼ਾਸਤਰੀ ਦਾ ਲਿਖਿਆ 'ਵੈਸ਼ਾਲੀ ਕੀ ਨਗਰਵਧੂ' ਹੈ। ਇਨ੍ਹਾਂ ਬਾਰੇ ਵਰਨਣਯੋਗ ਹੈ ਕਿ ਇਨ੍ਹਾਂ ਤਿੰਨ ਨਾਵਲਾਂ ਨੂੰ ਹਿੰਦੀ ਸਾਹਿਤ ਦੇ ਪਿਛਲੇ ਸੌ ਸਾਲ ਦੇ ਇਤਿਹਾਸ 'ਚ ਸਭ ਤੋਂ ਉੱਤਮ ਰਚਨਾਵਾਂ (ਨਾਵਲ) ਮੰਨਿਆ ਜਾਂਦਾ ਹੈ। ਗੁਜਰਾਤੀ ਭਾਸ਼ਾ 'ਚ ਕੇ.ਐਮ. ਮੁੰਸ਼ੀ ਦੇ ਨਾਵਲ 'ਜੈ ਸੋਮਨਾਥ' ਨੇ ਬਹੁਤ ਪ੍ਰਸਿੱਧੀ ਪ੍ਰਾਪਤ ਕੀਤੀ। ਭੈਰੱਪਾ ਨੇ ਮਹਾਭਾਰਤ ਦੇ ਮੁੱਖ ਪਾਤਰਾਂ 'ਤੇ ਅਧਾਰਿਤ ਇਕ ਵੱਡ ਆਕਾਰੀ ਪੁਸਤਕ ਲਿਖੀ। ਬੰਕਿਮ ਚੰਦਰ ਦੇ ਬੰਗਾਲੀ ਨਾਵਲ 'ਆਨੰਦ ਮੱਠ' 'ਚ ਲਿਖਿਆ 'ਬੰਦੇ ਮਾਤਰਮ' ਤਾਂ 'ਕੌਮੀ ਤਰਾਨਾ' ਬਣ ਗਿਆ। ਚਾਹੇ

ਜਿਸ ਨਕਾਰਾਤਮਕ ਪੱਖ ਨੂੰ ਵੀ ਅੱਖੋਂ ਓਹਲੇ ਨਹੀਂ ਕੀਤਾ ਜਾ ਸਕਦਾ। ਰਾਹੁਲ ਸੰਕਰਾਤਾਇਨ ਦੀ 'ਵਾਲਗਾ ਸੇ ਗੰਗਾ' ਅੱਜ ਤੋਂ ਤਕਰੀਬਨ ਸੱਤਰ-ਅੱਸੀ ਵਰ੍ਹੇ ਪਹਿਲਾਂ ਪਰਕਾਸ਼ਤ ਹੋਈ। ਇਸ ਨੂੰ ਹਿੰਦੀ/ਭਾਰਤੀ ਸਾਹਿਤ 'ਚ ਬਹੁਤ ਉੱਚਾ ਸਥਾਨ ਪ੍ਰਾਪਤ ਹੈ।

ਇਤਿਹਾਸਕ ਪ੍ਰਸੰਗਕਤਾ ਬਾਰੇ ਕੁਝ ਲਿਖਣ ਤੋਂ ਪਹਿਲਾਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਇਤਿਹਾਸ ਅਤੇ ਇਤਿਹਾਸਕ ਚੇਤਨਾ 'ਚ ਬਹੁਤ ਅੰਤਰ ਹੈ। ਇਤਿਹਾਸ ਤਾਂ ਕੁਝ ਰਾਜਨੀਤਕ ਘਟਨਾਵਾਂ ਜਾਂ ਉਥਲ ਪੁਥਲ ਦਾ ਵਰਣਨ ਹੁੰਦਾ ਹੈ। ਪਰ ਉਨ੍ਹਾਂ ਘਟਨਾਵਾਂ ਦੇ ਪਿੱਛੇ ਕਿਸ ਤਰ੍ਹਾਂ ਦੀਆਂ ਸਮਾਜਕ ਗਤੀਵਿਧੀਆਂ ਕਾਰਜਸ਼ੀਲ ਸਨ, ਇਹ ਜਾਣ ਲੈਣਾ ਜ਼ਰੂਰੀ ਹੈ। ਇਸੇ ਇਤਿਹਾਸਕ ਚੇਤਨਤਾ ਅਤੇ ਸੰਵੇਦਨਤਾ ਦੁਆਰਾ ਹੀ ਕੋਈ ਸਮਾਜਕ ਸੰਗਠਨ/ਸਮੂਹ ਆਪਣੇ ਆਪ ਨੂੰ ਸਮਝ ਸਕਦਾ ਹੈ।

ਇਤਿਹਾਸ ਤੇ ਅਧਾਰਿਤ ਨਾਵਲ, ਨਾਟਕ ਆਦਿ ਦੀ ਗੱਲ ਕਰਨ ਤੋਂ ਪਹਿਲਾਂ ਇਹ ਸਮਝ ਲੈਣਾ ਜ਼ਰੂਰੀ ਹੈ ਕਿ ਜੋ ਇਤਿਹਾਸ ਹਾਲੇ ਤੱਕ ਲਿਖਿਆ ਗਿਆ, ਉਹ ਜੇਤੂਆਂ, ਹੁਕਮਰਾਨਾਂ ਦੁਆਰਾ ਲਿਖਵਾਇਆ ਗਿਆ ਹੈ। ਦੂਰ ਨਾ ਜਾਂਦਿਆਂ ਆਪਣੇ ਭਾਰਤੀ ਇਤਿਹਾਸ ਲਿਖਣ ਅਤੇ ਲਿਖਾਉਣ ਵਾਲਿਆਂ ਨੇ ਆਪਣੇ ਆਪ ਨੂੰ 'ਆਰੀਆ' ਬ੍ਰਹਮਣ, ਛਤਰੀ ਆਖਿਆ ਅਤੇ ਭਾਰਤ ਦੀਆਂ ਮੂਲ ਜਾਤੀਆਂ, ਵਿਰੋਧੀਆਂ ਨੂੰ ਰਾਕਸ਼ਸ਼, ਪਿਸ਼ਾਚ ਆਦਿ ਦਾ ਨਾਮ ਦੇ ਦਿੱਤਾ। ਇਤਿਹਾਸਕਾਰਾਂ, ਬੁੱਧੀਜੀਵੀਆਂ, ਲੇਖਕਾਂ ਦੇ ਚੇਤਨ, ਅਵਚੇਤਨ 'ਚ ਸਦੀਆਂ ਤੋਂ ਪਰਵੇਸ਼ ਕਰ ਚੁੱਕੀਆਂ ਧਾਰਨਾਵਾਂ, ਵਿਸ਼ਵਾਸ ਉਨ੍ਹਾਂ ਦੀ ਮਾਨਸਿਕਤਾ ਅਤੇ ਦ੍ਰਿਸ਼ਟੀਕੋਣ ਨੂੰ ਪ੍ਰਭਾਵਿਤ ਕਰਦੀਆਂ ਰਹਿੰਦੀਆਂ ਹਨ। ਉਹ ਹਾਲੇ ਵੀ ਆਪਣੀ ਜਾਤੀ, ਧਰਮ, ਕੌਮੀ ਮਫ਼ਾਦ ਤੋਂ ਪ੍ਰਭਾਵਿਤ ਹੋ ਕੇ ਆਪਣੇ ਕਿਸੇ 'ਮਹਾਂਨਾਇਕ' ਦੀ ਕੋਈ ਨਕਾਰਤਮਕ (ਅਤੇ ਸੱਚੀ) ਤਸਵੀਰ ਸਵੀਕਾਰ ਕਰਨ ਤੋਂ ਇਨਕਾਰੀ ਹਨ ਅਤੇ ਜੇ ਕੋਈ ਉਨ੍ਹਾਂ ਦੀਆਂ ਪੂਰਵ-ਨਿਸ਼ਚਿਤ ਧਾਰਨਾਵਾਂ ਦੇ ਵਿਪਰੀਤ ਕੋਈ 'ਸੱਚ' ਲਿਖਣ ਦਾ ਯਤਨ ਕਰੇ ਤਾਂ ਉਹ ਉਸ ਤੇ ਅੰਕੁਸ਼ ਲਗਾਉਂਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਕਿਸੇ ਇਤਿਹਾਸਕ ਵਿਅਕਤੀ, ਘਟਨਾਵਾਂ ਬਾਰੇ ਕੋਈ ਅੰਤਿਮ ਫੈਸਲਾ ਕਰ ਕੇ ਵਿਸ਼ਵਾਸ਼ ਕਰ ਲੈਣਾ ਵੀ ਸਹੀ ਨਹੀਂ ਹੋਵੇਗਾ।

ਅੰਗਰੇਜ਼ੀ ਦੇ ਇਕ ਵਿਚਾਰਕ 'ਅਲਡਸ ਹਕਸਲੇ' ਨੇ ਲਿਖਿਆ ਹੈ:

'When one is not willing or is afraid to face what is actual, then very avoidence creat romantic illusion, a fantacy, the dependence on a belief, or on a person or idea which give the reader great deel of stisfaction...'

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦਾ ਸਮਾਂ ਪੰਜਾਬ ਦੇ ਇਤਿਹਾਸ 'ਚ ਇਕ ਵਿਸ਼ੇਸ਼ ਉਦਾਹਰਣ ਪੇਸ਼ ਕਰਦਾ ਹੈ। ਇਹ ਸਹੀ ਹੈ ਕਿ ਮਹਾਰਾਜਾ ਹਰਸ਼ ਵਰਧਨ ਤੋਂ ਬਾਅਦ (ਜਿਸ ਦੀ ਰਾਜਧਾਨੀ ਥਾਨੇਸਰ ਸੀ) ਪੰਜਾਬ ਹਮੇਸ਼ਾ ਦਿੱਲੀ ਦੇ ਰਾਜਿਆਂ ਬਾਦਸ਼ਾਹਾਂ ਦੇ ਅਧੀਨ ਰਿਹਾ ਹੈ। ਇਸ ਲਈ ਅਸੀਂ ਸਾਰੇ ਇਸ ਸੰਦਰਭ 'ਚ ਮਾਣ ਮਹਿਸੂਸ ਕਰਦੇ ਹਾਂ। (ਹੁਣੇ-ਹੁਣੇ ਪਾਕਿਸਤਾਨ ਨੇ ਮਹਾਰਾਜਾ ਰਣਜੀਤ ਸਿੰਘ ਦਾ ਬੁੱਤ ਲਾਹੌਰ 'ਚ ਲਾ ਕੇ ਇਸ ਨੂੰ ਮਾਨਤਾ ਬਖਸ਼ੀ ਹੈ)। ਪਰ ਉਸ ਦੇ ਆਪਣੇ ਵਿਅਕਤੀਤਵ ਅਤੇ ਰਾਜਨੀਤੀ 'ਚ ਕੁਝ ਖ਼ਾਮੀਆਂ ਵੀ ਸਨ ਜਿਨ੍ਹਾਂ ਖਾਮੀਆਂ ਕਾਰਨ ਉਸ ਦੀ ਮੌਤ ਤੋਂ ਦਸ ਸਾਲ ਬਾਅਦ ਰਣਜੀਤ ਸਿੰਘ ਦੇ ਸਿੱਖ ਰਾਜ ਦਾ ਅੰਤ ਹੋ ਗਿਆ।

ਮਹਾਰਾਜਾ ਰਣਜੀਤ ਸਿੰਘ ਦੇ ਮੁਕਾਬਲੇ ਬੰਦਾ ਬਹਾਦਰ, ਜਿਸ ਨੇ 'ਮੁਰਦਾ ਪੰਜਾਬ' ਦੇ ਲੋਕਾਂ 'ਚ ਨਵੀਂ ਰੂਹ ਦਾ ਸੰਚਾਲਨ ਕੀਤਾ, ਜਿਸ ਨੇ ਪੰਜਾਬ 'ਚ ਸਿੱਖ ਰਾਜ ਦੀ ਬੁਨਿਆਦ ਰੱਖੀ, ਉਸ ਨੂੰ ਪੰਜਾਬੀ/ਸਿੱਖ ਮਾਨਸਿਕਤਾ ਨੇ ਖੂੰਜੇ ਲਾ ਰੱਖਿਆ ਹੈ ਅਤੇ ਜੇ ਕੋਈ ਮਹਾਰਾਜਾ ਰਣਜੀਤ ਸਿੰਘ ਦੀਆਂ ਕਮਜ਼ੋਰੀਆਂ ਬਾਰੇ ਕੁਝ ਲਿਖਦਾ ਹਾਂ ਤਾਂ ਉਸ ਵੱਲ ਕੋਈ ਧਿਆਨ ਨਹੀਂ ਦੇਂਦਾ।

ਜਿਸ ਤਰ੍ਹਾਂ ਲੋਕਾਂ ਨੂੰ ਦੋਸਤ ਦੀ ਲੋੜ ਹੁੰਦੀ ਹੈ, ਉਸੇ ਤਰ੍ਹਾਂ ਦੁਸ਼ਮਣ ਦੇ ਬਗ਼ੈਰ ਵੀ ਲੋਕਾਂ ਅਤੇ ਇਤਿਹਾਸਕਾਰਾਂ ਦਾ ਗੁਜ਼ਾਰਾ ਨਹੀਂ। ਇਨ੍ਹਾਂ ਇਤਿਹਾਸਕਾਰਾਂ ਅਨੁਸਾਰ ਗਿਆਰਵੀ ਸਦੀ ਤੋਂ ਲੈ ਕੇ ਅਠਾਰਵੀ, ਉਨੀਵੀਂ ਸਦੀ ਤੱਕ ਦਿੱਲੀ (ਕੇਂਦਰ) 'ਚ ਮੁਸਲਮਾਨ ਬਾਦਸ਼ਾਹਾਂ ਨੂੰ ਹਿੰਦੋਸਤਾਨ 'ਚ ਵਾਪਰੀ ਹਰ ਬੁਰਾਈ ਦਾ ਜ਼ੰਮੇਵਾਰ ਠਹਿਰਾਇਆ ਜਾਂਦਾ ਹੈ, ਖ਼ਾਸ ਕਰਕੇ ਔਰੰਗਜ਼ੇਬ ਨੂੰ। ਉਸ ਦੀਆਂ ਅਤੇ ਮੁਸਲਮਾਨ ਬਾਦਸ਼ਾਹ ਦੀਆਂ ਕੁਝ ਨਾਂਹ ਪੱਖੀ ਕਾਰਵਾਈਆਂ ਨੂੰ ਪਹਿਲਾਂ ਅੰਗਰੇਜ਼ੀ ਹਕੂਮਤ ਨੇ ਹਿੰਦੂਆਂ ਅਤੇ ਮੁਸਲਮਾਨਾਂ ਵਿਚਕਾਰ ਵਿਤਕਰਾ ਪੈਦਾ ਕਰਨ ਲਈ ਉਭਾਰਿਆ ਅਤੇ ਇਸ ਦੇ ਨਾਲੋ ਨਾਲ ਹਿੰਦੂਤਵ-ਵਾਦੀਆਂ ਨੇ। ਇਸ ਦਾ ਦੂਸਰਾ ਪਾਸਾ ਇਹ ਵੀ ਹੈ ਕਿ ਸ਼ਾਹਜਹਾਨ/ਔਰੰਗਜ਼ੇਬ ਦੇ ਸਮੇਂ ਹਿੰਦੋਸਤਾਨ ਦੁਨੀਆ ਦਾ ਸਭ ਤੋਂ ਅਮੀਰ ਦੇਸ਼ ਸੀ ਅਤੇ ਆਮ ਲੋਕ ਖੁਸ਼ਹਾਲ ਵੀ। ਇਸ ਸੰਦਰਭ 'ਚ ਇਹ ਵੇਖਣ ਦੀ ਵੀ ਲੋੜ ਹੈ ਕਿ ਦੱਖਣ ਦਾ ਬਹੁਤ ਸਾਰਾ ਖੇਤਰ ਆਮ ਕਰਕੇ ਇਸਲਾਮੀ ਹਕੂਮਤਾਂ ਤੋਂ ਮੁਕਤ ਰਿਹਾ ਹੈ। ਪਰ ਪ੍ਰਾਚੀਨ ਕਾਲ ਤੋਂ ਲੈ ਕੇ ਅੱਜ ਦੇ ਕਾਲ ਤੱਕ ਉਥੋਂ ਦੇ ਆਮ ਕਿਸਾਨ ਅਤਿਅੰਤ ਗਰੀਬੀ ਅਤੇ ਵੱਡੇ ਜ਼ਿਮੀਂਦਾਰਾਂ ਦੀ ਗ਼ੁਲਾਮੀ ਹੰਡਾਉਂਦੇ ਆਏ ਹਨ। ਇਹ ਸਿਰਫ਼ ਪੁਸਤਕਾਂ 'ਚੋਂ ਹੀ ਨਹੀਂ ਪੜ੍ਹਿਆ, ਬਲਕਿ ਮੈਂ ਅੱਖੀਂ ਵੇਖਿਆ ਹੈ।

ਇਤਿਹਾਸ 'ਤੇ ਅਧਾਰਿਤ ਨਾਵਲ ਲਿਖਣ ਵਾਲਿਆਂ ਲਈ ਇਹ ਜ਼ਰੂਰੀ ਬਣਦਾ ਹੈ ਕਿ ਉਸ ਕੋਲ ਨਾ ਸਿਰਫ਼ ਉਸ ਪਾਤਰ, ਸਮੇਂ/ਕਾਲ ਦੀ ਪੂਰੀ ਜਾਣਕਾਰੀ ਹੋਵੇ, (ਅੱਧੀ-ਅਧੂਰੀ ਨਹੀਂ), ਬਲਕਿ ਉਸ ਕੋਲ ਇਤਿਹਾਸਕ ਚੇਤਨਾ, ਇਤਿਹਾਸਕ ਸੋਚ ਵੀ ਹੋਵੇ। ਇਤਿਹਾਸਕ ਜਾਣਕਾਰੀ ਦੇ ਨਾਲ-ਨਾਲ ਸੰਵੇਦਨਸ਼ੀਲਤਾ ਹੋਵੇ। ਕਿਸੇ ਸ਼ਰਧਾ ਭਾਵਨਾ ਤੋਂ ਮੁਕਤ ਹੋ ਕੇ ਸੱਚ ਅਤੇ ਝੂਠ ਦੀ ਪਛਾਣ ਕਰ ਸਕਦਾ ਹੋਵੇ। ਇਤਿਹਾਸਕ ਚੇਤਨਾ ਅਤੇ ਕਲਾਤਮਿਕਤਾ ਦੇ ਮੇਲ ਨਾਲ ਹੀ ਇਕ ਚੰਗੀ ਰਚਨਾ ਪੈਦਾ ਹੁੰਦੀ ਹੈ।

ਇਤਿਹਾਸਕਾਰ ਦਾ ਸੰਬੰਧ ਇਤਿਹਾਸਕ ਤੱਥ ਨਾਲ ਹੁੰਦਾ ਹੈ। ਜਦਕਿ ਕਲਾ-ਕਿਰਤ 'ਚ, ਭਾਵ-ਸੱਤ ਦੀ ਚਿੰਤਾ ਜ਼ਿਆਦਾ ਹੁੰਦੀ ਹੈ। ਐਸਾ ਤੱਥ ਅਤੇ ਐਸਾ ਸੱਚ ਜਿਸ ਦਾ ਸੰਬੰਧ ਪੂਰਵ-ਲਿਖਤ ਇਤਿਹਾਸ ਦੇ ਪਿੱਛੇ ਲੁਕੀਆਂ ਹੋਈਆਂ ਵਾਸਤਵਿਕਤਾਵਾਂ ਨਾਲ ਹੁੰਦਾ ਹੈ। ਪ੍ਰਾਚੀਨ ਹਿੰਦੂ ਧਰਮ/ਦਰਸ਼ਨ 'ਚ 'ਸੰਦੇਹ', 'ਸ਼ੰਕਾ' ਨੂੰ ਕਾਫ਼ੀ ਪ੍ਰਧਾਨਤਾ ਦਿੱਤੀ ਜਾਂਦੀ ਸੀ। ਰਿਸ਼ੀਆਂ, ਦਾਰਸ਼ਨਕਾਂ ਵਿਚਕਾਰ ਪ੍ਰਵਚਨ, ਬਹਿਸਾਂ ਹੁੰਦੀਆਂ ਰਹਿੰਦੀਆਂ ਸਨ। ਰਿਸ਼ੀ ਯਗਵਲਕਿਆ ਅਤੇ ਰਸ਼ਿਕਾ ਗਾਰਗੀ ਦੀ ਬਹਿਸ ਇਸ ਸੰਦਰਭ 'ਚ ਕਾਫ਼ੀ ਪ੍ਰਸਿੱਧ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਗੋਰਖ ਪੰਥੀਆਂ ਨਾਲ ਹੋਈਆਂ ਬਹਿਸਾਂ ਵੀ ਇਸ ਦਾ ਉਦਾਰਣ ਹਨ। ਅਸੀਂ ਥੋੜਾ ਪਿੱਛੇ ਜਾਈਏ ਤਾਂ ਸੰਤ ਕਬੀਰ ਵਰਗਾ 'ਧਰਮ' ਵਿਦਰੋਹੀ ਭਾਰਤ 'ਚ ਸ਼ਾਇਦ ਹੀ ਹੋਰ ਕੋਈ ਪੈਦਾ ਹੋਇਆ ਹੋਵੇ- ਮਹਾਤਮਾ ਬੁੱਧ ਤੋਂ ਬਾਅਦ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਵੀ ਇਸ ਤਰ੍ਹਾਂ ਦੀਆਂ ਕਈ ਉਦਾਰਣਾਂ ਮਿਲ ਜਾਂਦੀਆਂ ਹਨ।

ਪਰ ਅੱਜ ਦੇ ਮਾਹੌਲ 'ਚ ਇਸ ਤਰ੍ਹਾਂ ਦੀ ਆਜ਼ਾਦੀ ਕਾਫ਼ੀ ਘਟ ਗਈ ਦਿਸਦੀ ਹੈ। ਅੱਜ

ਦਾ ਮਨੁੱਖ ਇਸ ਪੱਖ ਤੋਂ ਤਰੱਕੀ ਕਰਨ ਦੀ ਬਜਾਏ ਹੋਰ ਪਿੱਛੇ ਜਾ ਰਿਹਾ ਹੈ। ਜਦ ਕੋਈ ਮਨੁੱਖ ਵਾਸਤਵਕਤਾ ਦਾ ਸਾਹਮਣਾ ਕਰਨ ਤੋਂ ਘਬਰਾਉਂਦਾ ਹੈ ਤਾਂ ਉਹ ਉਸ ਬਾਰੇ ਸੋਚਣ ਦੀ ਬਜਾਏ ਆਪਣੇ ਮਸਤਕ 'ਚ ਇਕ ਭਰਮ, ਇਕ ਫੈਨਟੈਸੀ ਦੇ ਸਹਾਰੇ ਇਕ ਰੁਮਾਂਟਿਕ ਤਸਵੀਰ ਬਣਾ ਲੈਂਦਾ ਹੈ। ਇਹ ਭਰਮ, ਇਹ ਫੈਨਟੈਸੀ ਹਰ ਸਚਾਈ ਨੂੰ, ਜੋ ਉਸ ਦੀ ਇਸ ਰੁਮਾਂਟਿਕ ਤਸਵੀਰ ਦੇ ਵਿਰੁੱਧ ਹੋਵੇ, ਸਵੀਕਾਰ ਕਰਨ 'ਚ ਰੁਕਾਵਟ ਬਣ ਜਾਂਦੀ ਹੈ।

ਇਤਿਹਾਸ ਅਤੇ ਇਤਿਹਾਸ 'ਤੇ ਅਧਾਰਿਤ ਨਾਵਲ 'ਚ ਮੁੱਖ ਅੰਤਰ ਇਹ ਹੈ ਕਿ ਇਤਿਹਾਸਕਾਰ ਕੇਵਲ ਪੂਰਵ ਲਿਖਤ ਕਿਰਤਾਂ ਦੇ ਅਧਾਰ ਤੇ ਲਿਖਦਾ ਹੈ। ਉਨ੍ਹਾਂ 'ਚੋਂ ਵੀ ਆਪਣੀ ਮਰਜੀ ਜਾਂ ਨਿੱਜੀ ਆਸਥਾਵਾਂ ਦੇ ਅਧਾਰ ਤੇ ਕੁਝ ਕੱਟਦਾ-ਵੱਢਦਾ, ਕੁਝ ਨੂੰ ਛੱਡ ਦੇਂਦਾ ਅਤੇ ਕੁਝ ਨੂੰ ਜ਼ਿਆਦਾ ਮਹੱਤਤਾ ਦੇ ਕੇ ਪਾਠਕਾਂ ਸਾਹਮਣੇ ਲਿਆ ਰੱਖਦਾ ਹੈ। ਕੋਈ-ਕੋਈ ਇਤਿਹਾਸਕਾਰ ਹੀ ਕਿਸੇ ਸਮੇਂ ਦੇ ਬਾਦਸ਼ਾਹਾਂ, ਹਕੂਮਤਾਂ ਦੁਆਰਾ ਹੋਂਦ 'ਚ ਆਈਆਂ ਘਟਨਾਵਾਂ ਨੂੰ ਆਪਣੀ ਸੂਝ ਨਾਲ ਪਰਖਦਾ, ਹੋਰ ਲਿਖਤਾਂ ਦੀਆਂ ਉਦਾਰਣਾਂ ਦੇਂਦਾ, ਤੁਲਨਾ ਕਰਦਾ ਅਤੇ ਕੁਝ ਵੱਖਰੇ ਨਤੀਜਿਆਂ 'ਤੇ ਪਹੁੰਚਦਾ ਹੈ।

ਇਤਿਹਾਸ ਉੱਤੇ ਅਧਾਰਿਤ ਨਾਵਲਕਾਰ ਵੀ ਕਾਫ਼ੀ ਹੱਦ ਤਕ ਇਸੇ ਤਰ੍ਹਾਂ ਕਰਦਾ ਹੈ। ਪਰ ਇਤਿਹਾਸਕਾਰ ਵਾਂਗ ਉਸ ਉੱਤੇ ਬਹੁਤੇ ਬੰਧਨ ਨਹੀਂ ਹੁੰਦੇ। ਨਾਵਲਕਾਰ ਆਪਣੀ ਮੌਲਿਕ ਸੂਝ, ਚਿੰਤਨ ਦੇ ਅਧਾਰ ਤੇ ਇਤਿਹਾਸਕ ਘਟਨਾਵਾਂ, ਬਾਦਸ਼ਾਹਾਂ/ਰਾਜਿਆਂ ਦੀਆਂ ਅਕਾਂਖਿਆਵਾਂ ਦੇ ਪਿੱਛੇ ਲੁਕੇ ਕਾਰਨਾਂ, ਪ੍ਰਸਥਿਤੀਆਂ ਨੂੰ ਵੀ ਪਰਧਾਨਤਾ ਦੇਂਦਾ ਹੈ। ਆਪਣੀ ਕਲਾਤਮਕ ਪ੍ਰਤਿਭਾ, ਵਿਵੇਕ ਦੇ ਅਧਾਰ ਤੇ ਗ਼ਲਤ ਪਰਵਿਰਤੀਆਂ, ਗਲਤ ਵਿਸ਼ਵਾਸਾਂ ਦਾ ਖੰਡਨ ਕਰਨਾ ਐਨਾ ਹੀ ਜ਼ਰੂਰੀ ਹੈ ਜਿੰਨਾ ਵਰਤਮਾਨ ਨੂੰ ਪਛਾਣਨਾ ਅਤੇ ਇਤਿਹਾਸਕ ਤੱਥਾਂ ਦੀ ਸਹੀ ਪਛਾਣ ਕਰਨਾ। ਸਭ ਤੋਂ ਜ਼ਰੂਰੀ ਭਵਿੱਖ ਦਾ ਵਰਤਮਾਨ ਨਾਲ ਸੰਬੰਧ ਜੋੜਨਾ ਹੁੰਦਾ ਹੈ। ਇਹ ਕੁਝ ਕਰਦਿਆਂ, ਇਤਿਹਾਸਕ ਪਾਤਰਾਂ ਦੇ ਸੰਦਰਭ 'ਚ ਨਾਵਲਕਾਰ ਬੰਧਨ ਰਹਿਤ ਵੀ ਨਹੀਂ ਹੁੰਦਾ। ਉਸ ਨੂੰ ਕਿਸੇ ਇਤਿਹਾਸਕ ਕਿਰਦਾਰ ਦੀਆਂ ਚੰਗੀਆਂ ਜਾਂ ਬੁਰੀਆਂ ਵਿਅਕਤੀਗਤ ਵਿਸ਼ੇਸ਼ਤਾਵਾਂ, ਚਰਿੱਤਰ ਦੇ ਵਿਪਰੀਤ ਵੀ ਨਹੀਂ ਜਾਣਾ ਚਾਹੀਦਾ।

ਨਾਵਲਕਾਰ ਦੀ ਵਿਸ਼ੇਸ਼ਤਾ ਇਹ ਹੈ ਕਿ ਉਹ ਇਤਿਹਾਸਕ ਪਾਤਰਾਂ ਨੂੰ ਜੀਵਤ ਰੂਪ ਦੇਂਦਾ, ਸਾਹ ਲੈਂਦਿਆਂ, ਪਿਆਰ, ਨਫ਼ਰਤ, ਡਰ, ਵਹਿਮ, ਸ਼ੰਕਾਵਾਂ ਦੇ ਪਲਾਂ 'ਚੋਂ ਲੰਘਦਿਆਂ ਵਿਖਾਉਂਦਾ ਹੈ। ਇਹ ਕੁਝ ਕਰਨ ਲਈ ਲੇਖਕ ਕੁਝ ਘਟ ਚਰਚਿਤ ਲਿਖਤਾਂ ਦੇ ਅਧਾਰ 'ਤੇ ਜਾਂ ਆਪਣੀ ਕਲਪਨਾ ਨਾਲ ਕੁਝ ਛੋਟੇ-ਵੱਡੇ ਪਾਤਰ ਘੜਦਾ ਜਾਂ ਘਟ ਚਰਚਿਤ ਪਾਤਰਾਂ ਨੂੰ ਜ਼ਿਆਦਾ ਮਹੱਤਤਾ ਦੇਂਦਾ ਹੈ।

ਪਰ ਹਰ ਕੌਮ, ਹਰ ਦੇਸ਼, ਹਰ ਵਰਗ ਦਾ ਲੇਖਕ, ਚਾਹੇ ਉਹ ਨਿਰੋਲ ਇਤਿਹਾਸਕਾਰ ਹੈ, ਚਾਹੇ ਸਾਹਿਤਕਾਰ, ਆਪਣੀ ਕੌਮ, ਮਜ਼ਹਬ, ਦੇਸ਼ ਦੇ ਵਧੀਆ ਜਾਂ ਘਟੀਆ ਪਾਤਰ ਦੀਆਂ ਸਾਰੀਆਂ ਕਮਜ਼ੋਰੀਆਂ ਲੁਕਾ ਕੇ ਉਸ ਦੀਆਂ ਚੰਗਿਆਈਆਂ ਨੂੰ ਉਭਾਰਦਾ ਹੈ। ਉਦਾਰਣ ਦੇ ਤੌਰ ਤੇ ਸਾਰੇ ਯੋਰਪੀ ਦੇਸ਼ ਰੋਮ ਦੀ ਸਭਿਅਤਾ ਅਤੇ ਰਾਜ ਨੂੰ ਇਕ ਉੱਚ ਦਰਜੇ ਦੀ ਸਭਿਅਤਾ ਦੀ ਤਰ੍ਹਾਂ ਪੇਸ਼ ਕਰਦੇ ਹਨ ਅਤੇ ਚੰਗੇਜ਼ ਖ਼ਾਨ, ਤੈਮੂਰ ਲੰਗ, ਹਲਾਕੂ ਆਦਿ ਨੂੰ ਖਲਨਾਇਕ, ਜ਼ਾਲਮ ਅਤੇ ਸਾਰੀਆਂ ਬੁਰਾਈਆਂ ਦਾ ਮੁਜੱਸਮਾ। ਪਰ ਅਸਲੀਅਤ ਇਹ ਕਿ ਚੰਗੇਜ਼ ਖ਼ਾਨ ਜਾਂ ਤੈਮੂਰ ਦੀਆਂ ਨਾਂਹ ਪੱਖੀ ਗਤੀਵਿਧੀਆਂ ਦਾ ਦੌਰ ਮਸਾਂ ਸੌ, ਦੋ ਸੌ ਸਾਲ ਤੱਕ ਰਿਹਾ। ਰੋਮਨ ਸਾਮਰਾਜ ਦੇ

ਇੰਤਹਾ ਜ਼ੁਲਮਾਂ ਦਾ ਦੌਰ ਸੱਤ-ਅੱਠ ਸਾਲ ਤੱਕ ਜਾਰੀ ਰਿਹਾ। ਇਸ ਦੌਰ ਬਾਰੇ ਲਿਖੇ ਹਜ਼ਾਰਾਂ ਨਾਵਲਾਂ ਦਾ ਇਤਿਹਾਸ ਦੀਆਂ ਪੁਸਤਕਾਂ 'ਚ ਸਿਰਫ਼ ਅਤੇ ਸਿਰਫ਼ ਇਕ ਨਾਵਲ 'ਸਪਾਰਟਕਸ' ਹੀ ਕਿਸੇ ਯੋਰਪੀ ਭਾਸ਼ਾ ਦਾ ਪਰਕਾਸ਼ਤ ਹੋਇਆ ਅਤੇ ਉਹ ਵੀ ਲੇਖਕ ਦੇ ਆਪਣੇ ਪੈਸਿਆਂ ਨਾਲ। ਤਕਰੀਬਨ ਸੱਠ ਪ੍ਰਕਾਸ਼ਕਾਂ ਨੇ ਉਸ ਨਾਵਲ ਨੂੰ ਪ੍ਰਕਾਸ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਪੰਜਾਬੀ ਸਾਹਿਤ 'ਚ ਸਮਕਾਲੀ ਚਿੰਤਨ ਅਤੇ ਸਾਹਿਤ 'ਚ ਇਤਿਹਾਸਕਤਾ ਅਤੇ ਸਿਰਜਣਕਾਰੀ ਬਾਰੇ ਮੇਰੀ ਸਮਝ ਅਨੁਸਾਰ ਬਹੁਤਾ ਕੁਝ ਨਹੀਂ ਲਿਖਿਆ ਜਾ ਸਕਦਾ। ਪਹਿਲੀ ਗੱਲ ਤੇ ਇਹ ਕਿ ਮਾਨਸਿਕ ਪੱਧਰ ਤੇ ਪੰਜਾਬ ਦਾ ਮੁਸਲਮਾਨ ਆਪਣੇ ਇਤਿਹਾਸ ਦਾ ਆਰੰਭ ਮੁਹੰਮਦ ਗੋਰੀ ਤੋਂ ਅਤੇ ਸਿੱਖ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਇਆ ਮੰਨਦੇ ਹਨ। ਸਿਵਾਏ ਪੰਜਾਬੀ ਯੂਨੀਵਰਸਿਟੀ ਦੇ ਪ੍ਰਕਾਸ਼ਨ ਵਿਭਾਗ ਦੁਆਰਾ ਪੰਜਾਬ ਦੇ ਪ੍ਰਾਚੀਨ ਇਤਿਹਾਸ ਬਾਰੇ ਪ੍ਰਕਾਸ਼ਤ ਪੁਸਤਕਾਂ ਦੇ, ਸ਼ਾਇਦ ਹੀ ਕੋਈ ਹੋਰ ਪ੍ਰਕਾਸ਼ਕ ਇਸ ਪਾਸੇ ਧਿਆਨ ਦੇ ਰਿਹਾ ਹੋਵੇ।

ਇਤਿਹਾਸ ਤੇ ਅਧਾਰਿਤ ਕਹਾਣੀ ਜਾਂ ਨਾਵਲ ਲਿਖਣਾ ਲੇਖਕ ਕੋਲੋਂ ਬਹੁਤ ਮਿਹਨਤ ਅਤੇ ਲਗਨ ਦੀ ਮੰਗ ਕਰਦਾ ਹੈ। ਪਰ ਹੁਣ ਸਮਾਂ ਐਸਾ ਹੈ ਕਿ ਲੇਖਕ ਫਟਾਫਟ ਕੁਝ ਲਿਖਣਾ, ਪਰਕਾਸ਼ਨ ਤੋਂ ਬਾਅਦ ਉਸ ਪੁਸਤਕ ਦੀ ਚਰਚਾ ਕਰਵਾਉਂਦਾ ਅਤੇ ਪੁਰਸਕਾਰ ਹਾਸਲ ਕਰਨ ਦੇ ਜੁਗਾੜ 'ਚ ਦੌੜਿਆ ਫਿਰਦਾ ਹੈ। ਚਰਚਾ ਅਤੇ ਪੁਰਸਕਾਰ ਹਾਸਲ ਕਰ ਲੈਣ ਤੋਂ ਬਾਅਦ ਉਸ ਦੇ ਲਿਖਣ, ਪਰਕਾਸ਼ਤ ਕਰਵਾਉਣ ਦਾ ਮਕਸਦ ਪੂਰਾ ਹੋ ਜਾਂਦਾ ਹੈ।

✲✲✲


ਇਹ ਪੁਸਤਕ ਜਗਜੀਤ ਸਿੰਘ ਆਨੰਦ ਦੇ ਜੀਵਨ ਅਤੇ ਉਨ੍ਹਾਂ ਦੇ ਕੰਮਾਂ ਦਾ ਭਰਪੂਰ ਲੇਖਾ-ਜੋਖਾ ਹੈ। ਇਨ੍ਹਾਂ ਕੰਮਾਂ ਵਿਚ ਉਨ੍ਹਾਂ ਦਾ ਅਨੁਵਾਦ, ਸਾਹਿਤ ਸਿਰਜਣਾ ਅਤੇ ਪੱਤਰਕਾਰੀ ਸ਼ਾਮਲ ਹੈ। ਉਨ੍ਹਾਂ ਦੇ ਜੀਵਨ ਪਾਸਾਰਾਂ ਵਿਚ ਉਨ੍ਹਾਂ ਦੀ ਰਾਜਸੀ ਸੂਝ ਦੀਆਂ ਵੱਖੋ-ਵੱਖਰੀਆਂ ਪਰਤਾਂ ਬਾਰੇ ਜਾਣਕਾਰੀ ਇਸ ਦਸਤਾਵੇਜ਼ ਦੇ ਆਰ-ਪਾਰ ਫੈਲੀ ਹੋਈ ਹੈ।

**- ਪ੍ਰਕਾਸ਼ਕ**



ਲੰਮੇ ਪੈਂਡਿਆਂ ਦਾ ਪਾਂਧੀ: ਜਗਜੀਤ ਸਿੰਘ ਆਨੰਦ

ਸੰਪਾਦਕ: ਰਜਨੀਸ਼ ਬਹਾਦਰ ਸਿੰਘ

ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ

ਪੰਨੇ: 320 ਮੁੱਲ: 280/-

# ਸਮਕਾਲ ਵਿੱਚ ਇਤਿਹਾਸਕ ਪ੍ਰਸੰਗਾਂ ਦੀ ਪੇਸ਼ਕਾਰੀ

-ਰਾਜਪਾਲ ਸਿੰਘ

ਵਰਤਮਾਨ ਦੀ ਇਮਾਰਤ ਇਤਿਹਾਸ ਦੀਆਂ ਨੀਹਾਂ ਉੱਤੇ ਖੜ੍ਹੀ ਹੁੰਦੀ ਹੈ, ਜੇ ਅਸੀਂ ਇਤਿਹਾਸ ਨੂੰ ਨਹੀਂ ਜਾਣਦੇ ਤਾਂ ਅਸੀਂ ਵਰਤਮਾਨ ਨੂੰ ਵੀ ਠੀਕ ਤਰ੍ਹਾਂ ਨਹੀਂ ਸਮਝ ਸਕਦੇ। ਸਾਡੀਆਂ ਬਹੁਤੀਆਂ ਸਮੱਸਿਆਵਾਂ ਦੀਆਂ ਜੜ੍ਹਾਂ ਇਤਿਹਾਸ ਵਿੱਚ ਪਈਆਂ ਹੁੰਦੀਆਂ ਹਨ। ਪਰ ਇਤਿਹਾਸ ਹੈ ਕੀ? ਕਿਹਾ ਜਾ ਸਕਦਾ ਹੈ ਕਿ ਭੂਤਕਾਲ ਵਿੱਚ ਜੋ ਕੁਝ ਸਚਮੁੱਚ ਵਾਪਰਿਆ ਉਸ ਨੂੰ ਇਤਿਹਾਸ ਕਿਹਾ ਜਾਂਦਾ ਹੈ। ਇਹ ਗੱਲ ਠੀਕ ਵੀ ਹੈ ਕਿ ਅਤੀਤ ਦਾ ਗਿਆਨ ਹੀ ਇਤਿਹਾਸ ਹੈ। ਪਰ ਸਮੇਂ ਦੀ ਵਿੱਥ ਕਾਰਣ ਸਾਡੇ ਕੋਲ ਅਤੀਤ ਦੇ ਗਿਆਨ ਦੀ ਬਜਾਏ ਅਤੀਤ ਦਾ ਬਿਆਨ ਇਤਿਹਾਸ ਵਜੋਂ ਪੇਸ਼ ਹੁੰਦਾ ਹੈ। ਆਪਣੇ ਆਦਰਸ਼ਕ ਰੂਪ ਵਿੱਚ ਤਾਂ ਅਤੀਤ ਵਿੱਚ ਜੋ ਕੁਝ ਹੋਇਆ ਅਤੇ ਸਾਡੇ ਕੋਲ ਪਹੁੰਚਿਆ ਉਸ ਦਾ ਬਿਆਨ, ਉਹ ਇਕੋ ਹੀ ਹੋਣੇ ਚਾਹੀਦੇ ਹਨ, ਉਨ੍ਹਾਂ ਵਿੱਚ ਕੋਈ ਫਰਕ ਨਹੀਂ ਹੋਣਾ ਚਾਹੀਦਾ। ਪਰ ਇਉਂ ਹੁੰਦਾ ਨਹੀਂ। ਕਿਉਂਕਿ ਜੋ ਇਤਿਹਾਸ ਸਾਡੇ ਅੱਗੇ ਪੇਸ਼ ਹੁੰਦਾ ਹੈ ਉਸ ਵਿੱਚ ਬੀਤੇ ਸਮੇਂ ਨੂੰ ਅੱਜ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ। ਇਤਿਹਾਸ ਲਿਖਣਾ ਵਰਤਮਾਨ ਵਿੱਚ ਬੈਠ ਕੇ ਬੀਤੇ ਦੀ ਪੁਨਰ-ਵਿਆਖਿਆ ਕਰਨਾ ਹੁੰਦਾ ਹੈ ਜਿਸ ਕਰਕੇ ਇਸ ਉੱਤੇ ਵਰਤਮਾਨ ਦੀਆਂ ਲੋੜਾਂ ਅਤੇ ਨਜ਼ਰੀਆ ਅਸਰਅੰਦਾਜ਼ ਹੁੰਦੇ ਹਨ। ਜੇ ਵਿਗਿਆਨਕ ਕਥਾਵਾਂ ਵਾਲੀ ਟਾਈਮ-ਮਸ਼ੀਨ ਸਚਮੁੱਚ ਹੀ ਹੋਂਦ ਵਿੱਚ ਹੁੰਦੀ ਤਾਂ ਆਦਮੀ ਭੂਤਕਾਲ ਵਿੱਚ ਜਾ ਕੇ ਇਤਿਹਾਸ ਵਿੱਚ ਹੋਏ ਵਾਪਰੇ ਦੀ ਤਸਦੀਕ ਕਰ ਸਕਦਾ ਸੀ ਪਰ ਅਜੇ ਤੀਕ ਅਸਲੀਅਤ ਵਿੱਚ ਕੋਈ ਟਾਈਮ ਮਸ਼ੀਨ ਨਹੀਂ ਬਣੀ ਹੈ। ਇਸ ਕਰਕੇ ਇਤਿਹਾਸ ਲਿਖਣ ਵਾਲੇ ਨੂੰ ਹੋਰਨਾਂ ਵੱਲੋਂ ਬਿਆਨੀਆਂ ਗੱਲਾਂ ਵਿਚੋਂ ਹੀ ਤੱਥ ਚੁਣਨੇ ਪੈਂਦੇ ਹਨ। ਇਹ ਤੱਥ ਚੁਣਨ ਵੇਲੇ ਹੀ ਬਹੁਤ ਵੱਡੀ ਗੜਬੜ੍ਹ ਹੋ ਜਾਂਦੀ ਹੈ। ਜਿਵੇਂ ਮਨੋਵਿਗਿਆਨੀ ਕਹਿੰਦੇ ਹਨ ਕਿ ਆਦਮੀ ਆਪਣੇ ਭੈੜੇ ਕੰਮ ਅਤੇ ਭੈੜੀਆਂ ਯਾਦਾਂ ਨੂੰ ਭੁੱਲਣਾ ਚਾਹੁੰਦਾ ਹੈ ਅਤੇ ਚੰਗੀਆਂ ਯਾਦਾਂ ਨੂੰ ਸਾਂਭ ਕੇ ਰਖਦਾ ਹੈ ਅਤੇ ਹੋਰਨਾਂ ਅੱਗੇ ਮਾਂਜ ਸੁਆਰ ਕੇ ਪੇਸ਼ ਕਰਦਾ ਹੈ, ਉਸ ਤਰ੍ਹਾਂ ਇਤਿਹਾਸਕਾਰ ਦੇ ਮਨ ਉੱਤੇ ਵੀ ਸੁਚੇਤ ਜਾਂ ਅਚੇਤ ਤੌਰ 'ਤੇ ਇਹ ਗੱਲ ਲਾਗੂ ਹੋ ਜਾਂਦੀ ਹੈ ਕਿ ਉਹ ਆਪਣੇ ਫਿਰਕੇ ਜਾਂ ਕੌਮ ਵੱਲੋਂ ਕੀਤੀਆਂ ਗਲਤ ਕਾਰਵਾਈਆਂ ਨੂੰ ਛੱਡ ਦੇਵੇ ਅਤੇ ਚੰਗੀਆਂ ਨੂੰ ਉਭਾਰ ਕੇ ਪੇਸ਼ ਕਰੇ। ਇਤਿਹਾਸ ਲਿਖਣ ਵੇਲੇ ਤੱਥਾਂ ਦੀ ਚੋਣ ਤੋਂ ਇਲਾਵਾ ਤੱਥਾਂ ਦੀ ਵਿਆਖਿਆ ਦਾ ਵੀ ਬਹੁਤ ਰੋਲ ਹੁੰਦਾ ਹੈ। ਇਸ ਤਰ੍ਹਾਂ ਅਤੀਤ ਦਾ ਬਿਆਨ, ਅਤੀਤ ਦੇ ਗਿਆਨ ਨਾਲੋਂ ਪ੍ਰਮੁਖਤਾ ਹਾਸਲ ਕਰ ਲੈਂਦਾ ਹੈ।

ਸਮਕਾਲੀ ਲੋੜਾਂ ਤਹਿਤ ਇਤਿਹਾਸ ਵਿਚੋਂ ਕਿਵੇਂ ਆਪਣੀ ਪਸੰਦੀਦਾ ਤੱਥ ਚੁਣੇ ਜਾਂਦੇ ਹਨ ਇਸ ਦਾ ਇੱਕ ਦਿਲਚਸਪ ਨਮੂਨਾ ਪਾਰਲੀਮੈਂਟ ਦੇ ਇਸ ਸਾਲ ਦੇ ਮਾਨਸੂਨ ਸ਼ੈਸ਼ਨ ਦੌਰਾਨ ਹੋਈ ਇੱਕ ਬਹਿਸ ਵਿਚੋਂ ਦੇਖਿਆ ਜਾ ਸਕਦਾ ਹੈ। ਬਹਿਸ ਜਲ੍ਹਿਆਂ ਵਾਲਾ ਬਾਗ ਦੀ ਪ੍ਰਬੰਧਕੀ ਕਮੇਟੀ ਚੁਣਨ ਦੇ ਨਵੇਂ ਨਿਯਮਾਂ ਬਾਰੇ ਹੋ ਰਹੀ ਸੀ (ਜਿਸ ਦਾ ਅਸਲ ਮਕਸਦ ਕਮੇਟੀ ਵਿਚ ਕਾਂਗਰਸ ਦੀ ਸਥਾਈ ਨੁਮਾਇੰਦਗੀ ਨੂੰ ਖਤਮ ਕਰਨਾ ਸੀ)। ਇਸ ਸਬੰਧੀ ਬੋਲਦਿਆਂ ਲੋਕ ਸਭਾ ਮੈਂਬਰ ਭਗਵੰਤ ਮਾਨ ਨੇ ਇਸ ਕਤਲੇਆਮ ਤੋਂ ਬਾਅਦ ਮੌਜੂਦਾ ਕੇਂਦਰੀ ਮੰਤਰੀ ਹਰਸਿਮਰਤ ਕੌਰ

ਬਾਦਲ ਦੇ ਪੜਦਾਦਾ ਵੱਲੋਂ ਜਨਰਲ ਡਾਇਰ ਨੂੰ ਡਿਨਰ ਖੁਆਉਣ ਦਾ ਜ਼ਿਕਰ ਕਰਕੇ ਸਿਆਸੀ ਹੱਲਾ ਕੀਤਾ। ਜਦ ਕਿ ਹਰਸਿਮਰਤ ਨੇ ਆਪਣੇ ਭਾਸ਼ਨ ਵਿੱਚ ਇਸ ਇਤਿਹਾਸਕ ਸਚਾਈ ਨੂੰ ਅਣਗੌਲਿਆਂ ਕਰਕੇ ਕੈਪਟਨ ਅਮਰਿੰਦਰ ਸਿੰਘ ਦੇ ਦਾਦਾ ਮਹਾਰਾਜਾ ਭੁਪਿੰਦਰ ਸਿੰਘ ਵੱਲੋਂ ਉਸ ਸਮੇਂ ਪੰਜਾਬ ਦੇ ਗਵਰਨਰ ਮਾਈਕਲ ਓਡਵਾਇਰ ਨਾਲ ਮੇਲ ਮਿਲਾਪ ਰੱਖਣ ਦੀਆਂ ਤਸਵੀਰਾਂ ਸਾਂਝੀਆਂ ਕਰਦੇ ਹੋਏ ਕਿਹਾ ਕਿ ਮੁਜਾਹਰਾਕਾਰੀਆਂ ਨੂੰ ਸਖਤੀ ਨਾਲ ਨਜਿੱਠਣ ਦੀਆਂ ਹਦਾਇਤਾਂ ਕਰਨ ਅਤੇ ਕਤਲੇਆਮ ਬਾਅਦ ਡਾਇਰ ਦੀ ਪਿੱਠ ਪੂਰਨ ਵਾਲੇ ਇਸ ਗਵਰਨਰ ਨਾਲ ਮਹਾਰਾਜਾ ਭੁਪਿੰਦਰ ਸਿੰਘ ਦੀ ਪੂਰੀ ਨੇੜਤਾ ਸੀ। ਇਹ ਦੋਹਵੇਂ ਬਿਆਨ ਹੀ ਇਤਿਹਾਸਕ ਤੌਰ ਉੱਤੇ ਦਰੁਸਤ ਹਨ ਪਰ ਦੋਹਵਾਂ ਨੇ ਆਪੋ ਆਪਣੀ ਸਿਆਸੀ ਲੋੜ ਅਨੁਸਾਰ ਤੱਥਾਂ ਦੀ ਚੋਣ ਕੀਤੀ। ਇਸ ਤੋਂ ਅੱਗੇ ਇਨ੍ਹਾਂ ਦੋਹਵੇਂ ਤੱਥਾਂ ਵਿਚੋਂ ਜੋ ਇਤਿਹਾਸਕ ਸਚਾਈ ਨਿਕਲਦੀ ਸੀ ਉਹ ਇਹ ਸੀ ਕਿ ਉਸ ਸਮੇਂ ਦੇ ਪੰਜਾਬ ਦੇ ਸਮੁੱਚੇ ਜਗੀਰੂ ਵਰਗ ਦਾ ਅੰਗਰੇਜ਼ ਸਾਮਰਾਜੀਆਂ ਨਾਲ ਗੱਠਜੋੜ ਸੀ ਜਦ ਕਿ ਆਮ ਲੋਕ ਅੰਗਰੇਜ਼ਾਂ ਤੋਂ ਆਜਾਦੀ ਲੈਣ ਲਈ ਲੜ ਰਹੇ ਸਨ। ਪਰ ਇਸ ਇਤਿਹਾਸਕ ਸਚਾਈ ਨੂੰ ਬਿਆਨ ਕਰਨ ਤੀਕ ਦੋਹਵੇਂ ਹੀ ਨਹੀਂ ਪਹੁੰਚ ਸਕੇ। ਯਾਨੀ ਦੋਹਾਂ ਨੇ ਇਨ੍ਹਾਂ ਤੱਥਾਂ ਤੋਂ ਪੰਜਾਬ ਦਾ ਇਤਿਹਾਸ ਬਿਆਨ ਕਰਨ ਦੀ ਥਾਂ ਇਨ੍ਹਾਂ ਤੱਥਾਂ ਨੂੰ ਪਰਿਵਾਰਾਂ ਦੇ ਵਿਅਕਤੀਗਤ ਇਤਿਹਾਸ ਤੱਕ ਸੀਮਿਤ ਕਰ ਦਿੱਤਾ। ਸੋ ਇਤਿਹਾਸ ਵਿੱਚ ਤੱਥਾਂ ਦੀ ਚੋਣ ਅਤੇ ਉਨ੍ਹਾਂ ਦੀ ਵਿਆਖਿਆ ਦੋਨੋਂ ਹੀ ਬਹੁਤ ਮਹੱਤਵਪੂਰਨ ਹੁੰਦੇ ਹਨ।

ਇਸ ਤੋਂ ਅੱਗੇ ਇਹ ਵੀ ਸੱਚ ਹੈ ਕਿ ਅਸਲ ਹੋਈਆਂ ਘਟਨਾਵਾਂ ਨਾਲੋਂ ਇਤਿਹਾਸ ਦਾ ਅੱਜ ਪੇਸ਼ ਕੀਤਾ ਜਾ ਰਿਹਾ ਵਰਨਣ ਵਰਤਮਾਨ ਨੂੰ ਵੱਧ ਪ੍ਰਭਾਵਿਤ ਕਰਦਾ ਹੈ। ਮੰਨ ਲਵੋ ਕਿਸੇ ਇੱਕ ਕੌਮ ਵੱਲੋਂ ਦੂਸਰੀ ਕੌਮ ਉੱਤੇ ਜ਼ੁਲਮ ਕੀਤਾ ਗਿਆ। ਦੂਸਰੀ ਕੌਮ ਦੇ ਬਹੁਤ ਸਾਰੇ ਲੋਕ ਮਾਰੇ ਗਏ, ਉਨ੍ਹਾਂ ਦੇ ਸਾਧਨ ਖੋਹ ਲਏ ਗਏ, ਔਰਤਾਂ ਨਾਲ ਧੱਕਾ ਕੀਤਾ ਗਿਆ ਤਾਂ ਜਿਨ੍ਹਾਂ ਨੂੰ ਇਹ ਸਾਰਾ ਕੁਝ ਬਰਦਾਸ਼ਤ ਕਰਨਾ ਪਿਆ ਉਨ੍ਹਾਂ ਦੇ ਮਨਾਂ ਵਿੱਚ ਜ਼ੁਲਮ ਕਰਨ ਵਾਲੀ ਧਿਰ ਪ੍ਰਤੀ ਨਫ਼ਰਤ ਪੈਦਾ ਹੋਣੀ ਸੁਭਾਵਿਕ ਸੀ। ਪਰ ਇਹ ਸਾਰਾ ਕੁਝ ਝੱਲਣ ਵਾਲੇ ਲੋਕ ਤਾਂ ਕੁਝ ਸਮੇਂ ਬਾਅਦ ਮਰ ਮੁੱਕ ਜਾਂਦੇ ਹਨ। ਤਦ ਉਨ੍ਹਾਂ ਘਟਨਾਵਾਂ ਦਾ ਵਰਣਨ ਸੁਣ ਸੁਣ ਕੇ ਮਜ਼ਲੂਮ ਧਿਰ ਦੀਆਂ ਅਗਲੀਆਂ ਪੀੜ੍ਹੀਆਂ ਦੂਸਰੀ ਧਿਰ ਤੋਂ ਬਦਲਾ ਲੈਣ ਦੀਆਂ ਕੋਸ਼ਿਸ਼ਾਂ ਕਰਨਗੀਆਂ, ਹਾਲਾਂ ਕਿ ਦੂਸਰੀ ਧਿਰ ਦੇ ਵੀ ਜ਼ੁਲਮ ਕਰਨ ਵਾਲੇ ਅਸਲ ਲੋਕ ਤਾਂ ਸਮੇਂ ਨਾਲ ਮਰ ਮੁੱਕ ਚੁੱਕੇ ਹੁੰਦੇ ਹਨ। ਅਗਲੀਆਂ ਪੀੜ੍ਹੀਆਂ ਵਿੱਚ ਨਫ਼ਰਤ ਨੂੰ ਮਘਾਈ ਰੱਖਣ ਲਈ ਇਤਿਹਾਸ ਹੀ ਕੰਮ ਕਰਦਾ ਹੈ। ਇਸ ਬਾਰੇ ਉੱਘੇ ਇਤਿਹਾਸਕਾਰ ਲਾਲ ਬਹਾਦਰ ਵਰਮਾ ਦਾ ਕਹਿਣਾ ਹੈ ਕਿ ਅਸਲੀ ਯੁੱਧਾਂ ਨਾਲੋਂ "ਉਸ ਯੁੱਧ ਦਾ ਰੂਪ ਹੋਰ ਵੀ ਭਿਆਨਕ ਹੁੰਦਾ ਹੈ ਜੋ ਆਦਮੀ ਦੇ ਮਨ-ਮਸਤਕ ਵਿੱਚ ਲੜਿਆ ਜਾਂਦਾ ਹੈ। ਯੁੱਧਾਂ ਦੀ ਭਿਆਨਕਤਾ ਕਤਲੋਗਾਰਤ ਵਿੱਚ ਨਹੀਂ ਹੈ, ਕਿਉਂਕਿ ਮੌਤ ਤਾਂ ਪ੍ਰਕਿਰਤੀ ਦਾ ਸਥਾਈ ਨਿਯਮ ਹੈ। ਪ੍ਰੰਤੂ ਨਫ਼ਰਤ, ਡਰ ਅਤੇ ਝੂਠ ਦੇ ਲਗਾਤਾਰ ਅਤੇ ਝੂਠੇ ਪ੍ਰਚਾਰ ਦੁਆਰਾ ਪੈਦਾ ਕੀਤਾ ਵਾਤਾਵਰਣ ਮਨ ਵਿੱਚ ਘਰ ਕਰ ਲੈਂਦਾ ਹੈ ਅਤੇ ਸੱਚ ਦੇ ਰਾਹ ਵਿੱਚ ਰੁਕਾਵਟਾਂ ਪੈਦਾ ਹੋ ਜਾਂਦੀਆਂ ਹਨ। ਦੰਦ-ਕਥਾਵਾਂ ਦਾ ਰੂਪ ਲੈ ਕੇ ਇਹ ਪ੍ਰਚਾਰ ਮਾਨਵਤਾ ਦਾ ਕਿੰਨਾ ਸਥਾਈ ਨੁਕਸਾਨ ਕਰਦੇ ਹਨ, ਇਸਦਾ ਅੰਦਾਜ਼ਾ ਲਗਾਉਣਾ ਵੀ ਔਖਾ ਹੈ।" ਕਿਸੇ ਵੀ ਖਿੱਤੇ ਦੇ ਲੋਕਾਂ ਦਾ ਸਮੂਹਿਕ ਅਵਚੇਤਨ ਘੜਨ ਵਿੱਚ ਇਤਿਹਾਸ ਦਾ ਵੱਡਾ

ਰੋਲ ਹੁੰਦਾ ਹੈ।

ਜਿੱਥੇ ਪਹਿਲੇ ਸਮਿਆਂ ਵਿੱਚ ਰਾਜਸੀ ਤਾਕਤ ਹਾਸਲ ਕਰਨ ਅਤੇ ਉਸ ਨੂੰ ਕਾਇਮ ਰੱਖਣ ਲਈ ਸੈਨਿਕ ਸ਼ਕਤੀ ਹੀ ਮਹੱਤਵਪੂਰਨ ਹੁੰਦੀ ਸੀ ਉਥੇ ਅੱਜ ਦੇ ਯੁੱਗ ਵਿੱਚ ਇਸ ਦੇ ਲਈ ਲੋਕਾਂ ਦੇ ਮਨਾਂ ਨੂੰ ਕੰਟਰੋਲ ਕਰਕੇ ਬਹੁਗਿਣਤੀ ਲੋਕਾਂ ਨੂੰ ਆਪਣੇ ਮਗਰ ਲਾਉਣਾ ਜਰੂਰੀ ਹੈ। ਇਸ ਦੇ ਲਈ ਦੋ ਤਰੀਕੇ ਹਨ : ਇੱਕ ਤਾਂ ਇਹ ਹੈ ਕਿ ਤੁਹਾਡੇ ਕੋਲ ਲੋਕਾਂ ਦੀ ਜ਼ਿੰਦਗੀ ਚੰਗੇਰੀ ਬਨਾਉਣ ਲਈ ਕੋਈ ਯੋਜਨਾ ਹੋਵੇ, ਕੋਈ ਭਵਿੱਖ-ਨਕਸ਼ਾ ਹੋਵੇ ਜਿਸ ਨੂੰ ਦਿਖਾ ਕੇ, ਪ੍ਰਚਾਰ ਕੇ, ਤੁਸੀਂ ਲੋਕ ਸ਼ਕਤੀ ਨੂੰ ਆਪਣੀ ਹਮਾਇਤ ਵਿੱਚ ਲਿਆ ਸਕਦੇ ਹੋ। ਦੂਸਰਾ ਤਰੀਕਾ ਹੈ ਕਿ ਕਿਸੇ ਵਿਸ਼ੇਸ਼ ਧਰਮ, ਫਿਰਕੇ, ਭਾਸ਼ਾਈ ਜਾਂ ਨਸਲੀ ਗਰੁੱਪ ਨੂੰ ਆਪਣੇ ਪਿੱਛੇ ਲਾਉਣ ਲਈ ਕੰਮ ਕਰੋ। ਇਸ ਤਰੀਕੇ ਵਿੱਚ ਸੰਬੰਧਿਤ ਫਿਰਕੇ ਜਾਂ ਗਰੁੱਪ ਨੂੰ ਇਤਿਹਾਸਕ ਤੌਰ 'ਤੇ ਮਹਾਨ ਦਿਖਾਇਆ ਜਾਂਦਾ ਹੈ ਅਤੇ ਦੂਸਰੇ ਫਿਰਕਿਆਂ ਨੂੰ ਉਨ੍ਹਾਂ ਦੇ ਵਿਰੋਧੀ ਅਤੇ ਉਨ੍ਹਾਂ ਦੀ ਤਰੱਕੀ ਦੇ ਰਾਹ ਵਿੱਚ ਰੋੜਾ ਦਰਸਾਇਆ ਜਾਂਦਾ ਹੈ। ਵਰਤਮਾਨ ਸਮੇਂ ਵਿੱਚ ਸਾਡੇ ਦੇਸ਼ ਵਿੱਚ ਦੂਸਰੀ ਕਿਸਮ ਦੀ ਰਾਜਨੀਤੀ ਭਾਰੂ ਹੈ। ਇਸ ਲਈ ਜਰੂਰੀ ਹੁੰਦਾ ਹੈ ਕਿ ਆਪਣੇ ਫਿਰਕੇ ਜਾਂ ਨਸਲੀ ਗਰੁੱਪ ਦੇ ਇਤਿਹਾਸ ਨੂੰ ਗੌਰਵਮਈ ਅਤੇ ਉਸ ਫਿਰਕੇ ਨਾਲ ਸਬੰਧਿਤ ਹਰ ਸ਼ਖ਼ਸੀਅਤ ਨੂੰ ਮਹਾਨ ਵਿਅਕਤੀ ਵਜੋਂ ਪ੍ਰਚਾਰਿਆ ਜਾਵੇ ਤਾਂ ਜੋ ਲੋਕ-ਮਨਾਂ ਵਿੱਚ ਇਹ ਗੱਲ ਘਰ ਕਰ ਜਾਵੇ ਕਿ ਅਸੀਂ ਤਾਂ ਮਹਾਨ ਸਾਂ, ਇਹ ਤਾਂ ਦੂਜੇ ਧਰਮ/ਫਿਰਕੇ ਵਾਲਿਆਂ ਦੀਆਂ ਸਾਜਿਸ਼ਾਂ ਅਤੇ ਹਮਲਿਆਂ ਕਾਰਣ ਸਾਡੀ ਸਥਿਤੀ ਮਾੜੀ ਹੋ ਗਈ। ਜੇ ਅਸੀਂ ਦੂਜੇ ਧਰਮ/ਫਿਰਕੇ ਵਾਲਿਆਂ ਨੂੰ ਦਬਾ ਲਈਏ ਤਾਂ ਅਸੀਂ ਮੁੜ ਮਹਾਨ ਹੋ ਸਕਦੇ ਹਾਂ। ਇਸ ਸਕੀਮ ਵਿੱਚ ਇਤਿਹਾਸ ਨੂੰ ਦੋ-ਧਾਰੀ ਤਲਵਾਰ ਵਜੋਂ ਵਰਤਿਆ ਜਾਂਦਾ ਹੈ ਜਿਸ ਵਿੱਚ ਆਪਣੇ ਫਿਰਕੇ ਦੇ ਇਤਿਹਾਸ ਨੂੰ ਰੰਗ ਰੋਗਨ ਕਰਕੇ ਪੇਸ਼ ਕੀਤਾ ਜਾਂਦਾ ਹੈ ਅਤੇ ਦੂਸਰੇ ਫਿਰਕਿਆਂ ਨੂੰ ਜ਼ਾਲਮ, ਕਮੀਨੇ, ਘਟੀਆ ਅਤੇ ਸਾਜਿਸ਼ੀ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਰਾਜਨੀਤੀ ਦਾ ਇਹ ਤਰੀਕਾ ਬਹੁਗਿਣਤੀ ਫਿਰਕੇ ਵਾਲਿਆਂ ਨੂੰ ਵੱਧ ਰਾਸ ਆਉਂਦਾ ਹੈ। ਇਸ ਕਰਕੇ ਭਾਰਤ ਪੱਧਰ 'ਤੇ ਰਸਸ/ਬੀਜੇਪੀ ਹਿੰਦੂ ਬਹੁਗਿਣਤੀ ਉਤੇ ਇਹ ਢੰਗ ਵਰਤ ਰਹੀ ਹੈ ਅਤੇ ਪੰਜਾਬ ਵਿੱਚ ਸਿੱਖ ਫਿਰਕੇ ਦੀ ਮਾਨਸਿਕਤਾ ਬਦਲਣ ਲਈ ਵੀ ਇੱਕ ਧਿਰ ਵੱਲੋਂ ਅਜਿਹਾ ਇਤਿਹਾਸ ਘੜ੍ਹ ਕੇ ਪੇਸ਼ ਕੀਤਾ ਜਾ ਰਿਹਾ ਹੈ।

ਚਾਹੀਦਾ ਤਾਂ ਇਹ ਹੈ ਕਿ ਵਰਤਮਾਨ ਸਮਿਆਂ ਵਿੱਚ ਵਿਚਾਰਾਂ ਦੀ ਲੜਾਈ ਭਵਿੱਖ ਨੂੰ ਸਾਹਮਣੇ ਰੱਖ ਕੇ ਲੜੀ ਜਾਵੇ। ਵੱਖੋ ਵੱਖਰੇ ਵਿਚਾਰਾਂ ਵਾਲੇ ਲੋਕ ਆਉਣ ਵਾਲੇ ਸਮਿਆਂ ਨੂੰ ਵਧੀਆ ਬਨਾਉਣ ਲਈ ਆਪੋ ਆਪਣਾ ਭਵਿੱਖ-ਨਕਸ਼ਾ ਲੋਕਾਂ ਸਾਹਮਣੇ ਰੱਖਣ, ਉਸ ਲਈ ਕੰਮ ਕਰਨ ਅਤੇ ਉਸ ਦੇ ਆਧਾਰ 'ਤੇ ਲੋਕਾਂ ਦੀ ਹਮਾਇਤ ਹਾਸਲ ਕਰਨ। ਪਰ ਜਦ ਅਸੀਂ ਉਪਰੋਕਤ ਮੁੱਦੇ ਨੂੰ ਭਾਰਤ ਜਾਂ ਪੰਜਾਬ ਦੇ ਪ੍ਰਸੰਗ ਵਿੱਚ ਦੇਖਦੇ ਹਾਂ ਤਾਂ ਸਪਸ਼ਟ ਹੁੰਦਾ ਹੈ ਕਿ ਸਾਡੇ ਜਿਆਦਾਤਰ ਆਗੂਆਂ ਕੋਲ ਕੋਈ ਵਿਚਾਰਧਾਰਕ ਦ੍ਰਿਸ਼ਟੀ ਜਾਂ ਭਵਿੱਖ-ਮੁਖੀ ਐਕਸ਼ਨ ਪਲਾਨ ਹੀ ਨਹੀਂ ਹੈ। ਇਹ ਗੱਲ ਕੇਵਲ ਰਾਜਨੀਤਕ ਆਗੂਆਂ 'ਤੇ ਹੀ ਨਹੀਂ ਬਲਕਿ ਬੌਧਿਕ ਖੇਤਰ ਵਿੱਚ ਕੰਮ ਕਰਨ ਵਾਲਿਆਂ 'ਤੇ ਵੀ ਲਾਗੂ ਹੁੰਦੀ ਹੈ। ਭਵਿੱਖ-ਮੁਖੀ ਸੋਚ ਨਾ ਹੋਣ ਕਾਰਣ ਸਾਡੇ ਵਰਤਮਾਨ ਦੀ ਲੜਾਈ ਇਤਿਹਾਸ ਵਿੱਚ ਲੜੀ ਜਾ ਰਹੀ ਹੈ। ਇਤਿਹਾਸ ਤੋਂ ਬੀਤੇ ਦਾ ਸੱਚ ਜਾਣਨ ਜਾਂ ਇਤਿਹਾਸ ਤੋਂ ਕੋਈ ਸਬਕ ਸਿੱਖਣ ਦੀ ਬਜਾਏ ਇਤਿਹਾਸ ਨੂੰ ਸਮਕਾਲੀ ਲੋੜਾਂ

ਤਹਿਤ ਮਰੋੜਿਆ ਤਰੋੜਿਆ ਜਾ ਰਿਹਾ ਹੈ, ਯਾਨੀ ਇਤਿਹਾਸ ਨੂੰ ਵਿਕ੍ਰਿਤ ਰੂਪ ਵਿੱਚ ਪੇਸ਼ ਕੀਤਾ ਜਾ ਰਿਹਾ ਹੈ। ਇਤਿਹਾਸ ਦੇ ਇਸ ਵਿਗਾੜ ਵਿੱਚ ਜੋ ਧਿਰ ਸੱਤਾ ਵਿੱਚ ਹੈ ਜਾਂ ਆਰਥਿਕ ਤੌਰ 'ਤੇ ਤਕੜੀ ਹੈ ਜਾਂ ਬਹੁਗਿਣਤੀ ਵਿੱਚ ਹੈ, ਉਹ ਵੱਧ ਹਿੱਸਾ ਪਾਉਂਦੀ ਹੈ ਕਿਉਂਕਿ ਉਹ ਇਤਿਹਾਸ ਨੂੰ ਆਪਣੇ ਮਕਸਦਾਂ ਵਾਸਤੇ ਵਰਤਣ ਲਈ ਵੱਧ ਸਾਧਨ ਅਤੇ ਸਮਰੱਥਾ ਰਖਦੀ ਹੈ। ਭਾਰਤ ਪੱਧਰ ਉੱਤੇ ਇਸ ਦੀ ਬਹੁਤ ਸਪਸ਼ਟ ਉਦਾਹਰਣ ਆਰ.ਐੱਸ.ਐੱਸ. ਵੱਲੋਂ ਇਤਿਹਾਸ ਨਾਲ ਕੀਤੇ ਜਾ ਰਹੇ ਖਿਲਵਾੜ ਤੋਂ ਦੇਖੀ ਜਾ ਸਕਦੀ ਹੈ।

ਆਰ.ਐੱਸ.ਐੱਸ. ਦਾ ਐਲਾਨੀਆ ਮਕਸਦ ਦੇਸ਼ ਵਿੱਚ ਹਿੰਦੂ ਮਾਨਤਾਵਾਂ ਦੇ ਅਨੁਸਾਰੀ ਪ੍ਰਬੰਧ ਸਥਾਪਿਤ ਕਰਨ ਦਾ ਹੈ ਜਿਸ ਨੂੰ ਉਹ ਆਪਣੇ ਰਾਜਨੀਤਕ ਵਿੰਗ ਬੀ.ਜੇ.ਪੀ. ਰਾਹੀਂ ਲਾਗੂ ਕਰ ਰਹੀ ਹੈ। ਪਰ ਰਾਜਸੱਤਾ ਉੱਤੇ ਕਾਬਜ ਹੋਣਾ ਤਾਂ ਪਹਿਲਾ ਕਦਮ ਹੁੰਦਾ ਹੈ; ਇਹ ਤਾਂ ਤਾਕਤ ਦਾ ਇੱਕ ਸਾਧਨ ਹਥਿਆਉਣਾ ਹੁੰਦਾ ਹੈ। ਇਸ ਤੋਂ ਅੱਗੇ ਇਸ ਰਾਜਨੀਤਕ ਤਾਕਤ ਨੂੰ ਵਰਤਦੇ ਹੋਏ ਆਰਥਿਕ ਸਾਧਨਾਂ ਉੱਤੇ ਕਾਬਜ ਹੋਣਾ ਅਤੇ ਫਿਰ ਸਮਾਜਿਕ ਤਾਣੇ-ਬਾਣੇ ਅਤੇ ਸਭਿਆਚਾਰ ਨੂੰ ਬਦਲਣਾ ਹੁੰਦਾ ਹੈ ਤਾਂ ਜੋ ਲੋਕਾਂ ਦੀ ਸੋਚ ਉਸ ਸੰਸਥਾ ਦੇ ਆਸ਼ਿਆਂ ਦੇ ਅਨੁਸਾਰੀ ਹੋ ਜਾਵੇ ਅਤੇ ਕਿਸੇ ਵਿਰੋਧ ਦੀ ਜੜ੍ਹ ਹੀ ਕੱਟੀ ਜਾਵੇ। ਰਾਜਸੱਤਾ ਉੱਤੇ ਕਾਬਜ ਹੋਣ ਬਾਅਦ ਆਰ.ਐੱਸ.ਐੱਸ. ਇਸ ਪਾਸੇ ਜੋਰਦਾਰ ਕੋਸ਼ਿਸ਼ਾਂ ਕਰ ਰਹੀ ਹੈ। ਇਨ੍ਹਾਂ ਕੋਸ਼ਿਸ਼ਾਂ ਵਿਚੋਂ ਇੱਕ ਪ੍ਰਮੁੱਖ ਸਰਗਰਮੀ ਸਾਡੇ ਇਤਿਹਾਸ ਨੂੰ ਉਪਰੋਕਤ ਨਜ਼ਰੀਏ ਦੇ ਅਨੁਸਾਰੀ ਬਣਾ ਕੇ ਪੇਸ਼ ਕਰਨਾ ਹੈ। ਇਸ ਦੇ ਲਈ ਉਹ ਆਪਣੇ ਨਾਲ ਸਬੰਧਿਤ ਇਤਿਹਾਸਕਾਰਾਂ ਤੋਂ, ਇਤਿਹਾਸ ਦੇ ਤਿੰਨਾਂ ਕਾਲਾਂ - ਪ੍ਰਚੀਨ ਕਾਲ, ਮੱਧ-ਕਾਲ ਅਤੇ ਆਧੁਨਿਕ ਕਾਲ, ਦਾ ਵਰਣਨ ਅਤੇ ਵਿਸ਼ਲੇਸ਼ਣ ਆਪਣੀਆਂ ਵਿਚਾਰਧਾਰਕ ਲੋੜਾਂ ਦੇ ਅਨੁਸਾਰ ਕਰਵਾ ਰਹੀ ਹੈ ਅਤੇ ਰਾਜਸੱਤਾ ਦਾ ਲਾਭ ਉਠਾਉਂਦਿਆਂ ਇਸ ਕਥਿਤ ਇਤਿਹਾਸ ਨੂੰ ਲੋਕਾਂ ਉੱਤੇ ਥੋਪ ਰਹੀ ਹੈ।

ਪ੍ਰਚੀਨ ਕਾਲ ਨੂੰ ਆਰ.ਐੱਸ.ਐੱਸ. ਭਾਰਤ ਦੇ ਸੁਨਹਿਰੀ ਯੁੱਗ ਵਜੋਂ ਪੇਸ਼ ਕਰ ਰਹੀ ਹੈ ਜਦ ਭਾਰਤ ਨੇ ਕਥਿਤ ਤੌਰ 'ਤੇ ਗਿਆਨ ਵਿਗਿਆਨ ਦੇ ਖੇਤਰ ਵਿੱਚ ਵੱਡੀਆਂ ਮੱਲਾਂ ਮਾਰੀਆਂ ਅਤੇ ਜਦ ਦੁਨੀਆ ਗਿਆਨ ਲਈ ਭਾਰਤ ਵੱਲ ਦੇਖਦੀ ਸੀ। ਇਸ ਧੁੱਸ ਵਿੱਚ ਉਹ ਬਹੁਤ ਹਾਸੋਹੀਣੇ ਦਾਅਵੇ ਵੀ ਕਰ ਰਹੀ ਹੈ ਜਿਵੇਂ ਆਧੁਨਿਕ ਸਮੇਂ ਦੀ ਸਾਰੀ ਵਿਗਿਆਨਕ ਤਰੱਕੀ ਨੂੰ ਪ੍ਰਚੀਨ ਭਾਰਤ ਦੀ ਦੇਣ ਕਹਿ ਦੇਣਾ। ਸੂਝਵਾਨ ਲੋਕਾਂ ਨੂੰ ਚਾਹੇ ਇਸ ਦੀ ਅਸਲੀਅਤ ਦਾ ਪਤਾ ਹੈ ਪਰ ਟੀ.ਵੀ. ਅਤੇ ਇੰਟਰਨੈੱਟ ਵਰਗੇ ਸੰਚਾਰ ਸਾਧਾਨਾਂ ਉੱਤੇ ਕਾਬਜ ਹੋ ਕੇ ਉਹ ਇਨ੍ਹਾਂ ਬੇਸਿਰਪੈਰ ਦੀਆਂ ਧਾਰਨਾਵਾਂ ਨੂੰ ਆਮ ਲੋਕਾਂ ਦੀ ਸੋਚ ਦਾ ਹਿੱਸਾ ਬਣਾ ਰਹੀ ਹੈ। ਸਵਾਲ ਪੈਦਾ ਹੋ ਸਕਦਾ ਹੈ ਕਿ ਅਜਿਹਾ ਝੂਠਾ ਪ੍ਰਚਾਰ ਕਿਉਂ ਕੀਤਾ ਜਾ ਰਿਹਾ ਹੈ? ਇਸਦਾ ਉਸ ਨੂੰ ਕੀ ਲਾਭ ਹੈ? ਉੱਤਰ ਹੈ ਕਿ ਇਸ ਤਰ੍ਹਾਂ ਦੇ ਪ੍ਰਚਾਰ ਨਾਲ ਉਹ ਭਾਰਤੀ ਮਾਨਸਿਕਤਾ ਨੂੰ ਪ੍ਰਚੀਨ ਕਾਲ ਦੇ ਗੌਰਵ ਨਾਲ ਬੰਨ੍ਹ ਕੇ ਆਧੁਨਿਕ ਯੁੱਗ ਦੀਆਂ ਅਗਾਂਹਵਧੂ ਕਦਰਾਂ-ਕੀਮਤਾਂ ਜਿਵੇਂ ਧਰਮ ਨਿਰਪੱਖਤਾ, ਜਮਹੂਰੀਅਤ, ਮਾਨਵੀ ਬਰਾਬਰਤਾ ਆਦਿ ਤੋਂ ਦੂਰ ਰੱਖਣਾ ਚਾਹੁੰਦੀ ਹੈ, ਕਿਉਂਕਿ ਇਹ ਅਗਾਂਹਵਧੂ ਕਦਰਾਂ ਕੀਮਤਾਂ ਉਸਦੇ ਫਿਰਕੂ ਦ੍ਰਿਸ਼ਟੀਕੋਣ ਨਾਲ ਟਕਰਾਅ ਵਿੱਚ ਆਉਂਦੀਆਂ ਹਨ।

ਮੱਧ ਕਾਲ ਦੇ ਇਤਿਹਾਸ ਵਿੱਚ ਉਹ ਬਾਹਰੀ ਕੌਮਾਂ ਨੂੰ ਧਾੜਵੀ ਅਤੇ ਜ਼ਾਲਮ ਦਰਸਾ ਕੇ

ਉਨ੍ਹਾਂ ਪ੍ਰਤੀ ਨਫ਼ਰਤ ਪੈਦਾ ਕਰ ਰਹੀ ਹੈ। ਹਿੰਦੂ ਬਹੁਗਿਣਤੀ ਦੇ ਮਨਾਂ ਵਿੱਚ ਮੁਸਲਮਾਨਾਂ ਪ੍ਰਤੀ ਨਫ਼ਰਤ ਪੈਦਾ ਕਰਨੀ ਉਸ ਦੀ ਰਾਜਨੀਤਕ ਲੋੜ ਹੈ ਅਤੇ ਮੱਧ ਕਾਲ ਵਿੱਚ ਬਾਹਰੋਂ ਆਉਣ ਵਾਲੇ ਮੁੱਖ ਤੌਰ 'ਤੇ ਮੁਸਲਮਾਨ ਧਰਮ ਨਾਲ ਸਬੰਧਿਤ ਸਨ, ਇਸ ਲਈ ਮੁਸਲਮਾਨਾਂ ਪ੍ਰਤੀ ਨਫ਼ਰਤ ਪੈਦਾ ਕਰਨ ਲਈ ਉਹ ਮੱਧ ਕਾਲ ਦੇ ਇਤਿਹਾਸ ਨੂੰ ਮੁੱਖ ਨਿਸ਼ਾਨਾ ਬਣਾ ਰਹੀ ਹੈ। ਹਾਲਾਂ ਕਿ ਭਾਰਤ ਵਿੱਚ ਰਹਿਣ ਵਾਲੇ ਬਹੁਗਿਣਤੀ ਮੁਸਲਮਾਨ ਸਥਾਨਕ ਵਸੋਂ ਵਿਚੋਂ ਹੀ ਮੁਸਲਮਾਨ ਬਣੇ ਸਨ ਪਰ ਆਰ.ਐੱਸ.ਐੱਸ. ਉਨ੍ਹਾਂ ਨੂੰ ਵੀ ਬਾਹਰੀ ਹਮਲਾਵਰਾਂ ਨਾਲ ਹੀ ਜੋੜ ਕੇ ਪੇਸ਼ ਕਰਦੀ ਹੈ।

ਆਧੁਨਿਕ ਯੁੱਗ ਵਿੱਚ ਭਾਰਤ ਨੇ ਸੈਕੂਲਰ ਅਤੇ ਵਿਗਿਆਨਕ ਸੋਚ ਵੱਲ ਤੁਰਨ ਦਾ ਰੁਝਾਨ ਦਿਖਾਇਆ ਸੀ। ਇਹ ਇਤਿਹਾਸ ਨੇੜਲੇ ਸਮੇਂ ਨਾਲ ਸੰਬਧਿਤ ਹੋਣ ਕਾਰਣ ਲੋਕਾਂ ਦੀਆਂ ਯਾਦਾਂ ਵਿੱਚ ਵੀ ਸੁਰੱਖਿਅਤ ਹੈ ਜਿਸ ਕਰਕੇ ਇਸ ਨੂੰ ਬਦਲਣਾ ਔਖਾ ਹੈ। ਸੋ ਇਸ ਦੇ ਲਈ ਉਹ ਇਤਿਹਾਸਕ ਲਿਖਤਾਂ ਪੇਸ਼ ਕਰਨ ਦੀ ਬਜਾਏ ਜ਼ਬਾਨੀ ਭੰਡੀ ਪ੍ਰਚਾਰ ਨੂੰ ਵੱਧ ਵਰਤ ਰਹੀ ਹੈ। ਆਰ.ਐੱਸ.ਐੱਸ. ਇਸ ਦੌਰ ਦੇ ਇਤਿਹਾਸ ਨੂੰ ਆਪਣੀ ਮਰਜੀ ਨਾਲ ਪੇਸ਼ ਕਰਨ ਲਈ ਕਾਂਗਰਸ ਅਤੇ ਇਸ ਦੇ ਨਹਿਰੂ ਵਰਗੇ ਆਗੂਆਂ ਦੀ ਕਿਰਦਾਰਕੁਸ਼ੀ ਕਰ ਰਹੀ ਹੈ। ਉਨ੍ਹਾਂ ਦੇ ਇਤਿਹਾਸ ਵਿਚਲੇ ਰੋਲ ਨੂੰ, ਦੇਸ਼ ਦੀ ਆਜਾਦੀ ਅਤੇ ਦੇਸ਼ ਨੂੰ ਸੰਵਿਧਾਨਕ ਬਰਾਬਰੀ ਅਤੇ ਆਧੁਨਿਕਤਾ ਵੱਲ ਤੋਰਨ ਵਾਲੇ ਰੋਲ ਨੂੰ ਇਤਿਹਾਸ ਵਿਚੋਂ ਮਨਫੀ ਕਰ ਕੇ ਪੇਸ਼ ਕਰ ਰਹੀ ਹੈ।

ਜੇ ਭਾਰਤ ਪੱਧਰ 'ਤੇ ਆਰ.ਐੱਸ.ਐੱਸ. ਅਤੇ ਬੀ.ਜੇ.ਪੀ. ਵੱਲੋਂ ਆਪਣੇ ਹਿਤਾਂ ਲਈ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਜਾ ਰਿਹਾ ਹੈ ਤਾਂ ਪੰਜਾਬ ਵਿੱਚ ਇਸੇ ਤਰ੍ਹਾਂ ਦਾ ਕਾਰਜ ਸਿੱਖਾਂ ਦੇ ਇੱਕ ਹਿੱਸੇ ਵੱਲੋਂ ਕੀਤਾ ਜਾ ਰਿਹਾ ਹੈ। ਜਿਵੇਂ ਦੇਸ਼ ਪੱਧਰ ਉੱਤੇ ਆਰ.ਐੱਸ.ਐੱਸ. ਬਹੁਗਿਣਤੀ ਧਰਮ ਹਿੰਦੂਆਂ ਦੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਵਰਤ ਕੇ ਰਾਜਸੱਤਾ ਉੱਤੇ ਕਾਬਜ ਰਹਿਣਾ ਚਾਹੁੰਦੀ ਹੈ, ਉਸੇ ਤਰ੍ਹਾਂ ਪੰਜਾਬ ਵਿੱਚ ਫਿਰਕੂ ਸਿਆਸਤ ਕਰਨ ਵਾਲੀ ਧਿਰ ਇਥੇ ਸਿੱਖਾਂ ਦੀ ਬਹੁਗਿਣਤੀ ਹੋਣ ਦਾ ਲਾਹਾ ਲੈ ਕੇ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਇਸ ਸਥਾਨਕ ਬਹੁਗਿਣਤੀ ਨੂੰ ਆਪਣੇ ਹੱਕ ਵਿੱਚ ਭੁਗਤਾਉਣਾ ਚਾਹੁੰਦੀ ਹੈ। ਭਾਵਨਾਵਾਂ ਭੜਕਾਉਣ ਲਈ ਇਹ ਵੀ ਜਰੂਰੀ ਹੁੰਦਾ ਹੈ ਕਿ ਇੱਕ ਇਤਿਹਾਸਕ ਦੁਸ਼ਮਣ ਖੜ੍ਹਾ ਕੀਤਾ ਜਾਵੇ ਜਿਸ ਦੇ ਖਿਲਾਫ਼ ਭਾਵਨਾਵਾਂ ਨੂੰ ਸੇਧਿਤ ਕੀਤਾ ਜਾ ਸਕੇ। ਦੇਸ਼ ਪੱਧਰ ਉੱਤੇ ਆਰ.ਐੱਸ.ਐੱਸ. ਵਾਲੇ ਬਹੁਗਿਣਤੀ ਹਿੰਦੂਆਂ ਦੇ ਮਨਾਂ ਵਿੱਚ ਮੁਸਲਮਾਨਾਂ ਨੂੰ ਭਾਰਤੀ ਸਭਿਆਚਾਰ ਦੇ ਖਲਨਾਇਕਾਂ ਵਜੋਂ ਜਚਾਉਣ ਲਈ ਜੋਰ ਲਾ ਰਹੇ ਹਨ ਜਦ ਕਿ ਪੰਜਾਬ ਵਿੱਚ ਇਹ ਖਲਨਾਇਕੀ ਵਾਲਾ ਰੋਲ ਹਿੰਦੂਆਂ ਨੂੰ ਦਿੱਤਾ ਜਾ ਰਿਹਾ ਹੈ। ਇਹ ਜਚਾਉਣ ਲਈ ਇਤਿਹਾਸ ਵਿਚੋਂ ਪਹਿਲਾਂ ਇੱਕਪਾਸੜ ਤੱਥ ਲਏ ਜਾਂਦੇ ਹਨ ਅਤੇ ਫਿਰ ਉਨ੍ਹਾਂ ਦੀ ਮਨਮਰਜੀ ਦੀ ਵਿਆਖਿਆ ਕੀਤੀ ਜਾਂਦੀ ਹੈ। ਇਸ ਦੀਆਂ ਅਨੇਕਾਂ ਉਦਾਹਰਣਾਂ ਦੇਖੀਆਂ ਜਾ ਸਕਦੀਆਂ ਹਨ।

– 0 –

ਸਿੱਖ ਧਰਮ ਇੱਕ ਅਧਿਆਤਮਿਕ ਧਾਰਾ ਨੂੰ ਪ੍ਰਚਾਰਨ ਵਾਲੇ ਫਿਰਕੇ ਤੋਂ ਜਲਦੀ ਹੀ ਇੱਕ ਰਾਜਸੀ ਧਾਰਾ ਬਣ ਗਿਆ ਸੀ। ਉਸ ਸਮੇਂ ਕਿਸੇ ਵੀ ਰਾਜਸੀ ਧਾਰਾ ਦੀ ਹੋਂਦ ਹਥਿਆਰਬੰਦ ਹੋ ਕੇ ਹੀ ਕਾਇਮ ਰੱਖੀ ਜਾਂਦੀ ਸੀ। ਇਸ ਵਿੱਚ ਉਹ ਆਪਣੇ ਪ੍ਰਭਾਵ ਵਾਲੇ ਖੇਤਰਾਂ ਵਿੱਚ,

ਆਪਣੇ ਪ੍ਰਭਾਵ ਹੇਠਲੇ ਲੋਕਾਂ ਦੀ ਹੋਰ ਹਮਲਾਵਰਾਂ ਦੀ ਲੁੱਟਮਾਰ ਤੋਂ ਰੱਖਿਆ ਕਰਦੇ ਅਤੇ ਖ਼ੁਦ ਦੀ ਸ਼ਕਤੀ ਵਧਾਉਣ ਲਈ ਦੂਸਰਿਆਂ 'ਤੇ ਹਮਲੇ ਕਰਦੇ। ਅਠਾਰ੍ਹਵੀਂ ਸਦੀ ਵਿੱਚ ਪਹਿਲਾਂ ਸਥਾਪਿਤ ਸਥਾਨਕ ਹਾਕਮ ਕਮਜੋਰ ਪੈ ਚੁੱਕੇ ਸਨ ਅਤੇ ਪੰਜਾਬ ਦੇ ਪੱਛਮ ਵੱਲ ਸਥਿਤ ਲੜਾਕੂ ਕੌਮਾਂ ਮੁਸਲਮਾਨ ਧਰਮ ਨਾਲ ਸਬੰਧਿਤ ਸਨ ਅਤੇ ਉਥੇ ਪੈਦਾਵਾਰ ਬਹੁਤੀ ਨਹੀਂ ਹੁੰਦੀ ਸੀ। ਉਹ ਭਾਰਤ ਉੱਤੇ ਹਮਲੇ ਕਰਦੇ ਅਤੇ ਇਥੋਂ ਧਨ ਦੌਲਤ ਲੁੱਟ ਲਿਜਾਂਦੇ। ਉਸ ਵਕਤ ਔਰਤ ਨੂੰ ਵੀ ਇੱਕ ਵਸਤ ਹੀ ਸਮਝਿਆ ਜਾਂਦਾ ਸੀ ਅਤੇ ਤਾਕਤਵਰ ਫੌਜਾਂ ਜਾਂ ਲੁਟੇਰੇ ਜਵਾਨ ਔਰਤਾਂ ਵੀ ਧੱਕੇ ਨਾਲ ਲੈ ਜਾਂਦੇ ਸਨ। ਜਦ ਪੰਜਾਬ ਵਿੱਚ ਅਹਿਮਦ ਸ਼ਾਹ ਅਬਦਾਲੀ ਵਰਗੇ ਬਾਹਰੀ ਹਮਲਾਵਰ ਆਪਣੀ ਲੜਾਕੂ ਤਾਕਤ ਦੇ ਬਲਬੂਤੇ ਇਥੋਂ ਲੁੱਟਮਾਰ ਕਰਕੇ ਲਿਜਾਂਦੇ ਤਾਂ ਉਸ ਸਮੇਂ ਦੀਆਂ ਫੌਜੀ ਮੁਹਿੰਮਾਂ ਦੇ ਚਲਨ ਅਨੁਸਾਰ ਉਹ ਬਹੁਤ ਵਾਰ ਇਥੋਂ ਦੀਆਂ ਔਰਤਾਂ ਵੀ ਅਗਵਾਹ ਕਰ ਲਿਜਾਂਦੇ। ਉਨ੍ਹਾਂ ਦੀ ਵਾਪਸੀ ਉੱਤੇ ਸਿੱਖ ਲੜਾਕੇ ਬਹੁਤ ਵਾਰ ਗੁਰੀਲਾ ਹਮਲਾ ਕਰਕੇ ਜਿਥੇ ਉਨ੍ਹਾਂ ਦੇ ਲੁੱਟੇ ਮਾਲ ਵਿਚੋਂ ਕੁਝ ਨਾ ਕੁਝ ਹਿੱਸਾ ਖੋਹ ਲੈਂਦੇ ਉਥੇ ਇਸ ਮੌਕੇ ਮਚੀ ਭਗਦੜ ਵਿਚੋਂ ਕਈ ਵਾਰ ਔਰਤਾਂ ਨੂੰ ਵੀ ਛੁਡਾ ਲੈਂਦੇ। ਸਥਾਨਕ ਲੋਕਾਂ ਦੇ ਪੱਖ ਤੋਂ ਇਹ ਚੰਗਾ ਮਾਅਰਕਾ ਹੁੰਦਾ ਸੀ ਜਿਸ ਕਰਕੇ ਸਿੱਖ ਲੜਾਕਿਆਂ ਨੂੰ ਇਥੋਂ ਦੇ ਲੋਕਾਂ ਦੀ ਹਮਾਇਤ ਵੀ ਮਿਲਦੀ ਜਿਸ ਨਾਲ ਉਨ੍ਹਾਂ ਦੀ ਤਾਕਤ ਵਿੱਚ ਵਾਧਾ ਹੁੰਦਾ। ਅੱਜ ਇਸ ਨੂੰ ਇਉਂ ਪੇਸ਼ ਕੀਤਾ ਜਾਂਦਾ ਹੈ ਕਿ ਬਈ ਸਿੱਖ ਹਿੰਦੂਆਂ ਦੀਆਂ ਔਰਤਾਂ ਨੂੰ ਛੁਡਵਾ ਕੇ ਲਿਆਉਂਦੇ ਸਨ ਇਸ ਲਈ ਹਿੰਦੂਆਂ ਨੂੰ ਸਿੱਖਾਂ ਦੇ ਅਹਿਸਾਨਮੰਦ ਰਹਿਣਾ ਚਾਹੀਦਾ ਹੈ। ਇਸ ਤੋਂ ਅੱਗੇ ਇਸ ਗੱਲ ਨੂੰ ਅਜੋਕੇ ਹਿੰਦੂਆਂ ਨੂੰ ਨੀਵਾਂ ਦਿਖਾਉਣ ਲਈ ਵਰਤਿਆ ਜਾ ਰਿਹਾ ਹੈ। ਜਦ ਕਿ ਅਸਲ ਵਿੱਚ ਇਹ ਔਰਤਾਂ ਕਿਸੇ ਵਿਸ਼ੇਸ਼ ਧਰਮ ਨਾਲ ਸੰਬੰਧਿਤ ਨਹੀਂ ਹੁੰਦੀਆਂ ਸਨ। ਇਹ ਹਿੰਦੂ ਸਿੱਖਾਂ ਸਭ ਦੇ ਪਰਿਵਾਰਾਂ ਨਾਲ ਹੀ ਸੰਬੰਧਿਤ ਹੁੰਦੀਆਂ ਸਨ ਅਤੇ ਬਹੁਤੀ ਸੰਭਾਵਨਾ ਹੈ ਕਿ ਇਨ੍ਹਾਂ ਵਿੱਚ ਹਮਲਾਵਰਾਂ ਦਾ ਵਿਰੋਧ ਕਰਨ ਵਾਲੇ ਮੁਸਲਮਾਨ ਪਰਿਵਾਰਾਂ ਦੀਆਂ ਵੀ ਔਰਤਾਂ ਸ਼ਾਮਲ ਹੁੰਦੀਆਂ ਹੋਣ।

ਇਤਿਹਾਸ ਦੀ ਅਸਲੀਅਤ ਇਹ ਹੈ ਕਿ ਉਸ ਸਮੇਂ ਹਿੰਦੂਆਂ ਸਿੱਖਾਂ ਦੀ ਧਰਮ ਦੇ ਆਧਾਰ 'ਤੇ ਹੁਣ ਵਰਗੀ ਕੋਈ ਵੰਡ ਹੀ ਨਹੀਂ ਹੁੰਦੀ ਸੀ। ਪੰਜਾਬ ਦੇ ਪਰਿਵਾਰਾਂ ਵਿਚੋਂ ਵਿਅਕਤੀ ਜਿਹੜੇ ਲੜਨ ਭਿੜਨ ਦਾ ਮਾਦਾ ਰਖਦੇ ਉਹ ਸਿੱਖ ਲੜਾਕਿਆਂ ਨਾਲ ਰਲ ਜਾਂਦੇ ਅਤੇ ਬਾਕੀ ਪਰਿਵਾਰ ਉਵੇਂ ਆਪਣਾ ਕਾਰਵਿਹਾਰ ਅਤੇ ਪ੍ਰਚਲਿਤ ਰਸਮੋ-ਰਿਵਾਜ ਕਰੀ ਜਾਂਦੇ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਹਿੰਦੂ ਸਿੱਖ ਦਾ ਫਰਕ ਸਪਸ਼ਟ ਨਹੀਂ ਸੀ ਇਸ ਬਾਰੇ ਇਤਿਹਾਸਕ ਤੌਰ 'ਤੇ ਠੋਸ ਤੱਥ ਮਿਲਦੇ ਹਨ। ਅਠਾਰ੍ਹਵੀਂ ਸਦੀ ਦੇ ਅੰਤ ਵਿੱਚ ਭਾਰਤ ਆਏ, ਈਸਟ ਇੰਡੀਆ ਕੰਪਨੀ ਦੇ ਇੱਕ ਅਧਿਕਾਰੀ ਅਤੇ ਇਤਿਹਾਸਕਾਰ ਸਰ ਜੌਨ੍ਹ ਮੈਲਕਮ ਸਿੱਖਾਂ ਬਾਰੇ ਆਪਣੇ ਇੱਕ ਲੇਖ ਵਿੱਚ ਲਿਖਦੇ ਹਨ – "ਹਿੰਦੂਆਂ ਵਿਚੋਂ ਆਏ ਸਿੱਖ ਆਪਣੇ ਵਿਆਹ ਸ਼ਾਦੀਆਂ ਉਸੇ ਤਰ੍ਹਾਂ ਆਪਣੀ ਜਾਤ ਬਰਾਦਰੀ ਵਿੱਚ ਹੀ ਕਰਦੇ ਹਨ ਅਤੇ ਹਿੰਦੂ ਰੀਤੀ ਰਿਵਾਜਾਂ ਨੂੰ ਲਾਗੂ ਕਰਦੇ ਹਨ। ਭੋਜਨ ਸਬੰਧੀ ਹਿੰਦੂ ਵਰਤਾਰੇ ਨੂੰ ਉਵੇਂ ਹੀ ਪਵਿੱਤਰ ਮੰਨਿਆ ਜਾਂਦਾ ਹੈ ਅਤੇ ਕੋਈ ਸਿੱਖ ਇਸ ਦੀ ਉਲੰਘਣਾ ਨਹੀਂ ਕਰਦਾ। ....ਇਨ੍ਹਾਂ ਰੀਤੀ ਰਿਵਾਜਾਂ ਦੀ ਸਖਤੀ ਨਾਲ ਪਾਲਣਾ ਕਰਦੇ ਹੋਣ ਕਰਕੇ ਬਹੁਤੇ ਸਿੱਖ, ਖਾਸ ਕਰ ਜੱਟ ਅਤੇ ਗੁੱਜਰ ਜੋ ਕਿ ਸਤਲੁੱਜ ਦੇ ਦੱਖਣ ਵੱਲ ਵਸਦੇ ਹਨ, ਆਪਣੇ ਮੂਲ ਭਾਈਚਾਰੇ ਨਾਲ ਉਸੇ ਤਰ੍ਹਾਂ ਜੁੜੇ ਰਹੇ ਅਤੇ ਭਾਈਚਾਰਾ ਇਨ੍ਹਾਂ ਨੂੰ ਬਾਹਰੀ

ਵਿਅਕਤੀ ਨਹੀਂ ਸਗੋਂ ਉਹ ਹਿੰਦੂ ਸਮਝਦਾ ਹੈ, ਜੋ ਰਾਜਨੀਤਕ ਜਥੇਬੰਦੀ ਵਿੱਚ ਸ਼ਾਮਲ ਹੋ ਗਏ ਅਤੇ ਉਸ ਜਥੇਬੰਦੀ ਦੀ ਹੋਂਦ ਲਈ ਜਰੂਰੀ ਨਿਯਮਾਂ ਦੀ ਪਾਲਣਾ ਕਰਦੇ ਹਨ।" 1 ਇਸੇ ਗੱਲ ਦੀ ਤਾਈਦ 1881 ਦੀ ਮਰਦਮਸ਼ੁਮਾਰੀ ਦੇ ਕਮਿਸ਼ਨਰ ਇਬਟਸਨ ਵੱਲੋਂ ਜਨਗਣਨਾ ਰਿਪੋਰਟ ਵਿੱਚ ਦਿੱਤੇ ਇੱਕ ਨੋਟ ਤੋਂ ਹੁੰਦੀ ਹੈ ਜਿਸ ਵਿੱਚ ਉਹ ਲਿਖਦਾ ਹੈ – 'ਜਾਤੀ ਨੂੰ ਛੱਡ ਕੇ ਹੋਰ ਕਿਸੇ ਵੇਰਵੇ ਨੂੰ ਦਰੁਸਤ ਦਰਜ ਕਰਨਾ ਐਨਾ ਔਖਾ ਨਹੀਂ ਜਾਂ ਐਨੀ ਵਿਆਖਿਆ ਨਹੀਂ ਮੰਗਦਾ ਜਿੰਨਾ ਧਰਮ ਦਾ ਮਾਮਲਾ। .....ਸਰਹੱਦੀ ਖੇਤਰਾਂ ਵਿੱਚ, ਜਿੱਥੇ ਇਹ ਧਰਮ ਮਿਲਦੇ ਹਨ, ਖਾਸ ਕਰ ਜਾਹਲ ਕਿਸਾਨੀ ਵਿੱਚ, ਇਹ ਵਹਿਮ ਭਰਮ ਅਤੇ ਰਸਮਾਂ ਤੋਂ ਵੱਧ ਕੁਝ ਨਹੀਂ ਹਨ। ਉਹ ਰੀਤੀ ਰਿਵਾਜ ਅਤੇ ਵਿਸ਼ਵਾਸ਼, ਜਿਹੜੇ ਵੱਖ ਵੱਖ ਧਰਮਾਂ ਦੇ ਪੈਰੋਕਾਰਾਂ ਨੂੰ ਇੱਕ ਦੂਜੇ ਤੋਂ ਨਿਖੇੜਦੇ ਹਨ, ਉਹ ਐਨੀ ਅਜੀਬ ਤੌਰ 'ਤੇ ਘੁਲੇ–ਮਿਲੇ ਹਨ ਕਿ ਅਕਸਰ ਇਹ ਦੱਸਣਾ ਅਸੰਭਵ ਹੋ ਜਾਂਦਾ ਹੈ ਕਿ ਬੰਦੇ ਨੂੰ ਕਿਹੜੇ ਧਰਮ ਵਾਲੇ ਖਾਨੇ ਵਿੱਚ ਰੱਖਿਆ ਜਾਵੇ।'2 ਬਾਅਦ ਦੇ ਜਨਗਣਨਾ ਅਧਿਕਾਰੀਆਂ ਨੇ ਵੀ ਇਹੀ ਰਿਪੋਰਟਾਂ ਦਿੱਤੀਆਂ ਕਿ ਇਥੇ ਧਰਮ ਬਾਰੇ ਅੰਕੜੇ ਇਕੱਠੇ ਕਰਨ ਵਿੱਚ ਬਹੁਤ ਮੁਸ਼ਕਿਲ ਆਉਂਦੀ ਹੈ। ਇੱਕ ਮਰਦਮਸ਼ੁਮਾਰੀ ਤੋਂ ਦੂਸਰੀ ਤੱਕ, ਵੱਖ ਵੱਖ ਧਰਮਾਂ ਨਾਲ ਸਬੰਧਿਤ ਵਿਅਕਤੀਆਂ ਦੀ ਗਿਣਤੀ ਵਧਦੀ ਘਟਦੀ ਰਹਿੰਦੀ ਸੀ। ਕਦੇ ਬਹੁਤ ਸਾਰੇ ਹਿੰਦੂ ਖ਼ੁਦ ਨੂੰ ਸਿੱਖ ਲਿਖਾ ਦਿੰਦੇ ਅਤੇ ਕਿਸੇ ਹੋਰ ਮੌਕੇ 'ਤੇ ਸਿੱਖ ਆਪਣੇ ਆਪ ਨੂੰ ਹਿੰਦੂ ਲਿਖਾ ਦਿੰਦੇ। ਸੋ ਮਾਮਲਾ ਸਿੱਖਾਂ ਵੱਲੋਂ ਹਿੰਦੂ ਔਰਤਾਂ ਨੂੰ ਛੁਡਾਉਣ ਦਾ ਨਹੀਂ ਬਲਕਿ ਸਥਾਨਿਕ ਔਰਤਾਂ ਦਾ ਹੁੰਦਾ ਸੀ ਜਿਨ੍ਹਾਂ ਨੂੰ ਧਾੜਵੀ ਨਾਲ ਲੈ ਜਾਂਦੇ ਸਨ। ਅਸਲ ਵਿੱਚ ਹਿੰਦੂ ਸਿੱਖਾਂ ਵਿੱਚ ਹੁਣ ਵਰਗੀ ਵੰਡ ਤਾਂ ਸਿੰਘ ਸਭਾ ਲਹਿਰ ਤੋਂ ਬਾਅਦ ਵਿੱਚ ਹੀ ਹੋਂਦ ਵਿੱਚ ਆਈ ਜਿਸ ਨੂੰ ਇਤਿਹਾਸ ਵਿੱਚ ਪਹਿਲੇ ਸਮਿਆਂ ਤੋਂ ਦਰਸਾਕੇ ਸਮਕਾਲੀ ਰਾਜਨੀਤੀ ਵਿੱਚ ਵਰਤਿਆ ਜਾ ਰਿਹਾ ਹੈ।

ਸਮਕਾਲੀ ਲੋੜਾਂ ਅਨੁਸਾਰ ਇਤਿਹਾਸ ਨੂੰ ਪੇਸ਼ ਕਰਨ ਦੀ ਅਜਿਹੀ ਹੀ ਇੱਕ ਹੋਰ ਕੋਸ਼ਿਸ਼ ਵਿੱਚ ਮਹਾਰਾਜਾ ਰਣਜੀਤ ਸਿੰਘ ਨੂੰ ਇੱਕ ਧਾਰਮਿਕ ਸ਼ਖ਼ਸੀਅਤ ਵਾਂਗ ਕਿਸੇ ਵੀ ਆਲੋਚਨਾ ਤੋਂ ਉਪਰ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਬਿਨਾਂ ਸ਼ੱਕ ਉਹ ਇੱਕ ਸਫਲ ਰਣਨੀਤੀਕਾਰ ਸੀ ਜੋ ਇੱਕ ਵੱਡੀ ਸਲਤਨਤ ਸਥਾਪਿਤ ਕਰਨ ਵਿੱਚ ਕਾਮਯਾਬ ਹੋਇਆ। ਮਹਾਰਾਜਾ ਰਣਜੀਤ ਸਿੰਘ ਵਿੱਚ ਵੀ ਹੋਰ ਬਾਦਸ਼ਾਹਾਂ ਵਰਗੇ ਸਾਰੇ ਗੁਣ ਔਗੁਣ ਸਨ। ਪਰ ਇਹਨਾਂ ਸਮਿਆਂ ਵਿੱਚ ਜਦ ਇੱਕ ਨਾਵਲਕਾਰ ਬਲਦੇਵ ਸਿੰਘ ਨੇ ਆਪਣੇ ਇਤਿਹਾਸਕ ਨਾਵਲਾਂ ਦੀ ਲੜੀ ਵਿੱਚ ਮਹਾਰਾਜਾ ਰਣਜੀਤ ਸਿੰਘ ਬਾਰੇ ਨਾਵਲ ਲਿਖਦੇ ਹੋਏ, ਉਸ ਦੀਆਂ ਪ੍ਰਾਪਤੀਆਂ ਦੇ ਨਾਲ ਨਾਲ ਉਸ ਦੀਆਂ ਕੁਝ ਕਮਜੋਰੀਆਂ ਦੀ ਗੱਲ ਕੀਤੀ ਤਾਂ ਯੋਜਨਾਬੱਧ ਤਰੀਕੇ ਨਾਲ ਉਸ ਖਿਲਾਫ਼ ਧਮਕੀਆਂ ਦੀ ਸੁਰ ਵਾਲਾ ਭੰਡੀ ਪ੍ਰਚਾਰ ਚਲਾਇਆ ਗਿਆ। ਸਾਹਿਤਕ ਖੇਤਰ ਦਾ ਇਹ ਵਰਤਾਰਾ ਵੀ ਅਸਲ ਵਿੱਚ ਇੱਕ ਧਿਰ ਦੀਆਂ ਸਮਕਾਲੀ ਲੋੜਾਂ ਅਨੁਸਾਰ ਇਤਿਹਾਸਕ ਸਚਾਈਆਂ ਨੂੰ ਦਬਾਉਣ ਦੀ ਕੋਸ਼ਿਸ਼ ਸੀ। ਗੱਲ ਇਥੋਂ ਤੱਕ ਸੀਮਿਤ ਨਹੀਂ ਰਹੀ ਸਗੋਂ ਉਸਦੀ ਛੋਟੀ ਰਾਣੀ ਜਿੰਦਾਂ ਅਤੇ ਉਸ ਦੇ ਯੋਰਪ ਵਿੱਚ ਐਸ਼ੋਆਰਾਮ ਦੀ ਜ਼ਿੰਦਗੀ ਗੁਜ਼ਾਰਨ ਵਾਲੇ ਛੋਟੇ ਪੁੱਤਰ ਦਲੀਪ ਸਿੰਘ ਨੂੰ ਵੀ ਕਿਸਮਤ ਦੇ ਮਾਰੇ ਨਾਇਕ ਵਜੋਂ ਪੇਸ਼ ਕੀਤਾ ਗਿਆ, ਹਾਲਾਂ ਕਿ ਉਨ੍ਹਾਂ ਵੱਲੋਂ ਆਪਣਾ ਰਾਜ ਹਾਸਲ ਕਰਨ ਦੀਆਂ ਕੁਝ ਕੁ ਗੈਰ–

ਅਮਲੀ ਕੋਸ਼ਿਸ਼ਾਂ ਤੋਂ ਵੱਧ ਪੰਜਾਬ ਦੇ ਲੋਕਾਂ ਲਈ ਕੋਈ ਯੋਗਦਾਨ ਜਾਂ ਯੋਜਨਾ ਨਹੀਂ ਸੀ। ਇਸ ਤਰ੍ਹਾਂ ਸਮਕਾਲ ਵਿੱਚ ਧਰਮ ਆਧਾਰਿਤ ਰਾਜਨੀਤੀ ਕਰਨ ਵਾਲਿਆਂ ਵੱਲੋਂ ਇਤਿਹਾਸ ਦੀ ਇਹ ਵਿਆਖਿਆ ਆਪਣਾ ਗੌਰਵ ਉਭਾਰਨ ਤੋਂ ਚੱਲ ਕੇ ਮਜ਼ਲੂਮ ਧਿਰ ਬਣ ਕੇ ਹਮਦਰਦੀ ਹਾਸਲ ਕਰਨ ਤੱਕ ਦੀ ਯਾਤਰਾ ਹੈ।

ਸਮਕਾਲੀ ਲੋੜਾਂ ਅਨੁਸਾਰ ਇਤਿਹਾਸ ਵਿਚੋਂ ਦੋਸਤ ਅਤੇ ਦੁਸ਼ਮਣ ਪਾਤਰ ਉਭਾਰਨ ਦੀਆਂ ਉਦਾਹਰਣਾਂ ਵੀ ਸਿੱਖ ਧਾਰਮਿਕ ਭਾਵਨਾਵਾਂ ਨੂੰ ਭੜਕਾ ਕੇ ਰਾਜਨੀਤਕ ਵਰਤੋਂ ਕਰਨ ਵਾਲਿਆਂ ਵੱਲੋਂ ਦੇਖੀਆਂ ਜਾ ਸਕਦੀਆਂ ਹਨ। ਸਿੱਖ ਧਰਮ ਅਧਾਰਿਤ ਰਾਜ ਬਨਾਉਣ ਦੀ ਕੋਸ਼ਿਸ਼ ਵਿੱਚ ਲੱਗੀ ਧਿਰ ਨੂੰ ਪਾਕਿਸਤਾਨ ਵੱਲੋਂ ਅੱਸੀਵਿਆਂ ਵਿੱਚ ਠੋਸ ਸਹਾਇਤਾ ਅਤੇ ਬਾਅਦ ਵਿੱਚ ਹਮਦਰਦੀ ਮਿਲਦੀ ਰਹੀ ਹੈ। ਸੋ ਇਸ ਧਿਰ ਵੱਲੋਂ ਹੁਣ ਸਿੱਖ ਇਤਿਹਾਸ ਦਾ ਵਰਣਨ ਕਰਦੇ ਹੋਏ ਗੁਰੂ ਅਰਜਨ ਦੇਵ ਜੀ ਸ਼ਹੀਦੀ ਵਿੱਚ ਜਹਾਂਗੀਰ ਦੇ ਹੁਕਮਾਂ ਜਾਂ ਸ਼ੇਖ ਅਹਿਮਦ ਸਰਹੰਦੀ ਦੀ ਨਫ਼ਰਤ ਦਾ ਜ਼ਿਕਰ ਨਹੀਂ ਹੁੰਦਾ, ਨਾ ਹੀ ਔਰੰਗਜ਼ੇਬ, ਜਾਂ ਬੰਦਾ ਬਹਾਦਰ ਅਤੇ ਉਸਦੇ ਸਾਥੀਆਂ ਨੂੰ ਤਸੀਹੇ ਦੇਕੇ ਖਤਮ ਕਰਨ ਵਾਲੇ ਬਾਦਸ਼ਾਹ ਫਰੁਖਸ਼ੀਅਰ, ਜਾਂ ਜ਼ਕਰੀਆ ਖ਼ਾਨ ਵਰਗਿਆਂ ਦਾ ਕਦੇ ਬਹੁਤਾ ਜਿਕਰ ਹੁੰਦਾ ਹੈ। ਇਸ ਦੀ ਬਜਾਏ ਚੰਦੂ ਅਤੇ ਗੰਗੂ ਦੇ ਧੋਖੇ ਨੂੰ ਹੀ ਉਭਾਰ ਕੇ ਪੇਸ਼ ਕੀਤਾ ਜਾਂਦਾ ਹੈ। ਹੁਣ ਮਤੀਦਾਸ ਅਤੇ ਸਤੀਦਾਸ ਦੀ ਕੁਰਬਾਨੀ ਦਾ ਜੱਸ ਗਾਇਨ ਕਰਨ ਦੀ ਬਜਾਏ ਗਨੀ ਖ਼ਾਨ, ਨਬੀ ਖ਼ਾਨ ਭਰਾਵਾਂ ਅਤੇ ਪੀਰ ਬੁੱਧੂ ਸ਼ਾਹ ਹੋਰਾਂ ਦੇ ਸਾਥ ਦੀ ਗੱਲ ਉਭਾਰੀ ਜਾਂਦੀ ਹੈ। ਕਾਰਣ ਸਪਸ਼ਟ ਹੈ ਕਿ ਇਹ ਧਿਰ ਸਮਕਾਲੀ ਪ੍ਰਸਥਿਤੀਆਂ ਅਨੁਸਾਰ ਮੁਸਲਮਾਨਾਂ ਨੂੰ ਆਪਣਾ ਸਾਥੀ ਅਤੇ ਹਿੰਦੂਆਂ ਨੂੰ ਵਿਰੋਧੀ ਧਿਰ ਵਜੋਂ ਤਸੱਵਰ ਕਰਦੀ ਹੈ।

ਨੇੜਲੇ ਇਤਿਹਾਸ ਵਿੱਚ ਧਰਮ ਨਿਰਪੱਖ ਅਤੇ ਫਿਰਕੂ ਤੱਤਾਂ ਵਿਚਕਾਰ ਜੋ ਸੰਘਰਸ਼ ਚਲਦਾ ਰਿਹਾ ਉਸ ਵਿਚੋਂ ਧਰਮ ਨਿਰਪੱਖ ਤਾਕਤਾਂ ਦੇ ਵਿਕਾਸ ਅਤੇ ਉਨ੍ਹਾਂ ਦੀ ਦੇਣ ਨੂੰ ਅਣਗੌਲਿਆਂ ਕਰ ਕੇ ਫਿਰਕੂ ਧਿਰਾਂ ਦੀਆਂ ਸਰਗਰਮੀਆਂ ਨੂੰ ਵਡਿਆ ਕੇ ਪੇਸ਼ ਕੀਤਾ ਜਾਂਦਾ ਹੈ। ਇੱਕਪਾਸੜ ਤੱਥ ਚੁਣ ਕੇ ਸਿੱਖਾਂ ਨਾਲ ਧੱਕੇ ਦਾ ਪ੍ਰਵਚਨ ਸਿਰਜਿਆ ਜਾਂਦਾ ਹੈ ਅਤੇ ਇਸ ਖਿੱਤੇ ਵਿੱਚ ਫਿਰਕੂ ਭਾਵਨਾਵਾਂ ਭੜਕਾ ਕੇ ਦੇਸ਼ ਪੱਧਰ ਦੀਆਂ ਫਿਰਕੂ ਤਾਕਤਾਂ ਦਾ ਪੂਰਕ ਬਣਿਆ ਜਾ ਰਿਹਾ ਹੈ।

ਵਰਤਮਾਨ ਸਮਿਆਂ ਵਿੱਚ ਇਤਿਹਾਸ ਪ੍ਰਤੀ ਅਜਿਹੀ ਇੱਕਪਾਸੜ ਜਜ਼ਬਾਤੀ ਪਹੁੰਚ ਨੂੰ ਛੱਡ ਕੇ ਇਸ ਨੂੰ ਸੰਤੁਲਿਤ ਢੰਗ ਨਾਲ ਵਾਚਣ ਦੀ ਲੋੜ ਹੈ। ਇਤਿਹਾਸ ਨੂੰ ਭਾਵਨਾਵਾਂ ਭੜਕਾਉਣ ਲਈ ਵਰਤਣ ਦੀ ਬਜਾਏ ਇਸ ਤੋਂ ਸਬਕ ਸਿੱਖਣ ਦੀ ਲੋੜ ਹੈ ਕਿ ਜੋ ਕੁਝ ਮਾੜਾ ਹੋਇਆ ਉਨ੍ਹਾਂ ਦੀ ਤਹਿ ਹੇਠ ਕੀ ਕਾਰਣ ਸਨ, ਕਿਹੜੀਆਂ ਘਟਨਾਵਾਂ ਸਨ? ਇਸ ਸਾਰੇ ਕੁਝ ਤੋਂ ਹੁਣ ਕਿਵੇਂ ਬਚਿਆ ਜਾ ਸਕਦਾ ਹੈ? ਸੋ ਅੱਜ ਦੇ ਦੌਰ ਵਿੱਚ ਕਲਪਿਤ ਇਤਿਹਾਸਕ ਗਾਥਾਵਾਂ ਘੜ ਕੇ ਸਮਕਾਲੀ ਸਮੱਸਿਆਵਾਂ ਨੂੰ ਹੋਰ ਉਲਝਾਉਣ ਦੀ ਬਜਾਏ ਇਤਿਹਾਸ ਦੇ ਗਿਆਨ ਨੂੰ ਸਮਕਾਲ ਦੀਆਂ ਸਮੱਸਿਆਵਾਂ ਸੁਲਝਾਉਣ ਲਈ ਵਰਤਣ ਦੀ ਲੋੜ ਹੈ।

✲✲✲

# ਅਜੋਕੀ ਪੰਜਾਬੀ ਨਾਵਲ ਆਲੋਚਨਾ : ਕੱਚ-ਸੱਚ

-ਡਾ. ਮਹਿਲ ਸਿੰਘ

ਪੰਜਾਬੀ ਸਾਹਿਤ ਦੇ ਵੱਖ-ਵੱਖ ਰੂਪਾਂ ਵਾਂਗ ਆਲੋਚਨਾ ਦਾ ਵੀ ਆਪਣਾ ਵਿਸ਼ੇਸ਼ ਮਹੱਤਵ ਹੈ। ਸਾਹਿਤ ਤੇ ਸਮਾਜ ਨੂੰ ਸਮਝਣ ਵਿਚ ਆਲੋਚਨਾ ਦਾ ਅਹਿਮ ਯੋਗਦਾਨ ਹੈ। ਸਾਡੀ ਵੀਹਵੀਂ ਸਦੀ ਦੇ ਸ਼ੁਰੂਆਤ ਦੀ ਆਲੋਚਨਾ ਜ਼ਿਆਦਾਤਰ ਹੌਂਸਲਾ-ਅਫ਼ਜਾਈ ਵਾਲੀ ਸੀ। ਪੰਜਾਬੀ ਸਾਹਿਤ ਆਲੋਚਨਾ ਦਾ ਅਸਲ ਪਿੜ ਪੰਜਾਬ ਵਿਚ ਯੂਨੀਵਰਸਿਟੀਆਂ ਦੀ ਆਮਦ ਨਾਲ ਬੱਝਦਾ ਹੈ। ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਪੀ-ਐਚ.ਡੀ., ਐਮ.ਫ਼ਿਲ., ਐਮ.ਏ. (ਪੰਜਾਬੀ) ਤੇ ਡਿਗਰੀ ਕਲਾਸਾਂ ਨੂੰ ਪੜ੍ਹਾਉਣ ਤੇ ਖੋਜ਼ ਕਾਰਜਾਂ ਦੀਆਂ ਲੋੜਾਂ ਸੰਬੰਧੀ ਆਲੋਚਨਾ ਦਾ ਆਰੰਭ ਹੁੰਦਾ ਹੈ। ਹੁਣ ਇਸ ਨੇ ਤਕਰੀਬਨ ਅੱਧੀ ਸਦੀ ਤੋਂ ਵੱਧ ਦੀ ਉਮਰ ਹੰਢਾ ਲਈ ਹੈ। ਕੁਝ ਵੱਡੇ ਆਲੋਚਕਾਂ ਦੀ ਆਲੋਚਨਾ ਵੀ ਸਾਹਿਤਕਾਰਾਂ ਦੀਆਂ ਰਚਨਾਵਾਂ ਵਾਂਗ ਅੱਜ ਵੀ ਵੱਡਾ ਮਹੱਤਵ ਰੱਖਦੀ ਹੈ। ਸੰਤ ਸਿੰਘ ਸੇਖੋਂ, ਡਾ. ਹਰਿਭਜਨ ਸਿੰਘ, ਡਾ. ਅਤਰ ਸਿੰਘ, ਡਾ. ਰਵਿੰਦਰ ਸਿੰਘ ਰਵੀ, ਡਾ. ਜੋਗਿੰਦਰ ਸਿੰਘ ਰਾਹੀ ਅਤੇ ਡਾ. ਟੀ.ਆਰ. ਵਿਨੋਦ ਦੀ ਆਲੋਚਨਾ ਦੇ ਮਿਆਰ ਅਜੋਕੇ ਸਮਿਆਂ ਵਿਚ ਵੀ ਸਾਡੇ ਲਈ ਪੱਥ-ਪ੍ਰਦਰਸ਼ਿਕ ਹਨ। ਇੰਨ੍ਹਾਂ ਦੀ ਮਿਆਰੀ ਆਲੋਚਨਾ ਨਾ ਕੇਵਲ ਆਪਣੇ ਸਮਿਆਂ ਦੇ ਸਾਹਿਤ ਨੂੰ ਸਮਝਣ ਵਿਚ ਸਹਾਈ ਹੁੰਦੀ ਹੈ, ਸਗੋਂ ਇਹ ਗਿਆਨ ਦੇ ਨਜ਼ਰੀਏ ਤੋਂ ਆਪਣੇ ਸਮਿਆਂ ਦੀਆਂ ਵਿਚਾਰਧਾਰਾਵਾਂ, ਇਤਿਹਾਸ-ਮਿਥਿਹਾਸ ਤੇ ਸਮਾਜ ਨੂੰ ਜਾਣਨ ਤੇ ਸਮਝਣ ਦਾ ਇਕ ਬੌਧਿਕ ਵਰਤਾਰਾ ਹੈ।

ਇਥੇ ਸਿਰਫ਼ ਪਿਛਲੇ ਕੁਝ ਸਾਲਾਂ ਵਿਚ ਪ੍ਰਕਾਸ਼ਿਤ ਹੋਈਆਂ ਕੁਝ ਆਲੋਚਨਾਤਮਿਕ ਪੁਸਤਕਾਂ ਰਾਹੀਂ ਨਾਵਲੀ ਆਲੋਚਨਾ ਦੀ ਦਿੱਖ ਤੇ ਮਿਆਰ ਨੂੰ ਜਾਣਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਡਾ. ਸੁਰਿੰਦਰ ਕੁਮਾਰ ਦਵੇਸ਼ਵਰ ਦੀ ਪੁਸਤਕ ਵਿਸ਼ਵੀਕਰਨ ਦਾ ਪ੍ਰਵਚਨ ਤੇ ਪੰਜਾਬੀ ਨਾਵਲ (2019) ਸਮਕਾਲੀਨ ਵਰਤਾਰੇ ਅਤੇ ਇਸ ਤੋਂ ਪ੍ਰਭਾਵਿਤ ਪੰਜਾਬੀ ਨਾਵਲ ਬਾਰੇ ਹੈ। ਇਸ ਪੁਸਤਕ ਵਿਚੋਂ 'ਵਿਸ਼ਵੀਕਰਨ' ਦੀ ਪਰਿਭਾਸ਼ਾ ਅਤੇ ਇਸ ਦੇ ਪ੍ਰਵਚਨ ਨੂੰ ਇਕ ਲੰਮੇ ਇਤਿਹਾਸਕ ਪ੍ਰਸੰਗ ਤਹਿਤ ਵਿਸ਼ੇਸ਼ ਵਿਚਾਰਧਰਾਈ ਪੈਂਤੜੇ ਤੋਂ ਜਾਣਿਆ ਗਿਆ ਹੈ। ਡਾ. ਦਵੇਸ਼ਵਰ ਮੁਤਾਬਕ ਅਜੇਹਾ ਵਤੀਰਾ 'ਸਰਵ-ਰੋਗ ਔਸ਼ਧੀ' ਵਾਲਾ ਨਹੀਂ ਹੈ, ਸਗੋਂ ਇਹ ਸਰਵ-ਰੋਗ ਦੀ ਜੜ੍ਹ ਵਾਲਾ ਹੈ। ਅਜੋਕੇ ਵਿਸ਼ਵੀਕਰਨ ਨੇ ਵਿਸ਼ਵ ਨੂੰ ਇਕ ਪਿੰਡ ਬਣ ਲਿਆ ਹੈ। ਵਿਦਵਾਨ ਆਲੋਚਕ ਦਾ ਮੱਤ ਹੈ ਕਿ ਵਿਸ਼ਵੀਕਰਨ ਇਕ ਸਾਮਰਾਜੀ ਵਤੀਰੇ ਤਹਿਤ ਸਦਾ ਹੀ ਸਾਡੇ ਉੱਤੇ ਅਸਰ-ਅੰਦਾਜ਼ ਰਿਹਾ ਹੈ। ਇਹ ਪਹਿਲਾ ਵੀ ਸੀ ਤੇ ਹੁਣ ਵੀ ਹੈ। ਪਰ ਹੁਣ ਇਸ ਨੇ ਮੰਡੀ ਜਾਂ ਆਰਥਿਕਤਾ ਤੋਂ ਅੱਗੇ ਕੁਦਰਤੀ ਜਖ਼ੀਰਿਆ ਅਤੇ ਵਾਤਾਵਰਣੀ ਸੋਮਿਆਂ ਨੂੰ ਵੀ ਆਪਣੀ ਲਪੇਟ ਵਿਚ ਲੈ ਲਿਆ ਹੈ। ਇਸ ਪੁਸਤਕ ਦੀ ਅਧਿਆਇ ਵੰਡ ਰਾਹੀਂ ਵਿਸ਼ਵੀਕਰਨ ਦੇ 'ਕਾਰਪੋਰੇਟ ਰੂਪ', 'ਬਸਤੀਵਾਦੀ ਕਿਸਮ ਦੇ ਸਾਮਰਾਜਵਾਦ' ਅਤੇ ਖੁੱਲ੍ਹੀ ਮੰਡੀ ਦੇ 'ਨਵ-ਉਦਾਰਵਾਦ' ਨੂੰ ਸਮਝਣ-ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਇਸ ਪੁਸਤਕ ਦੇ ਕੇਂਦਰ ਵਿਚ ਵਿਸ਼ਵੀਕਰਨ ਦੇ ਵੱਖ-ਵੱਖ ਪ੍ਰਭਾਵਾਂ ਬਾਰੇ ਇਕ ਮੁਕੰਮਲ ਥੀਸਿਜ਼ ਸੁਭਾਇਮਾਨ ਹੈ। ਇਹ ਵਿਸ਼ਵੀਕਰਨ ਦੇ ਵੱਖ-ਵੱਖ ਰੂਪਾਂ ਬਾਰੇ ਇਕ ਗਹਿਰ-ਗੰਭੀਰ ਪੁਸਤਕ ਹੈ। ਇਸ ਪੁਸਤਕ ਦੇ

ਸਿੱਧਾਂਤਕ ਪੱਖ ਦੀ ਅਜੋਕੇ ਸਮਿਆਂ ਨੂੰ ਜਾਣਨ ਲਈ ਵੱਡੀ ਮਹੱਤਤਾ ਹੈ। ਇਸ ਵਿਚ ਵਿਸ਼ਵੀਕਰਨ ਬਾਰੇ ਜਾਣਕਾਰੀ ਹੀ ਨਹੀਂ, ਇਕ ਸਮਝ ਸਮਾਈ ਦਿੱਸਦੀ ਹੈ। ਸਾਡੇ ਕੁਦਰਤੀ ਸੋਮਿਆਂ, ਰੁਜ਼ਗਾਰ ਮੌਕਿਆਂ ਤੇ ਰਿਸ਼ਤਿਆਂ ਦਾ ਤਾਣਾ-ਬਾਣਾ ਕਿਵੇਂ ਖੌਫ਼ਜਦਾ ਸਥਿਤੀ ਤੱਕ ਟੁੱਟਣ ਲੱਗਾ ਹੈ, ਇਸ ਦੀ ਆਧਾਰਭੂਮੀ ਨੂੰ ਇਸ ਪੁਸਤਕ ਵਿਚ ਕੁਰੇਦਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਪੁਸਤਕ ਦੀ ਜੇ ਕੋਈ ਸਮੱਸਿਆ ਹੈ ਤਾਂ ਉਹ ਇਸ ਦੇ ਨਾਵਲਾਂ ਸੰਬੰਧੀ ਅਧਿਐਨ ਦੀ ਹੈ। ਡਾ. ਦਵੇਸ਼ਵਰ ਪੰਜਾਬੀ ਨਾਵਲ ਨੂੰ ਪੱਛਮੀ ਸਿੱਧਾਂਤ ਮੁਤਾਬਕ ਨਹੀਂ, ਸਗੋਂ ਇਸ ਲਈ ਆਪਣੇ ਦੇਸੀ ਚੌਖਟਿਆਂ ਨੂੰ ਤਲਾਸ਼ਣ ਦੀ ਤਰਫ਼ਦਾਰੀ ਕਰਦੇ ਹਨ। ਪਰ ਸਮੁੱਚੀ ਪੁਸਤਕ ਵਿਚ ਦੇਸੀ ਚੌਖਟਿਆਂ ਬਾਰੇ ਕੋਈ ਰੂਪ-ਰੇਖਾ ਨਹੀਂ ਹੈ। ਨਾ ਹੀ ਇਸ ਮੁਤਾਬਕ ਨਾਵਲਾਂ ਦੀ ਕੋਈ ਸਮੀਖਿਆ ਹੈ। 1960 ਅਤੇ 1990 ਤੱਕ ਦੇ ਪੰਜਾਬੀ ਨਾਵਲ ਨੂੰ ਕਾਬਜ਼ ਵਿਵਸਥਾ ਜਾਂ ਸੱਤਾ ਦੇ ਪ੍ਰਤੀਰੋਧ ਵਜੋਂ ਵੇਖਿਆ ਗਿਆ ਹੈ। ਅਜੇਹਾ ਵਿਸ਼ਲੇਸ਼ਣ ਤਾਂ ਪਹਿਲਾਂ ਹੀ ਡਾ. ਜੋਗਿੰਦਰ ਸਿੰਘ ਰਾਹੀ ਤੇ ਡਾ. ਟੀ.ਆਰ. ਵਿਨੋਦ ਵਰਗੇ ਦਾਨਿਸ਼ਵਰ ਆਲੋਚਕਾਂ ਦੀਆਂ ਪੁਸਤਕਾਂ ਵਿਚ ਰਮਿਆ ਹੋਇਆ ਹੈ। ਸਾਡਾ ਸਮੁੱਚਾ ਪੰਜਾਬੀ ਸਾਹਿਤ ਆਮ ਲੋਕਾਈ ਦੇ ਪੱਖ ਤੋਂ ਸੱਤਾ ਜਾਂ ਸਥਾਪਤੀ ਦੇ ਵਿਰੋਧ ਵਿਚ ਖੜਾ ਵਿਖਾਈ ਦੇਂਦਾ ਹੈ। ਅਜੇਹਾ ਸੱਚ ਪਹਿਲਾਂ ਹੀ ਪਾਠਕਾਂ ਦੀ ਜਾਣਕਾਰੀ ਹਿੱਤ ਹੈ। ਵਿਦਵਾਨ ਆਲੋਚਕ ਦੇ ਸਮੁੱਚੇ ਅਧਿਐਨ ਵਿਚ ਨਾਵਲ ਦੀ ਨਾਵਲੀਅਤਾ ਬਾਰੇ ਕੁਝ ਵੀ ਪੇਸ਼ ਨਹੀਂ ਹੈ। ਸਮੁੱਚਾ ਅਧਿਐਨ ਵੱਖ-ਵੱਖ ਨਾਵਲਾਂ ਦੇ ਵਿਸ਼ੈ-ਵਸਤੂ ਉੱਤੇ ਆਧਾਰਿਤ ਹੈ। ਉਂਜ਼ ਵੀ ਕਈ ਨਾਵਲਕਾਰਾਂ ਦੀਆਂ ਐਸੀਆਂ ਰਚਨਾਵਾਂ ਬਾਰੇ ਚਰਚਾ ਕੀਤੀ ਗਈ ਹੈ, ਜੋ ਰਚਨਾਵਾਂ ਆਪਣੀ ਨਾਵਲੀਅਤਾ ਦੇ ਮਿਆਰ ਤੋਂ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਕਿਤੇ ਵੀ ਚਰਚਾ ਦਾ ਵਿਸ਼ਾ ਨਹੀਂ ਹੈ। ਅਜੇਹਾ ਕਿਸੇ ਇਕ ਨਹੀਂ ਬਹੁਤ ਸਾਰੇ ਚਰਚਾ ਅਧੀਨ ਨਾਵਲਾਂ ਬਾਰੇ ਕਿਹਾ ਜਾ ਸਕਦਾ ਹੈ। ਸਾਡੇ ਸੁਪਰ-ਪ੍ਰਸਿੱਧ ਨਾਵਲਕਾਰ ਗੁਰਦਿਆਲ ਸਿੰਘ ਦੇ ਚਰਚਾ ਅਧੀਨ ਨਾਵਲ ਆਹਣ (2009) ਦੀ ਮਿਸਾਲ ਦਿੱਤੀ ਜਾ ਸਕਦੀ ਹੈ। ਇਸ ਨਾਵਲ ਦੇ ਵਿਸ਼ੇ ਤੇ ਵਿਚਾਰਧਾਰਾ ਦਾ ਕੋਈ ਮਹੱਤਵ ਹੋ ਸਕਦਾ ਹੈ, ਪਰ ਇਹ ਨਾਵਲ ਆਪਣੇ ਸਮਿਆਂ ਵਿਚ ਪਾਠਕਾਂ ਵਿਚ ਚਰਚਾ ਦਾ ਵਿਸ਼ਾ ਨਹੀਂ ਬਣਿਆ ਸੀ। ਨਾ ਹੀ ਨਾਵਲੀਅਤਾ ਦੇ ਮਿਆਰ ਤੋਂ ਇਹ ਗੁਰਦਿਆਲ ਸਿੰਘ ਦੀਆਂ ਪਛਾਣਯੋਗ ਰਚਨਾਵਾਂ ਦਾ ਹਿੱਸਾ ਹੈ। ਕੋਈ ਵਿਚਾਰਧਾਰਾ ਜਾਂ ਵਿਸ਼ਾ ਆਪਣੀਆਂ ਨਾਵਲੀ ਕਲਾ-ਰੀਤੀਆਂ ਅਨੁਸਾਰ ਕਿਵੇਂ ਪ੍ਰਭਾਵੀ ਬਣਦਾ ਹੈ, ਇਸ ਦੀ ਪੁਸਤਕ ਵਿਚੋਂ ਘਾਟ ਰੜਕਦੀ ਹੈ। ਸਾਹਿਤ ਜਾਂ ਨਾਵਲ ਸੰਬੰਧੀ ਵਿਚਾਰਧਾਰਾ ਤੋਂ ਵੀ ਵੱਡੀ ਗੱਲ ਲੇਖਕ ਦੇ ਅਨੁਭਵ, ਪ੍ਰਤੱਖਣ ਸ਼ਕਤੀ, ਗਲਪੀ-ਵਿਧੀ ਤੇ ਜੀਵਨ ਦੇ ਜੀਣ-ਥੀਣ ਸੰਬੰਧੀ  ਦਾਰਸ਼ਨਿਕ ਸੋਝੀ ਦੀ ਹੈ। ਇਸ ਕਰਕੇ ਇਹ ਪੁਸਤਕ ਆਪਣੇ ਵਿਸ਼ਵੀਕਰਨ ਸਿੱਧਾਂਤਕ ਪੱਖ ਬਾਰੇ ਤਾਂ ਪਾਇਦਾਰ ਤੇ ਪੂਰੀ ਹੈ ਪਰ ਆਪਣੇ ਵਿਹਾਰਕ ਅਧਿਐਨ ਵਿਚ ਕਈ ਪੱਖਾਂ ਤੋਂ ਅਧੂਰੀ ਹੈ। ਸਮੁੱਚੇ ਰੂਪ ਵਿਚ ਅਜੋਕੇ ਪੜ੍ਹਨ-ਪੜ੍ਹਾਉਣ ਦੇ ਗੈਰ-ਸੰਜੀਦਾ ਦੌਰ ਵਿਚ ਅਜੇਹਾ ਗੰਭੀਰ ਕਾਰਜ ਜੇ ਦੁਰਲੱਭ ਨਹੀਂ ਤਾਂ ਵਿਰਲਾ-ਟਾਵਾਂ ਹੀ ਹੈ।

ਡਾ. ਸੁਰਜੀਤ ਬਰਾੜ ਦੀ ਪੁਸਤਕ ਪੰਜਾਬੀ ਨਾਵਲ ਸਮਾਜਿਕ-ਸਭਿਆਚਾਰਕ ਸਰੋਕਾਰ (2019) ਕੁਝ ਪੁਰਾਣੇ ਤੇ ਕੁਝ ਨਵੇਂ ਨਾਵਲਾਂ ਬਾਰੇ ਹੈ। ਡਾ. ਬਰਾੜ 'ਖੋਜ-ਪੱਤਰ' ਦੀ ਥਾਂ 'ਖੋਜ-ਨਿਬੰਧ' ਸ਼ਬਦ ਵਰਤਦਾ ਹੈ। 'ਖੋਜ-ਨਿਬੰਧ' ਸਬਤਾਂ ਐਮ.ਫਿਲ. ਦੇ ਥੀਸਿਜ਼ ਲਈ ਵਰਤਿਆ

ਜਾਂਦਾ ਹੈ। ਇਸ ਕਰਕੇ ਅਜੇਹੇ ਟਪਲੇ/ਭੁਲੇਖੇ ਤੋਂ ਬਚਣ ਦੀ ਲੋੜ ਹੈ। ਡਾ. ਬਰਾੜ ਸਿਰਜਨਾਤਮਿਕ ਲੇਖਕ ਵੀ ਹੈ ਤੇ ਆਲੋਚਕ ਵੀ। ਇਹ ਮਾਰਕਸੀ ਵਿਚਾਰਧਾਰਾ ਨਾਲ ਪ੍ਰਤੀਬੱਧ ਆਲੋਚਕ ਹੈ। ਅਜੇਹੀ ਵਿਚਾਰਧਾਰਾ ਸਿੱਧੀ ਜਾਂ ਅਸਿੱਧੀ ਉਸ ਦੀ ਨਾਵਲ ਆਲੋਚਨਾ ਉੱਤੇ ਭਾਰੂ ਹੈ। ਡਾ. ਬਰਾੜ ਆਪਣੀ ਆਲੋਚਨਾ ਦੀ ਵਿਸੇਸੇਧ ਜਾਂ ਦਿਸ਼ਾ ਪ੍ਰਤੀ ਸਪੱਸ਼ਟ ਹੈ। ਇੰਨ੍ਹਾਂ ਦਾ ਇਹ ਮੰਨਣਾ ਹੈ ਕਿ "ਜਿਹੜੇ-ਜਿਹੜੇ ਨਾਵਲਾਂ ਤੇ ਮੈਂ ਖੋਜ-ਕਾਰਜ ਕੀਤਾ ਹੈ, ਉਨ੍ਹਾਂ ਦਾ ਸਮੁੱਚ ਵਿਚ ਅਧਿਐਨ ਨਹੀਂ ਕੀਤਾ ਗਿਆ। ਕੇਵਲ ਵਿਚਾਰ ਅਧੀਨ ਨਾਵਲਾਂ ਦੇ ਸਮਾਜਕ ਸਭਿਆਚਾਰਕ ਸਰੋਕਾਰਾਂ ਨੂੰ ਹੀ ਕੇਂਦਰ ਵਿਚ ਹੀ ਰੱਖਿਆ ਹੈ।" (ਪੰਨਾ 9) ਇਸ ਤਰ੍ਹਾਂ ਬਰਾੜ ਦੀ ਨਜ਼ਰ ਨਾਵਲ ਦੀ ਨਾਵਲੀਅਤਾ ਉੱਤੇ ਨਹੀਂ, ਕੇਵਲ ਵਿਸ਼ੈ ਉੱਤੇ ਆਧਾਰਿਤ ਹੈ। ਇਨ੍ਹਾਂ ਦੀ ਆਲੋਚਨਾ ਦਾ ਦੂਸਰਾ ਪੱਖ ਆਪਣੀ ਪਰੱਪਕ ਵਿਚਾਰਧਾਰਾ ਬਾਰੇ ਹੈ। ਕਿਸੇ ਵੀ ਲੇਖਕ ਲਈ ਆਪਣੀ ਮਾਰਕਸੀ ਵਿਚਾਰਧਾਰਾ ਲਈ ਪ੍ਰਤੀਬੱਧ ਹੋਣਾ ਸ਼ੁਭ ਸ਼ਗਨ ਹੈ। ਪਰ ਇਸ ਇਕੋ ਐਨਕ ਰਾਹੀਂ ਕੀਤਾ ਲੇਖਾ-ਜੋਖਾ ਸਾਹਿਤ ਲਈ ਨਾ-ਕਾਫ਼ੀ ਹੈ। ਪਰ ਡਾ. ਬਰਾੜ ਦਾ ਫਤਵਾ ਹੈ "ਸਿੱਧੀ ਅਤੇ ਸਪੱਸ਼ਟ ਗੱਲ ਹੈ ਕਿ ਮੇਰੇ ਲਈ ਉਹੀ ਨਾਵਲਕਾਰ ਵੱਡਾ ਹੈ ਜੋ ਮਾਰਕਸੀ ਵਿਚਾਰਧਾਰਾ ਤੇ ਪਰਪੱਕ ਤੇ ਖ਼ਰਾ ਉੱਤਰਦਾ ਹੈ, ਜੋ ਸਮਾਜਕ, ਸਭਿਆਚਾਰਕ, ਆਰਥਕ, ਰਾਜਨੀਤਕ ਮਸਲਿਆਂ ਨੂੰ ਚੁੱਕਦਾ ਹੈ, ਜੋ ਸਮਾਜ ਨੂੰ ਚੇਤਨ, ਜਾਗਰੂਕ ਕਰਨ ਵਿੱਚ ਵਿਸ਼ਵਾਸ ਰੱਖਦਾ ਹੈ, ਜੋ ਸਮਾਜ ਨੂੰ ਬਦਲਣ ਲਈ ਪ੍ਰਯਤਨਸ਼ੀਲ ਹੈ।" (ਪੰਨਾ 10) ਸਾਹਿਤ ਵਿਚ ਮਨੁੱਖ ਦੀ ਹੋਂਦ ਸੰਬੰਧੀ ਕਈ ਸਮਾਜਕ, ਧਾਰਮਿਕ, ਇਤਿਹਾਸਕ, ਮਿਥਿਹਾਸਕ ਤੇ ਜ਼ਾਤ-ਬਿਰਾਦਰੀ ਦੇ ਵੇਰਵੇ ਦਰਜ਼ ਹੁੰਦੇ ਹਨ। ਇੰਨ੍ਹਾਂ ਨੂੰ ਨਿਸ਼ਚਤ ਅੰਤਰ-ਦ੍ਰਿਸ਼ਟੀ ਤੋਂ ਹੱਟ ਕੇ ਹੋਰ ਕਈ ਪੱਖਾਂ ਤੋਂ ਵੇਖਿਆ ਜਾਣਾ ਜ਼ਰੂਰੀ ਹੁੰਦਾ ਹੈ। ਨਾਨਕ ਸਿੰਘ ਦੇ ਨਾਵਲ ਪਵਿੱਤਰ ਪਾਪੀ ਅਤੇ ਅੰਮ੍ਰਿਤਾ ਪ੍ਰੀਤਮ ਦੇ ਨਾਵਲ ਪਿੰਜਰ ਬਾਰੇ ਪੰਜਾਬੀ ਨਾਵਲ ਦੇ ਕੁਝ ਦਾਨਿਸ਼ਵਰ ਆਲੋਚਕਾ ਨੇ ਜੋ ਕੁਝ ਵੀ ਕਿਹਾ ਹੈ, ਉਨ੍ਹਾਂ ਤੋਂ ਅੱਗੇ ਕੋਈ ਵੱਖਰੀ ਵਿਸ਼ੇਸ਼ ਗੱਲ ਬਰਾੜ ਦੀ ਆਲੋਚਨਾ ਵਿਚ ਨਹੀਂ ਹੈ। ਡਾ. ਬਰਾੜ ਦੇ ਸਮੁੱਚੇ ਆਲੋਚਨਾਤਮਿਕ ਕਾਰਜ਼ ਵਿਚ ਵਿਚਾਰਧਾਰਾ ਦਾ ਪੈਮਾਨਾ ਬਾ-ਦਸਤੂਰ ਭਾਰੀ ਰਹਿੰਦਾ ਹੈ। ਉਹ ਕਈ ਵਾਰ ਰਚਨਾ ਦੀ ਸਿਰਜਣ-ਪ੍ਰਕਿਰਿਆ ਦੀਆਂ ਅੰਤਰੰਗ ਪਰਤਾਂ ਨੂੰ ਵੇਖਣ ਦੀ ਥਾਂ ਬਾਹਰੀ ਪ੍ਰਸਥਿਤੀਆਂ ਪ੍ਰਤੀ ਉਲਾਰ ਹੋ ਜਾਂਦਾ ਹੈ। ਅਜੇਹੇ ਆਲੋਚਕ ਤਾਂ ਸਾਹਿਤ ਰਚਨਾਵਾਂ ਉੱਤੇ ਵਿਚਾਰਧਾਰਾ ਦੀ ਚੌਂਕੜੀ ਮਾਰ ਲੈਂਦੇ ਹਨ। ਅਜੇਹੇ ਵਤੀਰੇ ਕਾਰਣ ਰਚਨਾਵਾਂ ਦਾ ਦਮ ਘੁੱਟਣ ਲੱਗਦਾ ਹੈ। ਹਰ ਵਿਚਾਰਧਾਰਾ ਦਾ ਇਕ ਮੌਸਮ ਤੇ ਸਮਾਂ ਹੁੰਦਾ ਹੈ। ਸਮੇਂ ਦੀ ਤਬਦੀਲੀ ਨਾਲ ਪਹਿਲੀਆਂ ਵਿਚਾਰਧਾਰਾਵਾਂ ਸੀਮਤ ਹੋਣ ਲੱਗਦੀਆਂ ਤੇ ਨਵੀਆਂ ਦੀ ਸੰਭਾਵਨਾ ਬਣਨ ਲੱਗਦੀ ਹੈ। ਸਮਾਜ ਦੇ ਗਤੀਸ਼ੀਲ ਵਰਤਾਰੇ ਵਿਚ ਕੁਝ ਵੀ ਸਥਿਰ ਨਹੀਂ ਹੈ। ਆਲੋਚਕ ਨੇ ਤਾਂ ਰਚਨਾਵਾਂ ਨੂੰ ਸਮਾਜ ਤੇ ਸਮਿਆਂ ਦੀ ਵਿਚਾਰਧਾਰਾ ਦੇ ਆਰ-ਪਾਰ ਹੀ ਵੇਖਣਾ ਹੁੰਦਾ ਹੈ। ਸੰਤ ਸਿੰਘ ਸੇਖੋਂ, ਸੰਤੋਖ ਸਿੰਘ ਧੀਰ ਤੇ ਸੁਜਾਨ ਸਿੰਘ ਦੀਆਂ ਉਹ ਰਚਨਾਵਾਂ ਅਜੇ ਵੀ ਜ਼ਿੰਦਾ ਜਾਂ ਸ਼ਾਹਕਾਰ ਸਮਝੀਆਂ ਜਾਂਦੀਆਂ ਹਨ, ਜੋ ਮਾਰਕਸੀ ਵਿਚਾਰਧਾਰਾ ਦੇ ਮੋਹ ਤੋਂ ਜ਼ਰਾ ਹੱਟਵੀਆਂ ਹਨ। ਇਸ ਕਰਕੇ ਮਾਰਕਸੀ ਹੋਣਾ ਤੇ ਉੱਚ ਪਾਏ ਦੀ ਰਚਨਾ ਹੋਣੀ, ਇਹ ਦੋਨੋਂ ਵੱਖ-ਵੱਖ ਗੱਲਾਂ ਹਨ। ਹੁਣ ਸਮਾਜ ਤੇ ਸਾਹਿਤ ਪ੍ਰਤੀ ਸੋਚਣੀ ਮਾਰਕਸਵਾਦ ਤੋਂ ਅੱਗੇ ਕਈ ਹੋਰ ਅੰਤਰ-ਦ੍ਰਿਸ਼ਟੀਆਂ ਵੱਲ ਵੀ ਫ਼ੈਲ ਚੁੱਕੀ ਹੈ। ਸਾਹਿਤ ਨੂੰ ਸਭ ਪਾਸੇ ਤੋਂ ਵੇਖਣ ਦੀ ਲੋੜ ਹੈ। ਕੋਈ ਰਚਨਾ ਵਿਸ਼ੇ ਜਾਂ ਵਿਚਾਰਧਾਰਾ ਪੱਖ ਤੋਂ ਕਿੰਨੀ ਵੀ ਪ੍ਰਭਾਵੀ

ਕਿਉਂ ਨਾ ਹੋਵੇ, ਜੇ ਉਸ ਵਿਚ ਸਾਹਿਤਕਤਾ ਨਹੀਂ ਤਾਂ ਉਹ ਰਚਨਾ ਨਾ ਸ਼ਾਹਕਾਰ ਤੇ ਨਾ ਕਲਾਸਿਕ ਬਣ ਸਕਦੀ ਹੈ। ਨਾ ਹੀ ਉਹ ਆਪਣੇ ਸਾਹਿਤ ਇਤਿਹਾਸ ਵਿਚ ਯਾਦਗਾਰੀ ਰਹਿੰਦੀ ਹੈ। ਸਮੇਂ-ਸਮੇਂ ਉੱਠੀਆਂ ਵਿਚਾਰਧਾਰਾਵਾਂ ਜਾਂ ਵਿਚਾਰ-ਪੱਧਤੀਆਂ ਸਾਹਿਤ ਦੀਆਂ ਕੋਈ ਦੁਸ਼ਮਣ ਨਹੀਂ ਹਨ। ਇਹ ਸਾਹਿਤ ਤੇ ਸਮਾਜ ਦੀ ਸਮਝ ਲਈ ਸਹਾਇਕ ਹੋ ਸਕਦੀਆਂ ਹਨ। ਪਰ ਇੰਨ੍ਹਾਂ ਦੀ ਗੁਲਾਮੀ ਜਾਂ ਕੈਦ ਸਾਹਿਤ ਦੇ ਮਹੱਤਵ ਨੂੰ ਸੀਮਿਤ ਕਰ ਦੇਂਦੀ ਹੈ। ਇਸ ਤੋਂ ਸਾਵਧਾਨ ਹੋਣ ਦੀ ਲੋੜ ਹੈ।

ਡਾ. ਅੰਮ੍ਰਿਤਪਾਲ ਕੌਰ ਦੀ ਪੁਸਤਕ ਪੰਜਾਬੀ ਗਲਪ ਸਭਿਆਚਾਰਕ ਰਿਸ਼ਤਿਆਂ ਦਾ ਪ੍ਰਵਚਨ 2018 ਵਿਚ ਛੱਪੀ ਹੈ। ਇਸ ਦਾ ਪਹਿਲਾ ਅੱਧਾ ਹਿੱਸਾ ਕੁਝ ਨਵੇਂ ਨਾਵਲਾਂ ਦੀ ਆਲੋਚਨਾ ਸੰਬੰਧੀ ਹੈ। ਸਭ ਤੋਂ ਪਹਿਲਾ ਬਲਬੀਰ ਪਰਵਾਨਾ ਦੇ ਨਾਵਲ ਖੇਤਾਂ ਦਾ ਰੁਦਨ ਬਾਰੇ ਆਲੋਚਨਾ ਇਸ ਨਾਂਹਵਾਚੀ ਟਿੱਪਣੀ ਤੋਂ ਆਰੰਭ ਹੁੰਦੀ ਹੈ; "ਨਾਵਲ ਖੇਤਾਂ ਦਾ ਰੁਦਨ ਵਿਚ... *ਅੰਨਦਾਤਾ ਦੀ ਮੂਕ ਸਮੱਸਿਆ ਨੂੰ ਸਮਝਾਉਣ ਦੀ ਨੀਯਤ ਤੇ ਨੀਤੀ ਨਾਵਲੀ ਬਿਰਤਾਂਤ ਵਿਚ ਕਿਧਰੇ ਵੀ ਵਿਖਾਈ ਨਹੀਂ ਦੇਂਦੀ।*" ਹਰਭਜਨ ਹਾਂਸ ਦੇ ਨਾਵਲ ਸ਼ਹਿਰ ਭੰਬੋਰ 'ਚ ਵੱਸਦੀਓ ਕੁੜੀਓ ਸੰਬੰਧੀ ਆਲੋਚਿਕਾ ਪਹਿਲਾ ਆਪਣੀ ਪ੍ਰਸੰਪ੍ਰਭਾਵ-ਭ੍ਰਾਂਤੀ ਸਪੱਸ਼ਟ ਕਰਦੀ ਹੈ। "*ਵਿਅਕਤੀਗਤ ਰੂਪ ਵਿਚ ਹੱਥਲੇ ਨਾਵਲ ਨੇ ਮੈਨੂੰ ਬਹੁਤ ਪ੍ਰਭਾਵਿਤ ਕੀਤਾ। ਸਮਕਾਲੀ ਪੰਜਾਬੀ ਗਲਪ ਦੀ ਹਰ ਰਚਨਾ ਨੂੰ ਮੈਂ ਪੜ੍ਹਨ ਦੀ ਕੋਸ਼ਿਸ਼ ਕਰਦੀ ਹਾਂ। ਹੱਥਲੀ ਰਚਨਾ ਨੇ ਮੇਰੀ ਮਾਨਸਿਕਤਾ ਨੂੰ ਹਲੂਣਿਆ।*"ਅਜੇਹੀ ਆਲੋਚਨਾ ਅਤੀ ਉਲਾਰ ਹੈ। ਇਹ ਆਲੋਚਨਾ ਮਿਆਰ ਤੋਂ ਥਿੜਕੀ ਹੋਈ ਵੀ ਹੈ। ਸਭ ਤੋਂ ਪਹਿਲਾ ਆਲੋਚਕ ਨੇ ਕਿਸੇ ਰਚਨਾ ਦੇ ਅੰਦਰੂਨੀ ਤੇ ਬਾਹਰੀ (ਸਮਾਜ ਨਾਲ ਜੁੜੇ) ਪੱਖਾਂ ਨੂੰ ਜਾਣਨਾ ਹੁੰਦਾ ਹੈ। ਫਿਰ ਉਸ ਸੰਬੰਧੀ ਆਪਣੀ ਟਿੱਪਣੀ ਬਾਅਦ ਵਿਚ ਦੇਣੀ ਹੁੰਦੀ ਹੈ। ਪਰ ਸਾਡੇ ਬਹੁਤੇ ਅਜੇਹੇ ਆਲੋਚਕ ਜੋ ਗੱਲ ਅਖ਼ੀਰ ਵਿਚ ਕਰਨੀ ਹੁੰਦੀ ਹੈ, ਉਹ ਸ਼ੁਰੂ ਵਿਚ ਕਰਦੇ ਹਨ। ਆਲੋਚਕ ਨੇ ਸਭ ਤੋਂ ਪਹਿਲਾ ਪਾਠਕਾਂ ਅੱਗੇ ਕਿਸੇ ਕਲਾ-ਕ੍ਰਿਤ ਦੀਆਂ ਆਂਤਰਿਕ ਪਰਤਾਂ ਖੋਲ੍ਹਣੀਆਂ ਹੁੰਦੀਆਂ ਹਨ। ਫਿਰ ਉਸ ਦੀ ਵਿਚਾਰਧਾਰਾ, ਵਿਸ਼ਲੇਸ਼ਣੀ ਬਿਰਤੀ ਤੇ ਉਸ ਦਾ ਸਮਾਜ ਨਾਲ ਮੁਲਾਂਕਣ ਕਰਨਾ ਹੁੰਦਾ ਹੈ। ਡਾ. ਕੌਰ ਆਪਣੇ ਵਿਸ਼ਲੇਸ਼ਣ ਵਿਚ ਨਾਵਲ ਦੇ ਥੀਮ/ਵਿਸ਼ੇ ਨੂੰ ਜਾਣਨ ਦੀ ਕੋਸ਼ਿਸ਼ ਤਾਂ ਕਰਦੀ ਹੈ ਪਰ ਨਾਵਲ ਵਿਚ ਨਾਵਲੀਅਤਾ ਕਿਵੇਂ ਬਣਦੀ ਤੇ ਉਸਰਦੀ ਹੈ, ਇਸ ਦਾ ਆਭਾਵ ਹੀ ਹੈ। ਸਮੁੱਚੇ ਆਲੋਚਨਾਤਿਮਕ ਕਾਰਜ ਵਿਚ ਨਾਵਲਾਂ ਰਾਹੀਂ ਸਮਾਜਕ ਰਿਸ਼ਤਿਆਂ ਦੇ ਨਿਘਾਰ ਦੀ ਗੱਲ ਕੀਤੀ ਗਈ ਹੈ। ਅਜੇਹਾ ਨਿਘਾਰ ਨਾਵਲ ਵਿਚ ਕਿਸ ਕਿਸਮ ਦੀ ਇਤਿਹਾਸਕ ਤੇ ਵਿਚਾਰਧਾਰਾਈ ਪਿੱਠ-ਭੂਮੀ ਨਾਲ ਜੁੜਿਆ ਹੋਇਆ ਹੈ, ਉਸ ਧਰਾਤਲ ਨੂੰ ਜਾਣਨ ਜਾਂ ਸਮਝਣ ਸੰਬੰਧੀ ਕੋਈ ਬੌਧਿਕ ਝਰੋਖਾ ਨਹੀਂ ਹੈ।

ਡਾ. ਕੌਰ ਦੀ ਆਲੋਚਨਾ ਦਾ ਸੁਭਾਅ ਪੁਸਤਕ-ਰੀਵਿਊ ਵਰਗਾ ਹੈ। ਰਚਨਾਵਾਂ ਦੀਆਂ ਵੱਖ-ਵੱਖ ਪਰਤਾਂ ਬਾਰੇ ਕਈ ਪੱਖ ਅਣਛੋਹੇ ਹਨ। ਆਲੋਚਿਕਾ ਕਈ ਵਾਰ ਨਾਵਲ ਦੀ ਬਣਤਰ, ਬੁਣਤਰ, ਵਿਅੰਗ ਤੇ ਕਟਾਖ਼ਸ ਵਗੈਰਾ ਸ਼ਬਦਾਂ ਦੀ ਵਰਤੋਂ ਕਰਦੀ ਹੈ। ਪਰ ਇਹ ਸੰਕਲਪ ਨਾਵਲ ਵਿਚ ਕਿਵੇਂ ਨਾਜ਼ਲ ਹਨ, ਇੰਨ੍ਹਾਂ ਦੇ ਸਾਹਿਤਕ ਅਰਥ ਕੀ ਹਨ, ਇਸ ਬਾਰੇ ਕੋਈ ਸੁੱਧ-ਬੁੱਧ ਨਹੀਂ ਹੈ। ਜ਼ਿਆਦਾਤਰ ਚਰਚਾ ਕੇਵਲ ਨਾਵਲਾਂ ਦੇ ਵਿਸ਼ੇ ਤੱਕ ਮਹਿਦੂਦ ਹੈ। ਅਜੇਹੀ ਆਲੋਚਨਾ ਦਾ ਪ੍ਰਤੀਨਿਧ ਨਮੂਨਾ ਵੀਹਵੀਂ ਸਦੀ ਦੀ ਆਖ਼ਰੀ ਕਥਾ ਨਾਵਲ ਦੇ ਪ੍ਰਸੰਗ ਵਿਚੋਂ ਵੀ ਉੱਭਰਦਾ ਹੈ।

ਇਸ ਨਾਵਲ ਸੰਬੰਧੀ ਸਿਰਲੇਖ ਹੈ : 'ਖਾਲਿਸਤਾਨੀ ਲਹਿਰ ਦੇ ਕਾਰਨਾਂ ਦੀ ਤਲਾਸ਼', *ਵੀਹਵੀਂ ਸਦੀ ਦੀ ਆਖ਼ਰੀ ਕਥਾ*। ਪਰ ਨਾਵਲ ਦੀ ਸਮੁੱਚੀ ਆਲੋਚਨਾ ਵਿਚੋਂ ਖਾਲਿਸਤਾਨੀ ਲਹਿਰ ਦੇ ਕਾਰਨਾਂ ਬਾਰੇ ਇਤਿਹਾਸਕ, ਸਮਾਜਕ, ਸਿਆਸੀ ਤੇ ਆਰਥਿਕ ਪ੍ਰਸੰਗਾਂ ਦੀ ਕੋਈ ਪਛਾਣ ਨਹੀਂ ਹੈ। ਇਸੇ ਤਰ੍ਹਾਂ ਹੀ ਸਥਿਤੀ ਅਗਲੇ ਅਧਿਆਇ 'ਸਲੋਅ ਡਾਊਨ ਦੀ ਸਮਕਾਲੀਨ ਪ੍ਰਸੰਗਤਾ' ਬਾਰੇ ਹੈ। ਇਸ ਨਾਵਲ ਬਾਰੇ ਆਲੋਚਿਕਾ 'ਨਵ-ਨਾਵਲ' ਦੀ ਟਰਮ ਵਰਗੀ ਹੈ। ਪਰ ਇਹ ਕਿਵੇਂ 'ਨਵ-ਨਾਵਲ' ਹੈ ਜਾਂ 'ਨਵ-ਨਾਵਲ' ਦੀ ਕੀ ਟਰਮ ਹੈ, ਇਸ ਬਾਰੇ ਪਾਠਕ ਨੂੰ ਕੋਈ ਪਤਾ ਨਹੀਂ ਲੱਗਦਾ ਹੈ। ਨਾਵਲ ਦੀ ਵੱਖਰਤਾ ਇਸ ਗੱਲ ਵਿਚ ਦੱਸੀ ਗਈ ਹੈ ਕਿ ਇਸ ਵਿਚ ਕੋਈ ਵੀ ਮੁੱਖ ਪਾਤਰ ਨਹੀਂ ਹੈ। ਪਰ ਸੁਰਜੀਤ ਸਿੰਘ ਸੇਠੀ ਅਤੇ ਮਿੱਤਰ ਸੈਨ ਮੀਤ ਦੇ ਕਈ ਨਾਵਲਾਂ ਵਿਚ ਵੀ ਕੋਈ ਮੁੱਖ ਪਾਤਰ ਨਹੀਂ ਹੈ। ਇੰਨ੍ਹਾਂ ਨਾਵਲਾਂ ਬਾਰੇ ਬਹੁਤ ਸਾਰਾ ਆਲੋਚਨਾਤਮਿਕ ਕਾਰਜ ਹੋਇਆ ਹੈ। ਪਰ ਕਿਸੇ ਆਲੋਚਕ ਨੇ ਵੀ ਇੰਨ੍ਹਾਂ ਦੇ ਨਾਵਲਾਂ ਨੂੰ 'ਨਵ-ਨਾਵਲ' ਨਹੀਂ ਕਿਹਾ ਹੈ। ਇਸ ਤਰ੍ਹਾਂ ਨੌਜਵਾਨ ਆਲੋਚਿਕਾ ਪੰਜਾਬੀ ਨਾਵਲ ਦੇ ਇਤਿਹਾਸ ਤੋਂ ਅਣਜਾਨ ਜਾਪਦੀ ਹੈ। ਸੁਰਿੰਦਰ ਨੀਰ ਦੇ ਨਾਵਲ ਸ਼ਿਕਾਰਗਾਹ ਦਾ ਅਧਿਐਨ ਅਮਰਜੀਤ ਸਿੰਘ ਗਰੇਵਾਲ ਦੀ ਨਾਵਲ ਵਿਚ ਦਿੱਤੀ 'ਭੂਮਿਕਾ' ਉੱਤੇ ਆਧਾਰਿਤ ਹੈ। ਡਾ. ਕੌਰ ਦੇ ਇਸ ਨਾਵਲ ਪ੍ਰਤੀ ਸਮੁੱਚੇ ਨਜ਼ਰੀਏ ਦਾ ਅਰਥ ਇਹ ਹੈ ਕਿ ਕਸ਼ਮੀਰ ਦਾ ਇਲਾਕਾ ਘੱਟ ਗਿਣਤੀਆਂ ਦੀ ਵੀ ਸ਼ਿਕਾਰਗਾਹ ਹੈ ਅਤੇ ਮੁਜ਼ਾਹਾਦੀਨਾਂ ਦੀ ਵੀ। ਆਮ ਲੋਕਾਈ ਦੋਨੋਂ ਪਾਸੇ ਤੋਂ ਪੀੜ੍ਹਿਤ ਹੈ। ਅਜੇਹਾ ਨਜ਼ਰੀਆ ਸੰਤੁਲਨ ਤੇ ਤਰਕ ਸੰਗਤ ਤਾਂ ਹੈ, ਪਰ ਇਹ ਡਾ. ਗਰੇਵਾਲ ਦੀ 'ਭੂਮਿਕਾ' ਦੇ ਪ੍ਰਭਾਵ ਹੇਠ ਹੀ ਨਹੀਂ, ਇਸ ਦੀ ਮਾਰ ਹੇਠ ਵੀ ਹੈ। ਨਵੇਂ ਆਲੋਚਕਾਂ ਨੇ ਕਿਸੇ ਰਚਨਾ ਪ੍ਰਤੀ ਹੋਏ ਆਲੋਚਨਾਤਮਿਕ ਕਾਰਜ ਨੂੰ ਆਪਣੇ ਤਰਕ ਦੀ ਪੁਸ਼ਟੀ ਲਈ ਵਰਤਣਾ ਵੀ ਹੁੰਦਾ ਹੈ ਤੇ ਆਪਣੇ ਵੱਖਰੇ ਵਿਚਾਰਾਂ ਦੇ ਸਨਮੁੱਖ ਪੁਰਾਣੀ ਆਲੋਚਨਾ ਤੋਂ ਅੱਗੇ ਵੀ ਤਰਨਾ ਹੁੰਦਾ ਹੈ। ਪਰ ਅਜੋਕੀ ਬਹੁਤੀ ਆਲੋਚਨਾ ਵਿਚੋਂ ਅਜੇਹੀ ਸੰਵਾਦ ਬਿਰਤੀ ਗਾਇਬ ਹੈ।

ਸਾਹਿਤ ਰਚਨਾਵਾਂ ਸੰਬੰਧੀ ਕੇਵਲ ਨਿੰਦਾ ਜਾਂ ਪ੍ਰਸੰਦਾ ਇਕ ਪਾਸੜ ਵਤੀਰਾ ਅਕਸਰ ਹੀ ਸੂਖ਼ਮ ਸਮਝ ਤੋਂ ਕੋਰਾ ਹੁੰਦਾ ਹੈ। ਆਲੋਚਕ ਨੇ ਸਾਹਿਤ ਦੇ ਸਮਾਜਕ ਮਹੱਤਵ ਦੇ ਨਾਲ-ਨਾਲ ਇਸ ਦਾ ਮੁੱਲਾਂਕਣੀ ਵਿਸ਼ਲੇਸ਼ਣ ਵੀ ਕਰਨਾ ਹੁੰਦਾ ਹੈ। ਕਈ ਵਾਰ ਰਚਨਾਵਾਂ ਦੀ ਆਪਣੀ ਅੰਤਲੀ ਸੁਰ ਕੁਝ ਹੋਰ ਹੁੰਦੀ ਹੈ ਪਰ ਸਮੇਂ ਤੇ ਸਮਾਜ ਦੀ ਹੋਰ। ਮਿਸਾਲ ਵਜੋਂ ਰਾਮ ਸਰੂਪ ਅਣਖੀ ਦਾ ਨਾਵਲ ਕੋਠੇ ਖੜਕ ਸਿੰਘ (1985) ਹੈ। ਇਹ ਆਪਣੇ ਸਮਿਆਂ ਦਾ ਚਰਚਿਤ, ਵੱਡ-ਆਕਾਰੀ ਤੇ ਪ੍ਰਸਿੱਧ ਨਾਵਲ ਹੈ। ਇਸ ਨਾਵਲ ਦੇ ਅਖ਼ੀਰ ਵਿਚ ਖੱਬੇ-ਪੱਖੀ ਸੋਚ ਦੀ ਬੜ੍ਹਤ ਵਿਖਾਈ ਦੇਂਦੀ ਹੈ। ਨਾਵਲਕਾਰ ਮੁਤਾਬਕ ਨੌਜਵਾਨ ਪੀੜ੍ਹੀ ਅਗਾਂਹਵਧੂ ਵਿਚਾਰਾਂ ਤੇ ਅਜੇਹੇ ਸਾਹਿਤ ਨਾਲ ਜੁੜਦੀ ਵਿਖਾਈ ਦੇਂਦੀ ਹੈ। ਪਰ ਇਸ ਨਾਵਲ ਦੇ ਪ੍ਰਕਾਸ਼ਿਤ ਸਮੇਂ ਪੰਜਾਬ ਵਿਚ ਸਿੱਖ ਮੂਲਵਾਦ, ਵੱਖਵਾਦ ਜਾਂ ਖਾੜਕੂਵਾਦ ਆਪਣੇ ਸਿਖ਼ਰ ਵੱਲ ਵੱਧਦਾ ਹੈ। ਇਸ ਕਰਕੇ ਨਾਵਲਕਾਰ ਦੀ ਨਾਵਲੀ ਦ੍ਰਿਸ਼ਟੀ ਅਤੇ ਸਮਾਜਕ ਹੀਕੀਕਤ ਵਿਚ ਵੱਡਾ ਦੁਫ਼ੇੜ ਬਣਿਆ ਨਜ਼ਰ ਆਉਂਦਾ ਹੈ। ਇਸ ਸਾਰੇ ਕੁਝ ਪ੍ਰਤੀ ਆਲੋਚਕ ਨੇ ਪਾਠਕਾਂ ਨੂੰ ਇਕ ਸਮਝ ਦੇਣੀ ਹੁੰਦੀ ਹੈ। ਵਿਸ਼ਾ-ਵਸਤੂ ਵਿਚ ਕੀ ਹੈ? ਉਹ ਕਿਵੇਂ ਦਾ ਹੈ? ਉਸ ਦੀਆਂ ਸਮਾਜੀ ਤੇ ਬੌਧਿਕ ਹਕੀਕਤਾਂ ਕਿਵੇਂ ਹਨ? ਉਸ ਦੇ ਗਲਪੀ ਕਿਸਮ ਦੇ ਸੁਪਨਮਈ ਸੰਦੇਸ਼ ਦੀ ਸਾਰਥਕਤਾ ਕਿਵੇਂ ਦੀ ਹੈ? ਇਸ

ਦਾ ਸਮਾਜਕ ਮੁੱਲ ਤੇ ਮਹੱਤਵ ਕੀ ਹੈ? ਇਸ ਦੀ ਢੂੰਡ-ਭਾਲ ਹੀ ਅਸਲ ਆਲੋਚਨਾ ਹੈ।

ਇਸ ਆਲੋਚਨਾਤਿਮਕ ਪੁਸਤਕ ਦੀ ਸੀਮਾ ਇਹ ਵੀ ਹੈ ਕਿ ਇਸ ਵਿਚ ਆਲੋਚਨਾਤਿਮਕ ਵਿਧੀ-ਵਿਧਾਨ ਸੰਬੰਧੀ ਇਕਸਾਰਤਾ ਨਹੀਂ ਹੈ। ਕਿਸੇ ਆਰਟੀਕਲ ਵਿਚ ਹਵਾਲੇ ਟਿੱਪਣੀਆਂ ਖੋਜ-ਵਿਧੀ ਅਨੁਸਾਰ ਹਨ। ਕਿਸੇ ਵਿਚ ਇਹ ਨਹੀਂ ਹਨ। ਇਸ ਪੁਸਤਕ ਵਿਚ ਅਧੂਰੀ ਵਾਕ ਬਣਤਰ ਇਕ ਹੋਰ ਸਮੱਸਿਆ ਹੈ। ਆਲੋਚਨਾਤਿਮਕ ਪੁਸਤਕ ਵਿਚ ਇਕ ਨਿਰੰਤਰ ਥੀਸਿਜ਼ ਸੁਭਾਇਮਾਨ ਨਹੀਂ ਹੈ। ਕੁਝ ਹੋਰ ਨਵੇਂ ਨਾਵਲਾਂ ਬਾਰੇ ਵੀ ਉਪਰੋਕਤ ਕਿਸਮ ਦੀ ਇਕ ਪਾਸੜ ਆਲੋਚਨਾ ਪੈਂਤੜਾ ਹੀ ਸੁਭਾਇਮਾਨ ਹੈ। ਵੇਖਣ ਵਾਲਾ ਨੁਕਤਾ ਇਹ ਵੀ ਹੈ ਕਿ ਅਜੇਹੀਆਂ ਬਹੁਤ ਸਾਰੀਆਂ ਨਾਵਲੀ ਰਚਨਾਵਾਂ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਗੁਣ ਨਹੀਂ ਕੇਵਲ ਗਿਣਤੀ ਦਾ ਵਾਧਾ ਹਨ। ਇੰਨ੍ਹਾਂ ਵਿਚ ਕੋਈ ਵਿਸ਼ੈ ਜਾਂ ਨਾਵਲੀਅਤਾ ਦੇ ਪੱਖ ਤੋਂ ਵੱਖਰਾ-ਵਿਸ਼ੇਸ਼ ਨਹੀਂ ਹੈ। ਪਰ ਹਰ ਆਲੋਚਕ ਦੀ ਰਚਨਾਵਾਂ ਪ੍ਰਤੀ ਚੋਣ ਦੀ ਆਪਣੀ ਖੁਦਮੁਖਤਾਰੀ ਹੁੰਦੀ ਹੈ। ਸਾਡੇ ਲਈ ਮੁੱਖ ਮੁੱਦਾ ਰਚਨਾ ਸੰਬੰਧੀ ਕੀਤੀ ਆਲੋਚਨਾ ਦੇ ਮਿਆਰ ਦਾ ਹੈ। ਪਰ ਬਹੁਤੀ ਵਾਰ ਮਿਆਰਹੀਣ ਰਚਨਾਵਾਂ ਪ੍ਰਤੀ ਆਲੋਚਨਾ ਵੀ ਅਣਗੌਲੀ ਜਾਂ ਮਹੱਤਵਹੀਣ ਹੋ ਜਾਂਦੀ ਹੈ।

ਸਾਡੀ ਆਲੋਚਨਾ ਸਾਡੇ ਵਿਦਿਆਰਥੀਆਂ ਦੀਆਂ ਅਕਾਦਮਿਕ ਤੇ ਸਿਲੇਬਸੀ ਲੋੜਾਂ ਉੱਤੇ ਟਿੱਕੀ ਹੋਈ ਹੈ। ਇਹ ਲੋੜਾਂ ਪੂਰੀਆਂ ਕਰਨੀਆਂ ਸਨ। ਇਸ ਕਰਕੇ ਅਜੇਹੀ ਆਲੋਚਨਾ ਨੇ ਉਪਜਣਾ ਵੀ ਸੀ। ਪਰ ਸਾਹਿਤ ਆਲੋਚਨਾ ਵਿਚੋਂ ਸਮਾਜ-ਇਤਿਹਾਸ ਦੀ ਸਮਝ ਵੀ ਉਪਜਣੀ ਚਾਹੀਦੀ ਸੀ। ਅਜੇਹੀ ਸਮਝ ਵਾਲੀ ਆਲੋਚਨਾ ਟਾਂਵੀ-ਟਾਂਵੀ ਤਾਂ ਹੈ, ਪਰ ਇਹ ਇਕ ਨਿਰੰਤਰ ਪ੍ਰਵਾਹ ਵਜੋਂ ਸੁਭਾਇਮਾਨ ਨਹੀਂ ਹੈ। ਇਹ ਸੀਮਾ ਅਜੋਕੇ ਨੌਜਵਾਨ ਆਲੋਚਕਾ ਦੀ ਹੀ ਨਹੀਂ, ਕੁਝ ਥੋੜ੍ਹੇ ਪੁਰਾਣੇ ਜਾਂ ਪ੍ਰੌਢ ਆਲੋਚਕਾ ਦੀ ਵੀ ਹੈ। ਸਾਡੇ ਅਧਿਆਪਕਾਂ ਦੀਆਂ ਪ੍ਰਮੋਸ਼ਨ ਸੰਬੰਧੀ ਵੀ ਆਪਣੀਆਂ ਪ੍ਰਕਾਸ਼ਿਤ ਲੋੜ੍ਹਾਂ ਹਨ। ਇਸ ਕਰਕੇ ਬਹੁਤਾਂ ਆਲੋਚਨਾਤਮਿਕ ਕਾਰਜ ਗਰਜ-ਮੁਖੀ ਹੈ। ਇਹ ਆਪਣੇ ਅਸਲ ਗੁਣਵੰਤਾ ਧਰਮ ਤੋਂ ਓਰਾਂ-ਪਰਾਂ ਹੈ। ਸਾਡੀਆਂ ਨਿੱਜੀ ਲੋੜ੍ਹਾਂ/ ਗਰਜ਼ਾਂ ਨੇ ਸਾਡੀ ਕੁਆਲਟੀ ਦਾ ਨਾਸ ਮਾਰ ਦਿੱਤਾ ਹੈ। ਵਧੇਰੇ ਪੰਜਾਬੀ ਆਲੋਚਨਾ ਨੇ ਕਿਵੇਂ ਗਿਆਨ ਦਾ ਸੰਗਠਨ ਬਣਨਾ ਹੈ, ਇਸ ਪਾਸੇ ਤੁਰਨ ਦੀ ਲੋੜ ਹੈ। ਇਸ ਸੰਬੰਧੀ ਸਾਡੀ ਉੱਚ ਵਿਦਿਅਕ ਅਦਾਰਿਆਂ ਵਿਚ ਕੰਮ ਕਰਦੇ ਅਧਿਆਪਕਾਂ/ਆਲੋਚਕਾ ਦੀ ਵੀ ਜੁੰਮੇਂਵਾਰੀ ਹੈ। ਵੇਖਣ ਵਾਲੀ ਗੱਲ ਇਹ ਹੈ ਕਿ ਜੇ ਅੱਜ ਦੇ ਨੌਜਵਾਨ ਆਲੋਚਕਾ ਦੀ ਵਾਕ-ਬਣਤਰ ਤੇ ਵਿਆਕਰਣ ਥਿੜਕੀ ਹੋਈ ਹੈ, ਜੇ ਉਨ੍ਹਾਂ ਵਿਚ ਸਪੱਸ਼ਟਤਾ ਨਹੀਂ ਹੈ ਜਾਂ ਜੇ ਉਹ ਸਾਹਿਤਕ ਸੰਕਲਪਾਂ ਤੋਂ ਪੂਰੀ ਤਰ੍ਹਾਂ ਜਾਣੂੰ ਨਹੀਂ ਹਨ, ਤਾਂ ਫਿਰ ਇਹ ਜੁੰਮੇਂਵਾਰੀ ਕਿਸ ਦੀ ਹੈ? ਜ਼ਰੂਰ ਹੀ ਅਜੇਹੀਆਂ ਸੀਮਾਵਾਂ ਦੇ ਕਾਰਣ ਸਾਡੀ ਅਜੋਕੀ ਵਿਦਿਅਕ ਪ੍ਰਣਾਲੀ ਜਾਂ ਇਸ ਦੀ ਟ੍ਰੇਨਿੰਗ ਸੰਬੰਧੀ ਘਾਟ ਵਿਚ ਛੁੱਪੇ ਨਜ਼ਰ ਆਉਂਦੇ ਹਨ। ਅਜੋਕੇ ਸਮਿਆਂ ਵਿਚ ਖੋਜ-ਕਾਰਜਾਂ ਪ੍ਰਤੀ ਅਭਿਆਸ ਅਤੇ ਮੁਸ਼ਕਤ ਦੀ ਘਾਟ ਰੜਕਦੀ ਹੈ। ਯੂਨੀਵਰਸਿਟੀਆਂ ਜਾਂ ਅਜੇਹੇ ਉੱਚ-ਵਿਦਿਅਕ ਅਦਾਰਿਆਂ ਵਿਚ ਖੋਜ-ਵਿਦਿਆਰਥੀ ਵੱਧ ਗਏ ਹਨ ਪਰ ਅਧਿਆਪਕ ਘੱਟ ਗਏ ਹਨ। ਅਜੇਹੀ ਸਥਿਤੀ ਵਿਚ ਖੋਜ-ਕਾਰਜਾਂ ਦੀ ਸਹੀ ਤਰੀਕੇ ਨਾਲ ਨਿਕਟ ਤੇ ਬਾਰੀਕ ਨਿਗਰਾਨੀ ਕਰ ਸਕਣੀ ਮੁੱਸ਼ਕਲ ਹੈ। ਖੋਜ ਵਿਦਿਆਰਥੀ ਨੂੰ ਆਪਣੇ ਆਪ ਤੋਂ ਅੱਗੇ ਆਪਣੀ ਦ੍ਰਿਸ਼ਟੀ ਨੂੰ ਅੱਗੇ ਵਸੀਹ ਕਰਨ ਦੇ ਪੂਰੇ ਮੌਕੇ ਨਹੀਂ ਮਿਲ ਰਹੇ ਹਨ। ਉਂਜ਼ ਵੀ ਜਿਸ ਸਮਾਜ ਜਾਂ ਖਿੱਤੇ ਵਿਚ ਨੌਜਵਾਨ ਪੀੜ੍ਹੀ

ਦਾ ਵਰਤਮਾਨ ਗਵਾਚ ਰਿਹਾ ਹੋਵੇ ਅਤੇ ਭਵਿੱਖ ਸੰਬੰਧੀ ਕੋਈ ਵਿਸ਼ਵਾਸ਼ ਵਾਲੀ ਆਸ ਨਾ ਰਹੇ ਤਾਂ ਅਜੇਹੀ ਪੀੜ੍ਹੀ ਦੀ ਆਪਣੇ ਕੰਮ ਪ੍ਰਤੀ ਲਗਨ, ਸੁਹਿਰਦਤਾ ਤੇ ਮਿਹਨਤ ਦਮ ਤੋੜਨ ਲੱਗਦੀ ਹੈ।

ਕਿਰਪਾਲ ਕਜ਼ਾਕ ਦੀ ਸੰਪਾਦਿਤ ਪੁਸਤਕ ਨਛੱਤਰ ਦਾ ਗਲਪ ਚਿੰਤਨ (2016) ਵਿਚ ਵੱਖ-ਵੱਖ ਆਲੋਚਕਾ ਦੇ ਖੋਜ-ਪੱਤਰ ਸ਼ਾਮਿਲ ਹਨ। ਇਸ ਵਿਚ ਨਛੱਤਰ ਦੇ ਨਾਵਲਾਂ ਦੇ ਵਿਸ਼ੇ-ਵਸਤੂ ਅਤੇ ਬਿਰਤਾਂਤ ਜੁਗਤਾਂ ਉੱਤੇ ਧਿਆਨ ਜੋੜਿਆ ਗਿਆ ਹੈ। ਇਕ ਸੰਪਾਦਿਤ ਪੁਸਤਕ ਹੋਣ ਕਰਕੇ ਇਸ ਵਿਚ ਸ਼ਾਮਿਲ ਖੋਜ-ਪੱਤਰਾਂ ਵਿਚ ਵੰਨ-ਸਵੰਨਤਾ ਹੈ। ਅਜੇਹੀ ਪੁਸਤਕ ਕਿਸੇ ਇਕ ਪੱਖ ਤੱਕ ਸੀਮਿਤ ਨਾ ਹੋ ਕੇ ਪਾਠਕ ਨੂੰ ਬਹੁਪੱਖੀ ਜਾਣਕਾਰੀ ਦੇਂਦੀ ਹੈ। ਪਰ ਇਸ ਦਾ ਵਧੇਰੇ ਨਜ਼ਰੀਆ ਮੁਲਾਂਕਣੀ ਨਹੀਂ ਹੈ। ਨਵੇਂ ਸਾਹਿਤਕਾਰਾਂ ਨੂੰ ਥਾਪੜਾ ਵੀ ਦਿੱਤਾ ਜਾਣਾ ਚਾਹੀਦਾ ਹੈ, ਪਰ ਉਨ੍ਹਾਂ ਦੀਆਂ ਰਚਨਾਵਾਂ ਪ੍ਰਤੀ ਵਿਸ਼ਲੇਸ਼ਣੀ ਤੇ ਮੁਲਾਂਕਣੀ ਪਹੁੰਚ ਵੀ ਅਪਨਾਉਣੀ ਬਣਦੀ ਹੈ। ਨਛੱਤਰ ਗਿੱਲ ਦੇ ਨਾਵਲ ਜ਼ਿਆਦਾਤਰ ਅਜੋਕੇ ਸਮਿਆਂ ਦੇ ਵੇਰਵਿਆਂ ਤੇ ਤੱਥਾਂ ਦਾ ਬਿਰਤਾਂਤ ਹਨ। ਇਨ੍ਹਾਂ ਵਿਚ ਪਾਤਰ-ਚਿੱਤ੍ਰਣ ਕਮਜ਼ੋਰ ਹੈ। ਸਭ ਪਾਤਰਾਂ ਦੀ ਭਾਸ਼ਾ ਇਕੋ ਜੇਹੀ ਹੈ। ਇਸ ਦਾ ਕੋਈ ਪਾਤਰ ਯਾਦਗਾਰੀ ਨਹੀਂ ਹੈ। ਨਾਵਲ ਦੀ ਨਾਵਲੀਅਤਾ ਬਣਨ ਸੰਬੰਧੀ ਕਈ ਸੀਮਾਵਾਂ ਹਨ। ਅਜੋਕੇ ਯੁੱਗ ਦੇ ਨਿੱਤ ਬਦਲ ਰਹੇ ਵਰਤਾਰੇ ਵਿਚ ਜਿਵੇਂ ਟਿਕਾਊ ਕੁਝ ਵੀ ਨਹੀਂ ਹੈ, ਏਵੇਂ ਦੀ ਹਾਲਤ ਹੀ ਸਾਹਿਤ ਰਚਨਾਵਾਂ ਦੀ ਹੈ। ਸਾਡੇ ਪਰੰਪਰਾ ਦੇ ਨਾਵਲਾਂ ਵਿਚ ਕਹਾਣੀ ਰਸ ਵੀ ਸੀ ਤੇ ਸ਼ੈਲੀ ਰਸ ਵੀ। ਨਾਲ ਲੋਕ ਆਧਾਰ ਨਾਲ ਜੁੜੀ ਲੋਕਧਾਰਾਈ ਸ਼ਬਦਾਵਲੀ ਵੀ ਸੀ। ਪਾਤਰ ਵੀ ਜ਼ੋਰਦਾਰ ਸਨ। ਪਰ ਅਜੋਕੇ ਨਾਵਲ ਅਜੇਹੇ ਲੱਛਣਾਂ ਤੋਂ ਕੋਰੇ ਨਜ਼ਰ ਆਉਂਦੇ ਹਨ। ਨਛੱਤਰ ਦੇ ਨਾਵਲ ਅਜੋਕੇ ਹਰ ਤਰ੍ਹਾਂ ਪ੍ਰਦੂਸ਼ਿਤ ਵਰਤਾਰੇ ਦੀ ਤਰਜ਼ਮਾਨੀ ਕਰਦੇ ਹਨ। ਪਰ ਇਸ ਵਿਚ ਕਸੂਰ ਜਾਂ ਜੁੰਮੇਂਵਾਰੀ ਦੀਆਂ ਤੰਦਾਂ ਜਿਵੇਂ ਆਮ ਲੋਕਾਂ ਦੀਆਂ ਲੋੜਾਂ ਤੇ ਸੁਭਾਅ ਤੋਂ ਲੈ ਕੇ ਹਕੂਮਤਾਂ ਦੇ ਖਾਸੇ ਨਾਲ ਜੁੜੀਆਂ ਹੋਈਆਂ ਹਨ, ਤਿਵੇਂ ਦੀ ਸਮਾਜ ਤੇ ਜੀਵਨ ਪ੍ਰਤੀ ਕੋਈ ਦਾਰਸ਼ਨਿਕ ਧਾਰ ਜਾਂ ਸੋਝੀ ਨਹੀਂ ਉੱਭਰਦੀ ਹੈ। ਅਜੋਕਾ ਸਾਰਾ ਵਿਹਾਰ ਤੇ ਸੁਭਾਅ ਹੁਣ ਵਿਸ਼ਵਾਸ਼ਹੀਣ ਹੀ ਨਹੀਂ, ਭਵਿੱਖ ਦੀ ਕਿਸੇ ਉਸਾਰੂ ਦਿਸ਼ਾ ਤੋਂ ਵੀ ਕੋਰਾ ਹੋ ਗਿਆ ਹੈ। ਅਜੋਕੇ ਸਮਾਜ ਵਿਚ ਵਾਪਰ ਗਈ ਸਾੜਸਤੀ ਦੀ ਜਟਿਲ ਪਿੱਠ-ਭੂਮੀ ਜੇ ਸਾਡੇ ਸਾਹਿਤ ਵਿਚੋਂ ਗਾਇਬ ਨਹੀਂ, ਤਾਂ ਪੇਤਲੇਂ ਰੂਪ ਵਿਚ ਹੀ ਪੇਸ਼ ਹੋਈ ਹੈ। ਇਸ ਵਿਚ ਨਾਵਲੀਅਤਾ ਕਿਵੇਂ ਉਸਾਰਦੀ, ਫੈਲਦੀ, ਡਿਗਦੀ ਜਾਂ ਯਾਦਗਾਰੀ ਬਣਦੀ ਹੈ, ਇਸ ਬਾਰੇ ਅਜੇ ਕਈ ਸਵਾਲ ਅਣਛੋਹੇ ਹਨ। ਬਿਨਾਂ ਸ਼ੱਕ ਨਛੱਤਰ ਅਜੋਕੇ ਸਮਿਆਂ ਦਾ ਚਰਚਿਤ ਨਾਵਲਕਾਰ ਹੈ, ਪਰ ਉਸ ਵਿਚ ਇਸ ਤੋਂ ਵੀ ਅੱਗੇ ਜਾਣ ਦੀਆਂ ਕਈ ਸੰਭਾਵਨਾਵਾਂ ਹਨ। ਸਾਡੀ ਆਲੋਚਨਾ ਤੇ ਆਲੋਚਕਾ ਨੂੰ ਅਜੇਹੀਆਂ ਸੰਭਾਵਨਾਵਾਂ ਦੇ ਅੱਗੇ ਹੋਰ ਦਰ ਖੋਲ੍ਹਣੇ ਚਾਹੀਦੇ ਹਨ। ਕੀ ਅਜੋਕਾ ਨਾਵਲ ਸਾਡੇ ਪੂਰੇ ਸਮੁਦਾਇ ਦੀ ਪ੍ਰਤਿਨਿਧਤਾ ਕਰਦਾ ਹੈ? ਸਾਡੇ ਨਾਵਲਾਂ ਵਿਚ ਅਕਸਰ ਹੀ ਨਾਇਕ ਜਾਂ ਕੇਂਦਰੀ ਪਾਤਰ ਦੀ ਵਿਰੋਧੀ ਧਿਰ (ਖ਼ਲਨਾਇਕ) ਦੀ ਚਿੱਤਰਕਾਰੀ ਪੇਤਲੀ ਤੇ ਸੱਤਹੀ ਹੀ ਰਹੀ ਹੈ। ਏਵੇਂ ਹੀ ਦੇਸ਼-ਵੰਡ ਤੋਂ ਪਹਿਲਾਂ ਵੀ ਅਤੇ ਅੱਜ ਵੀ ਸਾਡਾ ਨਾਵਲ ਹਿੰਦੂ, ਮੁਸਲਮਾਨ ਤੇ ਦਲਿਤ ਘਰਾਂ ਤੋਂ ਬਾਹਰ-ਬਾਹਰ ਹੀ ਕਿਓਂ ਨਿਕਲ ਜਾਂਦਾ ਹੈ? ਸਾਡੇ ਨਾਵਲਕਾਰਾਂ ਦੀਆਂ ਅਜੇਹੀਆਂ ਪੱਖਪਾਤੀ ਤਰਜੀਹਾਂ ਕਿਓਂ ਤੇ ਕਿਵੇਂ ਹਨ? ਅੱਜ ਵੀ ਅਸੀਂ ਕਿਓਂ ਫਿਰਕੇ, ਜਾਤ-ਬਿਰਾਦਰੀ, ਧਰਮਾਂ

ਦੀਆਂ ਵਲਗਣਾਂ ਵਿਚ ਸ਼ਾਸਕਾਂ ਦੀ ਸ਼ਾਸਣਕਾਰੀ ਦਾ ਕੱਚਾ ਮਾਲ ਬਣੇ ਹੋਏ ਹਾਂ? ਅਜੇਹੇ ਮਸਲਿਆਂ ਨੂੰ ਫਰੋਲਣ ਦਾ ਵੇਲਾ ਹੈ। ਪਰ ਸਾਡੀ ਬਹੁਤੀ ਆਲੋਚਨਾਂ ਨਾ ਰਚਨਾ ਨੂੰ ਨਾਵਲੀਅਤਾ ਦੇ ਪੱਖ ਤੋਂ ਤੇ ਨਾ ਹੀ ਸਮਾਜ ਦੀ ਸਮਝਦਾਰੀ ਦਾ ਕੋਈ ਗਿਆਨ-ਵਰਧਕ ਜ਼ਰੀਆ ਬਣ ਰਹੀ ਹੈ। ਜ਼ਿਆਦਾਤਰ ਨਾਵਲੀ ਆਲੋਚਨਾ ਨਾਵਲਕਾਰਾਂ ਦੇ ਸਿਰ ਉੱਤੇ ਹੱਥ ਫੇਰਨ ਅਤੇ ਨਾਵਲੀ ਵਿਸ਼ਿਆਂ ਦੀ ਜਾਣਕਾਰੀ ਜਾਂ ਫੋਲਾ-ਫਾਲੀ ਤੱਕ ਸੀਮਿਤ ਹੈ।

ਡਾ. ਭੁਪਿੰਦਰ ਕੌਰ ਦੀ ਆਲੋਚਨਾਤਮਿਕ ਪੁਸਤਕ ਪੰਜਾਬੀ ਨਾਵਲ (ਉਥਾਨ ਤੇ ਪਛਾਣ) (2016) ਮੁੱਢਲੇ ਪੰਜਾਬੀ ਨਾਵਲ ਬਾਰੇ ਹੈ। ਮੁੱਢਲੇ ਪੰਜਾਬੀ ਨਾਵਲ ਦੀ ਪ੍ਰਾਪਤ ਸਮੀਖਿਆ ਦਾ ਅਧਿਐਨ ਕਰਦੀ ਹੋਈ ਆਲੋਚਿਕਾ ਦੋ ਸੰਕਲਪ ਵਰਤਦੀ ਹੈ। ਪਹਿਲਾ ਉਹ 'ਪ੍ਰਭਾਵ ਸਿਧਾਂਤ' ਅਰਥਾਤ ਮੁੱਢਲੇ ਮੌਲਿਕ ਪੰਜਾਬੀ ਨਾਵਲ ਉੱਤੇ ਪਏ ਸਿੱਧੇ ਪੱਛਮੀ ਪ੍ਰਭਾਵ ਦਾ ਜ਼ਿਕਰ ਕਰਦੀ ਹੈ। ਫਿਰ 'ਵਿਕਾਸ ਸਿਧਾਂਤ' ਰਾਹੀਂ ਮੁੱਢਲੇ ਪੰਜਾਬੀ ਨਾਵਲ ਨੂੰ ਆਪਣੇ ਪੂਰਵਲੇ ਸਾਹਿਤਕ ਵਿਰਸੇ ਨਾਲ ਜੋੜਦੀ ਹੈ। ਪੁਸਤਕ ਦੇ ਅਗਲੇ ਹਿੱਸੇ ਵਿਚ ਭਾਈ ਵੀਰ ਸਿੰਘ, ਚਰਨ ਸਿੰਘ ਸ਼ਹੀਦ ਤੇ ਮੋਹਨ ਸਿੰਘ ਵੈਦ ਵਗੈਰਾ ਨਾਵਲਾਂ ਦੀ ਚਰਚਾ ਕੀਤੀ ਗਈ ਹੈ। ਡਾ. ਭੁਪਿੰਦਰ ਕੌਰ ਮੁੱਢਲੇ ਮੌਲਿਕ ਪੰਜਾਬੀ ਨਾਵਲ ਸੰਬੰਧੀ 'ਵਿਕਾਸ ਸਿਧਾਂਤ' ਦੀ ਤਰਫ਼ਦਾਰੀ ਕਰਦੀ ਹੋਈ 'ਪ੍ਰਭਾਵ ਸਿਧਾਂਤ' ਨੂੰ ਕੱਟਦੀ ਹੈ। ਅਜੇਹੇ ਦੋ ਵਿਚਾਰ ਸਾਡੀ ਨਾਵਲ ਆਲੋਚਨਾ ਵਿਚ ਪਹਿਲਾ ਵੀ ਮੌਜੂਦ ਹਨ। ਮੁੱਢਲੇ ਮੌਲਿਕ ਪੰਜਾਬੀ ਨਾਵਲ ਦੇ ਉਦਭਵ ਨੂੰ ਕਿਸੇ ਇਕ ਖਾਨੇ ਵਿਚ ਰੱਖਣਾ ਮੁਸ਼ਕਿਲ ਹੀ ਨਹੀਂ ਅਸੰਭਵ ਹੈ। ਇਹ ਦੋਨੋਂ ਪੱਖ ਹੀ ਪੰਜਾਬੀ ਨਾਵਲ ਦੇ ਉਦਭਵ ਸੰਬੰਧੀ ਅਸਰ-ਅੰਦਾਜ਼ ਹੋਏ ਵਿਖਾਈ ਦੇਂਦੇ ਹਨ। ਉਂਞ ਵਿਦਵਾਨ ਆਲੋਚਿਕਾ ਦਾ ਆਲੋਚਨਾਤਮਿਕ ਲਹਿਜ਼ਾ ਸੰਵਾਦ ਤੇ ਗੰਭੀਰਤਾ ਵਾਲਾ ਹੈ। ਪਰ ਸਮੁੱਚੇ ਆਲੋਚਨਾਤਮਿਕ ਕਾਰਜ ਵਿਚ ਨਵੀਂ ਜਾਂ ਵੱਖਰੀ ਗੱਲ ਕੋਈ ਨਹੀਂ ਹੈ। ਅਧਿਆਇ ਵੰਡ ਵਿਚ ਕੁਝ ਨਵੇਂ ਸੰਕਲਪ ਵਰਤੇ ਗਏ ਹਨ। ਪਰ ਇਨ੍ਹਾਂ ਦੇ ਖਮੀਰ ਵਿਚ ਪਰੰਪਰਾ ਦੇ ਨਾਵਲ ਆਲੋਚਨਾ ਦੇ ਸੂਤਰ ਹੀ ਸੁਭਾਇਮਾਨ ਹਨ। ਇਸ ਤਰ੍ਹਾਂ ਇਹ ਪੁਸਤਕ ਮੁੱਢਲੇ ਨਾਵਲ ਸੰਬੰਧੀ ਸਮਝ ਦਾ ਕੋਈ ਨਵਾਂ ਝਰੋਖਾ ਜਾਂ ਵਾਧਾ ਨਹੀਂ ਹੈ। ਉਂਞ ਅਜੋਕੇ ਗੈਰ-ਸੰਜੀਦਾ ਅਕਾਦਮਿਕ ਯੁੱਗ ਵਿਚ ਆਲੋਚਿਕਾ ਦੀ ਮਿਹਨਤ, ਸਾਫ਼ਗੋਈ ਤੇ ਸੰਵਾਦਕ ਨਜ਼ਰੀਏ ਦਾ ਆਪਣਾ ਮਹੱਤਵ ਹੈ।

ਡਾ. ਪਰਮਜੀਤ ਕੌਰ ਸਿੱਧੂ ਆਲੋਚਨਾ ਦੇ ਖੇਤਰ ਵਿਚ ਸਿਰ ਚੁੱਕ ਰਹੀ ਆਲੋਚਿਕਾ ਹੈ। ਅਜੇਹਾ ਉਸ ਦੀ ਪੁਸਤਕ ਪੰਜਾਬੀ ਨਾਵਲ ਸਿਧਾਂਤ ਤੇ ਸਮੀਖਿਆ (2013) ਵਿੱਚੋਂ ਸਪੱਸ਼ਟ ਜ਼ਾਹਿਰ ਹੁੰਦਾ ਹੈ। ਡਾ. ਸਿੱਧੂ ਨੇ ਪਹਿਲਾ ਬਿਰਤਾਂਤ-ਸ਼ਾਸਤਰ ਤੇ ਵਿਧਾ-ਸ਼ਾਸਤਰ ਨਾਲ ਸੰਬੰਧਿਤ ਅਧਿਆਇ ਪੇਸ਼ ਕੀਤੇ ਹਨ। ਫਿਰ ਪੰਜਾਬੀ ਨਾਵਲ ਵਿਚ ਦ੍ਰਿਸ਼ਟੀਗਤ ਬਦਲਾਅ, ਮੂਲ ਮਾਨਵੀਂ ਸੰਕਟ ਅਤੇ ਔਰਤ ਦੀ ਸਥਿਤੀ ਵਗੈਰਾ ਦੀ ਗੱਲ ਕੀਤੀ ਹੈ। ਬਾਅਦ ਵਿਚ ਕੁਝ ਨਾਵਲਾਂ ਬਾਰੇ ਆਪਣਾ ਆਲੋਚਨਾਤਮਿਕ ਨਜ਼ਰੀਆ ਪੇਸ਼ ਕੀਤਾ ਹੈ। ਰਚਨਾਵਾਂ ਸੰਬੰਧੀ ਪਹਿਲਾਂ ਵਿਧਾਗਤ ਸਿੱਧਾਂਤ ਘੋਟਣਾ ਤੇ ਫਿਰ ਉਸ ਸਿੱਧਾਂਤ ਮੁਤਾਬਕ ਰਚਨਾਵਾਂ ਦੀ ਪੁਣ-ਛਾਣ ਵਾਲਾ ਪੈਂਤੜਾ ਕਾਫ਼ੀ ਪੁਰਾਣਾ ਹੋ ਚੁੱਕਾ ਹੈ। ਇਹ ਸਾਹਿਤ ਪ੍ਰਤੀ ਆਲੋਚਨਾ ਦੀ ਘਟਾਉਵਾਦੀ ਬਿਰਤੀ ਹੈ। ਅਜੇਹੀ ਪਰਖ ਵਿਚ ਬਹੁਤ ਕੁਝ ਨਾਂਹਵਾਚੀ ਹੋ ਜਾਂਦਾ ਹੈ। ਇਹ ਪਹਿਲਾ ਫਰੇਮ ਬਣਾ ਕੇ ਫਿਰ ਵਿਚ ਫੋਟੋ ਫਿੱਟ ਕਰਨ ਵਰਗਾ ਤਰਖਾਣਾ ਕੰਮ ਹੈ। ਸਾਹਿਤ ਕ੍ਰਿਤਾਂ ਤੇ ਆਲੋਚਨਾ ਦੀ ਉਪਜ ਤਾਂ

ਕਿਰਸਾਨੀ ਵਰਗਾ ਸਿਰਜਣਾਤਮਿਕ ਕਾਰਜ ਹੈ। ਸਾਹਿਤ ਰਚਨਾਵਾਂ ਦੇ ਸਿੱਧਾਂਤ ਨਾ ਮਕਾਨਕੀ ਹੁੰਦੇ ਹਨ। ਨਾ ਹੀ ਇਹ ਰਾਤੋ-ਰਾਤ ਕਿਸੇ ਇਕ ਰਚਨਾ ਦੇ ਆਧਾਰ ਉੱਤੇ ਬਣਦੇ ਹਨ। ਹਰ ਵਿਧਾ ਦੀਆਂ ਸਾਹਿਤ ਰਚਨਾਵਾਂ ਆਪਣੇ ਸਮੇਂ ਦੀਆਂ ਹਕੀਕਤਾਂ ਦੀ ਰਗੜ ਨਾਲ ਜੁੜੀਆਂ ਸਦਾ ਗਤੀਸ਼ੀਲ ਰਹਿੰਦੀਆਂ ਹਨ। ਸਾਹਿਤ ਰਚਨਾਵਾਂ ਵਿਚ ਵਿਧਾਗਤ ਨਿਖ਼ਾਰ ਇਕ ਲੰਮੀ ਇਤਿਹਾਸਕ ਪ੍ਰਕਿਰਿਆ ਵਿਚੋਂ ਉਪਜਦਾ ਹੈ। ਇਸ ਕਰਕੇ ਹਰੇਕ ਰਚਨਾ ਉੱਤੇ ਉਸ ਦਾ ਸਮੁੱਚਾ ਵਿਧਾਗਤ ਚੌਖਟਾ ਲਾਗੂ ਹੋਣਾ ਮੁਸ਼ਕਿਲ ਹੁੰਦਾ ਹੈ। ਇਸ ਆਲੋਚਨਾਤਮਿਕ ਪੁਸਤਕ ਦੇ ਅਖ਼ੀਰ ਵਿਚ ਜਿਨ੍ਹਾਂ ਚਾਰ-ਪੰਜ ਨਾਵਲਾਂ ਦੀ ਚਰਚਾ ਕੀਤੀ ਗਈ ਹੈ, ਇਹ ਨਾਵਲ ਪੰਜਾਬੀ ਨਾਵਲ ਦੇ ਇਤਿਹਾਸ ਵਿਚ ਕਿਤੇ ਵੀ ਕੋਈ ਵੱਖਰੀ ਪਛਾਣ ਦੇ ਲਖਾਇਕ ਨਹੀਂ ਹਨ। ਨਾ ਹੀ ਇੰਨ੍ਹਾਂ ਵਿਚੋਂ ਪੰਜਾਬੀ ਨਾਵਲ ਦੀਆਂ ਵਿਧਾਗਤ ਵਿਸ਼ੇਸ਼ਤਾਵਾਂ ਦੀ ਕੋਈ ਵੱਖਰੀ ਜਾਂ ਵੱਡੀ ਪਛਾਣ ਉੱਭਰਦੀ ਹੈ। ਮਿਸਾਲ ਵਜੋਂ ਸਵਰਨ ਚੰਦਨ ਦੇ ਨਾਵਲ ਸਮਾਂ ਨੂੰ ਪੂੰਜੀਵਾਦੀ ਵਰਤਾਰੇ ਵਿਚ 'ਅਹਿੰ ਦਾ ਬਿਰਤਾਂਤ' ਕਿਹਾ ਹੈ। ਇਹ ਇਸ ਕਰਕੇ ਨਾਵਲ ਹੈ, ਕਿਉਂਕਿ ਲੇਖਕ ਨੇ ਇਸ ਨੂੰ ਨਾਵਲ ਕਹਿ ਜਾਂ ਲਿਖ ਦਿੱਤਾ ਹੈ। ਉਂਜ਼ ਇਸ ਵਿਚ ਨਾਵਲੀਅਤਾ ਵਾਲੀ ਕੋਈ ਵਿਸ਼ੇਸ਼ ਗੱਲ ਨਹੀਂ ਹੈ। ਇਹ ਨਾਵਲ ਲੇਖਕ ਦੇ ਆਪਣੇ ਇਕ ਤਰਫ਼ੀ ਉਪਦੇਸ਼/ਪ੍ਰਵਚਨ/ਉਪਦੇਸ਼ ਤੱਕ ਸੀਮਤ ਹੈ। ਅਜੇਹੇ ਹੋਰ ਵੀ ਪੇਤਲੀ ਕਿਸਮ ਦੇ ਨਾਵਲ ਲਏ ਗਏ ਹਨ। ਵੈਸੇ ਸਾਡੇ ਪੰਜਾਬੀ ਸਾਹਿਤ ਦੇ ਪ੍ਰਕਾਸ਼ਿਤ ਜਗਤ ਪਾਸ ਪੁਸਤਕਾਂ ਦੀ ਸਹੀ ਐਡਟਿੰਗ ਸੰਬੰਧੀ ਵੀ ਕੋਈ ਵਿਧੀ-ਵਿਧਾਨ ਨਹੀਂ ਹੈ। ਸੋਧ-ਸੁਧਾਈ ਦਾ ਕੋਈ ਚੈਕ ਜਾਂ ਨਿਗਰਾਨ ਕੁੰਡਾ ਨਹੀਂ ਹੈ। ਇਸ ਕਰਕੇ ਲੇਖਕ/ਆਲੋਚਕ ਵੱਲੋਂ ਭੇਜਿਆ ਖਰੜਾ ਜਿਵੇਂ-ਕਿਵੇਂ ਹੀ ਛਾਪ ਦਿੱਤਾ ਜਾਂਦਾ ਹੈ। ਲੇਖਕ ਲਈ ਪੁਸਤਕ ਦੀ ਛਪਾਈ ਇਕ ਸੌਖਾ ਕਾਰਜ ਹੈ। ਇਸ ਵਿਚ ਪ੍ਰਕਾਸ਼ਿਤ ਦੀ ਆਪਣੀ ਵਪਾਰਕ ਤਰਜੀਹ ਹੈ। ਇਸ ਕਰਕੇ ਬਹੁਤ ਕੁਝ ਦੌਮ-ਦਰਜ਼ਾ ਹੀ ਪ੍ਰਕਾਸ਼ਿਤ ਹੋ ਰਿਹਾ ਹੈ। ਜੇ ਨਾਵਲਾਂ ਵਿਚ ਹੀ ਵਿਸ਼ੇਸ਼ ਕੁਝ ਨਹੀਂ, ਤਾਂ ਅਜੇਹਿਆਂ ਸੰਬੰਧੀ ਆਲੋਚਨਾ ਵਿਚ ਵੀ ਕੀ ਹੋਣਾ ਹੈ? ਡਾ. ਸਿੱਧੂ ਵਰਗੀ ਸਮਝਦਾਰ ਆਲੋਚਿਕਾ ਨੂੰ ਨਾਵਲਾਂ ਸੰਬੰਧੀ ਚੋਣ ਲਈ ਸਾਵਧਾਨੀ ਵਿਖਾਉਣੀ ਚਾਹੀਦੀ ਹੈ। ਡਾ. ਸਿੱਧੂ ਦੀ ਸਮੁੱਚੀ ਪੁਸਤਕ ਵਿਚ ਕੁਝ ਵੀ ਐਸਾ ਨਹੀਂ, ਜੋ ਪੰਜਾਬੀ ਨਾਵਲ ਦੇ ਗੰਭੀਰ ਆਲੋਚਕਾ ਲਈ ਕੁਝ ਨਵਾਂ ਹੋਵੇ। ਇਨ੍ਹਾਂ ਕੁਝ ਇਸਤਰੀ ਆਲੋਚਕਾ ਦੀਆਂ ਪੁਸਤਕਾਂ ਨੂੰ ਹੋਰ ਆਲੋਚਕਾ ਦੇ 'ਭੂਮਿਕਾਈ' ਥਾਪੜੇ ਵੀ ਹਨ। ਪਰ ਅਜੇਹੀ ਸਿਹਰਬੰਦੀ ਦਾ ਪੁਸਤਕ ਦੀ ਅੰਦਰਲੀ ਵੱਥ ਨਾਲ ਕੋਈ ਗਹਿਰਾ ਸੰਬੰਧ ਨਹੀਂ ਹੈ। ਥਾਪੜਿਆਂ ਦੀ ਡੰਗੋਰੀ ਜਿੰਨੀ ਮਰਜ਼ੀ ਲਿਸ਼ਕ-ਪੁਸ਼ਕ ਜਾਂ ਸੁਰਖੀ-ਬਿੰਦੀ ਵਾਲੀ ਹੋਵੇ, ਜੇ ਆਲੋਚਨਾਤਮਿਕ ਕਾਰਜ ਵਿਚ ਖੁਦ ਦਮ ਨਹੀਂ ਤਾਂ ਭੂਮਿਕਾਈ ਡੰਗੋਰੀ ਵੀ ਬੇਮੇਚ ਕਿਸਮ ਦੀ ਫਜ਼ੂਲ ਰਸਮ ਬਣ ਕੇ ਰਹਿ ਜਾਂਦੀ ਹੇ।

ਸਾਡੀ ਜ਼ਿਆਦਾਤਰ ਪੰਜਾਬੀ ਆਲੋਚਨਾ ਵਿਚਾਰਧਾਰਾਈ ਪੱਧਤੀ ਵਿਚ ਵੀ ਬੰਦ ਹੈ ਤੇ ਕੇਵਲ ਵਿਸ਼ੇ ਦੀ ਜਾਣਕਾਰੀ ਤੱਕ ਸੀਮਿਤ ਵੀ। ਕਿਤੇ-ਕਿਤੇ ਨਾਵਲੀ ਬਿਰਤਾਂਤ ਦੀ ਸੱਤਹੀ ਕਿਸਮ ਦੀ ਨਿਰਖ-ਪਰਖ ਹੈ। ਇਸ ਵਿਚ ਸਾਡੇ ਸਮਾਜ-ਇਤਿਹਾਸ ਦੀ ਸਮਝ ਵਾਲੀ ਪ੍ਰਤਿਭਾ (ਤਾਕਤ) ਨਹੀਂ ਹੈ। ਇਹ ਆਲੋਚਨਾ ਨਵੇਂ ਸਵਾਲ ਪੈਦਾ ਕਰਨ ਵਾਲੀ ਨਹੀਂ ਹੈ। ਨਾ ਹੀ ਇਸ ਵਿਚ ਸਮਝ ਦੀ ਨਵੀਂ ਜੁਸਤਜੂ ਹੈ। ਇਹ ਖੁਲ੍ਹੇ ਮੁਸ਼ਾਹਦੇ ਨਹੀਂ, ਡੱਬਾ-ਬੰਦ ਮੁਹਾਂਵਰੇ ਵਾਲੀ ਹੈ। ਸਾਡਾ ਪੰਜਾਬੀ ਨਾਵਲ ਅਜੇਹਾ ਕਿਉਂ ਹੈ? ਅਜੇਹਾ ਹੋਣ ਵਿਚ ਇਸ ਦੀ ਪ੍ਰਸਿੱਧੀ ਦੇ ਕੀ ਰਾਜ

ਹਨ? ਵਿਧਾ ਜਾਂ ਕਲਾ ਪੱਖ ਤੋਂ ਉੱਚੇ ਮੁਕਾਮ ਵਾਲੀਆ ਪਰ ਸਾਹਿਤ ਇਤਿਹਾਸ ਵਿਚ ਗੁੰਮ ਰਹੀਆਂ ਰਚਨਾਵਾਂ ਦੀ ਵਜ੍ਹਾਂ ਕੀ ਹੈ? ਸਾਡੇ ਸਮਾਜ ਜਾਂ ਪਾਠਕਾਂ ਦਾ ਭਾਵ-ਬੋਧ ਜਾਂ ਬੋਧਿਕ-ਦ੍ਰਿਸ਼ਟੀ ਕਿਵੇਂ ਦੀ ਹੈ। ਕੀ ਕਿਸੇ ਪੰਜਾਬੀ ਨਾਵਲ ਵਿਚੋਂ ਸਮੁੱਚੇ ਪੰਜਾਬੀ ਜਗਤ ਦੀ ਦਿੱਖ ਤੇ ਦਿਸ਼ਾ ਦੇ ਬੌਧਿਕ ਝਰੋਖੇ ਕਿਉਂ ਨਹੀਂ ਖੁੱਲ੍ਹਦੇ ਹਨ? ਕੀ ਕੋਈ ਪੰਜਾਬੀ ਨਾਵਲ ਕਲਾਸਿਕਤਾ ਜਾਂ ਸ਼ਾਹਕਾਰਤਾ ਤੱਕ ਪਹੁੰਚਦਾ ਹੈ? ਜੇ ਅਜੇਹਾ ਨਹੀਂ ਤਾਂ ਇਸ ਦੇ ਕੀ ਸਮਾਜਕ, ਇਤਿਹਾਸਕ ਤੇ ਬੋਧਿਕ ਕਾਰਣ ਹਨ? ਇੰਨ੍ਹਾਂ ਸਭ ਅੰਤਰ-ਦ੍ਰਿਸ਼ਟੀਆਂ ਨੂੰ ਆਲੋਚਨਾ ਵਿਚ ਸਮੋਣ (ਜਜ਼ਬ) ਦੀ ਲੋੜ ਹੈ।

ਮਿਆਰੀ ਆਲੋਚਨਾ ਅਕਸਰ ਹੀ ਸਾਹਿਤ-ਸਿੱਧਾਂਤ ਲਈ ਸਹਾਈ ਹੁੰਦੀ ਹੈ। ਇਸ ਨਾਲ ਹੀ ਅੱਗੇ ਕਲਾ-ਕ੍ਰਿਤਾਂ ਹੋਰ ਨਿੱਖਰਦੀਆਂ ਹਨ। ਆਲੋਚਨਾ ਸਾਹਿਤ ਤੇ ਸਮਾਜ ਲਈ ਇਕ ਰਾਹ-ਦਸੇਰਾ ਵਾਲਾ ਕਾਰਜ ਹੁੰਦਾ ਹੈ। ਇਸ ਵਿਚ ਸਾਹਿਤ ਤੇ ਜੀਵਨ ਸੰਬੰਧੀ ਸਮੁੱਚੀ ਸਮਝ ਸਮਾਈ ਹੋਣੀ ਚਾਹੀਦੀ ਹੈ। ਇਹ ਨਿਰੋਲ ਰਚਨਾ ਆਧਾਰਿਤ ਹੀ ਨਹੀਂ, ਰਚਨਾ ਤੋਂ ਆਰ-ਪਾਰ ਸਮਾਜ ਨਾਲ ਸੰਵਾਦ ਦੇ ਜਾਵੀਏ ਵਾਲਾ ਕਾਰਜ ਹੈ। ਸਾਡੀ ਅਜੋਕੀ ਆਲੋਚਨਾ ਵਿਚ ਕੋਈ ਸਾਹਿਤਕ ਕਿਸਮ ਦੀ ਰਚਨਾਤਮਿਕ ਮੱਸ ਨਹੀਂ ਹੈ। ਟੈਕਸਟ ਉਪਰ ਟੈਕਸਟ ਉਸਾਰਨ ਵਰਗਾ ਕੋਈ ਸਿਰਜਣਾਤਮਿਕ ਉਪਰਾਲਾ ਨਹੀਂ ਹੈ। ਪੰਜਾਬੀ ਨਾਵਲ ਆਲੋਚਨਾ ਵਿਚ ਸਾਹਿਤ ਕ੍ਰਿਤਾਂ ਵਰਗੀ ਕੋਈ ਤਾਜ਼ਗੀ ਨਹੀਂ ਹੈ। ਇਸ ਵਿਚ ਚਿੰਤਨ-ਮੰਥਨ ਵੀ ਇਕਹਿਰੀ ਕਿਸਮ ਦਾ ਹੈ। ਇਸ ਵਿਚ ਖੁਸ਼ਕ ਤੇ ਭਾਰੀ ਸ਼ਬਦਾਵਲੀ ਹੈ। ਲੰਮੇਰੀ ਤੇ ਔਖੀ ਵਾਕ-ਬਣਤਰ ਹੈ। ਔਖਾ ਲਿਖਣਾ ਹਮੇਸ਼ਾ ਸੌਖਾ ਹੁੰਦਾ ਹੈ, ਪਰ ਸੌਖਾ ਲਿਖਣਾ ਔਖਾ। ਇਸ ਆਲੋਚਨਾ ਵਿਚ ਵਰਤੇ ਗਏ ਸੰਕਲਪ ਅਸਪੱਸ਼ਟ ਵੀ ਹਨ ਤੇ ਅਸੁਭਾਵਕ ਵੀ। ਸਾਡੀ ਬਹੁਤੀ ਆਲੋਚਨਾ ਗਿਆਨ ਦੇ ਸੋਮਿਆਂ ਦੀ ਥਾਂ ਸਮੇਂ-ਸਮੇਂ ਪੈਦਾ ਹੋਈਆਂ ਅਕਾਦਮਿਕ ਲੋੜਾਂ ਤੱਕ ਸੀਮਿਤ ਹੈ। ਇਸ ਜਮੂਦ ਨੂੰ ਤੋੜ ਕੇ ਅੱਗੇ ਵੱਧਣ ਦੀ ਲੋੜ ਹੈ।

ਹਵਾਲਾ ਪੁਸਤਕਾਂ


1. ਡਾ. ਸੁਰਿੰਦਰ ਕੁਮਾਰ ਦਵੇਸ਼ਰ, ਵਿਸ਼ਵੀਕਰਨ ਦਾ ਪ੍ਰਵਚਨ ਤੇ ਪੰਜਾਬੀ ਨਾਵਲ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਚੰਡੀਗੜ੍ਹ, 2019
2. ਡਾ. ਸੁਰਜੀਤ ਬਰਾੜ, ਪੰਜਾਬੀ ਨਾਵਲ ਸਮਾਜਕ-ਸਭਿਆਚਾਰਕ ਸਰੋਕਾਰ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2019
3. ਡਾ. ਅੰਮ੍ਰਿਤਪਾਲ ਕੌਰ, ਪੰਜਾਬੀ ਗਲਪ ਸਭਿਆਚਾਰਕ ਰਿਸ਼ਤਿਆਂ ਦਾ ਪ੍ਰਵਚਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2018
4. ਕਿਰਪਾਲ ਕਜ਼ਾਕ (ਸੰਪਾ.) ਨਛੱਤਰ ਦਾ ਗਲਪ ਚਿੰਤਨ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2016
5. ਡਾ. ਭੁਪਿੰਦਰ ਕੌਰ, ਪੰਜਾਬੀ ਨਾਵਲ (ਉਥਾਨ ਤੇ ਪਛਾਣ), ਚੇਤਨਾ ਪ੍ਰਕਾਸ਼ਨ, ਲੁਧਿਆਣਾ, 2016
6. ਡਾ. ਪਰਮਜੀਤ ਸਿੰਘ ਸਿੱਧੂ, ਪੰਜਾਬੀ ਨਾਵਲ ਸਿਧਾਂਤ ਤੇ ਸਮੀਖਿਆ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2013

# ਸਾਹਿਤ ਅਤੇ ਸਾਹਿਤ ਚਿੰਤਨ

-ਬਲਦੇਵ ਸਿੰਘ (ਡਾ.)

ਸਾਹਿਤ ਦੇ ਸਿਧਾਂਤਕਾਰ ਸਾਹਿਤ ਦੇ ਸਰੂਪ ਅਤੇ ਮੰਤਵ ਬਾਰੇ ਹੁਣ ਤੱਕ ਬਹੁਤ ਕੁਝ ਸਪੱਸ਼ਟ ਕਰ ਚੁੱਕੇ ਹਨ ਪਰ ਅਜੇ ਤੱਕ ਵੀ ਸਾਹਿਤ ਦੀ ਕੋਈ ਅੰਤਿਮ ਪਰਿਭਾਸ਼ਾ ਦੇ ਸਕਣਾ ਸੰਭਵ ਨਹੀਂ। ਅਜਿਹਾ ਇਸ ਲਈ ਹੈ ਕਿਉਂਕਿ ਸਾਹਿਤ ਇਕ ਕਲਾ-ਵੰਨਗੀ ਹੈ ਅਤੇ ਇਸ ਬਾਰੇ ਵਸਤੂਪਰਕ ਢੰਗ ਨਾਲ ਕੋਈ ਵਿਗਿਆਨਕ ਧਾਰਨਾ ਨਹੀਂ ਬਣਾਈ ਜਾ ਸਕਦੀ। ਪਰ ਦਿਲਚਸਪ ਗੱਲ ਇਹ ਹੈ ਕਿ ਸਾਹਿਤ ਦਾ ਆਮ ਪਾਠਕ ਵੀ ਆਪਣੇ ਅਹਿਸਾਸ ਦੀ ਪੱਧਰ ਤੇ ਸਾਹਿਤਕ ਰਚਨਾ ਦੀ ਪਛਾਣ ਸਹਿਜੇ ਹੀ ਕਰ ਲੈਂਦਾ ਹੈ।

ਸਾਹਿਤ:

ਮਨੁੱਖੀ ਸਭਿਅਤਾ ਦੇ ਇਤਿਹਾਸ ਵਿਚ ਇਸ ਜਗਤ-ਵਰਤਾਰੇ ਨੂੰ ਸਮਝਣ-ਸਮਝਾਉਣ ਲਈ ਤਿੰਨ ਪ੍ਰਮੁੱਖ ਗਿਆਨ-ਪ੍ਰਬੰਧ ਹੋਂਦ ਵਿਚ ਆਏ ਹਨ ਜਿਨ੍ਹਾਂ ਦਾ ਵਰਗੀਕਰਨ ਵਿਗਿਆਨ, ਸਮਾਜ ਵਿਗਿਆਨ ਅਤੇ ਕਲਾ ਦੇ ਨਾਵਾਂ ਨਾਲ ਕੀਤਾ ਜਾਂਦਾ ਹੈ। ਸਾਹਿਤ, ਕਲਾ ਦੀ ਇਕ ਵੰਨਗੀ ਹੈ। ਕਲਾ ਦਾ ਸੁਭਾਅ ਨਿੱਜਪਰਕ ਅਤੇ ਵਿਧੀ ਚਿੰਨ੍ਹਾਤਮਕ ਹੁੰਦੀ ਹੈ, ਇਸ ਲਈ ਇਹ ਦੂਜੇ ਦੋਵੇਂ ਗਿਆਨ-ਪ੍ਰਬੰਧਾਂ ਤੋਂ ਵਿਲੱਖਣ ਰੂਪ ਵਾਲੀ ਹੁੰਦੀ ਹੈ। ਸਾਹਿਤ, ਕਲਾ ਦੀ ਇਕ ਵੰਨਗੀ ਹੋਣ ਕਰਕੇ ਇਸ ਦਾ ਸੁਭਾਅ ਵੀ ਕਲਾ ਵਰਗਾ ਹੀ ਹੁੰਦਾ ਹੈ ਪਰ ਇਸ ਦਾ ਮਾਧਿਅਮ ਸ਼ਬਦ ਹੋਣ ਕਰਕੇ ਇਸ ਦਾ ਸਰੂਪ ਬਾਕੀ ਕਲਾ-ਰੂਪਾਂ ਤੋਂ ਭਿੰਨ ਹੋ ਜਾਂਦਾ ਹੈ। ਫਿਰ ਕੀ ਸ਼ਬਦਾਂ ਨਾਲ ਬਣਾਈ ਹਰੇਕ ਲਿਖਤ ਸਾਹਿਤ ਹੁੰਦੀ ਹੈ? ਸਾਹਿਤ-ਸਿਧਾਂਤ ਬਾਰੇ ਵਧੇਰੇ ਅਧਿਐਨ ਹੋਣ ਤੋਂ ਪਹਿਲਾਂ ਅਜਿਹੀ ਅਸਪਸ਼ਟਤਾ ਆਮ ਹੀ ਵੇਖਣ ਨੂੰ ਮਿਲਦੀ ਰਹੀ ਹੈ। 1800 ਈ. ਤੋਂ ਪਹਿਲਾਂ ਯੂਰਪੀ ਭਾਸ਼ਾਵਾਂ ਵਿਚ ਸਾਹਿਤ ਸ਼ਬਦ ਦੀ ਵਰਤੋਂ ਹਰ ਤਰ੍ਹਾਂ ਦੀਆਂ ਲਿਖਤਾਂ ਜਾਂ ਕਿਤਾਬੀ ਗਿਆਨ ਲਈ ਆਮ ਕੀਤੀ ਗਈ ਮਿਲਦੀ ਹੈ।[1]

ਹੁਣ ਤੱਕ ਇਸ ਮਸਲੇ ਬਾਰੇ ਲੋੜੀਂਦੀ ਸਪੱਸ਼ਟਤਾ ਹੋ ਚੁੱਕੀ ਹੈ ਕਿ ਸਾਹਿਤ ਇਕ ਵੱਖਰਾ ਅਨੁਸ਼ਾਸ਼ਨ ਹੈ। ਇਸ ਦੀ ਸਿਰਜਣਾਤਮਕਤਾ ਇਸ ਨੂੰ ਦੂਜੀਆਂ ਗਿਆਨਮੂਲਕ ਸ਼ਾਬਦਿਕ ਲਿਖਤਾਂ ਤੋਂ ਵਿਲੱਖਣ ਬਣਾਉਂਦੀ ਹੈ। ਗਿਆਨਮੂਲਕ ਲਿਖਤਾਂ ਦੇ ਉਲਟ ਸਾਹਿਤ ਵਿਚ ਸ਼ਬਦ ਦੀ ਵਰਤੋਂ ਕੋਸ਼ਕਾਰੀ ਅਰਥਾਂ ਤੋਂ ਅਗਾਂਹ ਪ੍ਰਤੀਕਾਤਮਕ ਰੂਪ ਵਿਚ ਹੁੰਦੀ ਹੈ। ਪਰ ਜੇ ਧਿਆਨ ਨਾਲ ਵੇਖੀਏ ਤਾਂ ਸ਼ਬਦਾਂ ਦੀ ਅਜਿਹੀ ਪ੍ਰਤੀਕਾਤਮਕ ਵਰਤੋਂ ਤਾਂ ਆਮ ਬੋਲ-ਚਾਲ ਜਾਂ ਕਾਰ-ਵਿਹਾਰ ਦੀ ਗੱਲ-ਬਾਤ ਦੌਰਾਨ ਵੀ ਕੀਤੀ ਗਈ ਮਿਲਦੀ ਹੈ। ਫਿਰ ਕੀ ਉਸ ਗੱਲ-ਬਾਤ ਨੂੰ ਵੀ ਸਾਹਿਤ ਮੰਨ ਲਿਆ ਜਾਵੇ? ਨਿਰਸੰਦੇਹ ਕਾਰ-ਵਿਹਾਰ ਦੀ ਗੱਲ-ਬਾਤ ਵਿਚ ਵੀ ਘੱਟ-ਵੱਧ ਮਾਤਰਾ ਵਿਚ ਸਾਹਿਤਕ ਅੰਸ਼ ਅਤੇ ਉਂਸਾਹਿਤਕ ਜੁਗਤਾਂਲੂ ਦੇ ਇਸਤੇਮਾਲ ਦੇ ਨਮੂਨੇ ਆਮ ਮਿਲ ਜਾਂਦੇ ਹਨ।[2]

ਇਸ ਦੇ ਬਾਵਜੂਦ ਗੱਲ-ਬਾਤ ਦੇ ਇਹ ਮੌਖਿਕ ਪ੍ਰਵਚਨ ਸਾਹਿਤ ਨਹੀਂ ਹੁੰਦੇ ਕਿਉਂਕਿ ਇਹ ਕਿਸੇ ਸਾਹਿਤ ਰੂਪਾਕਾਰਕ ਬੰਧੇਜ਼ ਤੋਂ ਸੱਖਣੇ ਅਤੇ ਖਿੰਡੇ-ਪੁੰਡੇ ਰੂਪ ਵਾਲੇ ਹੁੰਦੇ ਹਨ। ਸਾਹਿਤ ਦਾ ਮੂਲ ਪਛਾਣ-ਚਿੰਨ੍ਹ ਉਸ ਦੀ ਸਾਹਿਤਕਤਾ ਹੁੰਦੀ ਹੈ ਜਿਹੜੀ ਕਲਾਤਮਕ ਭਾਸ਼ਾ ਅਤੇ ਰੂਪਾਕਾਰਕ ਬੰਧੇਜ਼ ਦੇ ਅੰਤਰ-ਸੰਵਾਦ ਰਾਹੀਂ ਸਿਰਜੀ ਜਾਂਦੀ ਹੈ। ਕਲਾਤਮਕ ਭਾਸ਼ਾ ਵੀ

ਆਮ ਭਾਸ਼ਾ ਦੇ ਸ਼ਬਦਾਂ ਦੇ ਅਜਨਬੀਕਰਨ ਅਤੇ ਪ੍ਰਤੀਕੀਕਰਨ ਰਾਹੀਂ ਸਿਰਜੀ ਜਾਂਦੀ ਹੈ। ਇਸੇ ਤਰ੍ਹਾਂ ਰੂਪਾਕਾਰਕ ਬੰਧੇਜ਼ ਅਨੁਭਵ ਅਤੇ ਚਿੰਤਨ ਨੂੰ ਵਿਸ਼ੇਸ਼ ਸਾਹਿਤਕ ਸੰਰਚਨਾ ਵਿਚ ਰੂਪਾਂਤਰਤ ਕਰਨ ਦਾ ਵਡੇਰਾ ਕਾਰਜ ਕਰਦਾ ਹੈ।[3]

ਕਲਾਤਮਕ ਭਾਸ਼ਾ ਅਤੇ ਰੂਪਾਕਾਰਕ ਬੰਧੇਜ਼ ਦੀ ਜੁਗਲਬੰਦੀ ਸਾਹਿਤ ਨੂੰ ਅਜਿਹਾ ਸਰੂਪ ਦੇ ਦਿੰਦੀ ਹੈ ਕਿ ਸਾਹਿਤ ਉਨ੍ਹਾਂ ਦੂਜੇ ਅਨੁਸ਼ਾਸ਼ਨਾ ਤੋਂ ਵਿਲੱਖਣ ਨਜ਼ਰ ਆਉਣ ਲੱਗ ਜਾਂਦਾ ਹੈ ਜਿਹੜੇ ਭਾਸ਼ਾ ਦੀ ਵਰਤੋਂ ਸਾਹਿਤਕਤਾ ਤੋਂ ਇਲਾਵਾ ਕਿਸੇ ਹੋਰ ਮੰਤਵ ਲਈ ਕਰਦੇ ਹਨ। ਪ੍ਰਸਾਹਿਤ ਭਾਸ਼ਾ ਹੀ ਹੁੰਦਾ ਹੈ ਪਰ ਇਹ ਭਾਸ਼ਾ ਅਗਰਭੂਮਿਤ (ਉਚੇਚੀ) ਹੁੰਦੀ ਹੈ। ਸਾਹਿਤ ਭਾਸ਼ਾ ਨੂੰ ਅਜਿਹਾ ਉਚੇਚ ਭਰਿਆ ਬਣਾ ਕੇ ਪਰੋਸਦਾ ਹੈ ਕਿ ਉਹ ਇਹ ਕਹਿੰਦੀ ਜਾਪਦੀ ਹੈ, ਪ੍ਰਵੇਖੋ ਵੇਖੋ ਮੇਰਾ ਕਲਾਤਮਕ ਜਲਵਾ, ਅਜਿਹਾ ਜਲਵਾ ਵੇਖਣ ਵਾਲਾ ਇਹ ਕੌਤਕ ਕਦੇ ਨਹੀਂ ਭੁੱਲ ਸਕਦਾ ਕਿ ਉਸ ਨੇ ਸ਼ਬਦਾਂ ਦੇ ਅਨੋਖੇ ਇਸਤੇਮਾਲ ਦਾ ਤਲਿੱਸਮ ਵੇਖਿਆ ਸੀ।[4]

ਰੂਸੀ ਰੂਪਵਾਦੀਆਂ ਨੇ ਭਾਸ਼ਾ ਦੇ ਅਜਿਹੇ ਅਜਨਬੀਕ੍ਰਿਤ ਜਾਂ ਕਲਾਤਮਕ ਰੂਪ ਨੂੰ ਸਾਹਿਤ ਦਾ ਮੂਲ ਤੱਤ ਮੰਨਣ ਉਤੇ ਬਲ ਦਿੱਤਾ ਸੀ। ਨਿਰਸੰਦੇਹ ਇਹ ਭਾਸ਼ਾ ਵੇਖਣ ਨੂੰ ਤਾਂ ਨਿੱਤਾਪ੍ਰਤੀ ਦੀ ਕਾਰ-ਵਿਹਾਰੀ ਭਾਸ਼ਾ ਵਰਗੀ ਹੀ ਜਾਪਦੀ ਹੈ ਪਰ ਅਸਲ ਵਿਚ ਇਹ ਚਿੰਨ੍ਹਾਤਮਕ ਰੂਪ ਗ੍ਰਹਿਣ ਕਰਕੇ ਪ੍ਰਵਿਹਾਰਕ ਲੋੜਾਂ ਦੀ ਪੂਰਤੀ ਵਾਲੀ ਭਾਸ਼ਾ ਤੋਂ ਪਾਰ ਜਾ ਕੇ ਸਧਾਰਨੀਕ੍ਰਿਤ ਰੂਪ ਵਾਲੇ ਪ੍ਰਵਚਨ ਵਿਚ ਢਲ ਚੁੱਕੀ ਹੁੰਦੀ ਹੈ।[5]

ਕੇਵਲ ਭਾਸ਼ਾ ਹੀ ਨਹੀਂ ਬਲਕਿ ਸਾਹਿਤਕ ਸੰਰਚਨਾ ਵੀ ਆਪਣੇ ਰੂਪਾਕਾਰ-ਵਿਸ਼ੇਸ਼ ਰਾਹੀਂ ਵਸਤੂ-ਯਥਾਰਥ ਤੋਂ ਪਾਰ ਜਾ ਕੇ ਖੁਦਮੁਕਤਾਰ ਸਰੂਪ ਵਾਲੀ ਬਣ ਜਾਂਦੀ ਹੈ। ਦੂਜੇ ਸ਼ਬਦਾਂ ਵਿਚ ਸਾਹਿਤ, ਵਸਤੂ ਯਥਾਰਥ ਦਾ ਸਿੱਧਾ ਅਨੁਕਰਨ ਨਹੀਂ ਹੁੰਦਾ ਸਗੋਂ ਉਸ ਦੇ ਸਮਾਨੰਤਰ ਸਿਰਜਿਆ ਬਿੰਬਾਤਮਕ ਪ੍ਰਗਟਾਵਾ ਹੁੰਦਾ ਹੈ। ਰੂਪਾਕਾਰ-ਵਿਸ਼ੇਸ਼ ਅਨੁਸਾਰ ਇਹ ਪ੍ਰਗਟਾਵਾ ਵੱਖਰੇ ਮੰਤਵ ਅਤੇ ਵੱਖਰੇ ਸਰੂਪ ਵਾਲਾ ਹੁੰਦਾ ਹੈ, ਜਿਵੇਂ ਕਾਵਿ ਵਿਚ ਮੂਲ ਤੱਤ ਸਰੋਦ ਜਾਂ ਪ੍ਰਗੀਤਕਤਾ, ਬਿਰਤਾਂਤ ਵਿਚ ਕਥਾ, ਨਾਟਕ ਵਿਚ ਕਾਰਜ ਅਤੇ ਵਾਰਤਕ ਵਿਚ ਵਰਨਣ ਦੀ ਭਾਸ਼ਾ ਮੂਲ ਤੱਤ ਹੁੰਦੀ ਹੈ।

ਫਿਰ ਵੀ ਆਪਣੀ ਸਾਰੀ ਖੁਦਮੁਕ੍ਰਤਾਰੀ ਦੇ ਬਾਵਜੂਦ ਸਾਹਿਤ ਆਪਣੇ ਆਲੇ-ਦੁਆਲੇ ਦੇ ਜੀਵਣ ਤੋਂ ਅਭਿੱਜ ਨਹੀਂ ਹੁੰਦਾ ਬਲਕਿ ਜੀਵਣ ਦੇ ਆਂਤਰਿਕ ਵੇਗ ਦੀ ਹੀ ਕਨਸੋਅ ਦੇ ਰਿਹਾ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਸਾਹਿਤ ਸਮਾਜ ਦਾ ਇਤਿਹਾਸ ਨਹੀਂ ਪੇਸ਼ ਕਰਦਾ ਬਲਕਿ ਸਮਾਜਿਕ ਵੇਗ ਦਾ ਪਰਿਪੇਖ ਉਜਾਗਰ ਕਰਦਾ ਹੈ, ਪਰ ਹਰੇਕ ਬਿਰਤਾਂਤ ਦਾ ਇਕ ਵਸਤੂ ਹੁੰਦਾ ਹੈ ਜਿਹੜਾ ਸੁਚੇਤ ਜਾਂ ਅਚੇਤ ਕਿਸੇ ਵਿਸ਼ਵ-ਦ੍ਰਿਸ਼ਟੀ ਅਤੇ ਵਿਚਾਰਧਾਰਾ ਤੋਂ ਉਤਪੰਨ ਹੁੰਦਾ ਹੈ। ਇਥੇ ਇਹ ਸਪੱਸ਼ਟ ਕਰ ਦੇਣਾ ਬਣਦਾ ਹੈ ਕਿ ਇਸ ਦਾ ਮਤਲਬ ਕਿਸੇ ਗਲਪ ਰਚਨਾ ਨੂੰ ਇਤਿਹਾਸ ਵਜੋਂ ਪ੍ਰਮਾਣਿਕ ਮੰਨ ਕੇ ਉਸ ਦੀ ਪੁਸ਼ਟੀ ਕਰਨਾ ਨਹੀਂ, ਗਲਪ ਤਾਂ ਗਲਪ ਹੀ ਰਹੇਗੀ ਪਰ ਫਿਰ ਵੀ ਇਹ ਗਲਪ ਆਪਣੇ ਸਮੇਂ ਅਤੇ ਸਮਾਜ ਦੇ ਪਰਿਪੇਖ ਨੂੰ ਉਜਾਗਰ ਕਰ ਸਕਦੀ ਹੈ। ਸੋ ਮੇਰਾ ਸੰਕੇਤ ਇਸ ਗੱਲ ਵੱਲ ਹੈ ਕਿ ਉਸ ਬਿਰਤਾਂਤ ਨੂੰ ਉਸਦੇ ਸਮਾਜਿਕ ਪਰਿਪੇਖ ਦੀ ਪ੍ਰਤੀਨਿਧਤਾ ਕਰਨ ਵਾਲੀ ਸਮੱਗਰੀ ਦੇ ਤੌਰ ਤੇ ਅਧਿਐਨ ਦਾ ਵਿਸ਼ਾ ਬਣਾਇਆ ਜਾ ਸਕਦਾ ਹੈ।[6]

ਇਸ ਪ੍ਰਕਾਰ ਅਸੀਂ ਵੇਖਦੇ ਹਾਂ ਕਿ ਸਾਹਿਤ ਇਕ ਅਜਿਹੀ ਸ਼ਾਬਦਿਕ ਕਲਾ ਹੈ ਜਿਸ ਦਾ

ਸਰੂਪ ਬਿੰਬਾਤਮਕ ਹੁੰਦਾ ਹੈ। ਇਸ ਦਾ ਮੂਲ ਮੰਤਵ ਭਾਵੇਂ ਪਾਠਕ ਦੇ ਸਾਹਿਤਕ ਸੁਹਜ-ਸੁਆਦਾਂ ਦੀ ਪੂਰਤੀ ਕਰਨਾ ਹੀ ਹੁੰਦਾ ਹੈ ਪਰ ਇਸ ਰਸਦਾਇਕ ਪ੍ਰਕਿਰਿਆ ਵਿਚ ਪਿਆ ਪਾਠਕ ਜਾਂ ਸਰੋਤਾ ਸੁਤੇ-ਸਿੱਧ ਹੀ ਆਪਣੇ ਸਮੇ੧ ਅਤੇ ਸਮਾਜ ਦੇ ਆਂਤਰਿਕ ਵੇਗ ਦੀ ਸੋਝੀ ਵੀ ਪ੍ਰਾਪਤ ਕਰ ਰਿਹਾ ਹੁੰਦਾ ਹੈ।

ਚਿੰਤਨ :

ਸੰਕਲਪ ਚਿੰਤਨ ਉਸ ਦਿਮਾਗੀ ਪ੍ਰਕਿਰਿਆ ਦਾ ਬੋਧ ਕਰਾਉਣ ਵਾਲਾ ਸ਼ਬਦ ਹੈ ਜੋ ਆਪਣੇ ਆਲੇ-ਦੁਆਲੇ ਵਾਪਰ ਰਹੇ ਵਿਭਿੰਨ ਵਰਤਾਰਿਆਂ ਬਾਰੇ ਨਿਰੰਤਰ ਸੋਚ-ਵਿਚਾਰ ਕਰਦੇ ਰਹਿਣ ਦੀ ਸੂਚਕ ਹੁੰਦੀ ਹੈ। ਅਜਿਹੀ ਪ੍ਰਕਿਰਿਆ ਮਨੁੱਖੀ ਵਿਅਕਤਿੱਤਵ ਦੀ ਲਾਜ਼ਮੀ ਸ਼ਰਤ ਹੈ। ਦੂਜੇ ਸ਼ਬਦਾਂ ਵਿਚ ਮਨੁੱਖ ਇਸੇ ਕਰਕੇ ਹੀ ਮਨੁੱਖ ਹੈ ਕਿਉਂਕਿ ਉਹ ਅਚੇਤ ਜਾਂ ਸੁਚੇਤ ਸਮੁੱਚੇ ਬ੍ਰਹਿਮੰਡ ਬਾਰੇ ਚਿੰਤਾ ਅਤੇ ਚਿੰਤਨ ਕਰਦਾ ਰਹਿੰਦਾ ਹੈ। ਅਜਿਹਾ ਚਿੰਤਨ ਹੀ ਅੱਗੋਂ ਅਮਲ ਵਿਚ ਰੂਪਾਂਤਰਤ ਹੋ ਕੇ ਸਮਾਜਿਕ ਪਰਿਵਰਤਨ ਦਾ ਪ੍ਰੇਰਕ ਬਣਦਾ ਹੈ। ਅਸਤਿੱਤਵਵਾਦੀ ਨਜ਼ਰੀਏ ਤੋਂ ਵੇਖੀਏ ਤਾਂ ਬੰਦੇ ਦੀ ਬੰਦਿਆਈ ਇਸੇ ਗੱਲ ਵਿਚ ਹੁੰਦੀ ਹੈ ਕਿ ਆਪਣੀ ਸੁਤੰਤਰ ਚੋਣ ਰਾਹੀਂ ਉਹ ਹੋਣ ਤੋਂ ਥੀਣ ਦੀ ਪ੍ਰਕਿਰਿਆ ਵਿਚ ਪਿਆ ਰਹੇ। ਮਨੁੱਖ ਦਾ ਇਹ ਆਤਮ-ਚਿੰਤਨ ਅਤੇ ਭਵਿੱਖਮੁਖੀ ਸੰਸਾਰ-ਸਿਰਜਣ ਦਾ ਅਮਲ ਉਸ ਨੂੰ ਭੂ-ਜਗਤ ਤੋਂ ਗੁਣਨਾਤਮਕ ਤੌਰ ਤੇ ਵਿਲੱਖਣ ਅਤੇ ਉਚੇਰੀ ਹਸਤੀ ਵਾਲਾ ਪ੍ਰਾਣੀ ਬਣਾਉਂਦੇ ਹਨ। ਪ੍ਰੰਤੂ ਆਪਣੇ ਪ੍ਰਾਕਿਰਤ ਮਾਹੌਲ ਨਾਲ ਇਕਮਿਕ ਹੋ ਕੇ ਜਿਉਂਦਾ ਹੈ, ਉਹ ਪ੍ਰਕਿਰਤੀ ਨੂੰ ਕੇਵਲ ਆਪਣੀ ਹਾਜ਼ਰੀ ਜਾਂ ਉਪਸਥਿਤੀ ਦੇ ਬਲ ਨਾਲ ਬਦਲਦਾ ਹੈ, ਯਾਨੀ ਉਸ ਨਾਲ ਸਿੱਧੇ ਅਤੇ ਪ੍ਰਤੱਖ ਰੂਪ ਵਿਚ ਸਬੰਧਿਤ ਹੁੰਦਾ ਹੈ। ਪਰ ਮਨੁੱਖ ਆਪਣੇ ਸਮਾਜਿਕ ਵਿਹਾਰ ਦੇ ਜਰੀਏ, ਵਿਕਸਤ ਸੰਦਾਂ-ਔਜਾਰਾਂ ਦੇ ਉਪਯੋਗ ਨਾਲ ਪ੍ਰਕਿਰਤੀ ਉਤੇ ਅਸਰ-ਅੰਦਾਜ਼ ਹੁੰਦਾ ਹੈ ਜਾਂ ਪ੍ਰਭਾਵ ਛੱਡਦਾ ਹੈ। ਆਪਣੀ ਕਲਪਨਾ ਅਤੇ ਕਿਰਤ ਦੇ ਅਮਲ ਰਾਹੀਂ ਉਹ ਪ੍ਰਕਿਰਤੀ ਨਾਲ ਆਪਣੇ ਪ੍ਰਤੱਖ ਸਬੰਧਾਂ ਤੋਂ ਪਾਰ ਜਾਂਦਾ ਹੈ। ਇਸ ਤਰ੍ਹਾਂ ਉਹ ਪ੍ਰਕਿਰਤੀ ਨੂੰ ਵੀ ਬਦਲਦਾ ਹੈ ਅਤੇ ਆਪਣੇ ਆਪ ਨੂੰ ਵੀ। ਕਿਰਤ ਦੇ ਅਮਲ ਰਾਹੀਂ ਉਤਪਾਦਨ ਦੀ ਪ੍ਰਕਿਰਿਆ ਵਿਚ ਪੈ ਕੇ ਮਨੁੱਖ ਆਪਣੀ ਸ਼ਕਤੀ ਨੂੰ ਦੁੱਗਣਾ ਬਣਾ ਲੈਂਦਾ ਹੈ। ਇਸ ਤਰ੍ਹਾਂ ਮਨੁੱਖ ਆਪਣੇ ਆਪ ਨੂੰ ਉਤਪਾਦਕ ਦੇ ਰੂਪ ਵਿਚ ਨਵੇਂ ਅਰਥ ਦਿੰਦਾ ਹੈ।[7]

ਆਪਣੀ ਕਲਪਨਾ, ਕਿਰਤ ਅਤੇ ਚਿੰਤਨ ਦੀ ਸ਼ਕਤੀ ਕਰਕੇ ਮਨੁੱਖ ਨੇ ਇਕ ਪਾਸੇ ਪ੍ਰਕਿਰਤੀ ਨੂੰ ਆਪਣੇ ਅਨੁਕੂਲ ਢਾਲਣ ਵਿਚ ਵੱਡੀ ਸਫਲਤਾ ਹਾਸਲ ਕੀਤੀ ਹੈ ਅਤੇ ਦੂਜੇ ਪਾਸੇ ਆਪਣੀ ਜੈਵਿਕ ਜਾਂ ਪ੍ਰੂਰੀ ਹੋਂਦ ਨੂੰ ਚੇਤਨ ਜਾਂ ਸਭਿਆਚਾਰਕ ਹੋਂਦ ਵਿਚ ਪਰਵਰਤਤ ਕਰਨ ਦਾ ਵਡੇਰਾ ਉਦੇਸ਼ ਹਾਸਿਲ ਕੀਤਾ ਹੈ। ਨਿਰਸੰਦੇਹ ਭਾਸ਼ਾ ਦਾ ਵਿਕਾਸ ਅਤੇ ਕਲਾਵਾਂ ਜਾਂ ਸਿਰਜਣਕਾਰੀ ਦਾ ਹੁਨਰ ਮਨੁੱਖ ਦੀ ਅਜਿਹੀ ਸੰਘਰਸ਼ਕਾਰੀ ਪ੍ਰਵਿਰਤੀ ਅਤੇ ਚਿੰਤਨ ਦੇ ਸੰਵਾਦ ਦਾ ਹੀ ਪ੍ਰਤੀਫਲ ਹੈ।

ਮਨੁੱਖ ਦੁਆਰਾ ਪ੍ਰਾਪਤ ਚਿੰਤਨ ਦੀ ਇਹ ਸ਼ਕਤੀ ਕੋਈ ਇਕੋ ਵਾਰ ਹਾਸਲ ਕਰਕੇ ਪੂੰਜੀ ਵਾਂਗ ਸਾਂਭੀ ਜਾਣ ਵਾਲੀ ਵਸਤੂ ਨਹੀਂ ਬਲਕਿ ਇਹ ਮਨੁੱਖ ਤੋਂ ਨਿਰੰਤਰ ਉੱਦਮ ਕੀਤੇ ਜਾਣ ਦੀ ਮੰਗ ਕਰਦੀ ਹੈ। ਮਨੁੱਖੀ ਨਸਲ ਦੇ ਵਿਕਾਸ ਦੀ ਇਹੋ ਕੁੰਜੀ ਹੈ। ਇਸ ਉਦਮ ਨਾਲ ਮਨੁੱਖ ਨੇ ਪ੍ਰਕਿਰਤੀ ਉਤੇ ਵੱਸੀਕਰਨ ਦੀ ਮੁਹਿੰਮ ਸਰ ਕੀਤੀ ਹੈ ਅਤੇ ਇਸੇ ਨਾਲ ਆਪਣੀ ਸਮਾਜਿਕ ਸੁਤੰਤਰਤਾ ਦੇ ਸੁਪਨੇ ਲਏ ਅਤੇ ਪੂਰੇ ਕੀਤੇ ਹਨ। ਪ੍ਰਕਿਰਤੀ ਦੇ ਸੰਦਰਭ ਵਿਚ ਮਨੁੱਖ ਪ੍ਰਕਿਰਤੀ

ਨੂੰ ਜਿੰਨਾ ਵੱਧ ਸਮਝਦਾ ਹੈ ਅਤੇ ਇਸ ਸਮਝ ਦੇ ਆਧਾਰ ਤੇ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਉਹ ਪ੍ਰਕਿਰਤੀ ਨੂੰ ਜਿੰਨਾ ਵੱਧ ਨਿਯਮਤ, ਨਿਯੰਤਰਤ ਅਤੇ ਰੂਪਾਂਤਰਤ ਕਰਦਾ ਹੈ, ਉਹ ਪ੍ਰਕਿਰਤੀ ਦੀ ਤੁਲਨਾ ਵਿਚ ਸਪੇਖਕ ਢੰਗ ਨਾਲ ਓਨਾ ਹੀ ਸੁਤੰਤਰ ਹੁੰਦਾ ਹੈ। ਲੇਕਿਨ ਪ੍ਰਕਿਰਤੀ ਦੀਆਂ ਸ਼ਕਤੀਆਂ ਉਤੇ ਨਿਯੰਤਰਣ ਮਨੁੱਖ ਦੀ ਸਮਾਜ ਵਿਚ ਸੁਤੰਤਰਤਾ ਦਾ ਜਾਮਨ ਨਹੀਂ ਬਣ ਸਕਦਾ। ਸਮਾਜ ਵਿਚ ਮਨੁੱਖ ਦੀ ਸੁਤੰਤਰਤਾ ਸਾਪੇਖਕ ਹੁੰਦੀ ਹੈ। ਜਿਸ ਸਮਾਜਿਕ-ਆਰਥਿਕ ਸੰਰਚਨਾ ਵਿਚ ਉਹ ਜੀਵਣ ਜਿਉਂਦਾ ਹੈ, ਉਸ ਦੀ ਸੁਤੰਤਰਤਾ ਉਸ ਦੇ ਪ੍ਰਸੰਗ ਵਿਚ ਸਾਪੇਖਕ ਢੰਗ ਨਾਲ ਹਾਸਿਲ ਹੁੰਦੀ ਹੈ। ਵਿਅਕਤੀ ਦਾ ਜਨਮ ਇਕ ਵਿਸ਼ੇਸ਼ ਇਤਿਹਾਸਕ ਯੁੱਗ ਵਿਚ ਹੁੰਦਾ ਹੈ ਜਿਸ ਦੀ ਇਕ ਵਿਸ਼ੇਸ਼ ਸਮਾਜਿਕ-ਇਤਿਹਾਸਕ ਸੰਰਚਨਾ ਹੁੰਦੀ ਹੈ। ਇਸ ਲਈ ਇਸ ਸੰਰਚਨਾ ਦੁਆਰਾ ਨਿਰਧਾਰਤ ਸੀਮਾਵਾਂ ਦੇ ਅੰਦਰ ਹੀ ਉਹ ਆਪਣੀ ਸੁਤੰਤਰਤਾ ਦਾ ਇਜ਼ਹਾਰ ਕਰ ਸਕਦਾ ਹੈ।... ਵਾਸਤਵਿਕ ਸੁਤੰਤਰਤਾ ਕੇਵਲ ਵਾਸਤਵਿਕ ਵਿਸ਼ਵ ਵਿਚ ਹੀ ਪ੍ਰਾਪਤ ਕੀਤੀ ਜਾ ਸਕਦੀ ਹੈ ਅਤੇ ਇਸ ਦੇ ਲਈ ਠੋਸ ਅਤੇ ਸਮੱਗਰ ਅਮਲਾਂ ਦੀ ਲੋੜ ਪੈਂਦੀ ਹੈ।[8]

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਆਪਣੀ ਚਿੰਤਨ ਦੀ ਸ਼ਕਤੀ ਕਰਕੇ ਹੀ ਮਨੁੱਖ ਸਰਵੋਤਮ ਪ੍ਰਾਣੀ ਹੈ। ਆਪਣੀ ਸਰਵੋਤਮਤਾ ਨੂੰ ਹੋਰ ਉਚੇਰੇ ਪੜਾਵਾਂ ਉਤੇ ਲੈ ਕੇ ਜਾਣ ਲਈ ਉਹ ਨਿਰੰਤਰ ਯਤਨਸ਼ੀਲ ਰਹਿੰਦਾ ਹੈ। ਉਸ ਦੇ ਸਮੂਹ ਸਿਰਜਣਾਤਮਕ ਅਤੇ ਉਤਪਾਦਨੀ ਅਮਲ ਮੋੜਵੇਂ ਰੂਪ ਵਿਚ ਉਸ ਦੀ ਚਿੰਤਨ ਸ਼ਕਤੀ ਨੂੰ ਹੋਰ ਪ੍ਰਚੰਡ ਕਰਦੇ ਰਹਿੰਦੇ ਹਨ।

ਸਾਹਿਤ ਅਤੇ ਚਿੰਤਨ : ਅੰਤਰ-ਸੰਵਾਦ

ਸੁਹਜ ਸਿਰਜਣਾ, ਸੰਚਾਰੀ ਹੋਣਾ ਅਤੇ ਚਿੰਤਨ ਕਰਨਾ ਮਨੁੱਖ ਦੀਆਂ ਬੁਨਿਆਦੀ ਪ੍ਰੇਰਨਾਵਾਂ ਵਿਚ ਸ਼ਾਮਿਲ ਰਿਹਾ ਹੈ। ਕਲਾ ਦੇ ਮਾਧਿਅਮ ਰਾਹੀਂ ਇਹ ਤਿੰਨੋ ਕੰਮ ਇਕੋ ਵੇਲੇ ਕੀਤੇ ਜਾਂਦੇ ਹਨ। ਇਸੇ ਲਈ ਕਲਾ-ਸਿਰਜਣਾ ਆਦਿ ਕਾਲ ਤੋਂ ਹੀ ਮਨੁੱਖ ਦੇ ਅੰਗ-ਸੰਗ ਰਹੀ ਹੈ। ਸਾਹਿਤ ਦੀ ਉਤਪਤੀ ਮਨੁੱਖ ਦੀਆਂ ਅਜਿਹੀਆਂ ਪ੍ਰੇਰਨਾਵਾਂ ਅਧੀਨ ਹੀ ਹੋਈ ਹੈ। ਆਮ ਜੀਵਣ ਵਿਚ ਵੀ ਮਨੁੱਖ ਭਾਸ਼ਾ ਦੀ ਵਰਤੋਂ ਮਹਿਜ ਸੰਚਾਰ ਲਈ ਨਹੀਂ ਕਰਦਾ ਸਗੋਂ ਉਹ ਭਾਸ਼ਾ ਰਾਹੀਂ ਹੀ ਜਿਉਂਦਾ ਹੈ। ਮਨੁੱਖ ਕੋਈ ਜੈਵਿਕ ਜਾਂ ਮਕਾਨਕੀ ਹੋਂਦ ਨਹੀਂ ਬਲਕਿ ਇਕ ਸੰਵੇਦਨਸ਼ੀਲ ਪ੍ਰਾਣੀ ਹੁੰਦਾ ਹੈ, ਇਸ ਲਈ ਉਹ ਦੂਜਿਆਂ ਨਾਲ ਸੰਪਰਕ ਸਮੇਂ ਆਪਣੀ ਸਰੀਰਕ-ਮਾਨਸਿਕ ਸੰਪੂਰਨ ਹੋਂਦ ਦਾ ਪ੍ਰਗਟਾਵਾ ਕਰਨਾ ਚਾਹੁੰਦਾ ਹੈ। ਉਸ ਦੀ ਅਜਿਹੀ ਚਾਹਤ ਵਿਚੋਂ ਹੀ ਭਾਸ਼ਾ ਦੀਆਂ ਸੁੱਤੀਆਂ ਕਲਾਂ ਜਗਾਉਣ ਦਾ ਹੁਨਰ ਜਨਮ ਲੈਂਦਾ ਹੈ ਜੋ ਵਿਕਸਤ ਰੂਪ ਵਿਚ ਸਾਹਿਤ ਬਣ ਜਾਂਦਾ ਹੈ। ਇਸੇ ਲਈ ਕਿਸੇ ਵਿਅਕਤੀ ਜਾਂ ਸਮੂਹ ਵੱਲੋਂ ਸਿਰਜੇ ਸਾਹਿਤ ਵਿਚ ਉਹ ਸਾਰਾ ਕੁਝ ਸ਼ਾਮਿਲ ਹੋ ਜਾਂਦਾ ਹੈ ਜਿਹੜਾ ਉਸ ਦੀ ਹੋਂਦ ਨੂੰ ਅਰਥਵਾਨ ਬਨਾਉਣ ਵਾਲਾ ਹੁੰਦਾ ਹੈ। ਪ੍ਰਸਾਹਿਤ ਮਨੁੱਖ ਦੇ ਸੰਪੂਰਨ ਜੀਵਣ ਨਾਲ ਸਬੰਧਿਤ ਹੈ। ਆਰਥਿਕ ਜੀਵਣ ਤੋਂ ਇਲਾਵਾ ਮਨੁੱਖ ਇਕ ਪ੍ਰਾਣੀ ਦੇ ਰੂਪ ਵਿਚ ਵੀ ਆਪਣਾ ਜੀਵਣ ਗੁਜ਼ਾਰਦਾ ਹੈ। ਸਾਹਿਤ ਵਿਚ ਉਸ ਦੀਆਂ ਬਹੁਤ ਸਾਰੀਆਂ ਆਦਿਮ ਭਾਵਨਾਵਾਂ ਨੂੰ ਜ਼ੁਬਾਨ ਮਿਲਦੀ ਹੈ ਜਿਹੜੀਆਂ ਉਸ ਨੂੰ ਮਨੁੱਖੀ ਨਸਲ ਨਾਲ ਜੋੜਦੀਆਂ ਹਨ। ਇਸ ਗੱਲ ਨੂੰ ਵਾਰ ਵਾਰ ਕਹਿਣ ਵਿਚ ਕੋਈ ਹਰਜ ਨਹੀਂ ਕਿ ਸਾਹਿਤ ਵਿਚਾਰਧਾਰਾ ਮਾਤਰ ਨਹੀਂ ਹੁੰਦਾ। ਉਸ ਵਿਚ ਮਨੁੱਖ ਦਾ ਇੰਦਰਿਆਵੀ ਬੋਧ, ਉਸ ਦੀਆਂ ਭਾਵਨਾਵਾਂ, ਅੰਦਰੂਨੀ ਪ੍ਰੇਰਣਾਵਾਂ ਵੀ ਸ਼ਾਮਿਲ ਹੁੰਦੀਆਂ ਹਨ। ਸਾਹਿਤ ਦਾ ਇਹ ਪੱਖ ਆਮ ਕਰਕੇ ਸਦੀਵੀ ਪ੍ਰਭਾਵ ਵਾਲਾ ਹੁੰਦਾ ਹੈ।[9]

ਇਕ ਲੇਖਕ ਦੂਜੇ ਆਮ ਲੋਕਾਂ ਨਾਲੋਂ ਵਧੇਰੇ ਸੰਵੇਦਨਸ਼ੀਲ, ਸੁਪਨਸਾਜ਼ ਅਤੇ ਚੇਤਨ ਵਿਅਕਤੀ ਹੁੰਦਾ ਹੈ। ਇਸ ਲਈ ਉਹ ਆਪਣੇ ਸਮੇਂ ਅਤੇ ਸਮਾਜ ਦੀਆਂ ਵਿਸੰਗਤੀਆਂ ਨੂੰ ਵਧੇਰੇ ਸ਼ਿੱਦਤ ਅਤੇ ਸੂਝ ਨਾਲ ਮਹਿਸੂਸ ਕਰਦਾ ਹੈ। ਉਨ੍ਹਾਂ ਵਿਸੰਗਤੀਆਂ ਤੋਂ ਪਾਰ ਜਾ ਕੇ ਸਾਵੀਂ-ਸੁਧਰੀ ਜ਼ਿੰਦਗੀ ਦੇ ਸੁਪਨੇ ਲੈਣਾ ਉਸ ਲੇਖਕ ਦੀ ਫ਼ਿਤਰਤ ਦਾ ਖਾਸਾ ਹੁੰਦਾ ਹੈ। ਇਸੇ ਲਈ ਮਨੋਵਿਗਿਆਨ ਅਨੁਸਾਰ ਲੇਖਕ ਦੀ ਸਾਹਿਤਕ ਸਿਰਜਣਾ ਨੂੰ ਦਿਨ-ਦੀਵੀ ਲਏ ਗਏ ਸੁਪਨਿਆਂ ਵਾਂਗ ਮੰਨਿਆ ਗਿਆ ਹੈ। ਲੇਖਕ ਦੇ ਸੁਪਨੇ ਭਾਵੇਂ ਨਿੱਜੀ ਹੁੰਦੇ ਹਨ ਪਰ ਇਹ ਸਮੂਹ ਦੀ ਸੋਚ ਨਾਲ ਇਕਸੁਰ ਹੋ ਸਕਣ ਦੀ ਸੰਭਾਵਨਾ ਵਾਲੇ ਹੁੰਦੇ ਹਨ। ਅਜਿਹਾ ਇਸ ਲਈ ਹੁੰਦਾ ਹੈ ਕਿਉ੧ਕਿ ਸੁਪਨਿਆਂ ਦਾ ਵਾਹਕ ਬਣਿਆਂ ਲੇਖਕ ਵੀ ਉਸ ਸਮਾਜ ਦਾ ਇਕ ਅੰਗ ਹੁੰਦਾ ਹੈ। ਆਪਣੀ ਵਿਅਕਤੀਗਤ ਪ੍ਰਤਿਭਾ ਦੇ ਬਾਵਜੂਦ ਉਹ ਪੂਰੀ ਪਰੰਪਰਾ ਦਾ ਅੰਸ਼ ਵੀ ਹੁੰਦਾ ਹੈ। ਇਸੇ ਕਰਕੇ ਲੇਖਕ ਨੂੰ ਜੋ ਨਵਾਂ ਫੁਰਨਾ ਫੁਰਦਾ ਹੈ ਜਾਂ ਵਿਚਾਰ ਸੁਝਦਾ ਹੈ, ਉਹ ਉਸ ਦੀ ਵਿਸ਼ਵ-ਦ੍ਰਿਸ਼ਟੀ ਅਤੇ ਯੁੱਗ-ਚਿੰਤਨ ਦੇ ਸੰਦਰਭ ਵਿਚ ਹੀ ਵਧਦਾ-ਫੁਲਦਾ ਹੈ।

ਲੇਖਕ ਜਦੋਂ ਆਪਣੀ ਸਿਰਜਣ-ਪ੍ਰਕਿਰਿਆ ਵਿਚੋਂ ਲੰਘ ਰਿਹਾ ਹੁੰਦਾ ਹੈ ਤਾਂ ਉਸਦਾ ਸੰਵਾਦ ਉਸਦੇ ਅੰਦਰ ਬੈਠੇ ਪਾਠਕ-ਰੂਪੀ ਆਪੇ ਨਾਲ ਨਿਰੰਤਰ ਚੱਲ ਰਿਹਾ ਹੁੰਦਾ ਹੈ। ਇਹ ਗੱਲ ਹੀ ਲੇਖਕ ਦੀ ਸਮਾਜਿਕ ਹੋਂਦ ਦੀ ਨਿਸ਼ਾਨਦੇਹੀ ਕਰਦੀ ਹੈ। ਯਾਨੀ ਸਾਹਿਤ ਸਿਰਜਣਾ ਕੋਈ ਨਿਰੋਲ ਵਿਅਕਤੀਗਤ ਕਾਰਜ ਨਹੀਂ ਬਲਕਿ ਸਮਾਜਿਕ ਕਾਰਜ ਵੀ ਹੁੰਦਾ ਹੈ। ਲੇਖਕ ਦੇ ਅੰਦਰਲਾ ਇਹ ਪਾਠਕ ਅੱਗੇ ਜਾ ਕੇ ਸਾਹਿਤ ਦੇ ਸੰਭਾਵੀ ਪਾਠਕ ਨਾਲ ਇਕਸੁਰ ਹੋ ਜਾਂਦਾ ਹੈ। ਪਾਠਕ ਦਾ ਇਹ ਬਹੁ-ਪੱਖੀ ਪ੍ਰਭਾਵ ਹੀ ਲੇਖਕ ਨੂੰ ਹਰ ਪੱਖੋਂ ਨਿਯੰਤਰਤ ਕਰਦਾ ਰਹਿੰਦਾ ਹੈ।

ਸਾਹਿਤ ਦੀ ਭਾਸ਼ਾ, ਰੂਪਾਕਾਰ, ਵਿਚਾਰਧਾਰਾ ਆਦਿ ਸਭ ਕੁਝ ਹੀ ਪਾਠਕ ਦੀ ਮੌਜੂਦਗੀ ਦੇ ਅਹਿਸਾਸ ਨਾਲ ਨਿਸਚਤ ਹੁੰਦਾ ਹੈ। ਹਾਲਾਂ ਕਿ ਇਸ ਸੰਭਾਵੀ ਪਾਠਕ ਦਾ ਕੋਈ ਬਹੁਤ ਸਪੱਸ਼ਟ ਚਿਹਰਾ-ਮੋਹਰਾ ਲੇਖਕ ਨੂੰ ਸਪੱਸ਼ਟ ਨਹੀ੧ ਹੁੰਦਾ। ਪ੍ਰਸਾਹਿਤ ਪੜ੍ਹਨ ਦੇ ਅਨੇਕਾਂ ਕਾਰਣ ਹੁੰਦੇ ਹਨ ਅਤੇ ਉਨ੍ਹਾਂ ਕਾਰਣਾਂ ਦੇ ਅਨੁਸਾਰ ਹੀ ਪਾਠਕ ਵੀ ਅਨੇਕ ਪ੍ਰਕਾਰ ਦੇ ਹੁੰਦੇ ਹਨ।[10]

ਫਿਰ ਵੀ ਲੇਖਕ ਆਪਣੇ ਸਹਿਜ-ਬੋਧ ਰਾਹੀਂ ਇਹ ਜਾਣਦਾ ਹੈ ਕਿ ਪਾਠਕ ਨੇ ਸਾਹਿਤ ਨਿਰੋਲ ਇਸ ਮੰਤਵ ਲਈ ਨਹੀਂ ਸੁਣਨਾ ਜਾਂ ਪੜ੍ਹਨਾ ਕਿ ਉਸ ਨੇ ਗਿਆਨ ਹਾਸਿਲ ਕਰਨਾ ਹੈ। ਗਿਆਨ ਹਾਸਿਲ ਕਰਨ ਦੀਆਂ ਸਰੋਤ ਗੈਰ-ਸਾਹਿਤਕ ਲਿਖਤਾਂ ਵੀ ਹੁੰਦੀਆਂ ਹਨ। ਸਾਹਿਤ ਦਾ ਪਾਠਕ ਵਿਸ਼ੇਸ਼ ਰੁਚੀਆਂ ਵਾਲਾ ਵਿਅਕਤੀ ਹੁੰਦਾ ਹੈ ਜਿਹੜਾ ਜੀਵੰਤ ਢੰਗ ਨਾਲ ਜ਼ਿੰਦਗੀ ਦੀ ਧੜਕਣ ਨੂੰ ਮਹਿਸੂਸ ਕਰਨ ਲਈ ਸਾਹਿਤ ਪੜ੍ਹਦਾ ਜਾਂ ਸੁਣਦਾ ਹੈ। ਪੜ੍ਹਨ ਸੁਣਨ ਦੀ ਇਸ ਪ੍ਰਕਿਰਿਆ ਵਿਚ ਨਿਸਚੇ ਹੀ ਉਹ ਰਸ ਵੀ ਮਾਣਦਾ ਹੈ ਅਤੇ ਆਪਣੀ ਸੂਝ ਦਾ ਵਿਸਥਾਰ ਵੀ ਕਰਦਾ ਜਾਂਦਾ ਹੈ। ਪਾਠਕ ਦੀ ਅਜਿਹੀ ਰੁਚੀ-ਵਿਸ਼ੇਸ਼ ਤੋਂ ਲੇਖਕ ਅਭਿੱਜ ਨਹੀਂ ਹੁੰਦਾ।

ਇਹ ਬੋਧ ਲੇਖਕ ਅਤੇ ਪਾਠਕ ਦੋਵਾਂ ਕੋਲ ਹੀ ਹੁੰਦਾ ਹੈ ਕਿ ਸਾਹਿਤ ਦਾ ਅੰਤਿਮ ਕਾਰਜ ਚਿੰਤਨ ਦਾ ਵਿਸਥਾਰ ਹੀ ਹੈ ਪਰ ਸਿਰਫ ਚਿੰਤਨ ਸਾਹਿਤ ਨਹੀਂ ਹੁੰਦਾ। ਨਿਰਸੰਦੇਹ ਕੋਈ ਨਵਾਂ ਵਿਚਾਰ ਜੋ ਲੇਖਕ ਨੂੰ ਜੀਵਣ ਵਿਚ ਵਿਚਰਦਿਆਂ ਆਪਣੇ ਕਰਤਾਰੀ ਪਲਾਂ ਅਤੇ ਚਿੰਤਨੀ-ਪ੍ਰਕਿਰਿਆ ਦੌਰਾਨ ਫੁਰਿਆ ਹੁੰਦਾ ਹੈ, ਨੂੰ ਦੂਜਿਆਂ ਨਾਲ ਸਾਂਝਾ ਕਰਨ ਲਈ ਉਹ ਸਾਹਿਤ ਸਿਰਜਣ ਦੀ ਪ੍ਰਕਿਰਿਆ ਵਿਚ ਪੈਂਦਾ ਹੈ। ਪਰ ਉਹ ਵਿਚਾਰ ਪਾਠਕ ਨੂੰ ਸਾਹਿਤ ਦੀ ਉਤਲੀ ਸਤਹ ਉਤੇ ਤਰਦਾ ਨਜ਼ਰ ਨਾ ਆਵੇ ਇਸ ਲਈ ਲੇਖਕ ਉਸ ਨੂੰ ਜੀਵੰਤ ਅਨੁਭਵ ਨਾਲ

ਲਬਰੇਜ਼ ਬਿੰਬ ਰਚਨਾ ਵਿਚ ਗੁੰਨ੍ਹ ਕੇ ਪੇਸ਼ ਕਰਦਾ ਹੈ। ਇਸੇ ਕਠਿਨ ਪ੍ਰੀਖਿਆ ਵਿਚੋਂ ਸਫਲਤਾ ਨਾਲ ਲੰਘਣ ਲਈ ਲੇਖਕ ਕਲਾਤਮਕ ਭਾਸ਼ਾ ਦੀ ਉਚੇਰੀ ਵਰਤੋਂ ਅਤੇ ਰੂਪਾਕਾਰਕ ਬੰਧੇਜ਼ ਦਾ ਪੂਰੀ ਸਮਰੱਥਾ ਨਾਲ ਪ੍ਰਯੋਗ ਕਰਦਿਆਂ ਸਿਰਜਣਾਤਮਕ ਜੱਦੋ-ਜਹਿਦ ਕਰਦਾ ਹੈ।

ਸਾਹਿਤ ਵਿਚ ਚਿੰਤਨ ਕਿਸ ਰੂਪ ਵਿਚ ਪਿਆ ਹੁੰਦਾ ਹੈ? ਇਸ ਪ੍ਰਸ਼ਨ ਦੇ ਉਤਰ ਨਾਲ ਸਾਹਿਤ ਅਤੇ ਚਿੰਤਨ ਦੇ ਅੰਤਰ-ਸੰਵਾਦ ਦੀ ਅੰਤਿਮ ਗੁੰਝਲ ਵੀ ਸੁਲਝ ਸਕਦੀ ਹੈ। ਸਾਹਿਤ-ਚਿੰਤਨ ਦਾ ਸਰੂਪ ਵਸਤਾਂ-ਵਰਤਾਰਿਆਂ ਸਬੰਧੀ ਸੂਚਨਾਵੀ ਭਾਂਤ ਦੇ ਗਿਆਨ ਨਾਲੋਂ ਕੁਝ ਵੱਖਰੀ ਤਰ੍ਹਾਂ ਦਾ ਹੁੰਦਾ ਹੈ। ਸਾਹਿਤ ਦਾ ਪਾਠਕ ਇਹ ਗੱਲ ਭਲੀ ਪ੍ਰਕਾਰ ਸਮਝਦਾ ਹੈ ਕਿ ਸਾਹਿਤ ਰਾਹੀਂ ਉਸ ਨੂੰ ਜੀਵਣ ਬਾਰੇ ਕੋਈ ਪ੍ਰਮਾਣਿਕ ਤੱਥਗਤ ਜਾਂ ਇਤਿਹਾਸਕ ਜਾਣਕਾਰੀ ਨਹੀਂ ਮਿਲ ਸਕੇਗੀ; ਇਸ ਲਈ ਕਿਸੇ ਸਾਹਿਤਕ ਰਚਨਾ ਤੋਂ ਉਹ ਅਜਿਹੀ ਕੋਈ ਮੰਗ ਹੀ ਨਹੀਂ ਕਰਦਾ। ਜ਼ਿੰਦਗੀ ਦੀਆਂ ਨਿੱਤਾਪ੍ਰਤੀ ਦੀਆਂ ਵਿਹਾਰਕ ਸਮੱਸਿਆਵਾਂ ਬਾਰੇ ਵੀ ਸਾਹਿਤ ਸਿੱਧੇ ਤੌਰ ਤੇ ਕੋਈ ਦਿਸ਼ਾ-ਨਿਰਦੇਸ਼ ਨਹੀਂ ਦਿੰਦਾ। ਇਸ ਦੇ ਉਲਟ ਸਾਹਿਤ ਦੀ ਕੇਂਦਰੀ ਧੁਨੀ ਵਿਚ ਮਨੁੱਖੀ ਸਥਿਤੀ ਜਾਂ ਇਤਿਹਾਸ ਦੇ ਵੇਗ ਸਬੰਧੀ ਕੋਈ ਰਮਜ਼ ਛੁਪੀ ਹੋਈ ਹੁੰਦੀ ਹੈ।

ਮੁੱਢਲੇ ਤੌਰ ਤੇ ਜਦੋਂ ਪਾਠਕ ਸਾਹਿਤਕ ਰਚਨਾ ਨਾਲ ਜੁੜਦਾ ਹੈ ਤਾਂ ਸਾਹਿਤਕ ਸੁਹਜ-ਸੁਆਦ ਦੀ ਪੂਰਤੀ ਲਈ ਆਪਣੀ ਪੜ੍ਹਤ ਨੂੰ ਆਰੰਭ ਕਰਦਾ ਹੈ। ਇਹ ਗੱਲ ਭਾਵੇਂ ਅਕਾਦਮਿਕ ਖੇਤਰ ਦੇ ਉਨ੍ਹਾਂ ਪਾਠਕਾਂ ਉਤੇ ਲਾਗੂ ਨਹੀਂ ਹੁੰਦੀ ਜਿਹੜੇ ਸਾਹਿਤ-ਬਾਹਰੇ ਕਾਰਣਾਂ ਕਰਕੇ ਕਿਸੇ ਰਸਹੀਣ ਸਾਹਿਤਕ ਰਚਨਾ ਨੂੰ ਵੀ ਪੜ੍ਹਦੇ ਹਨ, ਜਿਵੇਂ ਇਤਿਹਾਸ, ਸਮਾਜ ਵਿਗਿਆਨ, ਮਨੋਵਿਗਿਆਨ ਆਦਿ ਦੇ ਖੋਜਾਰਥੀ। ਪਰ ਸਾਹਿਤ ਦੇ ਰਸੀਏ ਪਾਠਕ ਥੋੜ੍ਹੀ ਵੱਖਰੀ ਤਬੀਅਤ ਦੇ ਹੁੰਦੇ ਹਨ, ਇਸੇ ਲਈ ਵਿਭਿੰਨ ਲੇਖਕਾਂ ਨੂੰ ਪੜ੍ਹਦੇ ਪੜ੍ਹਦੇ ਕਿਸੇ ਸ਼ੈਲੀ-ਵਿਸ਼ੇਸ਼ ਦੇ ਉਪਾਸ਼ਕ ਬਣ ਜਾਂਦੇ ਹਨ। ਉਂਜ ਡੂੰਘਾਈ ਨਾਲ ਵਾਚੀਏ ਤਾਂ ਅਜਿਹੇ ਪਾਠਕਾਂ ਦਾ ਅੰਤਿਮ ਉਦੇਸ਼ ਵੀ ਨਿਰੋਲ ਸ਼ੈਲੀਗਤ ਜੁਗਤਾਂ ਦੇ ਆਨੰਦ ਤੱਕ ਸੀਮਿਤ ਰਹਿਣਾ ਨਹੀਂ ਹੁੰਦਾ। ਭਾਵੇਂ ਮੁੱਢਲੇ ਤੌਰ ਤੇ ਰਚਨਾ ਦੀ ਸਾਹਿਤਕਤਾ ਹੀ ਉਨ੍ਹਾਂ ਲਈ ਅਹਿਮ ਹੁੰਦੀ ਹੈ ਪਰ ਅੰਤਿਮ ਤੌਰ ਤੇ ਇਸ ਸਾਹਿਤਕਤਾ ਦਾ ਅਰਥ-ਵਿਸਥਾਰ ਰਚਨਾ ਦੇ ਵਡੇਰੇ ਇਤਿਹਾਸਕ ਪ੍ਰਸੰਗਾਂ ਤੱਕ ਹੋ ਜਾਂਦਾ ਹੈ। ਸਾਹਿਤਕਤਾ ਵੀ ਕੋਈ ਨਿਰੋਲ ਅਲੰਕ੍ਰਿਤ ਸ਼ਬਦਾਂ ਨਾਲ ਪੈਦਾ ਕੀਤੀ ਮਸਨੂਈ ਚਕਾਚੌਂਧ ਦਾ ਨਾਂ ਨਹੀਂ ਬਲਕਿ ਸਾਹਿਤਕਤਾ ਪੈਦਾ ਕਰਨ ਵਿਚ ਉਨ੍ਹਾਂ ਸਮੂਹ ਜੁਗਤਾਂ ਦਾ ...... ਹੁੰਦਾ ਹੈ ਜਿਹੜੀਆਂ ਪਾਠਕ ਦੀ ਸੰਵੇਦਨਾ ਨੂੰ ਟੁੰਬਦੀਆਂ ਹਨ, ਥਰਿੱਲ ਕਰਦੀਆਂ ਹਨ, ਜਗਿਆਸਾ ਪੈਦਾ ਕਰਦੀਆਂ ਹਨ, ਅਰਥ-ਵਿਸਫੋਟ ਕਰਦੀਆਂ ਹਨ ਅਤੇ ਚੇਤਨਾ ਨੂੰ ਝੰਜੋੜਦੀਆਂ ਹਨ। ਇਨ੍ਹਾਂ ਜੁਗਤਾਂ ਸਦਕਾ ਜਦੋਂ ਪਾਠਕ ਖੁਦ ਅਨੇਕਾਂ ਉਤਰਾਵਾਂ-ਚੜ੍ਹਾਵਾਂ ਵਿਚੋਂ ਲੰਘਦਾ ਹੈ ਤਾਂ ਉਸ ਦੇ ਮਨ-ਮਸਤਕ ਵਿਚ ਚਿੰਤਨ ਦਾ ਪ੍ਰਕਾਸ਼ ਉਦੈ ਹੁੰਦਾ ਹੈ। ਮਿਸਾਲ ਵਜੋਂ ਕਿਸੇ ਬਿਰਤਾਂਤਕ ਰਚਨਾ ਨੂੰ ਪੜ੍ਹਦਿਆਂ ਪਾਠਕ ਸਿਰਫ ਭਾਸ਼ਾਈ ਸੁਹਜ ਨੂੰ ਹੀ ਨਹੀਂ ਮਾਣ ਰਿਹਾ ਹੁੰਦਾ ਸਗੋਂ ਪਾਤਰਾਂ ਨਾਲ ਇਕਸੁਰ ਹੁੰਦਿਆਂ ਖੁਦ ਦੁੱਖਾਂ-ਸੁਖਾਂ ਦੀ ਘਾਟੀ ਵਿਚ ਲੰਘਦਾ ਹੈ। ਇਹ ਪਾਤਰ ਉਸ ਦੀ ਉ੧ਗਲ ਫੜ੍ਹ ਕੇ ਮਨ-ਇਛਿਤ ਦਿਸ਼ਾ ਵੱਲ ਵੀ ਲੈ ਜਾਂਦੇ ਹਨ। ਸੰਮੋਹਿਤ ਹੋਇਆ ਪਾਠਕ ਖੁਸ਼ੀ ਖੁਸ਼ੀ ਉਸ ਦਿਸ਼ਾ ਵੱਲ ਚਲਾ ਵੀ ਜਾਂਦਾ ਹੈ। ਇਸ ਪ੍ਰਕਿਰਿਆ ਵਿਚ ਉਸ ਦੀ ਪਰੰਪਰਿਕ ਪਛਾਣ ਨਾਲ ਸਬੰਧਿਤ ਬਹੁਤ ਕੁਝ ਛਿੱਲਿਆ-ਤਰਾਸ਼ਿਆ ਜਾਂਦਾ ਹੈ ਅਤੇ ਬਹੁਤ ਕੁਝ ਨਵਾਂ ਉਸ ਦੀ ਪਛਾਣ ਵਿਚ ਜਮ੍ਹਾਂ ਹੋ ਜਾਂਦਾ ਹੈ। ਇਸ ਤਰ੍ਹਾਂ ਪਾਠ ਦੇ ਅੰਤ ਉਤੇ ਪਾਠਕ ਉਹ ਨਹੀਂ

ਰਹਿੰਦਾ ਜਿਸ ਨੇ ਪਾਠ ਦਾ ਆਰੰਭ ਕੀਤਾ ਸੀ। ਸਮੁੱਚੇ ਤੌਰ ਤੇ ਇਹ ਸਾਹਿਤ ਚਿੰਤਨ ਦਾ ਪ੍ਰਭਾਵ ਹੀ ਹੁੰਦਾ ਹੈ ਜਿਹੜਾ ਪਾਠਕ ਦੀ ਪ੍ਰਨਵੀਂ ਪਛਾਣ ਦੀ ਉਸਾਰੀ ਕਰ ਦਿੰਦਾ ਹੈ।[11]

ਆਮ ਜ਼ਿੰਦਗੀ ਜਿਉਂਦਿਆਂ ਵਿਅਕਤੀ ਕੋਲ ਸਿਰਫ ਆਪਣੀ ਜ਼ਿੰਦਗੀ ਦਾ ਤਜ਼ਰਬਾ ਹੁੰਦਾ ਹੈ ਪਰ ਸਾਹਿਤ ਪੜ੍ਹਦਿਆਂ ਉਹ ਬਹੁਤ ਸਾਰੀਆਂ ਜ਼ਿੰਦਗੀਆਂ ਦਾ ਅਨੁਭਵ ਕਰਨ ਵਰਗਾ ਅਨੋਖਾ ਅਹਿਸਾਸ ਹੰਢਾਉਂਦਾ ਹੈ। ਇਹ ਤਜ਼ਰਬਾ ਆਪਣੇ ਅੰਤਿਮ ਪ੍ਰਭਾਵ ਵਜੋ੧ ਚਿੰਤਨ ਵਿਚ ਢਲ ਜਾਂਦਾ ਹੈ। ਇਸ ਪ੍ਰਕਾਰ ਸਾਹਿਤ ਦੇ ਮਾਧਿਅਮ ਰਾਹੀਂ ਪਾਠਕ ਨੂੰ ਜੋ ਚਿੰਤਨ ਪ੍ਰਾਪਤ ਹੁੰਦਾ ਹੈ ਉਹ ਵਸਤਾਂ-ਵਰਤਾਰਿਆਂ ਦੇ ਬਾਹਰੀ ਤੱਥਗਤ ਗਿਆਨ ਨਾਲੋਂ ਮੂਲੋਂ ਭਿੰਨ ਦਾਰਸ਼ਨਿਕ ਡੂੰਘਾਈ ਵਾਲਾ ਗਿਆਨ ਹੁੰਦਾ ਹੈ।

ਸਾਹਿਤ ਵਿਚੋਂ ਪ੍ਰਾਪਤ ਹੁੰਦੇ ਵੱਖਰੀ ਭਾਂਤ ਦੇ ਚਿੰਤਨ ਨੂੰ ਅੱਜ ਕੱਲ੍ਹ ਇਤਿਹਾਸਕਾਰੀ ਵਿਚ ਵੀ ਮਹੱਤਵ ਦਿੱਤਾ ਜਾਣ ਲੱਗਾ ਹੈ। ਇਸ ਲਈ ਇਤਿਹਾਸ ਲਿਖਣ ਲਈ ਸਾਹਿਤ ਨੂੰ ਵਿਸ਼ੇਸ਼ ਕਿਸਮ ਦੀ ਸਰੋਤ-ਸਮੱਗਰੀ ਦੇ ਰੂਪ ਵਿਚ ਵਰਤੇ ਜਾਣ ਦੀ ਹਮਾਇਤ ਵੀ ਮਿਲਣ ਲੱਗੀ ਹੈ।[12]

ਲੇਖਕ ਕੁਝ ਕਹਿਣ ਲਈ ਸਾਹਿਤ ਦੀ ਰਚਨਾ ਕਰਦਾ ਹੈ ਤਾਂ ਉਸ ਦੇ ਨਿੱਜੀ ਅਨੁਭਵਾਂ ਦੇ ਨਾਲ ਨਾਲ ਉਸ ਦੀ ਵਿਸ਼ਵ-ਦ੍ਰਿਸ਼ਟੀ ਅਤੇ ਯੁੱਗ-ਚਿੰਤਨ ਦੇ ਝਲਕਾਰੇ ਸੁਚੇਤ-ਅਚੇਤ ਉਸ ਦੀ ਰਚਨਾ ਵਿਚ ਸ਼ਾਮਿਲ ਹੋ ਜਾਂਦੇ ਹਨ। ਇਸੇ ਤਰ੍ਹਾਂ ਜਦੋਂ ਪਾਠਕ ਸਾਹਿਤਕ ਸੁਹਜ ਲਈ ਰਚਨਾ ਨੂੰ ਪੜ੍ਹਦਾ ਹੈ ਤਾਂ ਰਚਨਾ ਦੀ ਕੇ੧ਦਰੀ ਧੁਨੀ ਆਪਣੇ ਚਿੰਤਨੀ ਝਲਕਾਰਿਆਂ ਨਾਲ ਉਸ ਦੀ ਸੂਝ ਦਾ ਵਿਸਥਾਰ ਕਰ ਦਿੰਦੀ ਹੈ। ਲੇਖਕ, ਰਚਨਾ ਅਤੇ ਪਾਠਕ ਦਾ ਇਹ ਅੰਤਰ-ਸੰਵਾਦ ਆਪਣੇ ਅੰਤਿਮ ਰੂਪ ਵਿਚ ਸਾਹਿਤ ਅਤੇ ਚਿੰਤਨ ਦਾ ਅੰਤਰ-ਸੰਵਾਦ ਵੀ ਹੋ ਨਿਬੜਦਾ ਹੈ।

ਹਵਾਲੇ ਅਤੇ ਟਿੱਪਣੀਆਂ:

1. Jonathan Culler, Literary Theory - A Very Short Introduction, p. 21
2. "There is no 'Literary device - metonymy, synecdoche, Litotes, Chiasmus and soon - which is not quite intensively used in daily life".
   - Terry Eagleton, Literary Theory - An Introduction, p. 5
3. "... genres actively generate and shape knowledge of the world... I understand genre as a form of symbolic action : the generic organization of language, images, gestures, and sound makes things happen by actively shaping the way we understand the world.
   - John Frow, Genre, p. 2
4. Jonathan Culler, ibid., p. 28
5. "Literature than, we might say, is 'non-pragmatic' discourse

: unlike biology textbooks and notes to the milkman it serves no immediate practice purpose, but is to be taken as referring to a general state of affairs. Sometimes, though not always, it may employ peculiar language as though to make this fact obvious - to signal that what is at stake is a way of talking about a woman, rather than any particular real-life woman. This focusing on the way of talking, rather than on the reality of what is talked about, is sometimes taken to indicate that we mean by literature a kind of self-referential language, a language which talks about itself."

- Terry Eagleton, ibid, p. 7

6. Romila Thapar, Narrative and the Making of History, p. 2
7. **ਦਰਸ਼ਨ ਕੋਸ਼, ਪੰਨਾ 66**
8. **ਸੁਮਨ ਗੁਪਤਾ, ਬੀਸਵੀ਼ ਸ਼ਤਾਬਦੀ ਮੇ਼ ਦਰਸ਼ਨ ਸ਼ਾਸਤਰ, ਪੰਨੇ 143ਸ਼44**
9. **ਰਾਮ ਵਿਲਾਸ ਸ਼ਰਮਾ, ਪਰੰਪਰਾ ਕਾ ਮੂਲਿਆਂਕਣ, ਪੰਨਾ 11**
10. **ਮੈਨੇਜਰ ਪਾਂਡੇ, ਸਾਹਿਤ ਕੇ ਸਮਾਜ ਸ਼ਾਸਤਰ ਕੀ ਭੂਮਿਕਾ, ਪੰਨਾ 25**
11. Literature has not only made identity a theme; it has played a significant role in the construction of identity of readers. The value of literature has long been linked to the vicarious experiences it gives readers, enabling them to know how it feels to be in particular situations and thus to acquire dispositions to act and feel in certain ways. Literary works encourage identification with characters by showing things from their point of view.

    - Jonathan Culler, ibid, p. 112
12. **ਪ੍ਰਸਿੱਧ ਇਤਿਹਾਸਕਾਰ ਰੁਮੀਲਾ ਥਾਪਰ ਨੇ ਪ੍ਰਾਚੀਨ ਭਾਰਤ ਵਿਚ ਕਬੀਲਾ ਸੰਸਕ੍ਰਿਤੀ ਦੇ ਰਾਜਤੰਤਰ ਵਿਚ ਪਰਿਵਰਤਨ ਨੂੰ ਵੈਦਿਕ ਅਤੇ ਉਤਰ ਵੈਦਿਕ ਕਾਲ ਦੇ ਸਾਹਿਤਕ, ਧਾਰਮਿਕ ਸਰੋਤਾਂ ਦੇ ਹਵਾਲੇ ਨਾਲ ਸਮਝਣ ਦੀ ਧਾਰਨਾ ਪੇਸ਼ ਕੀਤੀ ਹੈ।**

    - "From Lineage to State", History and beyond, pp. 1-115

# ਸਮਕਾਲੀ ਚਿੰਤਨ : ਪੰਜਾਬੀ ਕਹਾਣੀ ਆਲੋਚਨਾ

–ਹਰਪ੍ਰੀਤ ਕੌਰ ਸੰਧੂ

ਪੰਜਾਬੀ ਕਹਾਣੀ ਆਲੋਚਨਾ ਵੀਹਵੀਂ ਸਦੀ ਦੇ ਤੀਜੇ–ਚੌਥੇ ਦਹਾਕੇ ਦੌਰਾਨ ਸ਼ੁਰੂ ਹੁੰਦੀ ਹੈ ਇਸ ਦੌਰ ਦੀ ਕਹਾਣੀ ਆਲੋਚਨਾ ਕਹਾਣੀਕਾਰਾਂ ਦੁਆਰਾ ਆਪਣੇ ਕਹਾਣੀ ਸੰਗ੍ਰਿਹਾਂ ਦੀਆਂ ਭੂਮਿਕਾਵਾਂ ਦੇ ਰੂਪ ਵਿੱਚ ਮਿਲਦੀ ਹੈ ਅਤੇ ਕਹਾਣੀ ਆਲੋਚਨਾ ਪੱਛਮੀ ਗਲਪ ਚਿੰਤਨ ਨੂੰ ਆਪਣੀਆਂ ਸਥਿਤੀਆਂ ਅਨੁਸਾਰ ਰੂਪਾਂਤਰਿਤ ਕਰਕੇ ਕਹਾਣੀ ਦੇ ਸਿਧਾਂਤਕ ਅਤੇ ਵਿਹਾਰਕ ਅਧਿਐਨ ਨੂੰ ਆਰੰਭਦੀ ਹੈ। ਅੱਠਵੇਂ ਦਹਾਕੇ ਵਿੱਚ ਯੂਨੀਵਰਸਿਟੀਆਂ ਵਿੱਚ ਐੱਮ. ਫਿਲ, ਪੀਐਚ. ਡੀ ਦੀ ਖੋਜ ਸ਼ੁਰੂ ਹੋਣ ਨਾਲ ਕਹਾਣੀ ਆਲੋਚਨਾ ਨੂੰ ਵਿਸਥਾਰ ਮਿਲਦਾ ਹੈ। ਇਸ ਸਮੇਂ ਮਾਰਕਸਵਾਦੀ ਕਹਾਣੀ ਆਲੋਚਨਾ ਜਿੱਥੇ ਕਹਾਣੀ ਦੇ ਵਸਤੂਗਤ ਅਧਿਐਨ ਵੱਲ ਰੁਚਿਤ ਹੁੰਦੀ ਹੈ, ਉੱਥੇ ਰੂਪਮੁਖੀ ਕਹਾਣੀ ਆਲੋਚਨਾ ਕਹਾਣੀ ਦੇ ਆਂਤਰਿਕ ਵਿਸ਼ਲੇਸ਼ਣ ਵੱਲ ਰੁਚਿਤ ਹੋਣੀ ਸ਼ੁਰੂ ਹੋ ਜਾਂਦੀ ਹੈ। ਸੰਤ ਸਿੰਘ ਸੇਖੋਂ, ਹਰਿਭਜਨ ਸਿੰਘ, ਟੀ. ਆਰ. ਵਿਨੋਦ, ਡਾ.ਗੁਰਬਖ਼ਸ਼ ਸਿੰਘ ਫ਼ਰੈਂਕ,ਦਿਲਜੀਤ ਸਿੰਘ, ਗੁਰਲਾਲ ਸਿੰਘ, ਡਾ.ਜੋਗਿੰਦਰ ਸਿੰਘ ਰਾਹੀ ਕਹਾਣੀ ਆਲੋਚਨਾ ਦੇ ਖੇਤਰ ਵਿੱਚ ਉੱਭਰਦੇ ਹਨ। ਸਿਧਾਂਤਕ ਅਧਿਐਨ, ਵਿਧਾਗਤ ਅਧਿਐਨ ਅਤੇ ਵਿਹਾਰਕ ਅਧਿਐਨ ਨਾਲ ਕਹਾਣੀ ਸ਼ਾਸਤਰ ਦੀ ਤਲਾਸ਼ ਜ਼ੋਰ ਫੜਦੀ ਹੈ ਸਮਕਾਲੀ ਕਹਾਣੀ ਆਲੋਚਨਾ ਉਤਰ ਆਧੁਨਿਕ ਚਿੰਤਨ ਦੁਆਰਾ ਹੋਂਦ ਵਿੱਚ ਆਈ ਆਲੋਚਨਾ ਵਿਧੀ ਦਾ ਪ੍ਰਭਾਵ ਕਬੂਲ ਕਰਦੀ ਹੈ। ਕਹਾਣੀ ਆਲੋਚਨਾ ਵਸਤੂਮੁਖੀ ਆਲੋਚਨਾ ਤੋਂ ਸ਼ੁਰੂ ਹੋ ਕੇ ਰੂਪਮੁਖੀ ਆਲੋਚਨਾ ਤੱਕ ਆਪਣੇ ਵਿਕਾਸ ਦੌਰਾਨ ਦੋਵਾਂ ਆਲੋਚਨਾ ਵਿਧੀਆਂ ਦਾ ਪ੍ਰਭਾਵ ਕਬੂਲਦੀ ਹੈ ਅਤੇ ਰਚਨਾ ਪਾਠ ਦਾ ਸਰਬਪੱਖੀ ਅਧਿਐਨ ਕਰਨ ਵੱਲ ਰੁਚਿਤ ਹੈ। ਸਮਕਾਲੀ ਆਲੋਚਕਾਂ ਵਿੱਚ ਡਾ. ਧਨਵੰਤ ਕੌਰ, ਡਾ. ਰਜਨੀਸ਼ ਬਹਾਦਰ ਸਿੰਘ, ਡਾ. ਬਲਦੇਵ ਸਿੰਘ ਧਾਲੀਵਾਲ ਸਥਾਪਿਤ ਕਹਾਣੀ ਆਲੋਚਕ ਹਨ ਇਹਨਾਂ ਦੀ ਅਗਲੀ ਪੀੜ੍ਹੀ ਵਿੱਚ ਵੀ ਕੁਝ ਨਾਂ ਡਾ. ਰਮਿੰਦਰ ਕੌਰ, ਡਾ. ਰਵੀ ਰਵਿੰਦਰ, ਜੇ.ਬੀ. ਸੇਖੋਂ, ਪਰਮਜੀਤ ਕੌਰ ਸਿੱਧੂ, ਡਾ.ਰਵਿੰਦਰ ਸੰਧੂ ਅਤੇ ਪਰਮਜੀਤ ਸਿੰਘ ਆਦਿ ਕਹਾਣੀ ਆਲੋਚਨਾ ਦੇ ਖੇਤਰ ਵਿਚ ਉਭਰ ਰਹੇ ਹਨ। ਇਹਨਾਂ ਤੋਂ ਹੋਰ ਚੰਗੇ ਦੀ ਉਮੀਦ ਕੀਤੀ ਜਾ ਸਕਦੀ ਹੈ ਇਸ ਤੋਂ ਬਿਨਾਂ ਵੀ ਕਹਾਣੀ ਆਲੋਚਨਾ ਗਿਣਾਤਮਕ ਪੱਖੋਂ ਐੱਮ.ਫਿਲ, ਪੀਐਚ.ਡੀ ਅਤੇ ਵਿਕੋਲਿਤਰੇ ਲੇਖਾਂ ਤੇ ਕਿਤਾਬਾਂ ਦੇ ਰੂਪ ਵਿੱਚ ਵੀ ਪ੍ਰਾਪਤ ਹੁੰਦੀ ਹੈ, ਪ੍ਰੰਤੂ ਇਹ ਕਹਾਣੀ ਆਲੋਚਨਾ ਗੁਣਾਤਮਕ ਪੱਖੋਂ ਜ਼ਿਆਦਾ ਚੰਗੀ ਨਹੀਂ ਹੈ, ਪੀਸੇ ਨੂੰ ਪੀਸਿਆ ਜਾ ਰਿਹਾ ਹੈ।

ਸਮਕਾਲੀ ਕਹਾਣੀ ਆਲੋਚਨਾ ਵਿਹਾਰਤੋਂ ਸਿਧਾਂਤ ਵੱਲ ਮੁੜਦੀ ਹੈ। ਡਾ.ਜੋਗਿੰਦਰ ਸਿੰਘ ਰਾਹੀ 'ਸਾਂਵਲ ਧਾਮੀ' ਦੀ ਕਹਾਣੀ 'ਪੁੱਲ' ਦੇ ਹਵਾਲੇ ਨਾਲ 'ਨਾਵਲੀ ਕਹਾਣੀ' ਬਾਰੇ ਜ਼ਿਕਰ ਆਪਣੀ ਪੁਸਤਕ 'ਪੰਜਾਬੀ ਕਹਾਣੀ ਦਾ ਸਫ਼ਰ ਤੇ ਸ਼ਾਸਤਰ' ਵਿਚ ਕਰਦੇ ਹਨ, ਨਾਵਲੀ ਕਹਾਣੀ ਉਹ ਬਣਦੀ ਹੈ ਜਿਸਨੂੰ ਜੇ ਕੋਈ ਪ੍ਰਤਿਭਾਵਾਨ ਗਲਪਕਾਰ ਚਾਹੇ ਤਾਂ ਬਕਾਇਦਾ ਨਾਵਲ ਦੀ ਰੂਪ ਵਿਧਾ ਵਿਚ ਫੈਲਾਅ ਸਕਦਾ ਹੈ, ਅਰਥਾਤ ਇਸ ਵਿਚ ਨਾਵਲ ਦਾ ਬੀਜ ਰੂਪ ਪਿਆ ਹੁੰਦਾ ਹੈ। ਕਹਾਣੀ ਦੀ ਰੂਪਾਤਮਕ ਵਿਲੱਖਣਤਾਵਾਂ ਨੂੰ ਕਹਾਣੀ ਪਾਠ ਵਿੱਚੋਂ ਦੇਖਦੇ ਹੋਏ ਹੀ ਡਾ.ਬਲਦੇਵ ਸਿੰਘ ਧਾਲੀਵਾਲ ਵੀ 'ਨਾਵਲੀ ਕਹਾਣੀ' ਦੀ ਗੱਲ ਕਰਦੇ ਹਨ। ਸਮਕਾਲੀ ਕਹਾਣੀ ਆਲੋਚਨਾ ਕਹਾਣੀ ਦੀ ਵਿਧਾਗਤ ਵਿਲੱਖਣਤਾ ਦੀ ਗੱਲ ਅਲਪ ਮਾਤਰ ਹੀ ਕਰਦੀ ਹੈ, ਕਿਉਂਕਿ ਹੁਣ ਇਹ ਲੋੜ ਮਹਿਸੂਸ ਨਹੀਂ ਕੀਤੀ ਜਾਂਦੀ ਕਿ ਕਹਾਣੀ ਨੂੰ ਦੂਜੇ ਸਾਹਿਤ ਰੂਪਾਂ

ਨਾਲੋਂ ਨਿਖੇੜ ਕੇ ਪੇਸ਼ ਕੀਤਾ ਜਾਵੇ, ਕਿਉਂਕਿ ਕਹਾਣੀ ਇੱਕ ਸਾਹਿਤਕ ਵਿਧਾ ਵਜੋਂ ਸਥਾਪਿਤ ਹੋ ਚੁੱਕੀ ਹੈ ਸਮਕਾਲੀ ਆਲੋਚਨਾ ਕਹਾਣੀ ਦੀ ਸੰਰਚਨਾ ਨੂੰ ਕੋਈ ਸਥਿਰ ਚੌਖਟਾ ਮੰਨਣ ਤੋਂ ਇਨਕਾਰੀ ਹੈ, ਸਗੋਂ ਇਸ ਨੂੰ ਗਤੀਸ਼ੀਲ ਵਰਤਾਰਾ ਮੰਨਦੀ ਹੋਈ ਪੰਜਾਬੀ ਕਹਾਣੀ ਵਿੱਚ ਨਵੇਂ ਪ੍ਰਤੀਮਾਨ ਲੱਭਣ ਲਈ ਉਤਸੁਕ ਰਹਿੰਦੀ ਹੈ। ਨਾਵਲੀ ਕਹਾਣੀ, ਬਹੁ-ਸੁਰੀ ਕਹਾਣੀ, ਬਹੁਪਰਤੀ ਕਹਾਣੀ ਇਸੇ ਰੁਚੀ ਵਿੱਚੋਂ ਨਿਕਲੇ ਪ੍ਰਤਿਮਾਨ ਹਨ। ਸਮਕਾਲੀ ਆਲੋਚਨਾ ਪਾਕਿਸਤਾਨੀ ਅਤੇ ਪਰਵਾਸੀ ਕਹਾਣੀ ਨੂੰ ਨਾਲ ਲੈ ਕੇ ਚੱਲਦੀ ਹੈ ਅਤੇ ਇਹਨਾਂ ਕਹਾਣੀਆਂ ਵਿਚਲੀ ਰਚਨਾ ਵਸਤੂ, ਰਚਨਾ-ਸੰਦਰਭ, ਰਚਨਾ-ਸੰਗਠਨ ਦੀ ਗੱਲ ਕਰਦੀ ਹੈ। ਸਮਕਾਲੀ ਕਹਾਣੀ ਆਲੋਚਨਾ ਭਾਰਤੀ ਪਾਕਿਸਤਾਨੀ ਅਤੇ ਪਰਵਾਸੀ ਕਹਾਣੀ ਨੂੰ ਆਧਾਰ ਬਣਾ ਕੇ ਵਿਹਾਰਕ ਅਧਿਐਨ ਕਰਦੀ ਹੈ ਡਾ. ਜਸਵਿੰਦਰ ਸਿੰਘ ਸਮਕਾਲੀ ਕਹਾਣੀ ਨੂੰ 'ਬਹੁ-ਸੁਰ ਅਤੇ ਮੈਂ ਮੂਲਕਤਾ ਦੀ ਸੰਵਾਦੀ ਜਟਿਲ ਕਹਾਣੀ' ਅਤੇ ਡਾ.ਬਲਦੇਵ ਸਿੰਘ ਧਾਲੀਵਾਲ ਇਸਨੂੰ 'ਰਾਜਸੀ ਅਵਚੇਤਨ ਵਾਲੀ ਜਟਿਲ ਲੰਮੀ ਕਹਾਣੀ' ਕਹਿੰਦੇ ਹਨ ਸਮਕਾਲੀ ਚਿੰਤਨ ਪਿਛਲੇ ਇਕ ਦਹਾਕੇ ਦੀ ਕਹਾਣੀ ਨੂੰ ਵਸਤੂ-ਸਥਿਤੀ, ਬਿਰਤਾਂਤਕ ਪੈਟਰਨ ਅਤੇ ਦ੍ਰਿਸ਼ਟੀਗਤ ਵਿਲੱਖਣਤਾਵਾਂ ਕਾਰਨ ਨਵੀਂ ਕਰਵਟ ਲੈ ਰਹੀ ਮੰਨਦਾ ਹੈ।

ਸਮਕਾਲੀ ਕਹਾਣੀ ਆਲੋਚਨਾ ਸਮਕਾਲ ਵਿਚ ਲਿਖੀ ਜਾ ਰਹੀ ਕਹਾਣੀ ਦੀ ਬਿਰਤਾਂਤਕ ਵਿਲੱਖਣਤਾ ਲੱਭਦੀ ਹੈ ਕਹਾਣੀ ਕਿਵੇਂ ਲਿਖੀ ਜਾ ਰਹੀ ਹੈ, ਬਿਰਤਾਂਤਕ ਸੰਗਠਨ ਵਿੱਚ ਕੀ ਬਦਲਾਅ ਆ ਰਹੇ ਹਨ ਅਤੇ ਕਹਾਣੀ ਕੀ ਪੇਸ਼ ਕਰ ਰਹੀ ਹੈ ਇਹ ਆਲੋਚਨਾ ਕਹਾਣੀ ਦੀ ਸੰਰਚਨਾ ਨੂੰ ਸਥਿਰ ਚੌਖਟਾ ਮੰਨਣ ਦੀ ਬਜਾਇ ਇਸ ਨੂੰ ਗਤੀਸ਼ੀਲ ਵਰਤਾਰਾ ਮੰਨਦੀ ਹੈ। ਇਹ ਕਹਾਣੀ ਵਿਚੋਂ ਨਵੇਂ ਪ੍ਰਭਾਵੀ ਨਕਸ਼, ਨਵੀਆਂ ਸੰਚਾਰ ਜੁਗਤਾਂ, ਨਵੀਆਂ ਰਚਨਾ ਦ੍ਰਿਸ਼ਟੀਆਂ ਲੱਭਣ ਲਈ ਹਮੇਸ਼ਾਂ ਉਤਸੁਕ ਰਹਿੰਦੀ ਹੈ। ਸਮਕਾਲੀ ਕਹਾਣੀ ਆਲੋਚਨਾ ਸਿਧਾਂਤਕ ਨਾਲੋਂ ਵਿਹਾਰਕ ਅਧਿਐਨ ਉੱਤੇ ਵਧੇਰੇ ਜ਼ੋਰ ਦਿੰਦੀ ਹੈ ਅਤੇ ਕਹਾਣੀ ਰਚਨਾ ਦੀ ਰੂਪਾਕਾਰਕ ਵਿਸ਼ੇਸ਼ਤਾਵਾਂ ਤੋਂ ਸੂਹ ਲੈ ਕੇ ਵਸਤੂ ਚੋਣ ਵੱਲ ਤੁਰਦੀ ਹੋਈ ਅੰਤ ਲੇਖਕ ਦੀ ਵਿਚਾਰਧਾਰਾ ਤੱਕ ਪਹੁੰਚਦੀ ਹੈ ਇਹ ਆਲੋਚਨਾ ਬਿਰਤਾਂਤ ਸ਼ਾਸਤਰ ਦੇ ਨਿਯਮਾਂ ਨੂੰ ਕਹਾਣੀ ਉੱਤੇ ਥੋਪਣ ਦੀ ਥਾਂ ਕਹਾਣੀ ਪਾਠ ਰਚਨਾਵਸਤੂ, ਸੰਗਠਨ ਅਤੇ ਸੰਦਰਭਵਿੱਚੋਂ ਕਹਾਣੀ ਸ਼ਾਸਤਰ ਉਸਾਰਨ ਦਾ ਯਤਨ ਕਰਦੀ ਹੈ।

ਇਸ ਪੇਪਰ ਦਾ ਆਧਾਰ ਪਿਛਲੇ ਇਕ ਦਹਾਕੇ ਵਿਚ ਹੋਈ ਕਹਾਣੀ ਆਲੋਚਨਾ ਹੈ। ਡਾ. ਧਨਵੰਤਕੌਰ ਦੀ ਪਿਛਲੇ ਦਹਾਕੇ ਵਿੱਚ ਕਹਾਣੀ ਆਲੋਚਕ ਵਜੋਂ ਸਰਗਰਮ ਰਹੇ ਹਨ ਅਤੇ ਇਸ ਸਮੇਂ ਉਹਨਾਂ ਦੀ ਪੁਸਤਕ 'ਡਾਇਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ' ਪ੍ਰਕਾਸ਼ਿਤ ਹੋਈ ਹੈ। ਇਸ ਤੋਂ ਇਲਾਵਾ 'ਪੰਜਾਬੀ ਕਹਾਣੀ ਦਾ ਬਿਰਤਾਂਤ ਸ਼ਾਸਤਰੀ ਅਧਿਐਨ','ਕਹਾਣੀਕਾਰ ਸੰਤੋਖ ਸਿੰਘ ਧੀਰ' ਅਤੇ 'ਪੰਜਾਬੀ ਕਹਾਣੀ ਸ਼ਾਸਤਰ' ਪੁਸਤਕਾਂ ਅਤੇ ਬਹੁਤ ਸਾਰੇ ਖੋਜ ਪੇਪਰ ਉਪਲੱਬਧ ਹਨ ਡਾ. ਧਨਵੰਤਕੌਰ ਕਹਾਣੀ ਬਾਰੇ ਸਿਧਾਂਤਕ ਧਾਰਨਾਵਾਂ ਨਿਕਟ ਪਾਠਮੂਲਕ ਅਧਿਐਨ ਵਿਧੀ ਰਾਹੀਂ ਸਪੱਸ਼ਟ ਕਰਦੇ ਹਨ। ਕਹਾਣੀ ਦਾ ਬਿਰਤਾਂਤ ਸ਼ਾਸਤਰੀ ਪੱਖ, ਕਹਾਣੀ ਦੇ ਵਿਧਾਗਤ ਰੁਝਾਨ, ਡਾਇਸਪੋਰਕ ਲਿਖਤਾਂ ਦੇ ਸਰੋਕਾਰ ਬਾਰੇ ਵੀ ਸਪੱਸ਼ਟ ਰੂਪ ਵਿਚ ਚਰਚਾ ਕਰਦੇ ਹਨ। ਕਹਾਣੀ ਸੰਗਠਨ ਦੀ ਸਮਝ ਦੇ ਨਾਲ-ਨਾਲ ਉਹਨਾਂ ਦਾ ਰੁਝਾਨ ਕਹਾਣੀ ਦੇ ਵਿਚਾਰਧਾਰਕ ਸਰੋਕਾਰਾਂ ਉੱਪਰ ਵੀ ਰਹਿੰਦਾ ਹੈ, ਇਸ ਲਈ ਫੋਕਸੀਕਰਨ ਦੀ ਕਥਾ ਜੁਗਤ ਵੱਲ ਵਿਸ਼ੇਸ਼ ਧਿਆਨ ਦਿੰਦੇ ਹਨ। ਆਧੁਨਿਕ ਕਹਾਣੀ ਦੀ ਸੰਰਚਨਾਤਮਕ ਬਣਤਰ ਦਾ ਮੂਲ ਧੁਰਾ ਫੋਕਸੀਕਰਨ

(Focalization) ਹੈ। ਫੋਕਸੀਕਰਨ ਬਿਰਤਾਂਤੀਕਰਨ ਦੇ ਨਜ਼ਰੀਏ ਨਾਲ ਸੰਬੰਧ ਰੱਖਦੀ ਹੈ ਕਿਉਂਕਿ ਇਹ ਅਜਿਹੀ ਪ੍ਰਕਿਰਿਆ ਹੈ ਜਿਹੜੀ ਪ੍ਰਤੱਖਣੀ, ਬੌਧਿਕ, ਭਾਵਨਾਤਮਕ, ਵਿਚਾਰਧਾਰਕ ਪਹਿਲੂਆਂ ਵਿਚੋਂ ਆਕਾਰ ਗ੍ਰਹਿਣ ਕਰਦੀ ਹੈ।

ਡਾ. ਧਨਵੰਤਕੌਰ ਆਪਣੀ ਨਵੀਂ ਪੁਸਤਕ 'ਡਾਇਸਪੋਰਾ ਸਿਧਾਂਤ ਅਤੇ ਪੰਜਾਬੀ ਕਹਾਣੀ' ਦੇ ਪਹਿਲੇ ਚਾਰ ਲੇਖ ਪਰਵਾਸ ਦੇ ਸੰਕਲਪ, ਡਾਇਸਪੋਰਿਕ ਬਿਰਤਾਂਤ ਦੇ ਸੰਦਰਭ ਅਤੇ ਸਿਧਾਂਤ, ਪਰਵਾਸ ਅਤੇ ਡਾਇਸਪੋਰਾ ਵਿਚ ਅੰਤਰ ਨਾਲ ਸੰਬੰਧਿਤ ਹਨ। ਅਗਲੇ ਤਿੰਨ ਲੇਖਾਂ ਵਿੱਚ ਡਾਇਸਪੋਰਾ ਦੇ ਮੌਜੂਦਾ ਤਿੰਨ ਮੁੱਖ ਟਿਕਾਣਿਆਂ ਬਰਤਾਨੀਆ, ਅਮਰੀਕਾ ਅਤੇ ਕਨੇਡਾ ਵਿੱਚ ਰਚੀ ਗਈ ਪੰਜਾਬੀ ਕਹਾਣੀ ਦੇ ਇਤਿਹਾਸਕ ਵਿਕਾਸ ਅਤੇ ਇਸ ਦੇ ਸਮਾਨਾਂਤਰ ਪਰਵਾਸੀ ਪੰਜਾਬੀ ਕਹਾਣੀ ਦੇ ਬਦਲੇ ਵਿਸ਼ੇ, ਉਲਝੇ-ਸੁਲਝੇ ਜੀਵਨ ਮਾਡਲਾਂ ਨੂੰ ਕਹਾਣੀ ਦੇ ਸੰਦਰਭਾਂ ਵਿੱਚੋਂ ਪਕੜਨ ਦਾ ਸਫ਼ਲ ਉਪਰਾਲਾ ਕਰਦੇ ਹਨ ਡਾ. ਧਨਵੰਤ ਕੌਰ ਬਿਰਤਾਂਤਕ ਤੱਤਾਂ ਦੇ ਸਰੂਪ ਅਤੇ ਪ੍ਰਬੰਧ ਨੂੰ ਪਛਾਣ ਕੇ ਆਧੁਨਿਕ ਕਹਾਣੀ ਵਿੱਚ ਉਹਨਾਂ ਦੀ ਰੂਪਾਕਾਰ ਹੋਂਦ ਵਿਧੀ ਦੀ ਨਿਸ਼ਾਨਦੇਹੀ ਕਰਦੇ ਹੋਏ ਕਹਾਣੀ ਸੰਗਠਨ ਵਿੱਚ ਵਿਚਾਰਧਾਰਾ ਦੇ ਰੋਲ ਦੀ ਸਮਝ ਦਾ ਪ੍ਰਗਟਾਵਾ ਕਰਦੇ ਹਨ। ਭਾਸ਼ਾ ਵਿਗਿਆਨਕ ਮਾਡਲਾਂ ਦੇ ਆਧਾਰ ਤੇ ਆਧੁਨਿਕ ਕਹਾਣੀ ਦੀ ਆਂਤਰਿਕ ਸੰਰਚਨਾ ਨੂੰ ਅਧਿਐਨ ਵਿਸ਼ਾ ਬਣਾਉਂਦਿਆਂ ਉਹ ਕਹਾਣੀ ਦੇ ਸੰਗਠਨ ਅਤੇ ਅਰਥਾਂ ਨੂੰ ਸਮਝਣ ਲਈ ਬਿਰਤਾਂਤ ਦੀ ਹੋਂਦ ਵਿਧੀ ਨੂੰ ਲਾਜ਼ਮੀ ਤੌਰ ਤੇ ਪਛਾਨਣ ਦਾ ਮੱਤ ਦਿੰਦੇ ਹਨ। 'ਡਾਇਸਪੋਰਾ ਸਿਧਾਂਤ ਤੇ ਪੰਜਾਬੀ ਕਹਾਣੀ' ਵਿੱਚ ਡਾ. ਧਨਵੰਤ ਕੌਰ ਤਿੰਨਾਂ ਮੁਲਕਾਂ ਦੀ ਕਹਾਣੀ ਵਿੱਚ ਕਹਾਣੀਕਾਰਾਂ ਦੁਆਰਾ ਬਿਰਤਾਂਤੇ ਗਏ ਸੰਸਾਰ ਨੂੰ ਇਤਿਹਾਸਕ ਵਿਕਾਸ, ਗਲਪੀ ਪੈਰਾਡਾਈਮ, ਸੱਭਿਆਚਾਰਕ ਪਹਿਲੂ, ਅੰਤਰ ਸੱਭਿਆਚਾਰਕ ਪ੍ਰਸਾਰ, ਔਰਤ ਮਰਦ ਦੀ ਸ਼ਨਾਖ਼ਤ ਦੀ ਨਵੀਂ ਘਾੜਤ ਅਤੇ ਪੰਜਾਬੀ ਕਹਾਣੀ ਦੀਆਂ ਨਵੀਆਂ ਰਚਨਾਤਮਕ ਸੰਭਾਵਨਾਵਾਂ ਸਮੇਤ ਪੇਸ਼ ਕਰਦੇ ਹਨ ਡਾ. ਧਨਵੰਤ ਆਪਣੀ ਮੂਲ ਟੇਕ ਰਚਨਾ ਵੇਰਵਿਆਂ ਨੂੰ ਹੀ ਬਣਾਉਂਦੇ ਹਨ।

ਡਾ. ਰਜਨੀਸ਼ ਬਹਾਦਰ ਸਿੰਘ ਦੇ ਸਾਹਿਤ ਅਧਿਐਨ ਦਾ ਮੂਲ ਮਾਡਲ ਮਾਰਕਸਵਾਦੀ ਹੈ ਪਰ ਮਕਾਨਕੀ ਮਾਰਕਸਵਾਦੀ ਨਹੀਂ ਉਹਨਾਂ ਨੇ ਪੰਜਾਬ ਦੇ ਆਰਥਿਕ, ਸੱਭਿਆਚਾਰਕਅਤੇ ਰਾਜਸੀ ਹਾਲਤਾਂ ਅਤੇ ਕਹਾਣੀ ਰੂਪਾਕਾਰ ਨੂੰ ਦਵੰਦਾਤਮਕ ਸਬੰਧਾਂ ਵਿੱਚ ਬੱਝੇ ਹੋਣ ਦੀ ਧਾਰਨਾ ਉੱਤੇ ਬਲ ਦਿੱਤਾ ਹੈ ਡਾ.ਰਜਨੀਸ਼ ਬਹਾਦਰ ਸਿੰਘ ਪੰਜਾਬੀ ਕਹਾਣੀ ਦੇ ਸਥਾਪਿਤ ਹੋ ਚੁੱਕੇ ਆਲੋਚਕਾਂ ਵਿੱਚ ਪ੍ਰਮੁੱਖ ਨਾਂ ਹੈ ਅਤੇ ਲਗਾਤਾਰ ਕਹਾਣੀ ਸਬੰਧੀ ਪੁਸਤਕਾਂ ਅਤੇ ਖੋਜ ਪੇਪਰ ਲਿਖਦੇ ਰਹਿੰਦੇ ਹਨ 2017 ਵਿੱਚ ਪ੍ਰਕਾਸ਼ਿਤ ਹੋਈ ਉਹਨਾਂ ਦੀ ਪੁਸਤਕ 'ਪੰਜਾਬੀ ਕਹਾਣੀ' ਦੇ ਪਹਿਲੇ ਅੱਠ ਲੇਖ ਕਹਾਣੀ ਦੇ ਵਿਧਾਗਤ ਪ੍ਰਤਿਮਾਨਾਂ, ਮਾਡਲੀ ਸਰੂਪ, ਦਲਿਤ ਅਤੇ ਹਾਸ਼ਿਆਗਤ ਸਮੂਹਾਂ ਨਾਲ ਸਬੰਧਿਤ ਹਨ। ਇਸ ਤਰ੍ਹਾਂ ਡਾ. ਰਜਨੀਸ਼ ਦਾ ਕਹਾਣੀ ਚਿੰਤਨ ਇਤਿਹਾਸਕ ਵਿਕਾਸ ਦੀ ਨਿਸ਼ਾਨਦੇਹੀ ਕਰਨ ਦੇ ਨਾਲ ਨਾਲ ਪ੍ਰਮੁੱਖ ਰੁਝਾਨਾਂ, ਅੰਤਰੀਵ ਸਿਰਜਣਾਤਮਕ ਤੱਤਾਂ, ਕਲਾਤਮਕ ਅਮਲ, ਨਵੇਂ ਪ੍ਰਮੁੱਖ ਕਹਾਣੀਕਾਰਾਂ ਉੱਤੇ ਫੋਕਸ ਕਰਦੇ ਹਨ। ਪੁਸਤਕ ਦੇ ਪਿਛਲੇ ਅੱਠ ਲੇਖ ਕਹਾਣੀ ਦੇ ਪਾਤਰਾਂ ਦੀ ਖ਼ੁਦਮੁਖਤਿਆਰੀ ਬਾਰੇ ਹਨ। ਵਿਹਾਰਕ ਆਲੋਚਨਾ ਨਾਲ ਸਬੰਧਿਤ ਉਹਨਾਂ ਦੀ ਪੁਸਤਕ 'ਅਜੋਕੀ ਪੰਜਾਬੀ ਕਹਾਣੀ-ਕਥਾ ਪ੍ਰਵਚਨ' ਕਾਫੀ ਮਹੱਤਵਪੂਰਨ ਹੈ। ਕਹਾਣੀ ਵਿੱਚ ਉੱਭਰੇ ਨਵੇਂ ਚਿੰਨ੍ਹਾਂ, ਕਹਾਣੀਕਾਰਾਂ ਦੀ ਬਦਲੀ ਹੋਈ ਵਸਤੂ ਸਥਿਤੀ, ਨਵੀਆਂ ਕਥਾ ਜੁਗਤਾਂ, ਆਰੋਪਿਤ ਵਿਚਾਰਧਾਰਾ ਤੋਂ ਪਾਤਰਾਂ ਦੀ ਮੁਕਤੀ ਵਰਗੇ ਨਵੇਂ ਸੰਕਲਪਾਂ ਨੂੰ ਰਚਨਾ ਵੇਰਵਿਆਂ ਵਿਚੋਂ ਸਪੱਸ਼ਟ ਕਰਦੇ ਹਨ ਉਹਨਾਂ ਦੁਆਰਾ

ਵਿਹਾਰਕ ਅਧਿਐਨਲਈ ਚੁਣੇ ਗਏ ਕਹਾਣੀਕਾਰ ਸਮਕਾਲੀ ਹਨ ਉਹਨਾਂ ਨੇ ਇਹਨਾਂ ਦੀਆਂ ਕਹਾਣੀਆਂ ਦੀ ਵਿਲੱਖਣਤਾ ਨੂੰ ਉਭਾਰਿਆਹੈ, ਜਿਵੇਂ ਵੰਨ- ਸੁਵੰਨੇ ਰਿਸ਼ਤਿਆਂ ਦਾ ਕਹਾਣੀਕਾਰ- ਐੱਸ ਬਲਵੰਤ, ਰਹੱਸਮਈ ਬਿਰਤਾਂਤ ਦਾ ਕਥਾਕਾਰ- ਸੁਖਜੀਤ, ਸੂਝਵਾਨ ਚਿੰਤਕ ਅਤੇ ਸਹਿਜਵਾਨ ਕਹਾਣੀਕਾਰ-ਜਸਵਿੰਦਰ ਸਿੰਘ, ਔਰਤ ਦੀ ਸਥਿਤੀ ਦੀ ਚਿੱਤਰਕਾਰ-ਰਸ਼ਪਿੰਦਰ ਰਸ਼ਮ । ਡਾ. ਰਜਨੀਸ਼ ਦੀ ਸਾਹਿਤ ਚਿੰਤਨ ਪ੍ਰਤਿਭਾ ਬਾਰੇ ਲਿਖਦੇ ਹੋਏ ਡਾ. ਜਸਵਿੰਦਰ ਕਹਿੰਦੇ ਹਨ, ਡਾ. ਰਜਨੀਸ਼ ਦਾ ਕਹਾਣੀ ਅਧਿਐਨ ਇਹ ਪ੍ਰਮਾਣਿਤ ਕਰਦਾ ਹੈ ਕਿ ਉਹ ਪੰਜਾਬੀ ਕਹਾਣੀ ਦਾ ਗੰਭੀਰ ਪਾਠਕ ਹੈ ਕਹਾਣੀ ਪਾਠ ਦਾ ਵਿਸ਼ਲੇਸ਼ਣ ਕਰਕੇ ਡਾ. ਰਜਨੀਸ਼ ਨੇ ਪੰਜਾਬੀ ਆਲੋਚਨਾ ਕਾਰਜ ਦੀਆਂ ਪ੍ਰਮੁੱਖ ਵੰਗਾਰਾਂ ਅਤੇ ਸੀਮਾਵਾਂ ਨੂੰ ਉਲੰਘਿਆ ਹੈ ਅਤੇ ਪੰਜਾਬੀ ਸਾਹਿਤ ਵਿੱਚ ਥੋੜ੍ਹੀ ਹੀ ਸਹੀ ਚੱਲੀ ਆ ਰਹੀ ਵਧੀਆ ਪਿਰਤ ਨੂੰ ਅੱਗੇ ਤੋਰਿਆ ਹੈ ਉਸ ਦੀਆਂ ਸਥਾਪਨਾਵਾਂ ਨਾਲ ਸਹਿਮਤ ਹੋਇਆ ਜਾਵੇ ਜਾਂ ਨਾ, ਪਰ ਉਸਨੇ ਪੰਜਾਬੀ ਸਾਹਿਤ ਆਲੋਚਨਾ ਦੀ ਜ਼ਰੂਰੀ ਪਰ ਬਹੁਤ ਘੱਟ ਪ੍ਰਾਪਤ ਰਵਾਇਤ ਨੂੰ ਅੱਗੇ ਤੋਰਿਆ ਹੈ। ਜਿਸ ਦੇ ਸਦਕੇ ਪੰਜਾਬੀ ਸਾਹਿਤ ਦੀ ਮਾਣਯੋਗ ਸਮਾਜੀ ਸਾਰਥਿਕਤਾ ਅਤੇ ਲੋਕ ਪੱਖੀ ਪੰਜਾਬੀ ਚਿੰਤਨ ਦੀ ਨਵੀਂ ਠੁੱਕ ਅਤੇ ਨਵੀਆਂ ਸੰਭਾਵਨਾਵਾਂ ਵਿੱਚ ਵਿਸ਼ਵਾਸ ਬੱਝਦਾ ਹੈ। ਸਾਨੂੰ ਅਜਿਹੇ ਜ਼ੁੰਮੇਵਾਰ ਸੰਵਾਦਾਂ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ।

ਡਾ.ਰਜਨੀਸ਼ ਬਹਾਦਰ ਸਿੰਘ ਸਾਹਿਤ ਦੀ ਪ੍ਰਕਿਰਤੀ ਅਤੇ ਕਹਾਣੀ ਦੀ ਵਿਧਾਗਤ ਹੋਂਦ ਅਤੇ ਖੁਦਮੁਖਤਿਆਰੀ ਨੂੰ ਚਿੰਤਨ ਦਾ ਆਧਾਰ ਬਣਾਉਂਦੇ ਹਨ। ਵਸਤੂ ਅਤੇ ਰੂਪ ਦੀ ਸਹਿਹੋਂਦ ਨੂੰ ਸਵੀਕਾਰਦੇ ਹਨ ਅਤੇ ਵਿਹਾਰਕ ਅਧਿਐਨ ਵਿੱਚ ਪੇਸ਼ ਕਰਨ ਦੀ ਮੁਹਾਰਤ ਵੀ ਰੱਖਦੇ ਹਨ। ਡਾ. ਰਜਨੀਸ਼ ਆਪਣੀ ਗੱਲ ਦ੍ਰਿੜ੍ਹਤਾ ਅਤੇ ਦਲੇਰੀ ਨਾਲ ਕਹਿਣ ਵਿੱਚ ਨਿਪੁੰਨ ਹਨ। ਉਹ ਸਮਕਾਲੀ ਕਹਾਣੀ ਨੂੰ ਪੱਛਮ ਦੇ ਦੁਖਾਂਤਕ ਪੈਟਰਨ ਵਿਚ ਢਲੀ ਹੋਈ ਕਹਾਣੀ ਮੰਨਦੇ ਹਨ, ਜਿਹੜੀ ਭਾਸ਼ਾਈ ਬਿੰਬਾਂ 'ਤੇ ਟਿਕੀ ਹੋਈ ਆਪਣੇ ਖੁੱਲ੍ਹੇ ਅੰਤ ਨਾਲ ਬਹੁਤ ਕੁੱਝ ਅਣਕਿਹਾ ਛੱਡ ਜਾਂਦੀ ਹੈ।

ਪਿਛਲੇ ਇੱਕ ਦਹਾਕੇ ਦੀ ਗੱਲ ਕਰੀਏ ਤਾਂ ਇਹ ਇਸ ਸਮੇਂ ਡਾ.ਬਲਦੇਵ ਸਿੰਘ ਧਾਲੀਵਾਲ ਦੀਆਂ ਕਹਾਣੀ ਆਲੋਚਨਾ ਨਾਲ ਸਬੰਧਿਤ ਦੋ ਪੁਸਤਕਾਂ 'ਕਹਾਣੀ ਸ਼ਾਸ਼ਤਰ ਤੇ ਪੰਜਾਬੀ ਕਹਾਣੀ' ਅਤੇ'ਇੱਕੀਵੀਂ ਸਦੀ ਅਤੇ ਪੰਜਾਬੀ ਕਹਾਣੀ' ਪ੍ਰਕਾਸ਼ਿਤ ਹੋਈਆਂ ਹਨ। ਡਾ. ਧਾਲੀਵਾਲ ਦੀ ਆਲੋਚਨਾ ਦ੍ਰਿਸ਼ਟੀ ਮੌਲਿਕ ਅਤੇ ਅੰਤਰ-ਅਨੁਸ਼ਾਸਨੀ ਹੈ। ਕਹਾਣੀ ਆਲੋਚਨਾ ਸਮੇਂ ਉਹਨਾਂ ਦੀ ਦ੍ਰਿਸ਼ਟੀ ਇਕਹਰੇ ਪਹਿਲੂ ਨੂੰ ਆਧਾਰ ਨਹੀਂ ਬਣਾਉਂਦੀ, ਸਗੋਂ ਕਹਾਣੀ ਦੇ ਵੱਖ ਵੱਖ ਪਹਿਲੂਆਂ ਨੂੰ ਦ੍ਰਿਸ਼ਟੀਗੋਚਰ ਕਰਦੀ ਹੈ 'ਕਹਾਣੀ ਸ਼ਾਸਤਰ ਅਤੇ ਪੰਜਾਬੀ ਕਹਾਣੀ' ਪੁਸਤਕ ਵਿੱਚ ਡਾ. ਧਾਲੀਵਾਲ ਬਿਰਤਾਂਤ ਸ਼ਾਸਤਰ ਦੇ ਵਿਆਪਕ ਨਿਯਮਾਂ ਨਾਲ ਗੱਲ ਸ਼ੁਰੂ ਕਰਦੇ ਹੋਏ ਕਹਾਣੀਆਂ ਦੇ ਵਿਹਾਰਕ ਅਧਿਐਨ ਵਿੱਚੋਂ ਉਹਨਾਂ ਦੇ ਰਚਨਾਤਮਿਕ ਪੈਟਰਨਾਂ ਦੀ ਨਿਸ਼ਾਨਦੇਹੀ ਕਰਦੇ ਹਨ। ਭਾਰਤੀ, ਪਾਕਿਸਤਾਨੀ, ਪਰਵਾਸੀ ਅਤੇ ਜੰਮੂ ਕਸ਼ਮੀਰ ਦੀ ਪੰਜਾਬੀ ਕਹਾਣੀ ਦਾ ਇਤਿਹਾਸ ਲਿਖਦੇ ਹੋਏ ਡਾ. ਧਾਲੀਵਾਲ ਭਾਰਤੀ ਕਹਾਣੀ ਨੂੰ ਮੁੱਖ ਧਾਰਾ ਦੀ ਕਹਾਣੀ ਮੰਨਦੇ ਹਨ। ਪਾਕਿਸਤਾਨੀ, ਪਰਵਾਸੀ ਅਤੇ ਜੰਮੂ ਕਸ਼ਮੀਰ ਦੀ ਕਹਾਣੀ ਨੂੰ ਵੱਖਰੀਆਂ ਵੰਨਗੀਆਂ ਮੰਨਦੇ ਹੋਏ ਇਹਨਾਂ ਦਾ ਅਲੱਗ ਕਹਾਣੀ ਸ਼ਾਸਤਰ ਉਸਾਰਨ ਦਾ ਯਤਨ ਕਰਦੇ ਹਨ। ਪਾਕਿਸਤਾਨੀ ਕਹਾਣੀ ਦੀ ਗਲਪ ਦ੍ਰਿਸ਼ਟੀ ਨੂੰ ਪ੍ਰਭਾਵਿਤ ਕਰਨ ਵਾਲੇ ਨੁਕਤੇ ਉਹ ਰੂੜ ਇਸਲਾਮੀ ਰੰਗਤ ਵਾਲੀ ਸਾਮੰਤੀ ਮਾਨਸਿਕਤਾ, ਪੱਛਮੀ ਜੀਵਨ ਪ੍ਰਤੀ ਉਹਨਾਂ ਦਾ ਦਵੰਦ, ਖੇਤਰੀ ਕੌਮੀਅਤ ਦੇ

ਵਿਰੋਧਾਤਮਕ ਅੰਤਰ ਸੰਬੰਧਾਂ ਦੀ ਪਛਾਣ ਆਦਿ ਮੰਨਦੇ ਹਨ। ਡਾ. ਧਾਲੀਵਾਲ ਪੰਜਾਬੀ ਕਹਾਣੀ ਦੇ ਰਚਨਾਤਮਕ ਪਰਿਵਰਤਨਾਂ ਦੀ ਨਿਸ਼ਾਨਦੇਹੀ ਕਹਾਣੀ ਦੀ ਇਤਿਹਾਸਕ ਗਤੀ ਅਨੁਸਾਰ ਕਰਦੇ ਹੋਏ ਪ੍ਰਤਿਮਾਨਮੂਲਕ ਕਹਾਣੀ, ਮਿੰਨੀ ਕਹਾਣੀ, ਲੰਮੀ ਕਹਾਣੀ, ਵਿਗਿਆਨਕ ਕਹਾਣੀ, ਦਸਤਾਵੇਜ਼ੀ ਕਹਾਣੀ, ਵਾਕਿਆ ਕਹਾਣੀ, ਬਹੁਵਚਨੀ ਏਕਾਲਾਪ ਅਤੇ ਮਿੱਥ ਆਧਾਰਿਤ ਬਿਰਤਾਂਤ ਆਦਿ ਰਚਨਾਤਮਕ ਪੈਟਰਨਾਂ ਬਾਰੇ ਉਲੇਖ ਕਰਦੇ ਹਨ 'ਪੰਜਾਬੀ ਕਹਾਣੀ ਦ੍ਰਿਸ਼ਟੀ' ਅਧਿਆਏ ਵਿੱਚ ਡਾ. ਧਾਲੀਵਾਲ ਸਮਕਾਲੀ ਕਹਾਣੀਆਂ ਦੇ ਵਿਹਾਰਕ ਅਧਿਐਨ ਰਾਹੀਂ ਨਵੇਂ ਵਿਸ਼ਿਆਂ ਅਤੇ ਬਿਰਤਾਂਤਕ ਵਿਲੱਖਣਤਾਵਾਂ ਦੀ ਨਿਸ਼ਾਨਦੇਹੀ ਕਰਦੇ ਹਨ। ਪਾਕਿਸਤਾਨੀ ਕਹਾਣੀ ਨੂੰ ਪ੍ਰਤੀਕਮਈ ਮੋਟਿਫ਼ਾਂ, ਲੋਕਧਾਰਾਈ ਅਰਥਾਂ ਨਾਲ ਵਰਤਮਾਨ ਦੇ ਜਟਿਲ ਯਥਾਰਥ ਨੂੰ ਪੇਸ਼ ਕਰਨ ਵਾਲੀ ਭਵਿੱਖਮੁਖੀ ਆਧੁਨਿਕਤਾਵਾਦਕਹਾਣੀ ਮੰਨਦੇ ਹਨ। ਪਰਵਾਸੀ ਕਹਾਣੀ ਡਾ. ਧਾਲੀਵਾਲ ਨੂੰ ਭੂ-ਹੇਰਵੇ ਅਤੇ ਅਜਨਬੀਆਂ ਵਰਗੇ ਅਨੁਭਵਾਂ ਤੋਂ ਅੱਗੇ ਪੱਛਮੀ ਨਵ-ਬਸਤੀਵਾਦ, ਰਾਜਸੀ ਸੰਕਟ, ਬਹੁ-ਸੱਭਿਆਚਾਰਵਾਦ ਬਹੁ-ਮੁਖੀ ਪਛਾਣ ਦੀ ਗੁੰਝਲ, ਨਵੀਂ ਪੀੜ੍ਹੀ ਦੀ ਪਿੱਤਰੀ ਸੱਭਿਆਚਾਰ ਤੋਂ ਬੇਮੁੱਖਤਾ ਵਰਗੇ ਸਰੋਕਾਰ ਦੀ ਪੇਸ਼ਕਾਰੀ ਪ੍ਰਤੀਤ ਹੁੰਦੀ ਹੈ 'ਇੱਕੀਵੀਂ ਸਦੀ ਅਤੇ ਪੰਜਾਬੀ ਕਹਾਣੀ' ਪੁਸਤਕ ਵਿਹਾਰਕ ਆਲੋਚਨਾ ਨਾਲ ਸਬੰਧਿਤ ਪੁਸਤਕ ਹੈ। ਇਸ ਵਿੱਚ ਸਮੁੱਚੀ ਪੰਜਾਬੀ ਕਹਾਣੀ ਦੀ ਇਤਿਹਾਸਕ ਨਿਰੰਤਰਤਾ ਦੇ ਸੰਦਰਭ ਵਿੱਚ ਇੱਕੀਵੀਂ ਸਦੀ ਦੇ ਮੁੱਢਲੇ ਦਹਾਕੇ ਦੀ ਕਹਾਣੀ ਦੇ ਬਦਲ ਰਹੇ ਪ੍ਰਤਿਮਾਨਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਟਾਵਰਜ਼-ਉੱਤਰ ਬਸਤੀਵਾਦੀ ਚਿੰਤਨੀ ਬਿਰਤਾਂਤ, ਮੋਮਬੱਤੀ- ਸਮਾਜਿਕ ਫਿਕਰ ਦਾ ਬਿਰਤਾਂਤ, ਖੁਸ਼ਕ ਅੱਖ ਦਾ ਖ਼ਾਬ-ਸਾਮਰਾਜਵਾਦ ਜਾਲ ਵਿੱਚ ਫਾਥੇ ਪੰਜਾਬ ਦਾ ਬਿਰਤਾਂਤ ਆਦਿ ਲੇਖਾਂ ਦੇ ਨਾਂ ਕਹਾਣੀਕਾਰ ਦੀ ਰਚਨਾ ਦ੍ਰਿਸ਼ਟੀ ਵੱਲ ਸੰਕੇਤ ਕਰਨ ਵਾਲੇ ਹਨ

ਡਾ. ਬਲਦੇਵ ਸਿੰਘ ਧਾਲੀਵਾਲ ਅਤੇ ਡਾ.ਰਜਨੀਸ਼ ਬਹਾਦਰ ਸਿੰਘ ਚੌਥੀ ਪੀੜ੍ਹੀ ਦੀ ਕਹਾਣੀ ਨੂੰ ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਤੱਕ ਆਪਣੇ ਸਿਖ਼ਰ ਤੇ ਪਹੁੰਚਦੀ ਮੰਨਦੇ ਹਨ ਅਤੇ ਇਹ ਚਿੰਤਕ ਸਮਕਾਲ ਵਿੱਚ ਰਚੀ ਜਾ ਰਹੀ ਕਹਾਣੀ ਨੂੰ ਨਵੀਂ ਰੰਗਤ,ਨਵੇਂ ਮੁਹਾਵਰੇ ਵਾਲੀ ਵਿਲੱਖਣ ਕਹਾਣੀ ਮੰਨਦੇ ਹੋਏ ਕਹਾਣੀ ਦੀ ਅਗਲੀ ਪੀੜ੍ਹੀ ਦੀ ਆਹਟ ਮਹਿਸੂਸ ਕਰਦੇ ਹਨ ਪੰਜਾਬੀ ਕਹਾਣੀ ਨੇ ਵਰਜਿਤ ਖੇਤਰਾਂ ਵਿਚ ਪ੍ਰਵੇਸ਼ ਹੀ ਨਹੀਂ ਕੀਤਾ, ਸਗੋਂ ਪੰਜਾਬ ਦਾ ਗਤੀਸ਼ੀਲ ਚਿੱਤਰ ਪੇਸ਼ ਕੀਤਾ, ਜਿਹੜਾ ਪੰਜਾਬ ਦੇ ਸਮਾਜ-ਸਭਿਆਚਾਰ ਦਾ ਇਤਿਹਾਸਕ ਦਸਤਾਵੇਜ਼ ਬਣਨ ਦੇ ਸਮਰੱਥ ਹੈ। ਹੁਣ ਵੀ ਪੰਜਾਬੀ ਕਹਾਣੀ ਜੀਵਨ ਧਾਰਾ ਨੂੰ ਪ੍ਰਭਾਵਿਤ ਕਰਨ ਵਾਲੇ ਕਾਰਕਾਂ ਦੀ ਪਛਾਣ ਵਿਚ ਲੱਗੀ ਹੋਈ ਹੈ। ਇਸ ਵਿਚੋਂ ਨਵੀ ਪੀੜ੍ਹੀ ਦੀ ਆਹਟ ਸੁਣਾਈ ਦੇ ਰਹੀ ਹੈ। ਡਾ. ਧਾਲੀਵਾਲ ਸਮਕਾਲੀ ਕਹਾਣੀ ਨੂੰ ਪ੍ਰਗਤੀਵਾਦੀ ਅਤੇ ਆਧੁਨਿਕਤਾਵਾਦੀ ਕਹਾਣੀ ਨਾਲ ਤੁਲਨਾਉਂਦੇ ਹੋਏ ਇਸ ਦੀ ਗੁਣਾਤਮਕ ਵਿਲੱਖਣਤਾ ਉੱਤੇ ਜ਼ੋਰ ਦਿੰਦੇ ਹਨ ਡਾ. ਧਾਲੀਵਾਲ ਦੀ ਪੁਸਤਕ 'ਪੰਜਾਬੀ ਕਹਾਣੀ ਦਾ ਇਤਿਹਾਸ' ਪੰਜਾਬੀ ਕਹਾਣੀ ਦੀ ਵਿਕਾਸ ਰੇਖਾ ਉਲੀਕਣ ਦਾ ਸੁਚੱਜਾ ਯਤਨ ਹੈ। ਇਹ ਪੁਸਤਕ 2017 ਵਿਚ ਦੂਜੀ ਵਾਰ ਸੋਧ ਕੇ ਜਾਣਕਾਰੀ ਸਮੇਤ ਪ੍ਰਕਾਸ਼ਿਤ ਕੀਤੀ ਗਈ ਹੈ ਅਤੇ ਇਸ ਵਿੱਚ ਕਹਾਣੀ ਨੂੰ ਰਚਨਾ ਦ੍ਰਿਸ਼ਟੀ ਦੇ ਆਧਾਰ ਤੇ ਚਾਰ ਪੜਾਵਾਂ ਵਿੱਚ ਵੰਡਿਆ ਗਿਆ ਹੈ:ਆਦਰਸ਼ਵਾਦੀ ਯਥਾਰਥਵਾਦੀ ਪੰਜਾਬੀ ਕਹਾਣੀ, ਪ੍ਰਗਤੀਵਾਦੀ ਯਥਾਰਥਵਾਦੀ ਪੰਜਾਬੀ ਕਹਾਣੀ, ਵਸਤੂਮੁਖੀ ਯਥਾਰਥਵਾਦੀ ਪੰਜਾਬੀ ਕਹਾਣੀ, ਉਤਰ-ਯਥਾਰਥਵਾਦੀ ਪੰਜਾਬੀ ਕਹਾਣੀ ਕਹਾਣੀ ਰਚਨਾ ਬਾਰੇ ਭਾਵੇਂ ਸੰਖੇਪ ਟਿੱਪਣੀ ਹੀ ਮਿਲਦੀ ਹੈ ਪਰ ਇਸ ਵਿੱਚ ਲਗਭਗ ਹਰ ਕਹਾਣੀ ਅਤੇ ਕਹਾਣੀਕਾਰ ਦੀ ਜਾਣਕਾਰੀ ਦਿੱਤੀ ਗਈ ਹੈ।

ਇਸ ਤੋਂ ਇਲਾਵਾ ਪਿਛਲੇ ਦਹਾਕੇ ਵਿੱਚ ਡਾ. ਧਾਲੀਵਾਲ ਪਰਮਜੀਤ ਸਿੰਘ ਨਾਲ ਮਿਲ ਕੇ ਕਹਾਣੀ ਸਿਧਾਂਤ ਦਾ ਇਤਿਹਾਸ ਵੀ ਦਸਤਾਵੇਜ਼ੀ ਸਰੋਤ ਦੇ ਰੂਪ ਵਿੱਚ ਲੈ ਕੇ ਆਉਂਦੇ ਹਨ, ਪ੍ਰੰਤੂ ਇਸ ਵਿੱਚ ਆਲੋਚਨਾ ਲੇਖਾਂ ਦਾ ਤਰਤੀਬਵਾਰ ਇਕੱਤਰੀਕਰਨ ਕੀਤਾ ਗਿਆ ਹੈ ਉਸ ਉੱਤੇ ਕੋਈ ਟਿੱਪਣੀ ਜਾਂ ਸੰਵਾਦ ਨਹੀਂ ਹੈ।

ਸਮਕਾਲੀ ਕਹਾਣੀ ਚਿੰਤਨ ਵਿਹਾਰਕ ਆਲੋਚਨਾ ਉੱਤੇ ਬਹੁਤ ਜ਼ੋਰ ਦੇ ਰਿਹਾ ਹੈ,ਵਿਹਾਰਕ ਤੋਂ ਕਹਾਣੀ ਸਿਧਾਂਤ ਉਸਾਰਨ ਦੀ ਕੋਸ਼ਿਸ਼ ਵੀ ਕਰ ਰਿਹਾ ਹੈ। ਡਾ. ਗੁਰਬਖ਼ਸ਼ ਸਿੰਘ ਫ਼ਰੈਂਕ ਨੇ ਪ੍ਰਗਤੀਵਾਦੀ ਲੇਖਕ ਸੰਘ ਦੀ ਬਾਰ੍ਹਵੀਂ ਕਾਨਫਰੰਸ ਵਿੱਚ 'ਇੱਕੀਵੀਂ ਸਦੀ ਵਿੱਚ ਲੇਖਕਾਂ ਨੂੰ ਪੇਸ਼ ਆਉਣ ਵਾਲੀਆਂ ਵੰਗਾਰਾਂ' ਵਿਸ਼ੇ ਉੱਤੇ ਪੇਪਰ ਪੜ੍ਹਿਆ। ਇਹ ਪੇਪਰ ਇੱਕੀਵੀਂ ਸਦੀ ਦੇ ਸ਼ੁਰੂਆਤੀ ਸਾਲਾਂ ਵਿੱਚ ਛਪਿਆ। ਇਸ ਵਿੱਚ ਕਰੀਬ ਅੱਠ ਸਮੱਸਿਆਵਾਂ ਦਾ ਜ਼ਿਕਰ ਡਾ. ਫਰੈਂਕ ਕਰਦੇ ਹਨ ਅਤੇ ਇਹ ਸਮੱਸਿਆਵਾਂ ਬਿਲਕੁਲ ਅੱਜ ਸਾਡੇ ਲੇਖਕਾਂ ਅਤੇ ਆਲੋਚਕਾਂ ਦੇ ਸਨਮੁੱਖਆ ਖੜ੍ਹੀਆਂ ਹੋਈਆਂ ਹਨ। ਸਮਕਾਲੀ ਆਲੋਚਨਾਂ ਡਿਗਰੀਆਂ ਤੱਕ ਮਹਿਮੂਦ ਹੋ ਕੇ ਰਹਿ ਗਈ ਹੈ। ਜਿਸ ਨਾਲ ਆਲੋਚਨਾ ਦੇ ਮਿਆਰ ਨੂੰ ਬਹੁਤ ਨੁਕਸਾਨ ਪੁੱਜਾ ਹੈ। ਅਕਾਦਮਿਕ ਪ੍ਰਗਤੀ ਲਈ ਲਿਖੇ ਜਾ ਰਹੇ ਰਿਸਰਚ ਪੇਪਰ ਸਿਰਫ ਅਕਾਦਮਿਕ ਸਕੋਰ ਪ੍ਰਾਪਤ ਕਰਨ ਲਈ ਲਿਖੇ ਜਾ ਰਹੇ ਹਨ। ਇਹਨਾਂ ਨਾਲ ਆਲੋਚਨਾ ਦੇ ਖੇਤਰ ਵਿੱਚ ਕੋਈ ਗੁਣਾਤਮਕ ਵਾਧਾ ਨਹੀਂ ਹੋ ਰਿਹਾ, ਸਿਰਫ ਗਿਣਾਤਮਕ ਪੱਖੋਂ ਹੀ ਰਿਸਰਚ ਹੋ ਰਹੀ ਹੈ। ਡਿਗਰੀ ਪ੍ਰਾਪਤ ਕਰਨ ਲਈ ਕੀਤੀ ਜਾ ਰਹੀ ਕਹਾਣੀ ਆਲੋਚਨਾ ਰਚਨਾ ਦੇ ਅੰਗਾਂ ਉਪ-ਅੰਗਾਂ (ਕਹਾਣੀ ਦੇ ਤੱਤ, ਬਿਰਤਾਂਤਕ ਅਧਿਐਨ, ਪਲਾਟ, ਗੋਂਦ) ਦੇ ਮੁਲਾਂਕਣ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ। EdwardW.Said ਆਪਣੇ ਲੇਖ 'Representations of the Intellectual' ਵਿੱਚ ਚਿੰਤਕ ਦੀ ਇਹ ਜ਼ਿੰਮੇਵਾਰੀ ਮੰਨਦਾ ਹੈ ਕਿਉਹ ਲੋਕਾਈ ਨੂੰ ਪ੍ਰਵਾਨਿਤ ਸੱਚ ਦੀ ਤਹਿ ਹੇਠ ਛੁਪੇ ਮੌਜੂਦ ਪ੍ਰਵਚਨਾਂ ਤੋਂ ਜਾਣੂ ਕਰਵਾ ਸਕਦਾ ਹੋਣਾ ਚਾਹੀਦਾ ਹੈ। ਦਿੱਖ ਅਤੇ ਤੱਤ ਵਿਚਲੇ ਪਾੜੇ ਨੂੰ ਮੇਲ ਸਕਦਾ ਹੋਣਾ ਚਾਹੀਦਾ ਹੈ। ਇਸ ਲਈ ਡੂੰਘੀ ਸੂਝ ਅਤੇ ਅਨੁਭਵ ਹੀ ਚਿੰਤਕ ਦੀ ਸਹਾਇਤਾ ਕਰ ਸਕਦੇ ਹਨ, ਕਿਉਂਕਿ ਸਾਹਿਤ ਬਿੰਬਾਂ ਦੀ ਭਾਸ਼ਾ ਵਿੱਚ ਗੱਲ ਕਰਦਾ ਹੈ। ਬਾਖ਼ਤਿਨ ਸਾਹਿਤ ਦੀ ਭਾਸ਼ਾ ਨੂੰ 'ਸੰਵਾਦੀ ਭਾਸ਼ਾ' ਕਹਿੰਦਾ ਹੈ, ਜਿਹੜੀ ਲਿਖਤ ਨੂੰ ਵਾਕਾਂ ਦੇ ਸਮੂਹ ਤੋਂ ਅੱਗੇ ਪ੍ਰਵਚਨ ਤੱਕ ਲੈ ਜਾਂਦੀ ਹੈ।

ਇੱਕੋ ਲੇਖ ਵਾਰ ਵਾਰ ਆਪਣੀਆਂ ਹੀ ਪੁਸਤਕਾਂ ਵਿੱਚ ਛਪਵਾਉਣਾ ਆਲੋਚਕ ਦਾ ਵਿਸ਼ਵੀਕਰਨ ਨਾਲ ਫੈਲੀ ਮੰਡੀ ਦੀਆਂ ਮੁਨਾਫੇ ਨਾਲ ਅਲੱਗ ਅਲੱਗ ਸਬੰਧਿਤ ਕਦਰਾਂ ਵਿੱਚ ਤਿਲਕ ਜਾਣਾ ਦਰਸਾਉਂਦਾ ਹੈ। ਪੁਸਤਕ ਦੀ ਗਿਣਤੀ ਵਧਾਉਣ ਲਈ ਮਾਇਆ ਪ੍ਰਾਪਤੀ ਲਈ ਹੀ ਅਜਿਹਾ ਕੀਤਾ ਜਾਂਦਾ ਹੈ। ਡਾ. ਫਰੈਂਕ ਦੇ ਕਹਿਣ ਮੁਤਾਬਿਕ ਲੇਖਕ ਉਤਪਾਦਕ ਜ਼ਰੂਰ ਹੁੰਦਾ ਹੈ ਪਰ ਜਿਨਸ ਉਤਪਾਦਕ ਨਹੀਂ, ਉਹ ਸੁਹਜਾਤਮਕ ਅਤੇ ਰੂਹਾਨੀ ਕਦਰਾਂ ਸਿਰਜਦਾ ਹੈ। ਉਸ ਦੀ ਰਚਨਾ ਦਾ ਵਿਕਣਾ ਜ਼ਰੂਰੀ ਹੈ ਪਰ ਮਾਇਆ ਪ੍ਰਾਪਤੀ ਹੀ ਇੱਕੋ ਇੱਕ ਮੰਤਵ ਨਹੀਂ ਹੋਣੀ ਚਾਹੀਦੀ।

ਕਹਾਣੀ ਸਿਧਾਂਤ ਦੇ ਖੇਤਰ ਵਿੱਚ ਸ਼ੁਰੂ ਤੋਂ ਹੀ ਪੱਛਮ ਦੀ ਸਰਦਾਰੀ ਕਾਇਮ ਰਹੀ ਹੈ ਅਸੀਂ ਅਜੇ ਆਪਣਾ ਕਹਾਣੀ ਸਿਧਾਂਤ ਜਾਂ ਸ਼ਾਸਤਰ ਸਿਰਜ ਨਹੀਂ ਪਾਏ ਵਿਹਾਰਕ ਆਲੋਚਨਾ ਪੱਛਮੀ ਸਿਧਾਂਤ ਦੇ ਚੌਖਟੇ ਵਿੱਚ ਹੀ ਕੀਤੀ ਜਾਂਦੀ ਹੈ, ਅਸੀਂ ਜੇਕਰ ਵਿਹਾਰਕਆਲੋਚਨਾ ਰਚਨਾ ਪਾਠ ਨੂੰ ਪਹਿਲਤਾ ਦੇ ਕੇ ਕਰਦੇ ਹਾਂ ਤਾਂ ਵੀ ਕਹਾਣੀ ਸ਼ਾਸਤਰ ਦੇ ਉਸਾਰਨ ਵਿਚ

ਜ਼ਿਆਦਾ ਕਾਮਯਾਬ ਹੋਏ ਨਹੀਂ ਦਿਸਦੇ।

ਸਾਡੇ ਅਜੋਕੇ ਚਿੰਤਨ ਦੀ ਇਹ ਵੀ ਇਕ ਖਾਮੀ ਹੈ ਕਿ ਇਹ ਆਮ ਕਰਕੇ ਰਾਜਨੀਤਿਕ ਵਿਚਾਰਾਂ ਅਤੇ ਸਿਧੜ ਵਿਚਾਰਧਾਰਾਵਾਂ ਤੀਕ ਸੀਮਿਤ ਹੈ। ਇਹ ਗੰਭੀਰ ਸੰਵਾਦ, ਡੂੰਘੇ ਸਮਾਜ-ਨਿਜੀ ਸਭਿਆਚਾਰਕ ਅਤੇ ਰਾਜਸੀ ਅਵਚੇਤਨ ਤਕ ਰਸਾਈ ਕਰਨ ਤੋਂ ਅਸਮਰੱਥ ਜਾਪਦਾ ਹੈ FredricJameson ਆਪਣੀ ਪੁਸਤਕ ‘“he Political Unconscious: Narrative as a socially Symbolic Act‘ ਵਿੱਚ ਇੱਕ ਸਾਹਿਤਕ ਰਚਨਾ ਦੇ Psycho-analaytic,Methocritic, Stylitic,Ethical, structural ਅਧਿਐਨ ਦੇ ਨਾਲ ਨਾਲ ਉਸਦੇ politicalanalaysis ਦੀ ਗੱਲ ਕਰਦਾ ਹੈ । ਉਸ ਅਨੁਸਾਰ ਸਾਹਿਤਕ ਰਚਨਾ ਰਾਜਸੀਅਵਚੇਤਨ ਤੋਂ ਵਿਰਵੀ ਨਹੀਂ ਹੁੰਦੀ। ਉਹ ਬੇਸ ਅਤੇ ਸੁਪਰ ਸਟਰਕਚਰ ਦੇ ਆਧਾਰ ਤੇ ਸਾਹਿਤਕ ਰਚਨਾ ਇਸ ਤਰ੍ਹਾਂ ਬਣੀ ਮੰਨਦਾ ਹੈ :



ਸਾਹਿਤਕ ਸਮੀਖਿਆ ਦਾ ਆਧਾਰ ਸਾਹਿਤਕ ਰਚਨਾ ਹੀ ਬਣਦੀ ਹੈ। ਸਮਕਾਲੀ ਕਹਾਣੀ ਆਲੋਚਨਾ ਪਾਠਮੁਖ ਸਮੀਖਿਆ ਉੱਤੇ ਹੀ ਅਧਾਰਿਤ ਹੈ ਅਤੇ ਸਾਹਿਤਕ ਪਾਠ ਤੋਂ ਆਰੰਭ ਕਰਕੇ ਲੇਖਕ ਦੀ ਰਚਨਾ-ਦ੍ਰਿਸ਼ਟੀ,ਰਚਨਾ-ਸੰਗਠਨ,ਰਚਨਾ-ਸੰਦਰਭ ਤੱਕ ਪਹੁੰਚ ਸਥਾਪਿਤ ਕਰਦੀ ਹੈ। ਡਾ. ਰਜਨੀਸ਼ ਬਹਾਦਰ ਸਿੰਘ ਆਪਣੇ ਲੇਖ ਵਿੱਚ ਕਹਿੰਦੇ ਹਨ, ਪੰਜਾਬੀ ਸਾਹਿਤ ਸਿਰਜਣਾਕਾਰੀ ਦਾ ਮੂਲ ਸੁਭਾਅ ਸੱਤਾ ਨੂੰ ਰੜਕਦਾ ਰਿਹਾ ਹੈ। ਇਹ ਰੜਕਣ ਜਦੋਂ ਵਧ ਜਾਂਦੀ ਹੈ ਤਾਂ ਸੱਤਾ ਉਸ ਉੱਤੇ ਰੋਕ ਲਾਉਣ ਤਕ ਪਹੁੰਚ ਜਾਂਦੀ ਹੈ। ਮੱਧਕਾਲੀ ਸਾਹਿਤ ਨਾਲ ਅਜਿਹੇ ਕਈ ਕਿੱਸੇ ਜੁੜੇ ਹੋਏ ਹਨ। ਕੌਮੀ ਮੁਕਤੀ ਅੰਦੋਲਨ ਸਮੇਂ ਵੀ ਕਈ ਰਚਨਾਵਾਂ ਨਾਲ ਅਜਿਹਾ ਹੋਇਆ। ਨਕਸਲਵਾੜੀ ਲਹਿਰ ਸਮੇਂ ਅਜਿਹਾ ਵਾਪਰਿਆ। ਇਹ ਰੜਕਣ ਹੁਣ ਖਤਮ ਹੈ। ਸਰਕਾਰੀ ਅਹੁਦਿਆਂ ਅਤੇ ਇਨਾਮਾਂ ਨੇ, ਇਥੋ ਤਕ ਕਿ ਟੈਲੀਵਿਜ਼ਨ ਉੱਤੇ ਆਉਣ ਦੀ ਚਾਹਨਾ ਨੇ ਪੰਜਾਬ ਦੇ ਮੂਲ ਸਭਾਅ ਨੂੰ ਸਿਰਜਣਕਾਰੀ ਤੋਂ ਪਾਸੇ ਕਰ ਦਿੱਤਾ। ਕਿਸੇ ਵਿਚਾਰਧਾਰਾ ਨਾਲ ਜੁੜੀ ਕੋਈ ਸੰਸਥਾ ਕੋਈ ਵੱਡਾ ਇਨਾਮ ਸ਼ੁਰੂ ਕਰੇ। ਲੈਣ ਵਾਲਿਆ ਦੀ ਬਿਨਾ ਭੇਦ-ਭਾਵ ਤੋਂ ਲਾਇਨ ਲੱਗ ਜਾਂਦੀ ਹੈ। ਕਿਤੇ ਕਿਤੇ ਕੋਈ ਕਵਿਤਾ, ਕਹਾਣੀ ਜਾਂ ਨਾਵਲ ਵਰਤਮਾਨ ਸਮੇਂ ਉੱਤੇ ਟਿੱਪਣੀ ਦੇ ਰੂਪ ਵਿਚ ਤਾਂ ਸਾਹਮਣੇ ਆਉਂਦਾ ਹੈ ਪ੍ਰੰਤੂ ਸਮਾਜ ਦੇ ਕਿਸੇ ਹਿੱਸੇ ਨੂੰ ਪ੍ਰਭਾਵਿਤ ਕਰਨ ਦੀ ਸਮਰੱਥਾ ਉਸ ਵਿਚੋਂ ਗਾਇਬ ਹੈ। ਇਹ ਗੱਲ ਬਹੁਤ ਮਹੱਤਵਪੂਰਨ ਹੈ ਕਿ ਵਿਧਾ ਦਾ ਅਤੇ ਲੇਖਕ ਦਾ ਸਕੋਪ ਕਿੰਨਾ ਕੁ ਹੈ ਕਿ ਆਲੋਚਕ ਉਸ ਵਿੱਚੋਂ ਡੂੰਘੇ ਰਾਜਨੀਤਕ ਪ੍ਰਵਚਨਾਂ ਅਤੇ ਇਸਦੀਆਂ ਜੈਨਰੇਟਿਵ ਅਵਚੇਤਨੀ ਬ੍ਰਿਤੀਆਂ ਨੂੰ ਉਠਾ ਸਕਿਆ ਹੈ। ਸਾਹਿਤ ਜੇਕਰ ਇਕ-ਸੁਰੀ ਹੋਵੇਗਾ ਤਾਂ ਆਲੋਚਕ ਉਸ ਵਿੱਚੋਂ ਬਹੁ-ਸੁਰਾਂ ਪਕੜਨ ਵਿੱਚ ਕਾਮਯਾਬ ਨਹੀਂ ਹੋ ਸਕੇਗਾ।

# ਦਲਿਤ ਪੰਜਾਬੀ ਕਹਾਣੀ ਚਿੰਤਨ

-ਡਾ. ਸੰਤੋਖ ਸਿੰਘ

ਦਲਿਤ ਸਾਹਿਤ ਆਪਣੇ ਆਪ ਵਿਚ ਇਕ ਪ੍ਰਸ਼ਨ ਹੈ ਜਿਹੜਾ ਸਾਹਿਤ ਦੀ ਵੰਡ ਕਾਰਨ ਪੈਦਾ ਹੋਇਆ ਹੈ। ਸਾਹਿਤ ਦੀ ਵੰਡ ਵਿਚ ਦਲਿਤ ਕਿਉਂ? ਇਸ ਦੀ ਜ਼ਰੂਰਤ ਕਿਉਂ ਪਈ ? ਇਹ ਕਿਸਨੇ ਪੈਦੀ ਕੀਤੀ ਹੈ ਤੇ ਇਸ ਦਾ ਪੋਸ਼ਣ ਕੌਣ ਕਰਦਾ ਹੈ ਤੇ ਕਿਉਂ ਕੀਤਾ ਜਾ ਰਿਹਾ ਹੈ? ਇਹ ਸਵਾਲ ਸਮਾਜਿਕ ਵੀ ਹੈ, ਰਾਜਨੀਤਿਕ ਵੀ, ਆਰਥਿਕ ਵੀ ਤੇ ਇਤਿਹਾਸਕ ਵੀ। ਆਖਰ ਮੁੱਖ ਧਾਰਾ ਦੇ ਸਾਹਿਤ ਵਿਚ ਕੀ ਕਮੀਆਂ ਰਹਿ ਗਈਆਂ ਜਿਹੜੀਆਂ ਦਲਿਤ ਸਾਹਿਤ ਦੇ ਨਾਲ ਪੂਰੀਆਂ ਹੋਣੀਆਂ ਹਨ? ਇਸੇ ਕਰਕੇ ਇਹ ਸਾਹਿਤ ਕਾਣ 'ਤੇ ਹੱਥ ਧਰਨ ਵਾਲਾ ਨਹੀਂ ਸਗੋਂ ਕੁਝ ਦਿਖਾਉਣ ਵਾਲਾ ਹੈ। ਇਸ ਦੀ ਪ੍ਰਕਿਰਤੀ ਭਾਵੇਂ ਕਠੋਰ ਭਾਸ਼ੀ, ਗੁਸੈਲ਼ੀ ਹੋਵੇ ਪਰੰਤੂ ਇਹ ਮਨੁੱਖ ਨਾਲ ਪ੍ਰੇਮ ਕਰਦੀ ਭਾਰਤ ਦੇ ਸਾਰੇ ਸਥਾਨਕ ਸਮਾਜਿਕ, ਆਰਥਿਕ ਸਭਿਆਚਾਰਕ ਵਰਤਾਰਿਆਂ ਉਪਰ ਕਾਟ ਹੀ ਨਹੀਂ ਸਗੋਂ ਮਨੁੱਖੀ ਹੱਲਾਂ ਨੂੰ ਵੱਲ ਤੋਰਦੀ ਹੈ। ਦੂਜੇ ਸ਼ਬਦਾਂ ਵਿਚ ਦਲਿਤ ਸਾਹਿਤ ਸਮਾਜਿਕ ਗੁਲਾਮਾਂ ਦਾ ਸਾਹਿਤ ਹੈ ਜਿਹੜਾ ਦੁਨੀਆਂ ਭਰ ਵਿਚ ਕਿਸੇ ਵੀ ਪੀੜਤ ਧਿਰ ਤੋਂ ਪ੍ਰਭਾਵਿਤ ਹੋਕੇ ਵਿਭਿੰਨ ਦ੍ਰਿਸ਼ਟੀਕੋਣਾਂ 'ਤੇ ਲਿਖਿਆ ਗਿਆ ਹੈ।

ਦਲਿਤ ਸਾਹਿਤ ਦੇ ਵਿਭਿੰਨ ਰੂਪਾਂਕਾਰਾਂ ਵਿਚ ਕਹਾਣੀ ਦਾ ਵਿਸ਼ੇਸ਼ ਸਥਾਨ ਹੈ। ਕਿਉਂਕਿ ਇਸ ਵਿਚ ਦੁੱਖਾਂ ਦੀ ਲੜੀ ਹੈ ਇਸ ਲਈ ਇਸਦਾ ਬਿਰਤਾਂਤਿਕ ਹੋ ਜਾਣਾ ਲਾਜ਼ਮੀ ਹੈ। ਇਸ ਵਿਚ ਮਨੁੱਖ ਨੂੰ ਮਨੁੱਖ ਨਾ ਮੰਨਣ ਦੀ ਪੀੜਾ ਹੈ। ਇਸ ਪੀੜਾ ਦਾ ਆਪਣਾ ਇਤਿਹਾਸ ਹੈ। ਇਹ ਵਰਤਮਾਨ ਤੋਂ ਅਤੀਤ ਤੇ ਭਵਿੱਖ ਵਿਚ ਫੈਲਦਾ ਹੈ ਇਹ ਫੈਲਾਓ ਹੀ ਇਸ ਦੀ ਵਿਸ਼ੇਸ਼ਤਾ ਹੈ। ਦਲਿਤ ਕਹਾਣੀ ਦਾ ਮੁੱਖ ਕੇਂਦਰ ਉਹ ਮਨੁੱਖ ਵੀ ਹੈ ਜੋ ਆਪਣੇ ਜਨਮ ਕਾਰਨ ਦੁੱਖ ਦੀ ਅਵਸਥਾ ਵਿਚ ਹੈ। ਜਿਸ ਪਿੱਛੇ ਬ੍ਰਾਹਮਣੀਵਾਦੀ ਢਾਂਚਾ ਜ਼ਿੰਮੇਵਾਰ ਹੈ। ਉਸ ਦਾ ਹੋਣਾ ਹੀ ਉਸ ਲਈ ਚੁਣੌਤੀ ਹੈ, ਸੰਘਰਸ਼ ਹੈ। ਹਿੰਦੀ ਦੇ ਨਾਮਵਰ ਆਲੋਚਕ ਤੇਜ ਸਿੰਘ ਇਸ ਨੂੰ ਸਮਾਜਿਕ ਅਸਤਿਤਵ ਤੇ ਸਮਾਜਿਕ ਵਿਅਕਤਤਵ ਨਾਲ ਜੋੜਦੇ ਹਨ :

"ਜੇਕਰ ਕਿਸੇ ਵਿਅਕਤੀ ਦਾ ਸਮਾਜਿਕ ਅਸਤਿਤਵ ਨਹੀਂ ਹੈ ਤਾਂ ਉਸਦਾ ਸਮਾਜਿਕ ਵਿਅਕਤੀਤਵ ਵੀ ਨਹੀਂ ਹੋਵੇਗਾ ਕਿਉਂਕਿ ਸਮਾਜਿਕ ਅਸਤਿਤਵ ਦਾ ਸੰਕਟ ਹੀ ਉਸਦੀ ਸਮਾਜਿਕ ਅਸਮਿਤਾ ਦਾ ਸੰਕਟ ਵੀ ਹੈ ਉਸ ਨੂੰ ਸਮਾਜ ਵਿਚ 'ਵਿਸ਼ੇਸ਼' ਅਤੇ 'ਆਮ' ਬਣਾਉਂਦਾ ਹੈ।" (ਪੰਨਾ 272) ਅੰਬੇਦਕਰਵਾਦੀ ਕਹਾਣੀ

ਇਸ ਦਾ ਦੂਜਾ ਅਰਥ ਇਹ ਵੀ ਬਣਦਾ ਹੈ ਕਿ "ਜੋ ਸਮਾਜ ਵਿਚ ਵਿਸ਼ੇਸ਼ ਹੈ, ਉਹੀ ਸ੍ਰੇਸ਼ਟ ਹੈ ਤੇ ਉਹੀ ਪਵਿੱਤਰ ਹੈ।" (ਪੰਨਾ 272)

ਇਹ ਮਸਲਾ ਜਿੰਨਾ ਸਮਾਜ ਸ਼ਾਸਤਰ ਦਾ ਹੈ ਉਨ੍ਹਾਂ ਹੀ ਗੰਭੀਰਤਾ ਨਾਲ ਸਾਹਿਤ ਵਿਚ ਜਾਣਿਆ ਜਾਣਾ ਚਾਹੀਦਾ ਹੈ। ਇਥੇ ਇਹ ਗੱਲ ਵੀ ਵਿਚਾਰਨ ਯੋਗ ਹੈ ਕਿ ਦਲਿਤ ਕਹਾਣੀ ਜਾਂ ਦਲਿਤ ਸਾਹਿਤ ਪੰਜਾਬੀ ਸਾਹਿਤ ਨੂੰ ਸਮਾਜ ਦਾ ਦਰਪਣ/ਸ਼ੀਸ਼ਾ ਨਹੀਂ ਮੰਨਦਾ। ਸਗੋਂ ਸ਼ੀਸ਼ੇ ਨੂ ਬਦਲਣ ਦੀ ਤਾਕੀਦ ਕਰਦਾ ਹੈ। ਇਸ ਲਈ ਇਹ ਮੰਨਣਾ

ਚਾਹੀਦਾ ਹੈ ਕਿ ਦਲਿਤ ਕਹਾਣੀ ਕੇਵਲ ਦਲਿਤਾਂ ਦਾ ਜੀਵਨ ਬਿਰਤਾਂਤ ਹੀ ਨਹੀਂ ਲਿਖਦੀ ਸਗੋਂ ਨਵੇਂ ਸਮਾਜ ਸ਼ਾਸਤਰ ਦੀ ਸਿਰਜਣਾ ਵੀ ਕਰਦੀ ਹੈ। ਆਮ ਜੀਵਨ ਦੀ ਸਮਾਨਅੰਤਰਤਾ ਵਿਚ ਦਲਿਤ ਜੀਵਨ ਦੇਖਣ ਦਾ ਨਜ਼ਰੀਆ ਦਿੰਦੀ ਹੈ। ਇਸ ਲਈ ਇਸ ਦੀ ਪ੍ਰਕਿਰਤੀ ਕਥਾਰਸਪੂਰਨ ਹੈ ਪਰੰਤੂ ਅੰਦਰੋਂ ਅੰਦਰ ਇਹ ਅਖੌਤੀ ਉਚ ਸਮਾਜ ਨੂੰ ਵਿਸ਼ਲੇਸ਼ਿਤ ਕਰਦੀ ਉਸ ਅੰਦਰਲੀ ਮਾਨਸਿਕ ਗੰਦਗੀ ਨੂੰ ਪੇਸ਼ ਕਰਦੀ ਹੈ। ਇਸ ਨੂੰ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਦਲਿਤ ਕਹਾਣੀ ਮੂਲ ਰੂਪ ਉੱਚ ਸ਼੍ਰੇਣੀ, ਜਾਤੀ ਦਾ ਸਿਰਜਣਾਤਮਕ ਅਧਿਐਨ ਹੈ।

ਪੰਜਾਬੀ ਦਲਿਤ ਕਹਾਣੀ ਸਮਾਜਿਕ ਦਵੰਦਾਂ ਨੂੰ ਆਪਣਾ ਕੇਂਦਰ ਬਿੰਦੂ ਬਣਾਉਂਦੀ ਹੈ। ਕਹਾਣੀ ਸਮਾਜਿਕ ਟਕਰਾਓ ਨੂੰ ਲੁਕਾਉਂਦੀ ਨਹੀਂ ਸਗੋਂ ਅੰਦਰਲੀਆਂ ਪਰਤਾਂ ਖੋਲ੍ਹਦੀ ਹੈ। ਦਲਿਤ ਪੰਜਾਬੀ ਕਹਾਣੀ ਅਖੌਤੀ ਆਲੋਚਨਾ ਦਲਿਤ ਕਹਾਣੀ ਦੇ ਇਸ ਗੁਣ ਨੂੰ ਔਗੁਣ ਬਣਾਕੇ ਪੇਸ਼ ਕਰਦੀ ਰਹੀ ਹੈ। ਆਲੋਚਕ ਸ਼ੋਸਤ ਨੂੰ ਮਨੋ ਗੁੰਝਲਾਂ, ਦਾਇਰਿਆਂ ਵਿਚ ਘੁੰਮਾਕੇ ਆਤਮ ਚਿੰਤਨ ਵਿਚ ਰੁਲਾ ਦੇਣ ਦੀ ਜੁਗਤ ਨੂੰ ਕਹਾਣੀ ਕਲਾ ਕਹੀ ਜਾਂਦੇ ਹਨ। ਪਰ ਉਹਨਾਂ ਦੀ ਕਦੇ ਵੀ ਇਹ ਪਹੁੰਚ ਨਹੀਂ ਬਣੀ ਕਿ ਜੋ ਪੀੜਤ ਹੈ ਉਹੀ ਪਤਿਤ ਹੈ। ਜੋ ਪਤਿਤ ਹੈ ਉਹੀ ਸ਼ੋਸ਼ਤ ਹੈ। ਪਰ ਦਲਿਤ ਕਹਾਣੀ ਦੇ ਪਾਤਰ ਅੰਦਰ ਇਸ ਪ੍ਰਤੀ ਰੋਸ, ਅਕ੍ਰੋਸ਼, ਚਿੰਤਾ, ਫਿਕਰ, ਘਬਰਾਹਟ, ਬੇਚੈਨੀ, ਬੇਰੁਖੀ, ਨਾਕਾਰੇਪਣ ਦਾ ਅਹਿਸਾਸ ਲਗਾਤਾਰ ਫੈਲਦਾ ਹੈ। ਇਸਦੇ ਕਾਰਨ ਵੀ ਕਹਾਣੀ ਲੁਕਵੇਂ ਰੂਪ ਵਿਚ ਦਿਖਾਉਂਦੀ ਹੈ। ਇਸ ਤਰ੍ਹਾਂ ਦਲਿਤ ਕਹਾਣੀ ਦੀ ਪ੍ਰੇਰਨਾ ਉਹ ਦੁੱਖ, ਫਿਕਰ, ਚਿੰਤਾ ਹੈ ਜਿਸਦਾ ਉਹ ਆਪ ਜ਼ਿੰਮੇਵਾਰ ਨਹੀਂ ਹੈ। ਉਸ ਦਾ ਜਨਮ ਉਸ ਲਈ ਰੁਕਾਵਟ ਹੈ। ਜਨਮ ਦਲਿਤ ਸਾਹਿਤ, ਦਲਿਤ ਕਹਾਣੀ ਦਾ ਉਹ ਸੂਤਰ ਹੈ ਜਿਹੜਾ ਦਲਿਤ ਵਰਤਾਰੇ ਅੰਦਰਲੇ ਜੀਵਨ ਨੂੰ ਇਤਿਹਾਸਕ, ਰਾਜਨੀਤਿਕ, ਧਾਰਮਿਕ ਬਣਾਉਂਦਾ ਹੈ। ਮਨੋ ਗੁੰਝਲ ਬਣਾਉਂਦਾ ਹੈ ਧਰਮ ਵਿਚ ਉਲਝਾਉਂਦਾ ਹੈ।

21ਵੀਂ ਸਦੀ ਵਿਚ ਵੀ ਵਿਗਿਆਨਿਕ ਆਧਾਰਾਂ ਦੇ ਦੌਰ ਵਿਚ ਵੀ ਅਜਿਹੀਆਂ ਮਿੱਥਾਂ ਦਾ ਨਿਰਮਾਣ ਹੋਇਆ ਹੈ ਜਿਹਨਾਂ ’ਤੇ ਇਤਰਾਜ਼ ਕਰਨਾ ਲਾਜ਼ਮੀ ਹੋ ਜਾਂਦਾ ਹੈ। ਉਹ ਮਿੱਥ ਹੈ ਕਿ ਆਰਥਿਕ ਵਿਕਾਸ ਨਾਲ ਸਮਾਜਿਕ ਵਿਕਾਸ ਵਾਪਰਦਾ ਹੈ ਜਿਸ ਨਾਲ ਜਾਤ ਦਾ ਸਵਾਲ ਖ਼ਤਮ ਹੋ ਜਾਵੇਗਾ। ਪਰ ਇਸ ਦੇ ਉਲਟ ਇਹ ਕਦੇ ਵੀ ਨਹੀਂ ਸੋਚਿਆਂ ਗਿਆ ਕਿ ਆਰਥਿਕ ਵਿਨਾਸ਼ ਨਾਲ ਸਮਾਜਿਕ ਵਿਨਾਸ਼ ਹੋ ਸਕਦਾ ਹੈ ਜਾਂ ਨਹੀਂ। ਅੱਜ ਅਸੀਂ ਕਿੰਨੀਆਂ ਮਾੜੀਆਂ ਆਰਥਿਕ ਸਥਿਤੀਆਂ ਵਿਚੋਂ ਗੁਜ਼ਰ ਰਹੇ ਹਾਂ ਕੀ ਆਰਥਿਕ ਤੌਰ ’ਤੇ ਪੀੜਤ ਲੋਕ ਦਲਿਤਾਂ ਵਿਚ ਤਬਦੀਲ ਹੋ ਗਏ ਹਨ ? ਇਹ ਕਿਹੋ ਜਿਹਾ ਫਾਰਮੂਲਾ ਸੀ ਕਿ ਆਰਥਿਕਤਾ ਦੇ ਉਥਾਨ ਨਾਲ ਜਾਤ ਟੁੱਟ ਸਕਦੀ ਹੈ। ਪਰੰਤੂ ਨਿਵਾਨ ਕਾਲ ਕੀ ਉਚ ਜਾਤੀ ਲੋਕ ਹੇਠਾਂ ਵੱਲ ਆ ਸਕਦੇ ਹਨ ? ਇਹ ਸਵਾਲ ਸੋਚਿਆ ਹੀ ਨਹੀਂ ਗਿਆ। ਇਸ ਮਿੱਥ ਦਾ ਨਿਰਮਾਣ ਇਸ ਲਈ ਕੀਤਾ ਗਿਆ ਕਿਉਂਕਿ ਇਸ ਮਿੱਥ ਦੇ ਨਿਰਮਾਣਕਰਤਾ ‘ਜਾਤ ਦੇ ਸਵਾਲ’ ਨੂੰ ਅੰਦਰੋਂ ਸੰਬੋਧਤ ਹੋਣਾ ਹੀ ਨਹੀਂ ਚਾਹੁੰਦੇ ਸਨ। ਇਹ ਲੋਕ ਖ਼ੁਦ ਨਿੱਜੀ ਜਾਇਦਾਦ ਦੇ ਉਪਾਸ਼ਕ ਸਨ। ਇਸ ਲਈ ਬਾਹਰਮੁਖੀ ਸਿੱਧਾਂਤ ਨੂੰ ਅੰਤਰ-ਮੁਖਤਾ ਨਾਲ ਵਿਖਿਆਇਆ ਗਿਆ ਜਿਸ ਦੇ ਸਿੱਟੇ ਸਾਡੇ ਸਾਹਮਣੇ ਹਨ। ਇਸ

ਸਬੰਧੀ ਪੰਜਾਬੀ ਦੀ ਇਕ ਕਹਾਣੀ 'ਠੂੰਹਾਂ' ਹੀ ਦੇਖੀ ਜਾ ਸਕਦੀ ਹੈ। ਨਾ ਤਾਂ ਕਟਾਰੀਏ ਦੇ ਅਮੀਰ ਹੋਣ ਨਾਲ ਜਾਤ ਅੰਦਰੋਂ ਟੁੱਟੀ ਹੈ ਤੇ ਨਾ ਹੀ ਜੱਟ ਮਜ਼ਦੂਰ ਅੰਦਰੋਂ ਜਾਤ ਲਹੀ ਹੈ। ਇਸ ਲਈ ਦਲਿਤ ਦਾ ਮਸਲਾ ਜਨਮ ਤੇ ਸਮਾਜਿਕਤਾ ਨਾਲ ਜੁੜਿਆ ਹੈ। ਇਸ ਨੂੰ ਇੱਕੋ ਸਮੇਂ ਵੱਖਰੀਆਂ-ਵੱਖਰੀਆਂ ਵਿਧੀਆਂ ਨਾਲ ਨਜਿਠਿਆ ਜਾਣਾ ਚਾਹੀਦਾ ਸੀ ਪਰ ਇਸ ਵੱਲ ਕੋਈ ਵੀ ਧਿਆਨ ਨਹੀਂ ਕੀਤਾ ਗਿਆ।

ਪੰਜਾਬੀ ਦਲਿਤ ਕਹਾਣੀ ਵਿਚ ਇਕ ਵੱਖਰਾਪਣ ਹੋਰ ਹੈ ਜੋ ਨਕਾਰਾਤਮਕ ਵੀ ਹੈ ਤੇ ਬੌਧਿਕ ਚਲਾਕੀ ਦਾ ਨਮੂਨਾ ਵੀ। ਇਥੇ ਇੱਕ ਹੋਰ ਉਭਰਦੀ ਹੈ ਕਿ ਇਕ ਪਾਸੇ ਗੈਰ ਦਲਿਤ ਕਹਾਣੀਕਾਰ ਹਨ ਜਿਹੜੇ ਆਪਣੇ ਜੀਵਨ ਵਿਚ 'ਕੋਈ ਔਖੀ ਸਥਿਤੀ' ਵਿਚੋਂ ਅਰਜਿਤ ਕੀਤੇ ਅਨੁਭਵ ਦਾ ਰੂਪਾਂਤਰਣ ਕਰਕੇ ਦਲਿਤ ਜੀਵਨ ਬਾਰੇ ਲਿਖਦੇ ਰਹੇ ਹਨ ਜਾਂ ਲਿਖ ਰਹੇ ਹਨ। ਇਸ ਵਿਚ ਦਲਿਤ ਜੀਵਨ ਦੀਆਂ ਔਖਿਆਈਆ ਨੂੰ ਦਲਿਤ ਲੇਖਕਾਂ ਨਾਲੋਂ ਵੱਧ ਜਾਨਣ ਦਾ ਇਕ ਵਹਿਮ ਪੈਦਾ ਕੀਤਾ ਜਾਂਦਾ ਹੈ। ਜਿਸ ਪਿੱਛੇ ਇਹ ਧਾਰਨਾ ਸਥਾਪਤ ਕਰਨ ਦੀ ਕੋਸ਼ਿਸ਼ ਹੋ ਰਹੀ ਹੈ ਕਿ ਦਲਿਤ ਲੇਖਕ ਤਾਂ ਮੱਧਵਰਗ ਦਾ ਹਿੱਸਾ ਬਣ ਗਏ ਹਨ। ਉਹ ਸ਼ਹਿਰਾਂ ਵਿਚ ਬਸਕੇ ਆਪਣੇ 'ਪਿਛਲੇ' ਲੋਕਾਂ ਨੂੰ ਭੁੱਲ ਗਏ ਹਨ। ਕੇਵਲ ਅਸੀਂ ਹਾਂ ਜਿਹੜੇ 'ਪਿੱਛੇ' ਰਹਿ ਗਏ ਦਲਿਤਾਂ ਬਾਰੇ ਪ੍ਰਮਾਣਿਕ ਗੱਲ ਕਰ ਸਕਦੇ ਹਾਂ। ਇਸ ਨੁਕਤੇ ਨੂੰ ਧਿਆਨ ਵਿਚ ਰੱਖਦਿਆਂ ਪਿਛਲੇ ਸਮਿਆਂ ਵਿਚ ਦਲਿਤਾਂ ਬਾਰੇ ਕਹਾਣੀਆਂ ਦੀਆਂ ਕਿਤਾਬਾਂ ਸੰਪਾਦਿਤ ਵੀ ਹੋਈਆਂ ਹਨ। ਇਸ ਗੱਲ ਦੀ ਪ੍ਰਸੰਸਾ ਇੰਨੀ ਤਾਂ ਕਰਨੀ ਬਣਦੀ ਹੈ ਕਿ ਇਸ ਨਾਲ ਦਲਿਤ ਕਹਾਣੀ ਦੇ ਦਾਇਰਾ ਵਸੀਹ ਹੋਇਆ ਹੈ ਕਿ ਉਹ ਅਨੁਭਵ ਕਹਾਣੀ ਵਿਚ ਆਇਆ ਹੈ ਜਿਹੜਾ ਬਿਨ ਅਨੁਭਵ ਕੀਤਿਆਂ, ਬਿਨ ਪ੍ਰਬੰਧ ਤੋਂ ਆਹਤ ਹੋਇਆਂ ਸਿਰਜਿਆ ਜਾ ਸਕਦਾ ਸੀ। ਇਹ ਆਪਣੇ ਕਿਸਮ ਦਾ ਸ਼ਿਲਪ ਹੈ। ਇਸ ਦੀ ਗਹਿਰਾਈ ਕਿੰਨੀ ਹੈ, ਸਮਰਪਣ ਕਿੰਨਾ ਹੈ ਉਹ ਇਸ ਨੂੰ ਪੜ੍ਹਕੇਹੀ ਪਤਾ ਲੱਗ ਸਕਦਾ ਹੈ। ਗੈਰਦਲਿਤ ਕਹਾਣੀਕਾਰ ਅਮਾਨਵੀ ਦ੍ਰਿਸ਼ ਨੂੰ ਪੇਸ਼ ਕਰਦਾ ਹੈ, ਆਲੇ ਦੁਆਲਿਆਂ ਉਸਦੇ ਤੱਥ ਇਕੱਠੇ ਕਰਦਾ ਹੈ, ਕੁਝ ਮਨੋਵਚਨੀ ਸਿਰਜਦਾ ਹੈ, ਥੋੜ੍ਹੇ ਜਿਹੇ ਟਕਰਾਓ ਤੋਂ ਬਾਅਦ ਕਹਾਣੀ ਨੂੰ ਉਸੇ ਸਥਿਤੀ ਵਿਚ ਬੰਦ ਕਰ ਦਿੰਦਾ ਹੈ ਜਾਂ ਕੋਈ 'ਖਾਸ ਵਿਚਾਰਧਾਰਾ' ਦੇ ਸੁਝਾਅ ਰਾਹੀਂ ਹੱਲ ਕਰਦਾ ਹੈ। ਦੂਜੇ ਪਾਸੇ ਦਲਿਤ ਕਹਾਣੀਕਾਰ ਹਨ ਜਿਹਨਾਂ ਨੇ ਦਲਿਤ ਜੀਵਨ ਦੇ ਕਠੋਰ ਅਨੁਭਵ ਨੂੰ ਗ੍ਰਹਿਣ ਕੀਤਾ ਹੈ। ਉਹ ਕਹਾਣੀ ਵੀ ਬਹੁਤੀ ਵਾਰ 'ਸਵੈ ਕੇਂਦਰਤ' ਹੋਕੇ ਰਹਿ ਜਾਂਦੀ ਹੈ ਪਰੰਤੂ ਦਲਿਤ ਜੀਵਨ ਅੰਦਰਲੇ ਸੰਕਟਾਂ, ਚੁਣੌਤੀਆਂ ਨੂੰ ਡੂੰਘਾਈ ਵਿਚ ਪੇਸ਼ ਕਰਦੀ ਹੈ। ਤੀਸਰੇ ਕਿਸਮ ਦੀ ਉਹ ਦਲਿਤ ਕਹਾਣੀ ਹੈ ਜਿਹੜੀ ਕੇਵਲ ਸਮਾਜਿਕ ਅਸੰਗਤੀਆਂ, ਸੰਕਟਾਂ, ਚੁਣੌਤੀਆਂ ਨੂੰ ਸ਼ਿਲਪਗਤ ਢੰਗ ਨਾਲ ਸਾਹਮਣੇ ਹੀ ਨਹੀਂ ਲਿਆਉਂਦੀ ਸਗੋਂ ਉਸਦੇ ਹੱਲ ਨੂੰ ਬਾਹਰਮੁਖੀ ਕਨਸੋਆਂ ਵੀ ਦਿੰਦੀ ਹੈ। ਇਸ ਲਈ ਦਲਿਤ ਕਹਾਣੀ ਕੇਵਲ ਦਲਿਤ ਜੀਵਨ ਦੀ ਕਹਾਣੀ ਨਹੀਂ ਸਗੋਂ ਵਿਭਿੰਨ ਕੋਣਾਂ ਦ੍ਰਿਸ਼ਟੀਕੋਣਾਂ ਨਾਲ ਜੁੜੀ ਹੈ। ਇਸੇ ਕਰਕੇ ਇਸ ਬਾਰੇ ਨਿਰਣੇ ਬਹੁਤ ਸੌਖੇ ਨਹੀਂ ਕੀਤੇ ਜਾ ਸਕਦੇ। ਪੰਜਾਬੀ ਦਲਿਤ ਕਹਾਣੀ ਦੀ ਡੂੰਘਾਈ ਦੀ ਤੁਲਨਾ ਦਲਿਤ ਬਾਰੇ ਹੋਏ ਚਿੰਤਨ ਨਾਲ ਵੀ ਕੀਤੀ ਜਾ ਸਕਦੀ ਹੈ। ਇਹ ਇਸੇ ਤਰ੍ਹਾਂ ਹੀ ਹੈ ਜਿਵੇਂ ਇੱਕ ਚਿੰਤਕ ਉਹ ਸਨ ਜਿਹਨਾਂ ਨੇ ਦਲਿਤਾਂ ਉਪਰ

ਕੇਂਦਰਤ ਹੋਕੇ ਇਤਿਹਾਸ, ਮਿਥਿਹਾਸ, ਫਲਸਫਾ, ਸੰਘਰਸ਼ ਵਿਚੋਂ ਦਲਿਤ ਬਾਰੇ ਗਹਿਰ ਗੰਭੀਰ ਵਿਚਾਰ ਦਿੱਤੇ। ਦੂਜੇ ਪਾਸੇ ਉਹ ਚਿੰਤਕ ਸਨ ਜਿਹਨਾਂ ਬਾਰੇ ਦਲਿਤ ਅਹਿਮ ਨਹੀਂ ਸਨ ਸਿਰਫ਼ ਉਹਨਾਂ ਉਪਰ ਹਮਦਰਦੀ ਦੇ ਪੱਖ ਤੋਂ ਟਿੱਪਣੀਆਂ ਕਰਕੇ 'ਸ਼ੋਭਾ' ਇਕੱਤਰ ਕਰਨੀ ਸੀ। ਇਸ ਵਿਚ ਨਾ ਤਾਂ ਇਕਾਗਰਤਾ ਸੀ, ਨਾ ਗਹਿਰਾਈ ਤੇ ਨਾ ਗੰਭੀਰਤਾ। ਇਸ ਲਈ ਇਹ ਕਾਰਜ ਟਿੱਪਣੀ ਨੁਮਾ ਹੈ ਜਾਂ ਭਾਸ਼ਣੀ। ਦਲਿਤ ਕਹਾਣੀ ਦੀ ਵੀ ਅਜਿਹੀ ਹੀ ਸਥਿਤੀ ਹੈ। ਇੱਕ-ਇੱਕ ਜਾਂ ਦੋ-ਦੋ ਕਹਾਣੀਆਂ ਲਿਖਕੇ ਪੰਜਾਬੀ ਦੇ ਕੁਝ ਕੁ ਲੇਖਕ ਦਲਿਤ ਪ੍ਰਵਿਰਤੀ ਵਿਚ ਸ਼ਾਮਿਲ ਤਾਂ ਹੋ ਗਏ ਹਨ ਪਰ ਦਲਿਤ ਚੇਤਨਾ ਦੇ ਸੰਦਰਭ ਅਜੇ ਬੜੀ ਦੂਰ ਹਨ। ਇਸ ਦਾ ਸਬੂਤ ਲਿਖੀ ਗਈ ਦਲਿਤ ਕਹਾਣੀ ਦੀ ਮਾਤਰਾ ਹੈ।

ਪੰਜਾਬੀ ਦੀ ਦਲਿਤ ਕਹਾਣੀ ਨੇ ਦਲਿਤ ਅਵਚੇਤਨ ਤੋਂ ਰਾਜਨੀਤੀ ਦਾ ਸਫ਼ਰ ਤਹਿ ਕੀਤਾ ਹੈ। ਸਵੈ ਨਾਲ ਲੜਦਿਆਂ, ਦੂਜੇ ਧਿਰ ਦੀ ਸ਼ਨਾਖਤ ਕਰਨੀ ਤੇ ਉਸ ਬਾਬਤ ਰਾਜਨੀਤੀ ਤਹਿ ਕਰਨੀ ਇਸਦਾ ਅਗਲਾ ਏਜੰਡਾ ਹੈ। ਇਸਦਾ ਆਗਾਜ਼ ਦਲਿਤਾਂ ਦੇ ਹੱਕਾਂ ਪ੍ਰਤੀ ਸੁਚੇਤ ਹੋਣ ਨਾਲ ਹੋਇਆ ਹੈ। ਦਰਅਸਲ ਇਹ ਸੁਚੇਤਨਾ ਹੀ ਦਲਿਤਾਂ ਦੇ ਬਹੁਤ ਵੱਡੇ ਵਿਰੋਧ ਦਾ ਕਾਰਨ ਹੈ। ਸਮਾਜਿਕ ਵਿਵਹਾਰ ਤੋਂ ਇਹ ਵਿਚਾਰ ਉਭਰਦਾ ਹੈ ਕਿ ਜੋ ਦਲਿਤ ਚੇਤਨ ਨਹੀਂ ਤਾਂ ਉਹ ਸਾਊ ਹੈ ਜੇ ਜਾਗ ਜਾਂਦਾ ਹੈ ਤਾਂ ਉਹ ਸਾਊ ਨਹੀਂ ਹੈ। ਸਾਡੀ ਦਲਿਤ ਕਹਾਣੀ ਦੀ ਸਿਆਸਤ ਵੀ ਹੈ। ਜੋ ਸਾਊ ਹੈ ਉਸ ਪ੍ਰਤੀ ਹਮਦਰਦੀ ਹੈ ਪਰ ਜੋ ਜਾਗਿਆ ਹੈ ਉਸ ਪ੍ਰਤੀ ਨਫ਼ਰਤ। ਇਸ ਸਬੰਧੀ ਬਹੁਤ ਕਹਾਣੀਆਂ ਪੜ੍ਹੀਆਂ ਜਾ ਸਕਦੀਆਂ ਹਨ। ਇਸ ਦਾ ਸਫ਼ਰ ਨਾਨਕ ਸਿੰਘ ਦੀ ਕਹਾਣੀ 'ਕੱਲੋ', ਅਤਰਜੀਤ ਦੀ 'ਬਠਲੂ ਚਮਿਆਰ' ਤੋਂ ਭਗਵੰਤ ਰਸੂਲਪੁਰੀ ਦੀ 'ਗੜ੍ਹੀ ਇੱਕ ਪਿੰਡ ਦੀ', ਸਰੂਪ ਸਿਆਲਵੀ ਦੀ 'ਬਲੀ ਦੇ ਬੱਕਰੇ' ਤੇ ਗੁਰਮੀਤ ਕੜਿਆਲਵੀ ਦੀ 'ਸਿਲਤਰਾਂ' ਦੇਖੀਆਂ ਜਾ ਸਕਦੀਆਂ ਹਨ। ਇਹ ਦਲਿਤ ਕਹਾਣੀ ਦੇ ਸਮੇਂ ਨਾਲ ਜੁੜੇ ਗੈਪ ਵੀ ਹਨ ਤੇ ਵਿਚਾਰਧਾਰਕ ਵਖਰੇਵੇਂ ਤੇ ਵਿਕਾਸ ਵੀ ਹੈ। ਜੇ 'ਕੱਲੋ' ਤੋਂ ਸਿਲਤਰਾਂ ਤੱਕ ਆਈਏ ਤਾਂ ਇਹ ਸਾਫ ਹੋ ਜਾਂਦਾ ਹੈ ਕਿ ਕਹਾਣੀ ਕਿਧਰੋਂ ਕਿਧਰ ਨੂੰ ਗਈ ਹੈ। ਭਾਵ ਇਹ ਕਹਾਣੀ ਬਾਹਰਮੁਖੀ ਹੋ ਰਹੀ ਹੈ।

ਦਲਿਤ ਕਹਾਣੀ ਬਾਰੇ ਇਕ ਸਵਾਲ ਹੋਰ ਜੁੜਿਆ ਹੈ ਉਹ ਹੈ ਕਿ ਉਸ ਦਾ ਬਹੁਜਨ ਸਮਾਜ ਪਾਰਟੀ ਨਾਲ ਕੀ ਸਬੰਧ ਹੈ? ਇਹ ਸਵਾਲ ਆਮ ਕਰਕੇ ਉਹਨਾਂ ਉਮੀਦਵਾਰਾਂ ਤੋਂ ਪੁੱਛੇ ਜਾਂਦੇ ਹਨ ਜਿਹੜੇ ਨੌਕਰੀ ਲਈ ਇੰਟਰਵਿਊ ਦੇਣ ਆਉਂਦੇ ਹਨ ਤੇ ਦਲਿਤ ਨਾਲ ਸਬੰਧਤ ਖੋਜ ਕੀਤੀ ਹੁੰਦੀ ਹੈ। ਲੇਖ ਵਿਚ ਅਜਿਹਾ ਸਵਾਲ ਉਠਾਉਣ ਵਾਜਬ ਨਹੀਂ ਹੈ ਪਰੰਤੂ ਇਸ ਰਾਜਨੀਤੀ ਨੂੰ ਸਾਹਮਣੇ ਲਿਆਉਣਾ ਵੀ ਜ਼ਰੂਰੀ ਹੈ। ਇਹ ਸਵਾਲ ਬਿਲਕੁਲ ਨਹੀਂ ਪੁਛਿਆ ਜਾਂਦਾ ਕਿ ਕਿਸਾਨੀ ਸੰਕਟ ਦੀ ਕਹਾਣੀ ਦਾ ਖੱਬੇ ਪੱਖੀ ਸਿਆਸਤ ਨਾਲ ਕੋਈ ਸਬੰਧ ਹੈ? ਬਸ ਇਹੀ ਸਿਆਸਤ ਹੈ ਜਿਹੜੀ ਇੰਟਰਵਿਊ ਲੈਣ ਵਾਲੇ ਵਿਦਵਾਨ ਕਰਦੇ ਹਨ। ਇਸ ਬਾਰੇ ਸੋਚਣਾ ਬਣਦਾ ਹੈ। ਇਸ ਨਾਲ ਹੀ ਬੌਧਿਕ ਦਾਇਰਿਆਂ ਦੀ ਸਿਆਸਤ ਕੀ ਹੈ ? ਮੁੱਦੇ 'ਤੇ ਮੁੜਦਿਆਂ ਸਾਡਾ ਮੰਨਣਾ ਹੈ ਕਿ ਕੇਵਲ ਤਿੰਨ ਚਾਰ ਕਹਾਣੀਆਂ ਹਨ ਜਿਹੜੀਆਂ ਇਹ ਉਮੀਦ ਕਰਦੀਆਂ ਹਨ ਕਿ ਦਲਿਤਾਂ ਦੇ ਰਾਜ ਆਉਣ ਨਾਲ ਦਲਿਤ ਦੁਖਾਂ ਤੋਂ ਮੁਕਤ ਹੋ ਜਾਣਗੇ ਪਰੰਤੂ ਬਹੁਤਾਤ ਵਿਚ

ਕਹਾਣੀਕਾਰ ਅਜਿਹੀ ਰਾਜਨੀਤੀ ਦੇ ਵਿਰੋਧੀ ਹਨ ਜਿਹੜੇ ਜਾਤ-ਪਾਤ ਨੂੰ ਸੱਤਾ ਦਾ ਆਧਾਰ ਨਹੀਂ ਬਣਾਉਣਾ ਚਾਹੁੰਦੇ। ਸਗੋਂ ਅਜਿਹੇ ਕਹਾਣੀਕਾਰ ਹਨ ਜਿਹਨਾਂ ਨੇ ਬੀ.ਐੱਸ.ਪੀ. ਦੇ ਖਿਲਾਫ਼ ਕਹਾਣੀਆਂ ਲਿਖੀਆਂ ਹਨ। ਜਿਹੜੇ ਕਹਾਣੀਕਾਰ ਮੁਲਾਜ਼ਮਤ ਵਿਚੋਂ ਨਿਕਲੇ ਹਨ ਉਹਨਾਂ ਵਿਚੋਂ ਬਹੁਤ ਘੱਟ ਨੇ ਬਾਮਸੇਫ ਨਾਲ ਜੁੜਕੇ ਸੰਘਰਸ਼ ਦੀ ਲੋੜਾਂ ਤੇ ਸੰਭਾਵਨਾਵਾਂ ਵਿਚੋਂ ਕਹਾਣੀਆਂ ਲਿਖੀਆਂ ਹਨ। ਪਰ ਇਹ ਗੱਲ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਪੰਜਾਬ ਵਿਚ ਦਲਿਤ ਲਹਿਰ ਦੇ ਉਭਾਰ ਵਿਚ ਦਲਿਤਾਂ ਨਾਲ ਸਬੰਧਤ ਮੁਲਾਜਮਾਂ ਦਾ ਵੱਡਾ ਯੋਗਦਾਨ ਰਿਹਾ ਹੈ। ਕਿਉਂਕਿ ਉਸ ਵਿਅਕਤੀ ਨੇ ਹੀ ਚੇਤਨ ਹੋਣਾ ਸੀ ਜਿਹਨਾਂ ਕੋਲ ਸਾਧਨ ਸਨ। ਪਰ ਇਸ ਨੂੰ ਅੱਜ ਕੱਲ੍ਹ ਮੱਧਵਰਗੀ ਚੇਤਨਾ ਕਹਿ ਕੇ ਭੰਡਿਆ ਜਾਂਦਾ ਹੈ। ਬੀ.ਐੱਸ.ਪੀ. ਦਾ ਅਸਰ ਆਮ ਲੋਕਾਂ ਤੱਕ ਰਿਹਾ। ਪਰ ਇਹ ਦਲਿਤ ਪੰਜਾਬੀ ਕਹਾਣੀ ਦਾ ਹਿੱਸਾ ਨਹੀਂ ਬਣੀ। ਕਿਉਂ? ਇਸਦਾ ਉੱਤਰ ਇਹ ਹੈ ਕਿ ਦਲਿਤ ਚੇਤਨਾ ਦੇ ਤਿੰਨ ਆਧਾਰ ਹਨ। ਪਹਿਲਾ ਹਰੇ ਇਨਕਲਾਬ ਤੋਂ ਬਾਅਦ ਬਣੀਆਂ ਧਰਮਸ਼ਾਲਾਵਾਂ ਤੇ ਉਹਨਾਂ ਵਿਚ ਆਪਣੇ ਧਾਰਮਿਕ ਗੁਰੂਆਂ ਦਾ ਜਨਮ ਦਿਨ ਮਨਾਉਣਾ, ਦੂਜਾ ਸਿੱਖਿਆ ਰਾਹੀਂ ਚੇਤਨਾ, ਰਾਖਾਂਵੇਕਰਨ ਰਾਹੀਂ ਸਰਕਾਰੀਆਂ ਨੌਕਰੀਆਂ ਵਿਚ ਆਉਣਾ ਆਪਣੇ ਹੱਕਾਂ ਲਈ ਜਥੇਬੰਦੀਆਂ ਦਾ ਨਿਰਮਾਣ ਹੋਣਾ, ਤੀਸਰਾ ਸ਼ਹਿਰਾਂ ਤੋਂ ਪਿੰਡਾਂ ਵੱਲ ਨੂੰ ਅੰਬੇਦਕਰ ਦੀ ਵਿਚਾਰਧਾਰਾ ਦਾ ਆਉਣਾ ਤੇ ਨਵੇਂ ਸੰਗਠਨ ਬਣਨੇ ਤੇ ਪਿੰਡਾਂ ਤੋਂ ਉਠਕੇ ਲੋਕਾਂ ਦਾ ਸ਼ਹਿਰਾਂ ਵਿਚ ਵਸਣਾ। ਲੇਖਕ ਡਾ. ਅੰਬੇਦਕਰ ਦੀ ਵਿਚਾਰਧਾਰਾ ਨੂੰ ਸਮਝਦੇ ਸਮਝਦੇ ਬੀ.ਐੱਸ.ਪੀ. ਦੇ ਪ੍ਰਭਾਵ ਨੂੰ ਵੀ ਸਮਝੇ। ਦਲਿਤ ਲੇਖਕਾਂ ਦੀ ਇਹ ਮਹੱਤਤਾ ਵਾਲੀ ਗੱਲ ਹੈ ਕਿ ਉਹ ਗੁੰਮਰਾਹ ਨਹੀਂ ਹੋਏ। ਜੇ ਉਹ ਗੁੰਮਰਾਹ ਹੁੰਦੇ ਤਾਂ ਉਹ ਜਾਤ ਨੂੰ ਹੋਰ ਪੱਕਿਆ ਕਰਨ ਦੀ ਕਹਾਣੀ ਲਿਖਦੇ। ਪਰ ਉਹਨਾਂ ਨੇ ਉਹ ਕਹਾਣੀਆਂ ਲਿਖੀਆਂ ਜਿਹੜੀਆਂ ਜਿਥੇ ਉਹ ਉਹਨਾਂ ਦਾ ਕਥਾਰਸਿਸ ਕਰਦੀਆਂ ਸਨ ਉੱਥੇ ਨਵੇਂ ਰਾਹ ਤਲਾਸ਼ਣ ਦੀ ਕੋਸ਼ਿਸ਼ ਵੀ ਕਰਦੀਆਂ ਸਨ। ਇੱਥੇ ਆਕੇ ਦਲਿਤ ਕਹਾਣੀ ਅੰਬੇਦਕਰਵਾਦ ਨੂੰ ਪੂਰੀ ਤਰ੍ਹਾਂ ਅਪਣਾਉਂਦੀ ਹੈ। ਇਸ ਲਈ ਦਲਿਤ ਕਹਾਣੀ ਨੂੰ ਸ਼ੱਕ ਸੰਕੀਰਣਤਾ ਨਾਲ ਦੇਖਣ ਦੀ ਜ਼ਰੂਰਤ ਨਹੀਂ ਸਗੋਂ ਅਕਲ ਤੇ ਸੰਵੇਦਨਾ ਨਾਲ ਸਮਝਣ ਦੀ ਜ਼ਰੂਰਤ ਹੈ।

ਦਲਿਤ ਕਹਾਣੀ ਸਮਾਜਿਕ ਵਿਸ਼ਿਆਂ ਅੰਦਰਲੇ ਵਿਸ਼ ਤੋਂ ਊਰਜਾ ਲੈਂਦੀ ਹੈ। ਭਾਰਤ ਵਿਚ ਹਰ ਸਮੂਹ ਦੂਜੇ ਸਮੂਹ ਦਾ ਸਹਿਯੋਗੀ ਨਹੀਂ ਸਗੋਂ ਪ੍ਰਤੀਕੂਲ ਹੈ। ਨਿਮਨ ਜਾਤੀ ਦੇ ਵਿਅਕਤੀ ਨੂੰ ਸੁਖ ਨਹੀਂ ਮਿਲਣਾ ਚਾਹੀਦਾ ਜੇ ਮਿਲੇ ਤਾਂ ਮੇਰੀ ਕਿਰਪਾ ਨਾਲ ਮਿਲਣਾ ਚਾਹੀਦਾ ਹੈ। ਤਾਂ ਹੀ ਦਲਿਤ ਕਹਾਣੀ ਵਾਰੀ-ਵਾਰੀ ਕਰਵਟ ਲੈਂਦੀ ਹੈ। ਪਹਿਲੀ ਕਹਾਣੀ ਜਗੀਰੂ ਪ੍ਰਬੰਧ ਵਿਚ ਨਿਮਨ ਜਾਤੀ ਦੇ ਵਿਅਕੀਤ ਦਾ ਗੁਲਾਮ ਵਾਲਾ ਰੂਪ ਹੈ। ਉਸ ਕੋਲ ਕੋਈ ਜ਼ੁਬਾਨ ਨਹੀਂ ਹੈ ਕੇਵਲ ਪੱਠਿਆਂ ਦੀ ਤਾਕਤ ਹੈ ਜਿਹੜੀ ਦੂਸਰੇ ਲਈ ਵਰਤੀ ਜਾ ਰਹੀ ਹੈ। ਦੂਜੀ ਕਹਾਣੀ ਉਦੋਂ ਸ਼ੁਰੂ ਹੁੰਦੀ ਹੈ ਜਦੋਂ ਨੌਕਰੀ ਵਿਅਕਤੀ ਦੀ ਨਹੀਂ ਸਗੋਂ ਉਸ ਵੱਲੋਂ ਚੁਣੀ ਸਰਕਾਰ ਦੀ ਮਿਲਦੀ ਹੈ। ਇਹ ਤਬਦੀਲੀ ਦੇ ਉਚ ਜਾਤੀ ਸੰਸਾਰ ਦੀ ਜੀਵਨ ਪ੍ਰਕਿਰਿਆ ਨੂੰ ਧੱਕਾ ਮਾਰਿਆ। ਸੰਵਿਧਾਨਿਕ ਉਪਚਾਰਾਂ ਕਾਰਨ ਬਹੁਤਾ ਧੱਕਾ ਨਹੀਂ ਸੀ ਕੀਤਾ ਜਾ ਸਕਦਾ। ਅੰਦਰ ਜ਼ਹਿਰ ਭਰੀ ਜਿਸਨੇ ਸ਼ੋਸ਼ਣ ਅਤੇ ਦਮਨ ਦੇ ਹੋਰ

ਤਰੀਕੇ ਲੱਭਣ ਦੀ ਕੋਸ਼ਿਸ਼ ਕੀਤੀ। ਇਸ ਵਿਚ ਨਵੇਂ ਲੱਭੇ ਅੜਿਕਿਆਂ ਵਿਚ ਕਹਾਣੀ ਦਾ ਦੂਸਰਾ ਪੜਾਅ ਸ਼ੁਰੂ ਹੁੰਦਾ ਹੈ। ਇਸਦਾ ਕੇਂਦਰ ਰਾਖਵਾਂਕਰਨ ਰਿਹਾ। ਰਾਖਵੇਂਕਰਨ ਨੇ ਦੋ ਪਾਸਾਰ ਪੈਦਾ ਕੀਤੇ। ਇਕ ਦਲਿਤਾਂ ਦੇ ਅੰਦਰਲੀ ਜਮਾਤ ਦਾ ਤੇ ਦੂਜਾ ਦੂਜੀਆਂ ਜਾਤੀਆਂ, ਸ਼੍ਰੇਣੀਆਂ ਦੇ ਪ੍ਰਤੀਕਰਮ ਕਰਨ ਦਾ। ਇਸ ਨਾਲ ਦਲਿਤ ਜਾਤੀਆਂ ਅੰਦਰ ਵੀ ਤਣਾਓ ਆਇਆ। ਕੁਝ ਕਹਾਣੀਆਂ ਵੀ ਸਾਹਮਣੇ ਆਈਆਂ ਪਰੰਤੂ ਉਹ ਕਹਾਣੀਆਂ ਵੱਧ ਸਾਹਮਣੇ ਆਈਆਂ ਜਿਹਨਾਂ ਵਿਚ ਗੈਰਦਲਿਤ ਰਾਖਵੇਂਕਰਨ ਦਾ ਵਿਰੋਧ ਕਰਦੇ ਹਨ। ਗ਼ੈਰ ਦਲਿਤ ਕਹਾਣੀਕਾਰਾਂ ਵੱਲੋਂ ਵੀ ਅਜਿਹੀਆਂ ਕਹਾਣੀਆਂ ਦੀ ਸਿਰਜਣਾ ਕੀਤੀ ਗਈ ਜਿਸ ਵਿਚ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਦਲਿਤ ਹੀ ਦਲਿਤ ਦਾ ਸ਼ੋਸ਼ਣ ਕਰ ਰਿਹਾ ਹੈ। ਪਰ ਉਹਨਾਂ ਨੇ ਇਹ ਸਵਾਲ ਕਦੇ ਵੀ ਨਹੀਂ ਉਠਾਇਆ ਕਿ ਆਖਰ ਦਲਿਤ ਕੋਲ ਜ਼ਮੀਨ ਕਿਉਂ ਨਹੀਂ ਹੈ? ਇਹ ਉਹਨਾਂ ਦੀ ਮਧਲੀ ਸੋਚ ਦਾ ਸਿੱਟਾ ਸੀ ਜਿਹੜਾ ਆਪਣੀ ਹੋਂਦ ਵੀ ਦਿਖਾਉਣਾ ਚਾਹੁੰਦੇ ਸਨ ਪਰ ਲੋਟੂ ਪ੍ਰਬੰਧ ਦੇ ਅੰਤਰੀਵ ਨੂੰ ਜਾਨਣ ਦੇ ਬਾਵਜੂਦ ਚੁੱਪ ਵੀ ਰਹਿਣਾ ਚਾਹੁੰਦੇ ਸਨ। ਉਹ ਦਲਿਤਾਂ ਦੇ ਮੱਧ ਵਰਗ ਨੂੰ ਸਮਝੌਤੀ ਦਿੰਦੇ ਨਜ਼ਰ ਆਉਂਦੇ ਹਨ ਕਿ ਤੁਸੀਂ ਆਪਣੇ ਤੋਂ ਹੇਠ ਰਹਿ ਗਏ ਦਲਿਤਾਂ ਲਈ ਰਾਖਵਾਂਕਰਨ ਕਿਉਂ ਨਹੀਂ ਛੱਡਦੇ ? ਪਰ ਉਹਨਾਂ ਦੀ ਕੋਈ ਅਜਿਹੀ ਕਹਾਣੀ ਨਹੀਂ ਮਿਲੀ ਜਿਹੜੀ ਉਚ ਜਾਤੀ ਦੇ ਉਹ ਜਮਾਤੀ ਵਿਅਕਤੀ ਨੂੰ ਕਹਿ ਰਹੀ ਹੋਵੇ ਕਿ ਤੁਸੀਂ ਪਿੰਡ ਦੀ ਜ਼ਮੀਨ ਵਿਚੋਂ ਹਿੱਸਾ ਨਾ ਲਓ ਕਿਉਂਕਿ ਤੁਸੀਂ ਅਮੀਰ ਹੋ ਗਏ ਹੋ। ਇਹ ਅਜਿਹੀ ਸਿਆਸਤ ਹੈ ਜਿਸਨੇ ਫੋਕੀ ਹਮਦਰਦੀ ਰਾਹੀਂ ਦਲਿਤਾਂ ਅੰਦਰਲੇ ਜਮਾਤੀ ਸਿਸਟਮ ਅੰਦਰ ਨਫ਼ਰਤ ਫੈਲਾਈ ਤੇ ਟੇਢੇ ਤਰੀਕੇ ਨਾਲ ਜਾਤੀ ਪ੍ਰਬੰਧ ਦਾ ਸਮਰਥਨ ਕੀਤਾ।

ਦਲਿਤ ਕਹਾਣੀ ਨੇ ਅੰਤਰਜਾਤੀ ਵਿਆਹ ਦਾ ਸਮਰਥਨ ਕੀਤਾ ਹੈ। ਕੁਝ ਕਹਾਣੀਕਾਰਾਂ ਦੇ ਇਸਨੂੰ ਫਾਰਮੂਲਾ ਟਾਈਪ ਬਣਾਕੇ ਜਾਤੀ ਅਕ੍ਰੋਸ਼ ਨੂੰ ਸ਼ਾਂਤ ਕਰਨ ਦਾ ਢੰਗ ਬਣਾਉਣ ਦੀ ਕੋਸ਼ਿਸ਼ ਕੀਤੀ ਤੇ ਉਹ ਨਿੰਦਣਯੋਗ ਹੈ। ਸਮੁੱਚੇ ਰੂਪ ਵਿਚ ਅੰਤਰਜਾਤੀ ਵਿਆਹ ਇਕ ਵੱਡਾ ਕਦਮ ਹੈ। ਜਾਤ ਨੂੰ ਤੋੜਨ ਦਾ ਇਹ ਵੱਖਰਾ ਤੇ ਬੁਨਿਆਦੀ ਢੰਗ ਹੈ। ਕਮਾਲ ਦੀ ਗੱਲ ਇਹ ਹੈ ਕਿ ਜਦੋਂ ਨਿਮਨਜਾਤੀ ਦੀ ਲੜਕੀ ਉਚ ਜਾਤੀ ਵਿਚ ਵਿਆਹ ਕਰਦੀ ਹੈ ਤਾਂ ਕੋਈ ਕਹਾਣੀ ਪੈਦਾ ਨਹੀਂ ਹੁੰਦੀ। ਜਦੋਂ ਉਚ ਜਾਤੀ ਦੀ ਲੜਕੀ ਨਿਮਨ ਜਾਤੀ ਵਿਚ ਵਿਆਹ ਕਰਾਉਂਦੀ ਹੈ ਤਾਂ ਇਹ ਕਹਾਣੀ ਬਣਦੀ ਹੈ। ਇਸ ਦਾ ਮਤਲਬ ਇਹ ਹੈ ਕਿ ਜਦੋਂ ਕੋਈ ਵਰਤਾਰਾ ਉਪਰਲੀ ਧਿਰ ਉਪਰਲੇ ਵਰਗ ਨੂੰ ਪ੍ਰਭਾਵਿਤ ਕਰਦਾ ਹੈ ਉਦੋਂ ਹੀ ਕਹਾਣੀ ਨੇ ਪੈਦਾ ਹੋਣਾ ਹੈ। ਇਸ ਲਈ ਦਲਿਤ ਕਹਾਣੀ ਨੂੰ ਕੇਵਲ ਡਰ, ਫਿਕਰ, ਚਿੰਤਾ ਹੀ ਨਹੀਂ ਚਲਾਉਂਦੇ ਸਗੋਂ ਉਚ ਜਾਤੀ ਦੀ ਡਿਗਦੀ ਹਊਂ ਵੀ ਚਲਾਉਂਦੀ ਹੈ। ਨਿਮਨ ਜਾਤੀ ਦੇ ਵਿਅਕਤੀ ਦੇ ਮਰਦ ਨੂੰ ਅਪਮਾਨ ਸਹਿਣਾ ਪੈਂਦਾ ਹੈ। ਇਹ ਅਪਮਾਨ ਵੀ ਕਹਾਣੀ ਦੀ ਚਾਲਕ ਸ਼ਕਤੀ ਹੈ।

ਦਲਿਤ ਕਹਾਣੀ ਦਾ ਇਕ ਅਜਿਹਾ ਸਰੋਕਾਰ ਵੀ ਹੈ ਕਿ ਦਲਿਤ ਲੋਕ ਆਪਣੀ ਜਾਤ ਲੁਕਾਉਂਦੇ ਹਨ। ਆਪਣੇ ਨਾਂ ਨਾਲ ਗੋਤ ਲਗਾਕੇ ਆਪਣੀ ਨਵੀਂ ਪਛਾਣ ਲੈਣਾ

ਚਾਹੁੰਦੇ ਹਨ। ਗ਼ੈਰ ਦਲਿਤ ਕਹਾਣੀਕਾਰ ਦਲਿਤਾਂ ਦੀ ਇਸ ਪ੍ਰਵਿਰਤੀ ਨੂੰ ਸਾਹਮਣੇ ਲਿਆਉਂਦੇ ਹਨ। ਜਿਸ ਨਾਲ ਦਲਿਤਾਂ ਅੰਦਰਲੇ ਦੁਜੈਲੇ ਪੱਧਰ 'ਤੇ ਨਫ਼ਰਤ ਆਉਂਦੀ ਹੈ ਪਰੰਤੂ ਇਸ ਦੇ ਉਲਟ ਇਹ ਸਵਾਲ ਉੱਠ ਜਾਂਦਾ ਹੈ ਕਿ ਕੀ ਦਲਿਤ ਦੱਸਣ ਕਿ ਉਹ ਕਿਹੜੀ ਜਾਤ ਦੇ ਹਨ? ਇਹ ਦੁਵਿਧਾ ਇਸ ਗੱਲ ਦੀ ਬਣ ਜਾਂਦੀ ਹੈ ਕਿ ਜੇਕਰ ਉਹ ਜਾਤ ਦੱਸਦੇ ਹਨ ਤਾਂ ਜਾਤਵਾਦੀ, ਜੇ ਨਹੀਂ ਦਸਦੇ ਤਾਂ ਧੋਖੇਬਾਜ਼। ਜੇ ਬੋਲਦੇ ਹਨ ਤਾਂ ਇਹ ਕੋਟੇ ਵਾਲੇ ਤੇ ਸਰਕਾਰ ਨੇ ਵੱਧ ਰਿਆਇਤਾ ਦੇ ਕੇ ਖ਼ਰਾਬ ਕੀਤੇ ਲੋਕ। ਪਰ ਇਸਦੇ ਉਲਟ ਕਿਸੇ ਵੀ ਕਹਾਣੀਕਾਰ ਨੇ ਦਲਿਤਾਂ ਦੀ ਗੋਤ ਬਦਲਣ ਦੀ ਪ੍ਰਵਿਰਤੀ ਦਾ ਮਨੋਵਿਗਿਆਨਿਕ ਅਧਿਐਨ ਕਰਕੇ ਕਹਾਣੀ ਨਹੀਂ ਲਿਖੀ ਕਿ ਆਖਰ ਉਹਨਾਂ ਅੰਦਰਲੀ ਸਥਿਤੀ ਦੀ ਹੈ, ਦਬਾਓ ਕੀ ਹੈ ਜਿਸ ਕਾਰਨ ਉਹ ਅਜਿਹੀਆਂ ਕਾਰਵਾਈਆਂ ਕਰ ਰਿਹਾ ਹੈ। ਇਹ ਸਥਿਤੀ ਵੀ ਇਸ ਤਰ੍ਹਾਂ ਦੀ ਹੈ ਜਿਵੇਂ 1947 ਤੇ 1984 ਵਿਚ ਲੋਕਾਂ ਨੇ ਆਪਣੇ ਭੇਸ ਬਦਲਕੇ ਜਾਨ ਬਚਾਈ ਸੀ। ਇਹ ਸਮਾਜਿਕ ਆਤੰਕਵਾਦ ਦਾ ਦਲਿਤਾਂ ਦਾ ਆਪਣਾ ਹੀ ਬਦਲ ਹੈ। ਇਸ ਲਈ ਉਹ ਲੋਕ ਜੋ ਜਾਤ ਦੇ ਦਬਾਓ ਨੂੰ ਝੱਲ ਸਕਦੇ, ਕਿਸੇ ਮੂਵਮੈਂਟ ਦੀ ਕਮੀ ਕਾਰਨ ਲੜ ਨਹੀਂ ਪਾ ਰਹੇ ਉਹ ਅਜਿਹੇ 'ਹੱਲ' ਵਿਚ ਉਲਝ ਜਾਂਦੇ ਹਨ। ਦਲਿਤ ਕਹਾਣੀ ਇੱਕ ਅਜਿਹੀ ਘਾਟ ਵਿਚੋਂ ਵੀ ਗੁਜ਼ਰਦੀ ਹੈ ਕਿ ਇਹ ਵਰਤਾਰਿਆਂ ਤੇ ਕੇਂਦਰਤ ਹੋਣ ਦੀ ਬਜਾਇ ਪਾਤਰ 'ਤੇ ਇੰਨੀ ਕੇਂਦਰਤ ਹੋ ਜਾਂਦੀ ਹੈ ਕਿ ਉਸਦੀਆਂ ਆਦਤਾਂ ਆਦਿ ਵਿਚੋਂ ਹੀ ਕਹਾਣੀ ਕੱਢਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਜਦੋਂ ਕਿ ਦਲਿਤ ਕਹਾਣੀ ਮਨੁੱਖ ਤੇ ਉਸ ਦੁਆਲੇ, ਦੇ ਵਰਤਾਰਿਆਂ ਦੇ ਗਹਿਗੱਚ ਸੰਵਾਦ ਵਿਚੋਂ ਨਿਕਲਣੀ ਚਾਹੀਦੀ ਹੈ ਨਾ ਕਿ ਦਲਿਤ ਪਾਤਰ ਦੇ 'ਚਰਿੱਤਰ' ਘੜਨ ਵਿਚੋਂ।

ਦਲਿਤ ਕਹਾਣੀ ਵਿਚਲਾ ਸਭ ਤੋਂ ਵੱਡਾ ਨੁਕਸ ਅਸਾਧਾਰਨ ਪਾਤਰਾਂ ਨੂੰ ਪੇਸ਼ ਕਰਨ ਦਾ ਹੈ। ਸੁਆਲ ਇਹ ਉਠਦਾ ਹੈ ਕਿ ਦਲਿਤ ਪਾਤਰ ਅਸਾਧਾਰਨ ਕਿਉਂ ਲਿਆ ਜਾਂਦਾ ਹੈ ਤੇ ਕੌਣ ਲੈਂਦਾ ਹੈ? ਇਸ ਦੇ ਪਿੱਛੇ ਦੀ ਮਨਸ਼ਾ, ਉਦੇਸ਼ ਹੈ? ਕਮਲੇ ਤੇ ਕਰਿਮਨਲ ਪਾਤਰਾਂ ਦੀ ਪੇਸ਼ਕਾਰੀ ਕਰਨ ਵਿਚ ਚੇਤਨਾ ਪ੍ਰਤੀ ਕੀ ਜ਼ਿੰਮੇਵਾਰੀ ਹੈ। ਪੰਜਾਬੀ ਦੀਆਂ ਉਹਨਾਂ ਕਹਾਣੀਆਂ ਨੂੰ 'ਵੱਡੀਆਂ' ਕਹਾਣੀਆਂ ਗਰਦਾਨਿਆ ਗਿਆ ਜਿਹਨਾਂ ਵਿਚ ਅਜਿਹੀ ਅਸਧਾਰਨਾ ਦੀ ਪੇਸ਼ਕਾਰੀ ਕੀਤੀ ਗਈ ਸੀ। ਤਰਕ ਇਹ ਉਭਾਰਿਆ ਗਿਆ ਕਿ ਦਲਿਤ ਲੋਕ ਸੱਤਾਧਾਰੀ ਧਿਰ ਵੱਲੋਂ ਕਰਾਈਮ ਕਰਵਾਉਣ ਲਈ ਵਰਤੇ ਗਏ ਜਾਂ ਵਰਤੇ ਜਾਂਦੇ ਰਹੇ ਹਨ। ਇਸਦਾ ਸਮੁੱਚਾ ਪ੍ਰਭਾਵ ਇਹ ਪੈਣਾ ਚਾਹੀਦਾ ਸੀ ਕਿ 'ਤਾਕਤਵਰ ਧਿਰਾਂ' ਪ੍ਰਤੀ ਨਫ਼ਰਤ ਪੈਦਾ ਹੁੰਦੀ ਪਰ ਪਾਠਕ ਦੀ ਨਫ਼ਰਤ ਕਿਸ ਧਿਰ ਪ੍ਰਤੀ ਨਫ਼ਰਤ ਪੈਦਾ ਹੋਈ? ਦੂਜੀ ਗੱਲ ਇਹ ਕਿ ਜੇਕਰ ਪਾਤਰ ਦੀ ਸਮਾਜਿਕ ਸਥਿਤੀ, ਸਥਿਤੀਆਂ ਦੀ ਪੇਸ਼ਕਾਰੀ ਉਸੇ ਰੂਪ ਵਿਚ ਕਰਨੀ ਹੈ ਜਿਵੇਂ ਉਹ ਵਾਪਰੀ ਹੈ ਤਾਂ ਇਸ ਵਿਚ ਕਿਹੜੀ ਕਹਾਣੀਕਲਾ ਹੈ? ਕਹਾਣੀ ਨੂੰ ਕਹਾਣੀ ਕੇਵਲ ਦ੍ਰਿਸ਼ ਨਹੀਂ ਬਣਾਉਂਦੇ ਸਗੋਂ ਲੇਖਕ ਦਾ ਨਜ਼ਰੀਆ ਬਣਾਉਂਦਾ ਹੈ। ਸਾਡੇ ਕਹਾਣੀਕਾਰਾਂ ਦੀ ਸਮਸਿਆ ਹੈ ਕਿ ਦ੍ਰਿਸ਼ ਤਾਂ ਦਲਿਤ ਦਾ ਲੈਂਦੇ ਹਨ ਪਰ ਜਦੋਂ ਉਸਦਾ ਗਲਪੀਕਰਨ ਕਰਦੇ ਹਨ ਉਹ ਵਿਚ 'ਸਵੈ ਹਉਂ' ਨੂੰ ਪੇਸ਼ ਕਰਦੇ ਹਨ। ਦਲਿਤ ਕਹਾਣੀ ਦਾ ਤਵਾਜ਼ਨ ਇਸ 'ਹਉਂ' ਪੇਸ਼ ਕਰਨ ਦੇ ਉਪਰ ਹੀ ਖੜ੍ਹਾ

ਹੈ। ਜੇਕਰ ਗ਼ੈਰਦਲਿਤ ਕਹਾਣੀਕਾਰ ਇਸ 'ਹਉਂ' ਨੂੰ 'ਇੱਕ ਜਮਾਤ' ਨੂੰ ਖ਼ੁਸ਼ ਕਰਨ ਲਈ ਲਿਖ ਰਿਹਾ ਹੈ ਜਾਂ ਦਲਿਤ ਕਹਾਣੀਕਾਰ ਇਸ 'ਚ 'ਹਉਂ' ਨੂੰ ਬਹੁਤ ਹਮਦਰਦੀ ਹਾਸਿਲ ਕਰਨ ਲਈ ਵਰਤ ਰਿਹਾ ਹੈ ਤਾਂ ਇਹ ਦੋਵੇਂ ਗ਼ਲਤ ਹਨ। ਦਲਿਤ ਕਹਾਣੀ ਨੂੰ ਇਸ ਪ੍ਰਤੀ ਸੁਚੇਤ ਹੋਣ ਦੀ ਜ਼ਰੂਰਤ ਹੈ। ਦੂਸਰਾ ਪੱਖ ਇਹ ਉਭਰਦਾ ਹੈ ਕਿ ਅਸਧਾਰਨ ਪਾਤਰ ਪੈਦਾ ਕਰਨ ਨਾਲ ਕਹਾਣੀਕਾਰ ਆਪਹੁਦਰੀਆਂ ਸਟੇਟਮੈਂਟਸ 'ਤੇ ਉੱਤਰ ਆਉਂਦੇ ਹਨ, ਜਿਹੜੀ ਚਿੰਤਾਜਨਕ ਗੱਲ ਹੈ।

ਪੰਜਾਬੀ ਦਲਿਤ ਕਹਾਣੀ ਸੰਵਾਦ ਦੀ ਕਹਾਣੀ ਹੈ। ਇਸ ਵਿਚ ਸੰਵਾਂਗ ਨਹੀਂ। ਜੀਵਨ ਨੂੰ ਸਮਾਜਿਕ ਸੰਸਥਾਵਾਂ ਕਿਵੇਂ ਪੀੜਤ ਕਰਦੀਆਂ ਹਨ ਇਹ ਉਸ ਪੀੜ ਦਾ ਸੂਤਰਧਾਰ ਬਣਦੀ ਹੈ। ਮਨੁੱਖ ਤੇ ਸਮਾਜਿਕ ਸੰਸਥਾਵਾਂ ਅੰਦਰ ਟੁੱਟੇ ਹੋਏ ਮਾਨਵੀ ਸੰਵਾਦ ਨੂੰ ਪੁਨਰ ਸੁਰਜੀਤ ਕਰਦੀ ਹੈ। ਮਨੁੱਖ ਨੂੰ ਹੋਣ ਜਾਂ ਨਾ ਹੋਣ ਦੇ ਅਹਿਸਾਸ ਅੰਦਰੋਂ ਵਾਰ-ਵਾਰ ਸੋਚਣ ਲਈ ਮਜ਼ਬੂਰ ਕਰਦੀ ਹੈ। ਇਹ ਸਮਾਜ ਦੀ ਵੇਦਨਾ, ਸੰਵੇਦਨਾ, ਰੜਕ, ਕੜਕ, ਮੜਕ ਦਾ ਵਿਸ਼ਲੇਸ਼ਣ ਕਰਦੀ ਰੂਪਾਂਤਰਨ ਦੀਆਂ ਸਥਿਤੀਆਂ ਪ੍ਰਤੀ ਇਕ ਨਵੀਂ ਮਨੋਪ੍ਰਤੀਕਿਰਿਆ ਨੂੰ ਰਜਿਸਟਰਡ ਕਰਦੀ ਹੈ। ਦੁਨੀਆਂ ਭਰ ਦੀਆਂ ਪੀੜਤ ਧਿਰਾਂ ਦੇ ਦਮਨ ਨੂੰ ਆਪਣੇ ਅੰਦਰ ਸਮੋਂਦੀ ਹੈ ਤੇ ਆਪਣੀਆਂ ਸਮੱਸਿਆਵਾਂ ਨੂੰ ਵਿਭਿੰਨ ਦ੍ਰਿਸ਼ਟੀਕੋਣਾਂ ਤੋਂ ਦੇਖਦੀ ਹੈ। ਜਿਵੇਂ ਗੁਲਾਮਾਂ ਦੀਆਂ ਕਹਾਣੀਆਂ ਦਲਿਤਾਂ ਦੀਆਂ ਕਹਾਣੀਆਂ ਨਾਲ ਮਿਲਦੀਆਂ ਹਨ। ਦੋਨਾਂ ਵਿਚ ਜੰਜੀਰ ਸਾਂਝੀ ਹੈ ਭਾਵੇਂ ਸੋਸ਼ਣ ਤੇ ਦਮਨ ਸਹਿਣ ਦੇ ਢੰਗ ਵੱਖਰੇ-ਵੱਖਰੇ ਹਨ। ਦੋਹਾਂ ਅੰਦਰ ਇਹ ਅਹਿਸਾਸ ਹੁੰਦਾ ਹੈ ਕਿ ਆਖਰ ਅਸੀਂ ਕਿਉਂ ਹਾਂ? ਅਸੀਂ ਕਿਉਂ ਪੈਦਾ ਹੋਏ? ਸਾਡਾ ਭਵਿੱਖ ਕੀ ਹੈ? ਸਾਡਾ ਭਵਿੱਖ ਕਿਉਂ ਤੇ ਕੌਣ ਖਰਾਬ ਕਰ ਰਿਹਾ ਹੈ? ਜਿਸ ਵਿਚ ਸਵੈ ਹੋਂਦ ਦਾ ਕੇਂਦਰ ਪਰਿਵਾਰ ਨਿਕਲਦਾ ਹੈ। ਜਾਤ ਨਿਕਲਦੀ ਹੈ ਜਿਹੜੀ ਉਸਦੀ ਆਪ ਤਹਿ ਕੀਤੀ ਹੋਈ ਨਹੀਂ ਸਗੋਂ ਦੂਸਰਿਆਂ ਦੀ ਥੋਪੀ ਹੋਈ ਹੈ। ਇਸਦਾ ਮੁੱਢਲਾ ਸੁਆਲ ਇਹ ਬਣਦਾ ਹੈ ਕਿ ਆਖਰ ਹੈ ਕਿਸੇ ਵਿਅਕਤੀ ਦਾ ਆਪਣੇ ਜਨਮ 'ਤੇ ਕੀ ਜ਼ੋਰ ਹੈ? ਵਿਗਿਆਨ ਦੇ ਆਸਰੇ ਅਸਮਾਨ ਵਿਚ ਉਡੀ ਜਾਂਦੇ ਵਿਕਾਸ ਦੀ ਇੱਕ ਨਜ਼ਰ ਉਸ ਵਿਅਕਤੀ 'ਤੇ ਵੀ ਪੈਣੀ ਚਾਹੀਦੀ ਹੈ ਕਿ ਉਸਦਾ ਵਿਅਕਤੀ ਦੀ ਕੀ ਸਥਿਤੀ ਹੈ ਜਿਸਦੇ ਨਸੀਬ ਅਤੀਤ ਨੇ ਤਹਿ ਕਰ ਦਿੱਤੇ, ਵਰਤਮਾਨ ਪੀੜਾਦਾਇਕ ਹੈ ਤੇ ਭਵਿੱਖ ਨੂੰ ਅਤੀਤ ਵਰਗਾ ਬਣਾਇਆ ਜਾ ਰਿਹਾ ਹੈ। ਦਲਿਤ ਕਹਾਣੀ ਕੰਡਿਆਲੇ ਅਤੀਤ ਨੂੰ ਵਰਤਮਾਨ ਤੇ ਭਵਿੱਖ ਵਿਚ ਫੈਲਣ ਤੋਂ ਰੋਕਣ ਦੀ ਇਕ ਵਿਧੀ ਹੈ, ਜਿਸ ਵਿਚ ਵਿਸ਼ਲੇਸ਼ਣ ਤੇ ਰਾਜਨੀਤੀ ਸ਼ਾਮਿਲ ਹੈ। ਆਦਮੀ ਅੰਦਰ ਝਾਤ ਮਾਰਨ ਦਾ ਬਾਹਰਮੁਖੀ ਢੰਗ ਹੈ। ਜਿਸ ਉਪਰ 'ਸੰਸਕ੍ਰਿਤਕ' ਸਾਹਿਤ ਦੀਆਂ ਕਸੌਟੀਆਂ ਨਹੀਂ ਲਗਾਈਆਂ ਜਾ ਸਕਦੀਆਂ ਕਿਉਂਕਿ ਇਹਨਾਂ ਕਸੌਟੀਆਂ ਦੇ ਦਲਿਤ ਕਹਾਣੀ ਨੂੰ ਮਾਣ ਦੇਣ ਦੀ ਬਜਾਇ ਅਪਮਾਨਿਤ ਕੀਤਾ ਹੈ।

✲✲✲

# ਸਮਕਾਲੀ ਚਿੰਤਨ : ਪੰਜਾਬੀ ਕਾਵਿ ਆਲੋਚਨਾ

–ਸੁਖਪ੍ਰੀਤ ਸਿੰਘ ਸੰਧੂ

ਵਿਸ਼ਵ ਭਰ ਦੀ ਕਾਵਿ ਸਮੀਖਿਆ ਦੇ ਇਤਿਹਾਸ ਵਿੱਚ 'ਕਾਵਿ ਦੀ ਹੋਂਦ ਵਿਧੀ' ਪ੍ਰਸ਼ਨ ਵਧੇਰੇ ਪ੍ਰਮੁੱਖ ਰਿਹਾ ਹੈ। ਭਾਰਤੀ ਕਾਵਿ ਸ਼ਾਸਤਰ ਅਤੇ ਪੱਛਮੀ ਕਾਵਿ ਸ਼ਾਸਤਰ ਵਿੱਚ 'ਕਾਵਿ ਦੀ ਹੋਂਦ ਵਿਧੀ' ਨੂੰ ਸਮਝਣ–ਸਮਝਾਉਣ ਸਬੰਧੀ ਲਗਪਗ ਵੀਹ ਸਦੀਆਂ ਤੋਂ ਮੁਲਵਾਨ ਚਰਚਾ ਕੀਤੀ ਜਾ ਰਹੀ ਹੈ ਅਤੇ ਇਸ ਤੇ ਵੱਖਰੇ–ਵੱਖਰੇ ਚਿੰਤਨ ਸਕੂਲਾਂ ਨੇ ਕੀਤੀ ਹੈ। ਭਾਰਤੀ ਕਾਵਿ ਸ਼ਾਸਤਰ ਦੇ ਆਤਮਵਾਦੀ (ਰਸ, ਧੁਨੀ) ਅਤੇ ਦੇਹਵਾਦੀ (ਅਲੰਕਾਰ, ਰੀਤੀ, ਵਕ੍ਰੋਕਤੀ) ਸਕੂਲਾਂ ਵਿੱਚ ਕਾਵਿ ਦੀ ਆਤਮਾ ਹੀ ਬੁਨਿਆਦੀ ਪ੍ਰਸ਼ਨ ਰਿਹਾ।ਦੇਹਵਾਦੀ ਕਾਵਿ ਦੇ ਬਾਹਰੀ ਸਰੀਰ ਜਾਂ ਸ਼ਬਦਾਰਥ ਵਿੱਚ ਬਿਰਾਜਮਾਨ ਚਮਤਕਾਰ ਅਤੇ ਖਾਸ ਛੰਦ ਦੀ ਸੁੰਦਰਤਾ ਨੂੰ ਕਾਵਿ ਦੀ ਆਤਮਾ ਮੰਨਦੇ ਹਨ, ਜਦਕਿ ਆਤਮਵਾਦੀ ਸ਼ਬਦਾਰਥ ਵਿੱਚ ਵਸੇ ਹੋਏ ਰਮਣੀਕ ਰਸ ਭਾਵਾਂ ਜਾਂ ਵਿਅੰਜਨੀ ਅਰਥ ਉਤਪਾਦਨ ਨੂੰ ਕਾਵਿ ਦੀ ਆਤਮਾ ਮੰਨਦੇ ਹਨ। ਇੰਝ ਪੱਛਮੀ ਕਾਵਿ ਸ਼ਾਸਤਰ ਵਿੱਚ ਵੀ ਇਸ ਮੂਲ ਪ੍ਰਸ਼ਨ ਸਬੰਧੀ ਵਿਚਾਰਵਾਦੀ ਅਤੇ ਪਦਾਰਥਵਾਦੀ ਪ੍ਰਵਿਰਤੀਆਂ ਦਾ ਰੁਝਾਨ ਰਿਹਾ ਹੈ। ਉੱਤਰ ਆਧੁਨਿਕ ਸਮੇਂ ਦੌਰਾਨ ਸਾਹਿਤ ਆਲੋਚਨਾ ਦੇ ਕੇਂਦਰ ਵਿੱਚ ਟੈਕਸਟ ਅਤੇ ਪਾਠਕ (ਸੁਹਿਰਦ ਵਿਅਕਤੀ) ਆ ਰਹੇ ਹਨ। ਟੈਰੀਈਗਲਟਨ ਅਨੁਸਾਰ criticism become a mutually supportive dialogue between two highly valorized subjects: the valuable text and valuable reader."

ਵੀਹਵੀਂ ਸਦੀ ਵਿੱਚ ਆਧੁਨਿਕ ਪੰਜਾਬੀ ਕਾਵਿ ਸ਼ਾਸਤਰ ਸਬੰਧੀ ਜੋ ਵਿਲੱਖਣ, ਮਹੱਤਵਪੂਰਨ ਅਤੇ ਗੌਲਣਯੋਗ ਸਥਾਪਨਾਵਾਂ ਪੇਸ਼ ਹੋਈਆਂ, ਉਹਨਾਂ ਵਿਚੋਂ ਪ੍ਰਿੰ. ਸੰਤ ਸਿੰਘ ਸੇਖੋਂ (ਮਾਰਕਸਵਾਦੀ) ਅਤੇ ਡਾ. ਹਰਭਜਨ ਸਿੰਘ (ਸੰਰਚਨਾਵਾਦੀ) ਦੀਆਂ ਮੂਲੋਂ ਨਿੱਖੜਵੀਆਂ ਸਥਾਪਨਾਵਾਂ ਪ੍ਰਮੁੱਖ ਹਨ। ਇਹਨਾਂ ਆਲੋਚਕਾਂ ਨੇ ਸਾਹਿਤ ਦੇ ਬੁਨਿਆਦੀ ਪ੍ਰਸ਼ਨਾਂ ਨੂੰ ਦੋ ਵੱਖਰੇ ਦ੍ਰਿਸ਼ਟੀਕੋਣਾਂ (ਵਸਤੂਗਤ, ਰੂਪਗਤ) ਤੋਂ ਪਰਖਿਆ। ਇਹਨਾਂ ਤੋਂ ਬਾਅਦ ਦੇ ਨਵ ਸਮੀਖਿਆਕਾਂ (ਨਵਮਾਰਕਸਵਾਦੀ, ਨਵ ਸੰਰਚਨਾਵਾਦੀ) ਨੇ ਉਪਰੋਕਤ ਦੋ–ਵੰਡੀ ਸਮੀਖਿਆ ਦੇ ਬੁਨਿਆਦੀ ਖੱਪਿਆਂ ਨੂੰ ਪੂਰਿਆ। ਇਹਨਾਂ ਦੇ ਚਿੰਤਨ ਦੀਆਂ ਮਕਾਨਕੀ ਧਾਰਨਾਵਾਂ ਨੂੰ ਕਾਂਟੇ ਹੇਠ ਲਿਆ। ਸਮਕਾਲ ਦੌਰਾਨ ਹੋ ਰਹੀ ਵਧੇਰੇ ਅੰਤਰ–ਅਨੁਸ਼ਾਸਨੀ ਆਲੋਚਨਾਤਮਕ ਵਿਧੀ ਲਈ ਰਾਹ ਵੀ ਪੱਧਰਾ ਕੀਤਾ।

ਇਸ ਖੋਜ ਪੱਤਰ ਵਿੱਚ ਸਮਕਾਲੀ ਪ੍ਰਮਾਣਿਤ ਕਾਵਿ ਆਲੋਚਨਾ ਉੱਪਰ ਫੋਕਸ ਕਰਕੇ ਡਾ.ਜਸਵਿੰਦਰ ਸਿੰਘ, ਡਾ. ਸੁਖਦੇਵ ਸਿੰਘ, ਡਾ.ਰਾਜਿੰਦਰ ਪਾਲ ਸਿੰਘ, ਡਾ. ਮਨਮੋਹਨ, ਡਾ.ਯੋਗਰਾਜ ਅਤੇ ਡਾ. ਸਰਬਜੀਤ ਸਿੰਘ ਦੀ ਕਾਵਿ ਸਮੀਖਿਆ ਨੂੰ ਆਧਾਰ ਬਣਾਇਆ ਹੈ। ਇਹਨਾਂ ਤੋਂ ਬਿਨਾਂ ਹੋਰ ਵੀ ਪੰਜਾਬੀ ਕਾਵਿ ਸਮੀਖਿਆ ਹੋ ਰਹੀ ਹੈ, ਪਰ ਖੋਜ ਪੱਤਰ ਦੀ ਸੀਮਾ ਨੂੰ ਧਿਆਨ ਹਿੱਤ ਰੱਖਦਿਆਂ ਇਹ ਨਿਖੇੜਾ ਬੇਹੱਦ ਜ਼ਰੂਰੀ ਸੀ। ਇਸ ਖੋਜ ਪੱਤਰ ਦਾ ਮੁੱਢਲਾ ਮੰਤਵ ਇਹਨਾਂ ਕਾਵਿ ਸਮੀਖਿਅਕਾਂ ਦੀ ਸਾਹਿਤ ਸਿਧਾਂਤਕਾਰੀ ਦੇ ਬੁਨਿਆਦੀ ਨੇਮਾਂ ਦੀ

ਤਲਾਸ਼ ਕਰਨਾ ਹੈ, ਇਹਨਾਂ ਦੀ ਕਾਵਿ ਆਲੋਚਨਾ ਦੇ ਸਿਧਾਂਤਕ ਆਧਾਰ ਕਿਹੜੇ ਹਨ, ਪੂਰਵਲੀ ਕਾਵਿ ਆਲੋਚਨਾ ਨਾਲੋਂ ਇਹਨਾਂ ਦੀ ਸਮੀਖਿਆ ਵੱਖਰੀ ਕਿਵੇਂ ਹੈ, ਇਸ ਵੱਖਰਤਾ ਦੇ ਆਧਾਰ ਕਿਹੜੇ ਹਨ, ਸਿਧਾਂਤਕ ਵਿਧੀ ਦੇ ਨਾਲ ਇਹਨਾਂ ਦੀ ਵੱਖਰੀ ਵਿਹਾਰਕ ਅਧਿਐਨ ਵਿਧੀ ਕਿਹੜੀ ਹੈ ਅਤੇ ਕਾਵਿ ਚੋਣ ਸਬੰਧੀ ਵਿਸ਼ੇਸ਼ ਲਗਾਓ ਵਰਗੇ ਮੂਲ ਪ੍ਰਸ਼ਨਾਂ ਨੂੰ ਮੁਖਾਤਿਬ ਹੋਣਾ ਹੈ।

ਸਿਧਾਂਤਕ ਆਲੋਚਨਾ

ਸਮਕਾਲੀ ਪੰਜਾਬੀ ਕਾਵਿ ਚਿੰਤਨ ਨੇ ਕਵਿਤਾ ਨੂੰ ਮੁੜ ਪ੍ਰਭਾਸ਼ਿਤ ਵੀ ਕੀਤਾ ਅਤੇ ਨਾਲ ਹੀ ਪੂਰਬਲੀ ਪੰਜਾਬੀ ਕਵਿਤਾ ਨਾਲ ਪੁਨਰ ਸੰਵਾਦ ਵੀ ਰਚਾਇਆ। ਇਹਨਾਂ ਮੱਧਕਾਲੀ, ਆਧੁਨਿਕਵਾਦੀ ਅਤੇ ਉੱਤਰ ਆਧੁਨਿਕਵਾਦੀ ਕਵਿਤਾ ਵਿੱਚ ਉੱਭਰੀਆਂ ਅਤੇ ਉੱਭਰ ਰਹੀਆਂ ਨਵੀਆਂ ਪਛਾਣਾਂ ਅਤੇ ਨਵੇਂ ਮਸਲਿਆਂ ਦੀ ਨਿਸ਼ਾਨਦੇਹੀ ਕੀਤੀ। ਡਾ. ਜਸਵਿੰਦਰ ਸਿੰਘ ਨੇ ਕਵਿਤਾ ਨੂੰ ਸੁੰਨੀ ਚੁੱਪ ਅਤੇ ਬੇਥਵੇ ਰੌਲ਼ੇ ਵਿਚਕਾਰ ਸੁਹਜ ਮੰਡਲ ਦਾ ਨਿਆਰਾ ਸੰਸਾਰ ਕਿਹਾ। ਇਸ ਸੁਰਮੰਡਲ ਸਿਰਜਣ ਦੇ ਵੱਖਰੇ-ਵੱਖਰੇ ਕਾਵਿਕ ਅੰਦਾਜ਼, ਸਾਧਨ ਅਤੇ ਵਿਧੀਆਂ ਹਨ, ਪਰ ਇਹ ਜ਼ਰੂਰੀ ਹੈ ਕਿ ਇਹ ਕਾਵਿ ਮੂਲ ਸੁਹਜ ਸੰਵੇਦਨਾ ਅਤੇ ਉੱਦਾਤਕ੍ਰਿਤ ਤਾਸੀਰ ਨੂੰ ਉਪਜਾਉਂਦੀਆਂ ਹੋਣ। ਇਸ ਦੌਰ ਦੇ ਸਮਕਾਲੀ ਕਾਵਿ ਚਿੰਤਨ ਨੇ ਕਵਿਤਾ ਵਿਚਲੇ ਕਾਵਿਕ ਸੁਹਜ ਨੂੰ ਵਧੇਰੇ ਉੱਤਮ ਮੰਨਿਆ ਹੈ। ਕਾਵਿਕ ਸੁਹਜ ਹੀ ਉਹ ਆਨੰਦ ਦੀ ਪ੍ਰਾਪਤੀ ਹੈ, ਜਿਸ ਦਾ ਰਸ ਕੇਵਲ 'ਸੁਹਿਰਦ ਵਿਅਕਤੀ' ਹੀ ਮਾਣ ਸਕਦਾ ਹੈ।

ਸਮਕਾਲ ਦੌਰਾਨ ਪੰਜਾਬੀ ਕਵਿਤਾ ਵਿਚਲੇ ਸੁਹਜ ਦੀ ਮਹੱਤਤਾ ਨੂੰ ਸਮਝਦੇ ਹੋਏ ਕਾਵਿਕ ਸੁਹਜ ਸ਼ਾਸਤਰ ਉਪਰ ਨਿੱਠ ਕੇ ਵਿਚਾਰ ਚਰਚਾ ਹੋ ਰਹੀ ਹੈ। ਡਾ. ਯੋਗਰਾਜ ਦਾ ਪੰਜਾਬੀ ਕਵਿਤਾ ਦੇ ਸੁਹਜ ਸ਼ਾਸਤਰ ਉਲੀਕਣ ਵਿੱਚ ਖ਼ਾਸ ਯੋਗਦਾਨ ਰਿਹਾ ਹੈ। ਉਹਨਾਂ ਸੁਹਜ ਸ਼ਾਸਤਰ ਨੂੰ ਕਾਵਿ ਚਿੰਤਨ ਦਾ ਕੋਈ ਖਾਸ ਵਿਗਿਆਨ ਜਾਂ ਸਿਧਾਂਤ ਮੰਨਣ ਦੀ ਥਾਂ ਇਸਨੂੰ ਸਾਹਿਤ ਅਧਿਐਨ ਦਾ ਇੱਕ ਅਜਿਹਾ ਅਨੁਸ਼ਾਸਨ ਮੰਨਿਆ, ਜਿਸਦਾ ਪ੍ਰਮੁੱਖ ਫੋਕਸ ਸਾਹਿਤਕ ਕਿਰਤ ਦੇ ਸਮੁੱਚੇ ਸੁਹਜਾਤਮਕ ਆਧਾਰ ਦਾ ਅਧਿਐਨ ਕਰਨਾ ਹੈ ਅਤੇ ਨਾਲ ਹੀ ਵਿਸ਼ੇਸ਼ ਪਾਠਕ (ਸੁਹਿਰਦ ਵਿਅਕਤੀ) ਦੀਆਂ ਸੰਵੇਦਨਾਵਾਂ ਪ੍ਰਤੀ ਵੀ ਰੁਚਿਤ ਹੋਣਾ ਹੈ। ਡਾ. ਕੇਸਰ ਸਿੰਘ ਕੇਸਰ ਦੇ ਸ਼ਬਦਾਂ ਵਿੱਚ ਸੁਹਜ ਸ਼ਾਸਤਰ ਦੇ ਦੋ ਮੁੱਖ ਦਾਰਸ਼ਨਿਕ ਆਧਾਰਾਂ (ਅਧਿਆਤਮਵਾਦ ਅਤੇ ਭੌਤਿਕਵਾਦ) ਨੂੰ ਨਿਖੇੜ ਕੇ ਦੇਖਦੇ ਹੋਏ ਯੋਗਰਾਜ ਨੇ ਆਪਣੇ ਸਮੀਖਿਆ ਵਿਹਾਰ ਦਾ ਮੁੱਖ ਆਧਾਰ ਭਾਵੇਂ ਭੌਤਿਕਵਾਦੀ ਦਰਸ਼ਨ ਨੂੰ ਬਣਾਇਆ ਹੈ, ਪਰ ਅਰਸਤੂ ਤੋਂ ਲੈ ਕੇ ਅਜੋਕੇ ਮਾਰਕਸਵਾਦੀ ਸੁਹਜ ਸ਼ਾਸਤਰੀਆਂ ਤੱਕ ਬਹੁਤ ਸਾਰੇ ਪੱਛਮੀ ਅਤੇ ਭਾਰਤੀ ਚਿੰਤਕਾਂ ਦੇ ਵਿਚਾਰਾਂ ਦਾ ਸੁਮੇਲ ਕਰਕੇ ਉਸ ਨੇ ਆਪਣੇ ਸੁਹਜ ਸ਼ਾਸ਼ਤਰੀ ਮਾਡਲ ਦੀ ਤਲਾਸ਼ ਵੀ ਕੀਤੀ। ਇਸ ਮਾਡਲ ਵਿੱਚ ਰੂਪ ਤੇ ਵਸਤੂ ਦੀ ਏਕਤਾ ਦੇ ਸਿਧਾਂਤ, ਭਾਸ਼ਾਈ ਜੁਗਤਾਂ, ਕਲਪਨਾ-ਜੁਗਤਾਂ ਤੇ ਵਿਚਾਰਧਾਰਕ ਆਧਾਰਾਂ ਨੂੰ ਪ੍ਰਮੁੱਖਤਾ ਹਾਸਲ ਹੈ। ਕਵਿਤਾ ਦੇ ਸੁਹਜਾਤਮਕ ਅਧਿਐਨ ਵਿੱਚ ਡਾ. ਯੋਗਰਾਜ ਨੇ ਸੁਹਜ ਸ਼ਾਸਤਰ ਦੇ ਸੰਕਲਪ ਅਤੇ ਪਰਿਭਾਸ਼ਾ, ਸੁਹਜ ਸਿਰਜਣਾ ਦੇ ਬੁਨਿਆਦੀ ਨੇਮ, ਕਾਵਿ ਸਿਰਜਨਾ ਵਿੱਚ ਸੁਹਜ ਸਿਰਜਣਾ ਦਾ ਆਧਾਰ, ਕਾਵਿ ਭਾਸ਼ਾ (ਬਿੰਬ, ਅਲੰਕਾਰ, ਪ੍ਰਤੀਕ, ਲੈਅ), ਕਾਵਿ ਚੇਤਨਾ ਅਤੇ ਸੁਹਜ ਚੇਤਨਾ ਦੀਆਂ ਬੁਨਿਆਦੀ ਸਾਂਝਾਂ ਅਤੇ ਵਿਸ਼ੇਸ਼ ਨਿਖੇੜੇ, ਸੁਹਜ ਸਿਰਜਣਾ ਦੇ ਵਿਚਾਰਧਾਰਾਈ ਆਧਾਰ ਅਤੇ ਕਵਿਤਾ ਦੇ ਸੁਹਜ

ਸ਼ਾਸਤਰੀ ਅਧਿਐਨ ਮਾਡਲ ਦੀ ਤਲਾਸ਼ ਹੀ ਨਹੀਂ ਕੀਤੀ, ਸਗੋਂ ਇਸ ਮਾਡਲ ਨੂੰ ਆਧਾਰ ਬਣਾ ਰੋਮਾਂਟਿਕ ਪੰਜਾਬੀ ਕਾਵਿਧਾਰਾ, ਪ੍ਰਗਤੀਵਾਦੀ ਪੰਜਾਬੀ ਕਾਵਿਧਾਰਾ, ਪ੍ਰਯੋਗਵਾਦੀ ਪੰਜਾਬੀ ਕਾਵਿਧਾਰਾ, ਅਤੇ ਜੁਝਾਰਵਾਦੀ ਕਾਵਿਧਾਰਾ ਦਾ ਸੁਹਜ ਸ਼ਾਸਤਰੀ ਵਿਗਿਆਨਿਕ ਅਧਿਐਨ ਵੀ ਕੀਤਾ। ਡਾ. ਯੋਗਰਾਜ ਦੀ ਧਾਰਨਾ ਹੈ ਕਿ ਸਾਹਿਤਕ ਪਾਠ ਦਾ ਸੁਹਜ ਸ਼ਾਸਤਰੀ ਅਧਿਐਨ ਪਾਠ ਦੇ ਭਾਸ਼ਾ ਸੁਹਜ ਤੋਂ ਲੈ ਕੇ ਪਾਠ ਦੇ ਇਤਿਹਾਸਕ, ਸੱਭਿਆਚਾਰਕ ਅਤੇ ਮਨੋਵਿਗਿਆਨਿਕ ਸੰਦਰਭਾਂ ਤੱਕ ਆਪਣਾ ਅਧਿਐਨ ਖੇਤਰ ਬਣਾਉਂਦਾ ਹੈ।

ਸਮਕਾਲੀ ਕਾਵਿ ਸਮੀਖਿਆ ਦਾ ਅਗਲੇਰਾ ਅਹਿਮ ਨੁਕਤਾ ਕਵਿਤਾ ਤੇ ਮਿੱਥ ਪੈਰਾਡਾਈਮ ਨੂੰ ਅਗਰਭੂਮਿਤ ਕਰਨਾ ਹੈ। ਮੱਧਕਾਲੀ, ਆਧੁਨਿਕ ਅਤੇ ਉੱਤਰਆਧੁਨਿਕ ਕਵਿਤਾ ਵਿੱਚ ਮਿੱਥ ਰੁਪਾਂਤਰਣ ਦੀ ਜੁਗਤ ਨੂੰ ਸਮਝਣ ਦਾ ਖਾਸ ਉਪਰਾਲਾ ਡਾ. ਮਨਮੋਹਨ ਨੇ ਕੀਤਾ। ਡਾ. ਮਨਮੋਹਨ ਕਾਵਿ ਅਧਿਐਨ ਦੇ ਖੇਤਰ ਵਿੱਚ ਚਰਚਿਤ ਸ਼ਖ਼ਸੀਅਤ ਹਨ। ਉਹਨਾਂ ਪੰਜਾਬੀ ਸਾਹਿਤ ਦੇ ਸਮੁੱਚੇ ਮਿੱਥਕ ਆਰਕੀਟੈਕਟੌਨਿਕਸ ਬਾਰੇ ਬੇਹੱਦ ਵਿਗਿਆਨਕ ਸਥਾਪਨਾਵਾਂ ਪੇਸ਼ ਕੀਤੀਆਂ। ਡਾ. ਮਨਮੋਹਨ ਅਜੋਕੀ ਪੰਜਾਬੀ ਕਵਿਤਾ ਵਿੱਚ ਮਿੱਥ ਰੂਪਾਂਤਰਣ ਦੀ ਪ੍ਰਵਿਰਤੀ ਦੇ ਮੁੱਢਲੇ ਬੀਜ ਗੁਰਮਤਿ ਕਾਵਿ ਵਿਚੋਂ ਤਲਾਸ਼ਦੇ ਹਨ। ਬਾਅਦ ਵਿੱਚ ਕਿੱਸਾ ਕਾਵਿ ਅਤੇ ਸੂਫ਼ੀ ਕਾਵਿ ਵਿੱਚ ਮਿੱਥ ਰੁਪਾਂਤਰਣ ਦੇ ਬੁਨਿਆਦੀ ਪ੍ਰਸ਼ਨਾਂ ਨੂੰ ਮੁਖਾਤਿਬ ਹੁੰਦੇ ਅਜੋਕੀ ਪੰਜਾਬੀ ਕਵਿਤਾ ਵਿੱਚ ਮਿੱਥ ਦਾ ਆਧਾਰ ਹਿੰਦੂ ਮਿਥਿਹਾਸ ਨੂੰ ਮੰਨਦੇ ਹਨ। ਆਧੁਨਿਕ ਪੰਜਾਬੀ ਕਵਿਤਾ ਵਿੱਚ ਪੁਰਾਤਨ ਮਿੱਥਕ ਚਿਹਨਕੀ ਹੋਂਦਾਂ ਨੂੰ ਰੂਪਾਂਤਰਿਤ ਕਰਕੇ ਨਵੇਂ ਅਰਥ ਸਿਰਜਣ ਦੀ ਪ੍ਰਕਿਰਿਆ ਨੂੰ ਸਿੱਧਾ ਰੂਪਾਂਤ੍ਰਿਤ ਪ੍ਰਯੋਗ (Direct Transformed use) ਅਤੇ ਅਸਿੱਧਾ ਰੂਪਾਂਤ੍ਰਿਤ ਪ੍ਰਯੋਗ (Indirect Transformed use) ਦੀ ਵਿਧੀ ਰਾਹੀਂ ਸਮਝਦੇ-ਸਮਝਾਉਂਦੇ ਹਨ।

ਮਿੱਥ ਰੂਪਾਂਤਰਣ ਕਾਵਿਕ ਰੂਪਾਂਤਰਣ<br>
ਵਾਸਤਵਿਕ ਹੋਂਦਾਂ ਮਿੱਥ ਮਿੱਥਕ ਕਾਵਿ<br>
ਸਿੱਧੀ/ਅਸਿੱਧੀ ਵਰਤੋਂ

ਆਧੁਨਿਕ ਪੰਜਾਬੀ ਕਾਵਿ ਟੈਕਸਟ ਵਿਚੋਂ ਮਿੱਥ ਦੇ ਸਿੱਧੇ ਰੂਪਾਂਤਰਣ ਦੀ ਵਿਧੀ ਰਾਹੀਂ ਪ੍ਰੋ. ਪੂਰਨ ਸਿੰਘ (ਭਰਥਰੀ), ਬਾਵਾ ਬਲਵੰਤ (ਦੂਰ ਇੱਕ ਬਹਿਲ ਖੜੀ, ਸ਼ਿਵ ਨਾਚ), ਹਰਿਭਜਨ ਸਿੰਘ (ਹਰਨਾਕਸ਼ ਮਰੇ ਨਹੀਂ), ਜਸਵੰਤ ਸਿੰਘ ਨੇਕੀ (ਕਹੀ ਸ਼ਿਵਾ ਪਰਵਾਨ), ਮੋਹਨਜੀਤ (ਲੀਲ੍ਹਾਵਤੀ), ਦੀ ਕਵਿਤਾ ਵਿੱਚ ਘੜੇ ਗਏ ਨਵੇਂ ਕਾਵਿ ਅਰਥਾਂ ਦੀ ਪੜਚੋਲ ਕਰਦੇ ਹਨ। ਇੰਝ ਮਿੱਥ ਦੀ ਦੂਜੀ ਵਿਧੀ ਅਸਿੱਧਾ ਰੂਪਾਂਤ੍ਰਿਤ ਪ੍ਰਯੋਗ ਜੁਗਤ ਰਾਹੀਂ ਪ੍ਰੀਤਮ ਸਿੰਘ ਸਫ਼ੀਰ, ਹਰਿਭਜਨ ਸਿੰਘ, ਜਸਵੀਰ ਸਿੰਘ ਆਹਲੂਵਾਲੀਆ, ਪਾਸ਼, ਅਮਿਤੋਜ ਅਤੇ ਸਵਰਨਜੀਤ ਸਵੀ ਦੀ ਕਵਿਤਾ ਵਿੱਚ ਦਿਸਦੇ ਵਸਤੂਗਤ ਵਰਤਾਰਿਆਂ ਨੂੰ ਨਵੀਂ ਸਿਗਨੀਫੀਕੇਸ਼ਨ ਪ੍ਰਦਾਨ ਕਰਨ ਦੇ ਅਮਲ ਨੂੰ ਦਰਸਾਉਂਦੇ ਹਨ।

ਸਮਕਾਲੀ ਪੰਜਾਬੀ ਕਾਵਿ ਸਮੀਖਿਆ ਦਾ ਇੱਕ ਹੋਰ ਅਹਿਮ ਰੁਝਾਨ ਸਮੁੱਚੇ ਪੰਜਾਬੀ ਕਾਵਿ ਸੰਸਾਰ ਦੀ ਇਤਿਹਾਸਕਾਰੀ ਦਾ ਰਿਹਾ ਹੈ। ਪੰਜਾਬੀ ਕਵਿਤਾ ਦੀ ਇਤਿਹਾਸਕਾਰੀ ਦਾ ਆਧਾਰ ਵਿਸ਼ੇਸ਼ ਕਵੀ, ਵਿਸ਼ੇਸ਼ ਕਾਲ ਅਤੇ ਵਿਸ਼ੇਸ਼ ਪ੍ਰਵਿਰਤੀ ਮੁਖ ਰਿਹਾ ਹੈ। ਡਾ. ਜਸਵਿੰਦਰ ਸਿੰਘ ਨੇ ਆਧੁਨਿਕ ਪੰਜਾਬੀ ਕਵਿਤਾ ਦੀ ਵਿਕਾਸ ਧਾਰਾ ਉਲੀਕਦੇ ਹੋਏ ਸਮੁੱਚੀ ਆਧੁਨਿਕ

ਕਵਿਤਾ ਨੂੰ ਚਾਰ ਪੜਾਵਾਂ ਵਿੱਚ ਵੰਡਿਆ ਹੈ। ਉਹਨਾਂ ਆਧੁਨਿਕ ਪੰਜਾਬੀ ਕਵਿਤਾ ਦੀਆਂ ਕਾਵਿਕ ਪ੍ਰਵਿਰਤੀਆਂ ਦੇ ਕਾਲ ਖੰਡ ਵਿਚਲੇ ਇਤਿਹਾਸਕ, ਸਮਾਜਕ ਅਨੁਭਵ ਸਾਰ ਨੂੰ ਆਧਾਰ ਬਣਾਇਆ। ਪਹਿਲਾ ਪੜਾਅ (1901-1935 ਸੁਧਾਰਵਾਦੀ ਕਾਵਿ ਧਾਰਾ), ਦੂਜਾ ਪੜਾਅ (1935-1965 ਪ੍ਰਗਤੀਵਾਦੀ ਕਾਵਿ ਧਾਰਾ), ਤੀਜਾ ਪੜਾਅ (ਸੱਤਵੇਂ, ਅੱਠਵੇਂ ਦਹਾਕੇ ਦਰਮਿਆਨ ਪ੍ਰਯੋਗਵਾਦੀ, ਸੁਹਜਵਾਦੀ ਅਤੇ ਜੁਝਾਰਵਾਦੀ ਕਾਵਿ ਧਾਰਾ), ਚੌਥਾ ਪੜਾਅ (ਵੀਹਵੀਂ ਸਦੀ ਦੇ ਨੌਂਵੇਂ ਦਸਵੇਂ ਦਹਾਕੇ ਤੋਂ ਹੁਣ ਤੱਕ)। ਇਹ ਵੰਡ ਆਧੁਨਿਕ ਪੰਜਾਬੀ ਕਾਵਿ ਪ੍ਰਵਿਰਤੀਆਂ ਨੂੰ ਆਧਾਰ ਬਣਾ ਕੇ ਕੀਤੀ ਗਈ। ਡਾ. ਰਾਜਿੰਦਰ ਪਾਲ ਸਿੰਘ ਨੇ ਆਧੁਨਿਕ ਪੰਜਾਬੀ ਕਵਿਤਾ ਦੀ ਇਤਿਹਾਸਕਾਰੀ ਦੌਰਾਨ ਆਧੁਨਿਕ ਪੰਜਾਬੀ ਕਾਵਿ ਧਾਰਾਵਾਂ ਨੂੰ ਵਿਸ਼ੇਸ਼ ਕਾਲਖੰਡ ਦੀ ਉਪਜ ਮੰਨਿਆ ਅਤੇ ਮੁੱਢਲਾ ਬਸਤੀਵਾਦੀ ਕਾਲ, ਬਸਤੀਵਾਦੀ ਕਾਲ ਅਤੇ ਉੱਤਰ ਬਸਤੀਵਾਦੀ ਕਾਲ ਅਧੀਨ ਵਰਗ ਵੰਡ ਕੀਤੀ। ਉਹ ਇਸ ਕਾਲ ਵਿੱਚ ਵਿਗਸਣ ਵਾਲੀਆਂ ਸਾਹਿਤਕ ਧਾਰਾਵਾਂ ਨੂੰ ਰੂਪਕੀ ਢੰਗ ਨਾਲ ਸਮਝਣ ਲਈ ਡੰਡਾ-ਦੌੜ (ਰਿਲੇਅ-ਰੇਸ) ਨਾਲ ਤੁਲਨਾ ਕੇ ਕਹਿੰਦੇ ਹਨ, ਕਿ ਪਿਛਲੀਆਂ ਧਾਰਾਵਾਂ ਨਵੀਆਂ ਅਗਲੀਆਂ ਧਾਰਾਵਾਂ ਨੂੰ ਜਨਮ ਦਿੰਦੀਆਂ ਹਨ। ਧਾਰਾਵਾਂ ਦਾ ਆਪਸੀ ਟਾਕਰਾ ਚਲਦਾ ਰਹਿੰਦਾ ਹੈ। ਕਦੇ ਕੋਈ ਅਤੇ ਕਦੇ ਕੋਈ ਧਾਰਾ ਪ੍ਰਧਾਨ ਜਾ ਸ਼੍ਰੋਮਣੀ ਬਣ ਜਾਂਦੀ ਹੈ। ਆਧੁਨਿਕ ਪੰਜਾਬੀ ਕਵਿਤਾ ਦੀ ਪ੍ਰਵਿਰਤੀ ਮੂਲਕ ਵੰਡ ਦੀਆਂ ਸਮੱਸਿਆਵਾਂ ਬਾਰੇ ਡਾ. ਸੁਖਦੇਵ ਸਿੰਘ ਦਾ ਵਿਚਾਰ ਹੈ ਕਿ ਇਹ ਵੰਡ ਕਿਸੇ ਇੱਕ ਧਾਰਾ ਅੰਦਰਲੇ ਕਵੀਆਂ ਦੀ ਵਿਅਕਤੀਗਤ ਪ੍ਰਤਿਭਾ, ਅਨੁਭਵਸ਼ੀਲਤਾ ਅਤੇ ਅੰਦਾਜ਼ ਦੀ ਵਿਲੱਖਣਤਾ ਨੂੰ ਨਜ਼ਰ ਅੰਦਾਜ਼ ਕਰਕੇ ਲੇਖਕ ਨੂੰ ਭੀੜ ਦਾ ਹਿੱਸਾ ਮੰਨ ਲੈਂਦੀ ਹੈ। ਯੁੱਗਬੋਧ, ਵਿਚਾਰਧਾਰਕ ਸੰਜਮ ਅਤੇ ਕਾਵਿ-ਸ਼ੈਲੀ ਦੀ ਸਾਂਝ ਦੇ ਬਾਵਜੂਦ ਕਿਸੇ ਇੱਕ ਧਾਰਾ ਦੇ ਸਾਰੇ ਕਵੀਆਂ ਦੀ ਰਚਨਾ ਦਾ ਖਮੀਰ, ਕਾਵਿ ਦ੍ਰਿਸ਼ਟੀ, ਕਲਾਤਮਿਕ ਪੱਧਰ ਤੇ ਸੰਚਾਰ ਸਮਰੱਥਾ ਇੱਕੋ ਜਿਹੀ ਨਹੀਂ ਹੁੰਦੀ।

ਸਮਕਾਲੀ ਪੰਜਾਬੀ ਕਾਵਿ ਚਿੰਤਨ ਦੀ ਇਕ ਹੋਰ ਅਹਿਮ ਪ੍ਰਾਪਤੀ ਇਹ ਹੈ ਕਿ ਇਸ ਨੇ ਆਪਣੇ ਪੂਰਬਲੇ ਕਾਵਿ ਚਿੰਤਨ ਦੀ ਤਰ੍ਹਾਂ ਰੂਪ ਅਤੇ ਵਸਤੂ ਵਿੱਚ ਨਿਖੇੜਾ ਮੂਲਕ ਸੰਘਰਸ਼ ਨਹੀਂ ਵਿੱਢਿਆ, ਸਗੋਂ ਰੂਪ ਅਤੇ ਵਸਤੂ ਦੀ ਆਪਸੀ ਗਤੀਸ਼ੀਲ ਦਵੰਦਾਤਮਕਤਾ ਨੂੰ ਸਮਝਿਆ ਅਤੇ ਸਵੀਕਾਰਿਆ। ਦਰਅਸਲ ਇਹ ਦੋਨੋਂ (ਵਸਤੂ, ਰੂਪ) ਇੱਕੋ ਜਿੰਨੇ ਮਹੱਤਵਪੂਰਨ ਹਨ। ਹਰ ਰਚਨਾ ਆਪਣੇ ਪਹਿਲੇ ਸ਼ਬਦ ਤੋਂ ਅੰਤਿਮ ਸ਼ਬਦ ਤੱਕ ਰੂਪ ਵੀ ਹੁੰਦੀ ਹੈ ਅਤੇ ਵਸਤੂ ਵੀ ਹੁੰਦੀ ਹੈ। ਇਹਨਾਂ ਦੋਵਾਂ ਨੂੰ ਵੱਖਰੇ ਤੌਰ 'ਤੇ ਸਮਝਿਆ ਜਾ ਸਕਦਾ ਹੈ, ਪਰ ਨਿਖੇੜਿਆ ਨਹੀਂ ਜਾ ਸਕਦਾ। ਡਾ. ਸਰਬਜੀਤ ਸਿੰਘ ਕਾਵਿ ਅਧਿਐਨ ਸਮੇਂ ਕਵੀ ਦੀ ਇਤਿਹਾਸਕ ਸੋਝੀ, ਸਮਾਜੀ ਰਾਜਸੀ ਸੂਝ ਅਤੇ ਕਾਵਿਕ ਵਿਚਾਰਧਾਰਕ ਸੰਵਾਦ ਦੇ ਨਾਲ-ਨਾਲ ਕਾਵਿ ਦੀਆਂ ਸਰੰਚਨਾਤਮਕ ਜੁਗਤਾਂ (ਕਾਵਿ ਪ੍ਰਵਚਨ, ਕਾਵਿ ਸੰਬੋਧਨ, ਕਾਵਿ ਪਾਤਰ, ਕਾਵਿ ਪ੍ਰਸੰਗ, ਕਾਵਿ ਸਥਿਤੀ) ਸਬੰਧੀ ਵਿਸ਼ੇਸ਼ ਚੌਕੰਨੇ ਰਹਿੰਦੇ ਹਨ। ਉਹ ਕਵਿਤਾ ਦੇ ਇਹਨਾਂ ਬੁਨਿਆਦੀ ਨੇਮਾਂ ਨੂੰ ਸਮਝਣ ਲਈ ਮਾਰਕਸਵਾਦੀ ਸੁਹਜ ਸ਼ਾਸਤਰ ਦ੍ਰਿਸ਼ਟੀ ਤੋਂ ਸੇਧਿਤ ਹੁੰਦੇ ਹਨ।

ਸਮਕਾਲੀ ਪੰਜਾਬੀ ਕਾਵਿ ਸਮੀਖਿਆ ਦਾ ਚੰਗੇਰਾ ਉੱਦਮ ਇਹ ਵੀ ਰਿਹਾ ਹੈ ਕਿ ਇਸ ਨੇ ਵਿਸ਼ਵ ਭਰ ਵਿੱਚ ਸਥਾਪਤ ਹੋਏ ਸਾਹਿਤ ਸਮੀਖਿਆ ਦੇ ਵਿਕੋਲਿਤਰੇ ਸਿਧਾਂਤਾਂ ਨਾਲ ਸੰਵਾਦ ਰਚਾਇਆ ਅਤੇ ਪ੍ਰਭਾਵ ਕਬੂਲਿਆ। ਡਾ. ਸੁਖਦੇਵ ਸਿੰਘ ਕਾਵਿ ਸਮੀਖਿਆ ਦੌਰਾਨ

ਪੱਛਮੀ ਕਾਵਿ ਸ਼ਾਸਤਰ, ਭਾਰਤੀ ਕਾਵਿ ਸ਼ਾਸਤਰ ਅਤੇ ਪੰਜਾਬੀ ਕਾਵਿ ਸ਼ਾਸਤਰ ਨਾਲ ਨਿਰੰਤਰ ਸੰਵਾਦ ਰਚਾਉਂਦੇ ਹਨ। ਕਾਵਿ ਸ਼ਾਸਤਰ ਬਾਰੇ ਉਹਨਾਂ ਦੀ ਧਾਰਨਾ ਹੈ ਕਿ ਕਾਵਿ ਸ਼ਾਸਤਰ ਮਾਨਵ ਬੋਧ ਦੀ ਇੱਕ ਮੌਲਿਕ ਸ਼ਾਖਾ ਹੈ, ਜਿਸ ਦਾ ਸਬੰਧ ਸਾਹਿਤਕ ਪ੍ਰਵਚਨ ਦੀਆਂ ਰੂਪਕੀ ਤਕਨੀਕਾਂ, ਭਾਸ਼ਾਈ-ਜੁਗਤਾਂ ਅਤੇ ਸੰਰਚਨਾਤਮਕ ਨਿਯਮਾਂ ਬਾਰੇ ਅਮੂਰਤ ਸਿਧਾਂਤ ਨਿਰਮਾਣ ਨਾਲ ਨਹੀਂ, ਸਗੋਂ ਵਿਸ਼ਾਲ ਅਰਥਾਂ ਵਿੱਚ ਇਹ ਇਤਿਹਾਸਕ ਸੰਸਕ੍ਰਿਤਕ ਵਰਤਾਰੇ ਮਨੁੱਖੀ ਚੇਤਨਾ ਅਤੇ ਚਿੰਤਨ ਨਾਲ ਸਬੰਧਤ ਮਸਲਾ ਹੈ। ਪੱਛਮੀ ਕਾਵਿ ਸ਼ਾਸਤਰ ਦੀ ਲੰਮੇਰੀ ਪਰੰਪਰਾ ਵਿਚੋਂ ਉਹਨਾਂ ਮੁਢਲੇ ਯੂਨਾਨੀ ਚਿੰਤਕਾਂ ਪਲੈਟੋ, ਅਰਸਤੂ ਦੀਆਂ ਪ੍ਰਮੁੱਖ ਸਥਾਪਨਾਵਾਂ ਨੂੰ ਉਜਾਗਰ ਕੀਤਾ ਹੈ। ਫਿਰ ਰੋਮੀ ਚਿੰਤਕਾਂ (ਦੇਮੇਤਰੀਅਸ, ਲੋਜਾਨਇਸ) ਦੇ ਕਵਿਤਾ ਸਬੰਧੀ ਤਿੰਨ ਮੁੱਢਲੇ ਪ੍ਰਸ਼ਨਾਂ (ਵਿਸ਼ੇ ਵਸਤੂ ਅਤੇ ਅਭਿਵਿਅਕਤੀ ਵਿਚੋਂ ਪ੍ਰਥਮ ਮਹੱਤਵ, ਕਾਵਿ ਦਾ ਪ੍ਰਯੋਜਨ ਆਨੰਦ ਜਾਂ ਗਿਆਨ, ਕਵੀ ਲਈ ਪ੍ਰਤਿਭਾ ਜ਼ਰੂਰੀ ਹੈ ਜਾਂ ਕਲਾ ਕੌਂਸਲ) ਨਾਲ ਸੰਵਾਦ ਰਚਾਇਆ ਹੈ। ਮਗਰੋਂ ਯੂਰਪ ਵਿੱਚ ਸਥਾਪਿਤ ਹੋਏ ਸਨਾਤਨੀ ਕਾਵਿ ਚਿੰਤਨ, ਨਵ ਸਨਾਤਨੀ ਕਾਵਿ ਚਿੰਤਨ, ਰੋਮਾਂਟਿਕ ਕਾਵਿ ਚਿੰਤਨ, ਮਨੋਵਿਸ਼ਲੇਸ਼ਣੀ ਕਾਵਿ ਚਿੰਤਨ, ਪ੍ਰਤੀਕਵਾਦੀ ਚਿੰਤਨ, ਸਮਾਜ ਸ਼ਾਸਤਰੀ ਚਿੰਤਨ, ਮਾਰਕਸਵਾਦੀ ਚਿੰਤਨ, ਰੂਸੀ ਰੂਪਵਾਦੀ ਚਿੰਤਨ, ਫਰਾਂਸੀਸੀ ਸੰਰਚਨਾਵਾਦੀ ਚਿੰਤਨ, ਅਮਰੀਕੀ ਨਵੀਨ ਆਲੋਚਨਾ ਪ੍ਰਣਾਲੀ, ਚਿੰਨ੍ਹ ਵਿਗਿਆਨ, ਉੱਤਰ ਸੰਰਚਨਾਵਾਦ ਅਤੇ ਮਾਨਵ ਵਿਗਿਆਨੀ ਸਿਧਾਂਤਾਂ ਸਬੰਧੀ ਵਿਸ਼ੇਸ਼ ਚਰਚਾ ਕੀਤੀ। ਖੁਦ ਮਾਰਕਸਵਾਦੀ ਫ਼ਲਸਫ਼ੇ ਤੋਂ ਪ੍ਰੇਰਿਤ ਹੋਣ ਕਰਕੇ ਉਹਨਾਂ ਮਾਰਕਸਵਾਦੀ ਦ੍ਰਿਸ਼ਟੀਕੋਣ ਤੋਂ ਇਹਨਾਂ ਵਾਦਾਂ ਦਾ ਮੁਲਾਂਕਣ ਕੀਤਾ। ਇਸੇ ਤਰ੍ਹਾਂ ਉਹਨਾਂ ਭਾਰਤੀ ਕਾਵਿ ਪਰੰਪਰਾ ਦੇ ਛੇ ਵਿਕਸਤ ਸਕੂਲਾਂ ਨਾਲ ਸੰਵਾਦ ਪ੍ਰਤੀਕਿਰਿਆ ਉਪਰੰਤ ਆਧੁਨਿਕ ਕਾਲ ਵਿੱਚ ਵਿਕਸਿਤ ਹੋਈ ਪੰਜਾਬੀ ਕਾਵਿ ਸਮੀਖਿਆ ਨਾਲ ਵੀ ਸੰਵਾਦ ਰਚਾਇਆ, ਜਿਵੇਂ ਕਾਵਿ ਸ਼ਾਸਤਰ ਬਾਰੇ ਡਾ. ਰਵਿੰਦਰ ਸਿੰਘ ਰਵੀ ਦਾ ਮਤ ਹੈ ਕਿ ਕਾਵਿ ਸ਼ਾਸਤਰ ਆਪਣੇ ਆਪ ਵਿੱਚ ਇੱਕ ਸੁਤੰਤਰ ਅਨੁਸ਼ਾਸਨ ਹੈ, ਪ੍ਰੰਤੂ ਇਹ ਸਮਾਜਕ ਇਤਿਹਾਸਕ ਅਤੇ ਦਾਰਸ਼ਨਿਕ ਸਾਰ ਨਾਲ ਬੜੀ ਡੂੰਘੀ ਤਰ੍ਹਾਂ ਜੁੜਿਆ ਹੋਇਆ ਹੀ ਨਹੀਂ, ਸਗੋਂ ਇਸ ਉੱਤੇ ਨਿਰਭਰ ਹੁੰਦਾ ਹੈ। ਡਾ. ਸੁਖਦੇਵ ਸਿੰਘ ਇਸ ਧਾਰਨਾ ਨਾਲ ਸੰਵਾਦ ਰਚਾਉਂਦੇ ਆਖਦੇ ਹਨ ਕਿ ਹਰ ਯੁੱਗ ਦਾ ਕਾਵਿ ਸ਼ਾਸਤਰੀ ਚਿੰਤਨ ਉਸ ਯੁੱਗ ਦੇ ਇਤਿਹਾਸਕ ਸਮਾਜਕ ਅਨੁਭਵ ਸਾਰ ਅਤੇ ਉਸ ਦੀਆਂ ਦਾਰਸ਼ਨਿਕ ਪਰੰਪਰਾਵਾਂ ਉੱਪਰ ਕੇਵਲ ਨਿਰਭਰ ਹੀ ਨਹੀਂ ਕਰਦਾ, ਸਗੋਂ ਮੋੜਵੇਂ ਰੂਪ ਵਿੱਚ ਪ੍ਰਭਾਵਿਤ ਵੀ ਕਰਦਾ ਹੈ।

ਵਿਹਾਰਕ ਆਲੋਚਨਾ

ਸਮਕਾਲੀ ਪੰਜਾਬੀ ਕਾਵਿ ਚਿੰਤਨ ਦਾ ਮੁੱਲਵਾਨ ਕਾਰਜ ਪੰਜਾਬੀ ਕਵਿਤਾ ਬਾਰੇ ਕੀਤੀ ਵਿਹਾਰਕ ਆਲੋਚਨਾ ਹੈ। ਇਸ ਚਿੰਤਨ ਨੇ ਪੰਜਾਬੀ ਕਵਿਤਾ ਦੇ ਆਰੰਭਕ ਸਮੇਂ ਤੋਂ ਲੈ ਵਰਤਮਾਨ ਸਮੇਂ ਤੱਕ ਪ੍ਰਮੁੱਖ ਕਵੀ ਸ਼ਖ਼ਸੀਅਤਾਂ ਅਤੇ ਪ੍ਰਮੁੱਖ ਕਾਵਿ ਵੰਨਗੀਆਂ ਬਾਰੇ ਨਿੱਠ ਕੇ ਸੰਵਾਦੀ-ਵਿਵਾਦੀ ਚਰਚਾ ਕੀਤੀ। ਸੰਪੂਰਨ ਪੰਜਾਬੀ ਕਵਿਤਾ ਨੂੰ ਮੱਧਕਾਲੀ ਕਵਿਤਾ, ਆਧੁਨਿਕ ਕਵਿਤਾ ਅਤੇ ਉੱਤਰ ਆਧੁਨਿਕ ਕਵਿਤਾ ਕਹਿ ਕੇ ਨਿਖੇੜਿਆ ਗਿਆ ਅਤੇ ਇਹਨਾਂ ਤਿੰਨਾਂ ਕਾਲ-ਖੰਡਾਂ ਦੀ ਕਵਿਤਾ ਦਾ ਬੌਧਿਕ ਪੁਨਰ ਵਿਸ਼ਲੇਸ਼ਣ ਤਰਕਸ਼ੀਲ ਵਿਧੀ ਰਾਹੀਂ ਕੀਤਾ ਗਿਆ। ਮੱਧਕਾਲੀ ਕਵਿਤਾ (ਗੁਰਮਤਿ ਕਾਵਿ ਧਾਰਾ, ਸੂਫ਼ੀ ਕਾਵਿ, ਕਿੱਸਾ ਕਾਵਿ ਅਤੇ ਵਾਰ ਕਾਵਿ),

ਆਧੁਨਿਕ ਕਵਿਤਾ (ਪ੍ਰਮੁੱਖ ਧਾਰਾਵਾਂ) ਅਤੇ ਉਤਰ ਆਧਨਿਕ ਕਵਿਤਾ ਦੀ ਕਾਵਿ ਚਿੰਤਕਾਂ ਨੇ ਆਪਣੇ ਵਿਲੱਖਣ ਆਲੋਚਨਾਤਮਕ ਦ੍ਰਿਸ਼ਟੀਕੋਣ ਤੋਂ ਤਨਕੀਦ ਕੀਤੀ। ਮੱਧਕਾਲੀ ਕਾਵਿ ਰੂਪਾਂ ਅਤੇ ਆਧੁਨਿਕ ਕਾਵਿ ਰੂਪਾਂ ਵਿਚਕਾਰ ਰੂਪਾਤਮਕ ਨਿਖੇੜਾ ਕੀਤਾ ਗਿਆ ਅਤੇ ਇਹਨਾਂ ਦੀਆਂ ਵਿਲੱਖਣਤਾਵਾਂ ਸਬੰਧੀ ਵਿਸ਼ੇਸ਼ ਗੌਲਣਯੋਗ ਰਾਵਾਂ ਵੀ ਉਸਾਰੀਆਂ ਗਈਆਂ।

ਸਮਕਾਲੀ ਕਾਵਿ ਚਿੰਤਨ ਦਾ ਪ੍ਰਮੁੱਖ ਕਾਰਜ ਸਮਕਾਲੀ ਪੰਜਾਬੀ ਕਵਿਤਾ ( ਭਾਰਤੀ, ਪਾਕਿਸਤਾਨੀ, ਪਰਵਾਸੀ) ਬਾਰੇ ਰਾਇ ਸਥਾਪਤ ਕਰਨਾ ਹੈ। ਅਜੋਕੇ ਵਿਸ਼ਵੀਕਰਨ, ਉੱਤਰ ਆਧੁਨਿਕ, ਨਵ ਬਸਤੀਵਾਦੀਅਤੇ ਨਵ ਪੂੰਜੀਵਾਦੀ ਦੌਰ ਨੇ ਪੰਜਾਬੀ ਕਵਿਤਾ ਨੂੰ ਕਿਸ ਹੱਦ ਤੱਕ ਪ੍ਰਭਾਵਿਤ ਕੀਤਾ, ਅਜੋਕੀ ਸਮਕਾਲੀ ਪੰਜਾਬੀ ਕਵਿਤਾ ਸੰਗਠਨਕਾਰੀ ਪੱਖੋਂ ਪੂਰਬਲੀ ਕਾਵਿ ਪਰੰਪਰਾ ਨਾਲੋਂ ਕਿਹੜੇ ਧਰਾਤਲਾਂ ਕਰਕੇ ਵੱਖਰੀ ਹੈ, ਸਮਕਾਲੀ ਪੰਜਾਬੀ ਕਵਿਤਾ ਵਿੱਚ ਉੱਠ ਰਹੇ ਨਵੇਂ ਪ੍ਰਤਿਰੋਧੀ ਪ੍ਰਵਚਨਾਂ ਦਾ ਸੱਤਾ ਦੇ ਪ੍ਰਵਚਨ ਨਾਲੋਂ ਵੱਖਰਾ ਮੌਲਿਕ ਦ੍ਰਿਸ਼ਟੀਕੋਣ ਕਿਹੜਾ ਹੈ, ਵਰਤਮਾਨ ਸਮੇਂ ਮਸ਼ੀਨੀਕਰਨ ਦੇ ਦੌਰ ਵਿੱਚ ਮਨੁੱਖੀ ਹੈਸੀਅਤ ਦਾ ਕੀ ਮੁੱਲ ਹੈ, ਅਜਿਹੇ ਹੋਰ ਕਈ ਨਿੱਕੇ-ਨਿੱਕੇ ਪ੍ਰਸ਼ਨ ਜਿਨ੍ਹਾਂ ਦਾ ਸਿੱਧਾ ਸਬੰਧ ਅਜੋਕੇ ਮਨੁੱਖ ਦੀਆਂ ਕਦਰਾਂ-ਕੀਮਤਾਂ, ਲੋੜਾਂ, ਪੂਰਤੀਆਂ ਨਾਲ ਹੈ, ਦੀ ਗੱਲ ਸਮਕਾਲੀ ਕਾਵਿ ਚਿੰਤਨ ਕਰਦਾ ਹੈ। ਸਮਕਾਲੀ ਪੰਜਾਬੀ ਕਾਵਿ ਚਿੰਤਨ ਨਵੀਂ ਪੰਜਾਬੀ ਕਵਿਤਾ ਵਿੱਚ ਪੇਸ਼ ਹੋ ਰਹੇ ਅਜਿਹੇ ਰੁਝਾਨਾਂ ਦੀ ਨਿਸ਼ਾਨਦੇਹੀ ਹੀ ਨਹੀਂ ਕਰਦਾ, ਸਗੋਂ ਇਹਨਾਂ ਦੀ ਜੜ੍ਹ ਤਲਾਸ਼ਣ ਦਾ ਸਾਹਸ ਵੀ ਕਰਦਾ ਹੈ ਡਾ. ਜਸਵਿੰਦਰ ਸਿੰਘ ਸਮਕਾਲੀ ਸਮੇਂ ਨੂੰ 'ਹਾਦਸਿਆਂ ਦਾ ਯੁੱਗ' ਅਤੇ ਡਾ. ਸੁਖਦੇਵ ਸਿੰਘ 'ਨਵ ਸਾਮਰਾਜਵਾਦ ਦੀ ਚੜ੍ਹਤ ਦਾ ਸਮਾਂ' ਕਹਿੰਦੇ ਹਨ। ਸਮਕਾਲੀ ਕਾਵਿ ਚਿੰਤਨ ਪੰਜਾਬੀ ਕਾਵਿ ਪਾਠ ਅਤੇ ਉਪ ਪਾਠ ਵਿਚੋਂ ਬਹੁਤੀਆਂ ਅਜਿਹੀਆਂ ਸਥਿਤੀਆਂ ਦਾ ਤਾਰਕਿਕ ਵਿਸ਼ਲੇਸ਼ਣ ਕਰਦਾ ਹੈ, ਜਿਨ੍ਹਾਂ ਅਜੋਕੇ ਸੰਵੇਦਨਸ਼ੀਲ ਮਨੁੱਖ ਦੀਆਂ ਸੰਵੇਦਨਾਵਾਂ ਨੂੰ ਟੁੰਬਿਆ ਹੀ ਨਹੀਂ, ਸਗੋਂ ਬੁਰੀ ਤਰ੍ਹਾਂ ਪ੍ਰਭਾਵਿਤ ਵੀ ਕੀਤਾ ਹੈ। ਡਾ. ਜਸਵਿੰਦਰ ਸਿੰਘ ਸਮਕਾਲੀ ਪੰਜਾਬੀ ਕਵਿਤਾ ਦੇ ਇਸ ਬਦਲਦੇ ਮੁਹਾਂਦਰੇ ਦੇ ਮੂਲ ਤਿੰਨ ਸਭਿਆਚਾਰਕ ਅਤੇ ਵਿਚਾਰਧਾਰਕ ਸੰਦਰਭਾਂ ਵੱਲ ਵਿਸ਼ੇਸ਼ ਧਿਆਨ ਦਿੰਦੇ ਹਨ। ਉਹਨਾਂ ਵੱਲੋਂ ਸੁਝਾਇਆ ਪਹਿਲਾਂ ਸੰਦਰਭ ਰਾਜਸੀ ਸੱਭਿਆਚਾਰਕ ਸੰਦਰਭ ਵਿੱਚ ਅੰਤਰਰਾਸ਼ਟਰੀ ਦ੍ਰਿਸ਼ 'ਤੇ ਹੋਈ ਵਿਚਾਰਧਾਰਕ ਸਿਸਟਮੀ ਉਥਲ-ਪੁਥਲ ਦਾ ਹੈ। ਦੂਜਾ ਸੰਦਰਭ ਪੰਜਾਬ ਦੀ ਸੰਕਟ ਸਥਿਤੀ ਅਤੇ ਇਸ ਦੇ ਰਾਜਸੀ ਸੱਭਿਆਚਾਰਕ ਤੇ ਅਸਤਿਤਵੀ ਪਸਾਰਾਂ ਦਾ ਹੈ। ਤੀਸਰਾ ਸੰਦਰਭ ਪੰਜਾਬੀ ਸਾਹਿਤ ਦੇ ਪ੍ਰਸੰਗ ਵਿੱਚ ਪ੍ਰਗਤੀਵਾਦੀ, ਪ੍ਰਯੋਗਸ਼ੀਲ ਅਤੇ ਜੁਝਾਰਵਾਦੀ ਕਾਵਿ ਧਾਰਾਵਾਂ ਦੇ ਗਠਨ-ਵਿਗਠਨ ਦੇ ਰੂਪਾਂਤਰਣ ਦੇ ਵਰਤਾਰੇ ਦਾ ਹੈ। ਇਸ ਅਜੋਕੀ ਭੁਲਾਂਦਰਾ ਸਥਿਤੀ ਨੇ ਤੀਜੀ ਦੁਨੀਆਂ ਦੇ ਸਤਹੀ ਧਰਾਤਲ ਨੂੰ ਪ੍ਰਭਾਵਿਤ ਹੀ ਨਹੀਂ ਕੀਤਾ ਸਗੋਂ, ਰੂਪਾਂਤਰਿਤ ਵੀ ਕੀਤਾ ਹੈ। ਡਾ. ਸਰਬਜੀਤ ਸਿੰਘ ਵੀ ਪੰਜਾਬ ਸੰਕਟ ਤੋਂ ਬਾਅਦ ਪੈਦਾ ਹੋਈ ਵਿਲੱਖਣ ਵਿਚਾਰਧਾਰਕ ਦ੍ਰਿਸ਼ਟੀਆਂ ਅਤੇ ਥੀਮਾਂ (ਦੇਹਵਾਦੀ ਕਵਿਤਾ, ਜਸ਼ਨ ਦੀ ਕਵਿਤਾ, ਪਿਆਰ ਕਵਿਤਾ, ਸੱਭਿਆਚਾਰ ਉਦਰੇਵਾਂ, ਦਲਿਤ ਕਾਵਿ, ਨਾਰੀ ਕਾਵਿ) ਤੋਂ ਪ੍ਰਭਾਵਿਤ ਹੋਈ ਕਵਿਤਾ ਨੂੰ ਨਵੀਂ ਪੰਜਾਬੀ ਕਵਿਤਾ ਮੰਨਦੇ ਹਨ। ਪੰਜਾਬ ਸੰਕਟ ਤੋਂ ਬਾਅਦ ਦੀ ਨਵੀਂ ਸ਼ਾਇਰੀ ਨੇ ਪੁਰਾਣੇ ਪੈਮਾਨਿਆਂ, ਦ੍ਰਿਸ਼ਟੀਕੋਣਾਂ ਨੂੰ ਤਿਲਾਂਜ਼ਲੀ ਦੇ ਆਪਣਾ ਨਵਾਂ ਰਾਹ ਚੁਣਿਆ। ਇਸਦੇ ਕੇਂਦਰ ਵਿਚ ਸਧਾਰਨ ਮਨੁੱਖ ਦੀਆਂ ਅਸਧਾਰਨ ਪ੍ਰਸਥਿਤੀਆਂ ਆਉਣੀਆਂ ਸ਼ੁਰੂ ਹੋਈਆਂ। ਨਵੀਂ ਸ਼ਾਇਰੀ ਦੀ ਬਦਲਦੀ ਰਚਨਾਤਮਕ ਜੂਹ ਬਾਬਤ ਡਾ.

ਸੁਖਦੇਵ ਸਿੰਘ ਦੀ ਧਾਰਨਾ ਹੈ ਕਿ ਪੰਜਾਬੀ ਕਵਿਤਾ ਦੇ ਨਵੇਂ ਪੂਰ ਦੇ ਕੁਝ ਕਵੀ ਮਨੁੱਖ ਦੇ ਸਦਕਾਲੀ ਵਡੇਰੇ ਅਸਤਿੱਤਵ, ਰਾਜਸੀ, ਆਰਥਿਕ ਅਤੇ ਨੈਤਿਕ ਸਵਾਲਾਂ ਦੀ ਥਾਂ ਲਘੂ ਸਰੋਕਾਰਾਂ ਨੂੰ ਆਪਣੀ ਰਚਨਾਤਮਕ ਸਾਧਨਾਂ ਦੀ ਟੇਕ ਬਣਾ ਰਹੇ ਹਨ। ਇਹਨਾਂ ਦੀ ਕਵਿਤਾ ਦੇ ਕੇਂਦਰ ਵਿੱਚ ਤੇਜਸਵੀ ਮਨੁੱਖ ਜਾਂ ਨਾਇਕ ਨਹੀਂ, ਲਘੂ ਆਪੇ ਵਾਲਾ ਫਿਕਰਾ ਲੱਥਾ ਬੰਦਾ ਹੈ। ਇਸ ਕਵਿਤਾ ਵਿੱਚ ਅਣਹੋਏ, ਅਣਗੌਲ਼ੇ ਬੰਦੇ ਦੇ ਤੁੱਛ ਅਨੁਭਵ, ਨਿਗੂਣੀਆਂ ਰੀਝਾਂ ਅਤੇ ਅਤਿ ਸਾਧਾਰਨ ਵਸਤਾਂ ਸੰਜੀਵ ਹੋ ਉੱਠਦੀਆਂ ਹਨ।

ਵਰਤਮਾਨ ਸਮੇਂ ਪ੍ਰਚੱਲਤ ਭੌਤਿਕ ਵਸਤਾਂ ਨੇ ਮਨੁੱਖ (ਖਾਸ ਵਰਗ) ਨੂੰ ਜਿੱਥੇ ਜ਼ਿਆਦਾ ਐਸ਼ਪ੍ਰਸਤ ਬਣਾਇਆ ਹੈ, ਉੱਥੇ ਇਸ ਦਾ ਪੂਰਾ ਜ਼ੋਰ ਬੰਦੇ ਵਿਚਲੀ ਬੰਦਿਆਈ ਨੂੰ ਖਤਮ ਕਰਨ ਤੇ ਲੱਗਾ ਹੋਇਆ ਹੈ। ਸਮਕਾਲੀ ਕਵਿਤਾ ਅਜੋਕੀ ਸਥਿਤੀ ਵਿਰੁੱਧ ਲਗਾਤਾਰ ਪ੍ਰਤਿਰੋਧੀ ਪ੍ਰਵਚਨ ਸਿਰਜ ਰਹੀ ਹੈ। ਸਮਕਾਲੀ ਚਿੰਤਨ ਇਸ ਦੌਰ ਦੀ ਕਵਿਤਾ ਵਿਚ ਪ੍ਰਤਿਰੋਧੀ ਪ੍ਰਵਚਨ ਨੂੰ ਪਛਾਣ ਤਾਂ ਰਿਹਾ ਹੈ, ਜਿਵੇਂ ਇਹ ਕਾਵਿ ਪ੍ਰਵਚਨ ਸੱਤਾ ਦਾ ਪ੍ਰਵਚਨ ਨਹੀਂ ਸਗੋਂ, ਸੱਤਾ ਵੱਲੋਂ ਨਿਰਜਿੰਦ ਕੀਤੇ ਜਾ ਰਹੇ ਬੰਦੇ ਦਾ ਪ੍ਰਵਚਨ ਹੈ। ਜਿਸ ਦੀ ਸੰਵੇਦਨਾ ਨੂੰ ਹੀ ਖ਼ਤਰਾ ਹੈ। ਪਰ ਖਾਸ ਧਰਾਤਲੀ ਹਕੀਕਤ ਵਿੱਚ ਇਹ ਪ੍ਰਤਿਰੋਧੀ ਪ੍ਰਵਚਨ ਕਿਸ ਰੂਪ ਵਿੱਚ ਹਾਜ਼ਰ ਹੈ, ਇਸ ਸਬੰਧੀ ਸਮਕਾਲੀ ਚਿੰਤਨ ਖਾਮੋਸ਼ ਹੈ। ਸਿਤਮ ਇਸ ਗੱਲ ਦਾ ਹੈ ਕੀ ਸਮਕਾਲੀ ਕਾਵਿ ਅਤੇ ਸਮਕਾਲੀ ਚਿੰਤਨ ਵਿਚ ਸਿਰਜਿਆ ਪ੍ਰਤਿਰੋਧੀ ਪ੍ਰਵਚਨ ਅਜੋਕੇ ਦੌਰ ਦਾ ਅਸਲ ਖਲਨਾਇਕ ਪਛਾਨਣ ਤੋਂ ਅਸਮਰੱਥ ਜਾਪਦਾ ਹੈ। ਮਨੁੱਖੀ ਹੋਣੀ ਦੀ ਇਸ ਤਰਸਯੋਗ ਹਾਲਤ ਦਾ ਵਧੇਰੇ ਕਾਰਨ ਅਜੋਕੀ ਸਥਿਤੀ (ਵਿਸ਼ਵੀਕਰਨ) ਨੂੰ ਹੀ ਮੰਨਿਆ ਜਾ ਰਿਹਾ ਹੈ। ਇਸ ਪ੍ਰਸੰਗ ਵਿਚ ਡਾ. ਸੁਖਦੇਵ ਸਿੰਘ ਦੀ ਧਾਰਨਾ ਹੈ ਕਿ  ਉੱਤਰ ਆਧੁਨਿਕ ਸਥਿਤੀ ਨੇ ਸਮਕਾਲੀ ਪੰਜਾਬੀ ਕਵਿਤਾ ਦੇ ਵਸਤੂ, ਕਾਵਿ ਦ੍ਰਿਸ਼ਟੀ, ਪ੍ਰਗਟਾ ਵਿਧੀ ਅਤੇ ਕਾਵਿ ਬਿੰਬ ਨੂੰ ਹੀ ਪ੍ਰਭਾਵਿਤ ਨਹੀਂ ਕੀਤਾ, ਸਗੋਂ ਕਵਿਤਾ ਜਾਂ ਕਲਾ ਬਾਰੇ ਸਾਡੀ ਸਮਝ ਅਤੇ ਰਵੱਈਏ ਨੂੰ ਵੀ ਬਦਲ ਦਿੱਤਾ।

ਸਮਕਾਲੀ ਕਾਵਿ ਚਿੰਤਨ ਦੀਆਂ ਇਸ ਕਵਿਤਾ ਸੰਬੰਧੀ ਜੋ ਰਾਵਾਂ ਸਥਾਪਿਤ ਹੋਈਆਂ ਹਨ, ਉਹ ਨਿਰੰਤਰ ਸੰਵਾਦ, ਟਕਰਾਅ ਅਤੇ ਗਤੀਸ਼ੀਲਤਾ ਵਿਚੋਂ  ਵਿਗਸਦੀਆਂ ਹਨ। ਜਿਵੇਂ ਡਾ. ਰਾਜਿੰਦਰ ਪਾਲ ਸਿੰਘ ਦਾ ਮੰਨਣਾ ਹੈ ਕਿ  ਸਮਕਾਲੀ ਜਾਂ ਉੱਤਰ ਆਧੁਨਿਕ ਦੌਰ ਦੀ ਕਵਿਤਾ ਨੂੰ ਪੂਰਵਲੀ ਕਵਿਤਾ ਤੋਂ ਨਿਖੇੜਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ, ਪੂਰਵਲੀ ਕਵਿਤਾ ਕਿਸੇ ਧਾਰਮਿਕ, ਸਮਾਜਕ, ਰਾਜਨੀਤਿਕ, ਸਾਹਿਤਕ ਲਹਿਰ ਅਧੀਨ ਹੋਂਦ ਵਿੱਚ ਆਉਂਦੀ ਸੀ ਅਤੇ ਇਸ ਨਿਸ਼ਚਿਤ ਵਿਚਾਰਧਾਰਕ ਚੌਖਟੇ ਨੂੰ ਸਾਹਮਣੇ ਰੱਖ ਕੇ ਲਿਖੀ ਜਾਂਦੀ ਸੀ। ਜਦੋਂ ਕਿ ਸਮਕਾਲੀ ਕਵਿਤਾ ਕਿਸੇ ਵਿਚਾਰਧਾਰਕ ਸਿਧਾਂਤ ਤੋਂ ਰੌਸ਼ਨੀ ਲੈਣ ਦੀ ਥਾਂ ਕਿਸੇ ਨਵੇਂ ਮੀਨਾਰ ਦੀ ਆਸ ਵਿੱਚ ਦਿਸ਼ਾਹੀਣ ਵਿਚਾਰਧਾਰਕ ਭਟਕਣ ਦੀ ਸ਼ਿਕਾਰ ਹੈ। ਡਾ. ਯੋਗਰਾਜ ਇਹਨਾਂ ਦੀ ਧਾਰਨਾ ਨੂੰ ਕਾਂਟੇ ਹੇਠ ਰੱਖ ਕੇ ਆਪਣੇ ਵਿਚਾਰ ਦਿੰਦੇ ਹਨ ਕਿ ਅਜਿਹੀ ਉਕਤੀ ਦਾ ਕਾਰਨ ਵੀ ਇਹੀ ਬਣਦਾ ਹੈ ਕਿ ਅਸੀਂ ਇਤਿਹਾਸਕ ਵਿਕਾਸ ਨੂੰ ਮਕਾਨਕੀ ਢੰਗ ਨਾਲ ਸਮਝਦੇ ਹਾਂ। ਅੱਜ ਵੀ ਸਮਕਾਲੀ ਪੰਜਾਬੀ ਕਵਿਤਾ ਵਿੱਚ ਵਿਚਾਰਧਾਰਕ ਸੰਵਾਦ ਹੈ। ਇਸ ਵਿਚਾਰਧਾਰਕ ਸੰਵਾਦ ਦਾ ਆਪਣਾ ਨਵਾਂ ਰੂਪ ਬਣ ਰਿਹਾ ਹੈ। ਡਾ. ਯੋਗਰਾਜ ਇਸ ਕਾਵਿਕ ਪ੍ਰਤਿਰੋਧੀ ਪ੍ਰਵਚਨ ਨੂੰ ਵਿਚਾਰਧਾਰਕ ਤੌਰ ਤੇ ਭਟਕਣ ਦੇ ਸ਼ਿਕਾਰ ਨਹੀਂ, ਸਗੋਂ ਵਿਚਾਰਧਾਰਕ ਤੌਰ ਤੇ ਸੰਵਾਦੀ

ਮੰਨਦੇ ਹਨ। ਉਹ ਇਸ ਪ੍ਰਤਿਰੋਧ ਦੇ ਸੰਘਰਸ਼ ਵਿਚ ਤਬਦੀਲ ਹੋਣ ਅਤੇ ਪ੍ਰਤਿਰੋਧੀ ਟੈਕਸਟ ਕ੍ਰਾਂਤੀਕਾਰੀ ਟੈਕਸਟ ਬਣ ਜਾਣ ਵਿਚ ਵਿਸ਼ਵਾਸ ਰੱਖਦੇ ਹਨ।

ਸਮਕਾਲੀ ਪੰਜਾਬੀ ਸ਼ਾਇਰੀ ਦੇ ਸੰਚਾਰਗਤ ਬਦਲਾਵ ਬਾਬਤ ਸਮਕਾਲੀ ਕਾਵਿ ਚਿੰਤਨ ਨੇ ਨਵੇਂ ਰੁਝਾਨਾਂ ਵੱਲ ਇਸ਼ਾਰਾ ਕੀਤਾ ਹੈ। ਡਾ. ਜਸਵਿੰਦਰ ਸਿੰਘ ਇਸ ਦੌਰ ਦੀ ਕਵਿਤਾ ਦੇ ਪ੍ਰਮੁੱਖ ਸ਼ੈਲੀਗਤ ਰੁਝਾਨਾਂ ਦੀ ਪਛਾਣ ਕੀਤੀ। ਜਿਨ੍ਹਾਂ ਵਿਚ ਪ੍ਰਸ਼ਨਮੂਲਕਤਾ, ਸ਼ੰਕਾ, ਸਪੱਸ਼ਟੀਕਰਨ, ਕਨਫੈਸ਼ਨ, ਜਸਟੀਫਿਕੇਟ ਪ੍ਰਮੁੱਖ ਹਨ। ਉਹਨਾਂ ਇਸ ਸ਼ਾਇਰੀ ਦੇ ਉਭਰਦੇ ਲੱਛਣਾਂ ਬਿੰਬਮਈ ਹੋਣ, ਵਿਅਕਤੀਪਰਕ ਜਾਂ ਨਿੱਜਪਰਕ ਸੰਬੋਧਨ, ਨੀਵੀਂ ਇਕਬਾਲੀਆਂ ਸੁਰ, ਸਰਵ ਖੰਡਨੀਯ ਅਤੇ ਮਨੋਵਿਸ਼ਲੇਸ਼ਣੀ ਸ਼ੈਲੀ (ਮਨ ਦੀ ਜੰਗ ਦੀ ਸ਼ਾਇਰੀ) ਵਲ ਧਿਆਨ ਦਵਾਇਆ। ਡਾ. ਯੋਗਰਾਜ ਵੀ ਸਵੈ-ਪਰਕ ਅਤੇ ਮੈਂ-ਮੂਲਕਤਾ ਦੀ ਇਸ ਸ਼ਾਇਰੀ ਨੂੰ 'ਸਹਿਜ ਵਿਅੰਗ' ਆਖਦੇ ਹਨ।

ਵਿਸ਼ਵੀਕਰਨ ਦੇ ਮਾਇਆ ਜਾਲ ਨੇ ਸਮਕਾਲੀ ਬੰਦੇ ਦੇ ਸੁਹਜ ਸੰਵਾਦਾਂ ਨੂੰ ਮੂਲੋਂ ਬਦਲ ਕੇ ਰੱਖ ਦਿੱਤਾ। ਜਿਸਦਾ ਅਸਰ ਪੰਜਾਬੀ ਕਵਿਤਾ ਅਤੇ ਪਾਠਕ ਉੱਪਰ ਪ੍ਰਤੱਖ ਵੇਖਿਆ ਜਾ ਸਕਦਾ ਹੈ। ਸਮਕਾਲੀ ਕਾਵਿ ਚਿੰਤਨ ਦਾ ਨਵਾਂ ਉਪਰਾਲਾ ਪਾਠਕ ਵਰਗ ਦੇ ਸੁਹਜ ਸੰਵਾਦਾਂ ਵੱਲ ਗੌਰ ਕਰਨਾ ਹੈ। ਇਸ ਭੁਲਾਂਦਰਾ ਦੌਰ ਵਿੱਚ ਪਾਠਕ ਕੀ ਪੜ੍ਹ ਰਹੇ ਹਨ, ਕਿਹੋ ਜਿਹੀਆਂ ਰੁਚੀਆਂ ਰੱਖ ਰਹੇ ਹਨ। ਡਾ. ਸੁਖਦੇਵ ਸਿੰਘ ਸਮਕਾਲੀ ਪੰਜਾਬੀ ਕਵਿਤਾ ਦੇ ਪਾਠਕ ਦੀਆਂ ਦੋਹਰੀਆਂ ਰੁਚੀਆਂ ਵੱਲ ਇਸ਼ਾਰਾ ਕਰਦੇ ਹਨ। ਪਹਿਲਾ ਖਪਤ ਬਾਜ਼ਾਰ ਦੀ ਚਾਟ 'ਤੇ ਲੱਗਿਆ ਲੰਪਟ ਰੁਚੀਆਂ ਵਾਲਾ ਪਾਠਕ ਅਤੇ ਦੂਸਰਾ ਦਰਪੇਸ਼ ਸਿਆਸੀ, ਆਰਥਿਕ, ਸਮਾਜਕ, ਸੱਭਿਆਚਾਰ ਤੇ ਨੈਤਿਕ ਮਸਲਿਆਂ ਪ੍ਰਤੀ ਫ਼ਿਕਰਮੰਦੀ ਵਾਲਾ ਗੰਭੀਰ ਪਾਠਕ। ਨਿਰਸੰਦੇਹ ਪਹਿਲਾਂ ਇਸ਼ਾਰਾ ਉਹਨਾਂ ਪਾਠਕਾਂ ਅਤੇ ਕਵਿਤਾ ਵੱਲ ਹੈ, ਜਿਸ ਦੀ ਅੱਜ ਸੋਸ਼ਲ ਮੀਡੀਆ ਉੱਪਰ ਭਰਮਾਰ ਹੈ। ਵਿਸ਼ਵੀਕਰਨ ਦੇ ਇਸ ਦੌਰ ਨੇ ਬੁੱਕ ਕਲਚਰ ਨੂੰ ਬੁਰੀ ਤਰ੍ਹਾਂ ਝੰਜੋੜਿਆ ਹੈ।

ਸਮਕਾਲੀ ਕਾਵਿ ਚਿੰਤਨ ਦਾ ਸਭ ਤੋਂ ਵਧੀਕ ਜ਼ਿੰਮੇਵਾਰ ਕਾਰਜ ਕਾਵਿ ਚੋਣ ਨਾਲ ਸੰਬੰਧਿਤ ਹੈ। ਚੰਗੇਰੀ ਸੁਹਜਾਤਮਕ ਕਾਵਿ ਚੋਣ ਸਦਕਾ ਹੀ ਸਮਕਾਲੀ ਕਵਿਤਾ ਦੇ ਸਹੀ ਰੁਝਾਨਾਂ ਦਾ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਇਹਨਾਂ ਸਮੀਖਿਅਕਾਂ ਨੇ ਸਮਕਾਲੀ ਕਵਿਤਾ ਦੇ ਖਲਾਰ 'ਚੋਂ ਜਿਹੜੀ ਕਵਿਤਾ ਦੀ ਚੋਣ ਕੀਤੀ ਗਈ, ਉਸ ਬਾਰੇ ਟਿੱਪਣੀ ਕਰਨਾ ਬੇਹੱਦ ਮੁਸ਼ਕਿਲ ਕਾਰਜ ਪ੍ਰਤੀਤ ਹੁੰਦਾ ਹੈ। ਪਰ ਫਿਰ ਵੀ ਕਿਹਾ ਜਾ ਸਕਦਾ ਹੈ, ਇਸ ਕਾਵਿ ਚੋਣ ਦਾ ਪ੍ਰਮੁੱਖ ਆਧਾਰ ਕਵਿਤਾ ਦਾ ਪ੍ਰਭਾਵੀ ਸੁਹਜਾਤਮਕ ਥੀਮ ਅਤੇ ਕਵਿਤਾ ਦੇ ਸਦੀਵਤਾ ਨਾ ਸਹੀ ਚਿਰੰਕਾਲੀ ਪ੍ਰਭਾਵ ਨੂੰ ਬਣਾਇਆ ਜਾ ਸਕਦਾ ਹੈ। ਇਹਨਾਂ ਚਿੰਤਕਾਂ ਨੇ ਉਸ ਕਵਿਤਾ ਨੂੰ ਆਧਾਰ ਬਣਾਇਆ ਹੈ, ਜਿਸ ਨੇ ਸਮਕਾਲ ਵਿੱਚ ਉੱਭਰ ਰਹੇ ਨਵੇਂ ਸਰੋਕਾਰਾਂ ਦੀ ਦਿਲ ਟੁੰਬਵੀ ਪੇਸ਼ਕਾਰੀ ਕੀਤੀ ਹੈ। ਜਿਸ ਦਾ ਸੰਬੰਧ ਜ਼ਿੰਦਗੀ ਦੇ ਮੂਲ ਆਧਾਰਾਂ ਅਤੇ ਕਦਰਾਂ-ਕੀਮਤਾਂ ਨਾਲ ਹੈ। ਇਹ ਕਵਿਤਾ ਮਨੁੱਖੀ ਜੀਵਨ ਦੇ ਮੂਲ ਆਧਾਰਾਂ ਤੋਂ ਪ੍ਰੇਰਿਤ ਹੁੰਦੀ ਹੈ ਅਤੇ ਉਸਨੂੰ ਪ੍ਰੇਰਦੀ ਵੀ ਹੈ।

✲✲✲

# ਸਮਕਾਲੀ ਚਿੰਤਨ ਅਤੇ ਪੰਜਾਬੀ ਨਾਟ ਸਮੀਖਿਆ

–ਕੁਲਦੀਪ ਸਿੰਘ ਦੀਪ (ਡਾ.)

ਸਮਕਾਲੀ ਚਿੰਤਨ ਬਹੁਦਿਸ਼ਾਵੀ ਅਤੇ ਜਟਿਲ ਪ੍ਰਕਿਰਤੀ ਦਾ ਧਾਰਨੀ ਹੈ। ਜਿਸ ਰੂਪ ਵਿਚ ਵਿਸ਼ਵ ਪੱਧਰ ਤੇ ਵਿਸ਼ਾਲ ਆਰਥਿਕ, ਸਿਆਸੀ, ਸਮਾਜਿਕ ਅਤੇ ਸੱਭਿਆਚਾਰਕ ਪਰਿਵਰਤਨ ਹੋਏ ਹਨ, ਉਸ ਨਾਲ ਤਬਦੀਲੀ ਦੀ ਰਫਤਾਰ ਵੀ ਬਹੁਤ ਤੇਜ ਹੋਈ ਹੈ ਅਤੇ ਤਬਦੀਲੀ ਦੀਆਂ ਦਿਸ਼ਾਵਾਂ ਵੀ ਬਦਲੀਆਂ ਹਨ। ਜਦ ਤੋਂ ਮਨੁੱਖ ਨੇ ਆਦਿ ਮਾਨਵ ਦੀ ਜੰਗਲ ਸਭਿਅਤਾ ਤੋਂ ਚੱਲ ਕੇ ਸਮਾਜਿਕ ਵਿਵਸਥਾ ਦੀ ਕਾਇਮੀ ਵੱਲ ਮੁਢਲੇ ਕਦਮ ਪੁੱਟਣੇ ਸ਼ੁਰੂ ਕੀਤੇ, ਤੱਦ ਤੋਂ ਹੀ ਮਨੁੱਖੀ ਚਿੰਤਨ ਦਾ ਆਗਾਜ਼ ਹੋਇਆ ਮੰਨਿਆ ਜਾਂਦਾ ਹੈ। ਪਰ ਉਸ ਮੁਢਲੇ ਦੌਰ ਵਿਚ ਪਰਿਵਰਤਨ ਦੀ ਰਫਤਾਰ ਬਹੁਤ ਧੀਮੀ ਸੀ। ਜਿੰਨੀ ਤਬਦੀਲੀ ਇਸ ਮੁਢਲੇ ਤੌਰ ਤੋਂ ਲੈ ਕੇ ਜਗੀਰੂ ਵਿਵਸਥਾ ਤੱਕ ਸਮਾਜ ਦੇ ਵੱਖ ਵੱਖ ਸ਼ੋਇਬਿਆਂ ਵਿਚ ਵਾਪਰੀ, ਉਸ ਤੋਂ ਕਿਤੇ ਵੱਧ ਇਕੱਲੇ ਪੂੰਜੀ ਅਤੇ ਮਸ਼ੀਨ ਆਧਾਰਿਤ ਆਧੁਨਿਕ ਦੌਰ ਵਿਚ ਵਾਪਰੀ ਅਤੇ ਜਿੰਨੀ ਤਬਦੀਲੀ ਲਗਭਗ ਤਿੰਨ ਸਦੀਆਂ ਦੇ ਇਸ ਆਧੁਨਿਕ ਦੌਰ ਵਿਚ ਵਾਪਰੀ, ਉਸ ਤੋਂ ਵੱਧ ਤਬਦੀਲੀ ਲਗਭਗ ਪੰਜਾਹ ਸਾਲਾਂ ਦੇ ਇਸ ਸੂਚਨਾ ਅਤੇ ਤਕਨੀਕ ਆਧਾਰਿਤ ਗਲੋਬਲੀ ਸਰੂਪ ਵਾਲੇ ਸੰਸਾਰ ਵਿਚ ਵਾਪਰ ਚੁੱਕੀ ਹੈ। ਗਿਆਨ-ਚਿੰਤਨ ਅਤੇ ਭੌਤਿਕ ਸਥਿਤੀਆਂ ਵਿਚ ਪਰਿਵਰਤਨ ਦਾ ਸਬੰਧ ਦੋਤਰਫ਼ਾ ਹੈ। ਗਿਆਨ-ਚਿੰਤਨ ਅਜਿਹਾ ਗਤੀਸ਼ੀਲ ਵਰਤਾਰਾ ਹੈ ਇਸ ਨੇ ਅਤੀਤ ਵਿਚ ਕਿੰਨਾ ਵੀ ਵਿਕਾਸ ਕਰ ਲਿਆ ਹੋਵੇ, ਪਰ ਇਹ ਫਿਰ ਵੀ ਤਤਕਾਲ ਤੱਕ ਪਹੁੰਚੇ ਆਪਣੇ ਵਿਕਾਸ ਨੂੰ ਆਰੰਭਕ ਬਿੰਦੂ ਮੰਨ ਕੇ ਅਗਾਂਹ ਚਿਰਕਾਲ ਵੱਲ ਤੁਰ ਪੈਂਦਾ ਹੈ। ਇਸ ਲਈ ਗਿਆਨ-ਚਿੰਤਨ ਦੀ ਦਿਸ਼ਾਵਾਂ ਬਦਲਦੀਆਂ ਰਹਿੰਦੀਆਂ ਹਨ। ਕੋਈ ਵੀ ਤਬਦੀਲੀ ਸਿਰਫ ਭੌਤਿਕ ਹਾਲਾਤਾਂ ਵਿਚ ਵੀ ਨਹੀਂ ਵਾਪਰਦੀ ਬਲਕਿ ਜਦ ਵੀ ਭੌਤਿਕ ਹਾਲਾਤ ਬਦਲਦੇ ਹਨ ਤਾਂ ਇਸ ਦਾ ਅਸਰ ਗਿਆਨ ਅਤੇ ਚਿੰਤਨ ਦੇ ਸਮੁੱਚੇ ਪਰਿਪੇਖ ਤੇ ਪੈਂਦਾ ਹੈ ਅਤੇ ਮੋੜਵੇਂ ਰੂਪ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ ਗਿਆਨ ਚਿੰਤਨ ਦੀਆਂ ਦਿਸ਼ਾਵਾਂ ਦੇ ਬਦਲਣ ਨਾਲ ਅਨੇਕ ਆਰਥਿਕ, ਸਿਆਸੀ, ਸਮਾਜਿਕ ਅਤੇ ਸੱਭਿਆਚਾਰਕ ਪਰਿਵਰਤਨ ਵੀ ਵਾਪਰਦੇ ਹਨ।

ਅੱਜ ਦੇ ਗਲੋਬਲੀ ਸੰਸਾਰ ਵਿਚ ਸੂਚਨਾ ਅਤੇ ਤਕਨੀਕ ਦੀ ਕਰਾਂਤੀ ਨੇ ਮਨੁੱਖ ਅਤੇ ਮਨੁੱਖ ਵਿਚਕਾਰ ਭੂਗੌਲਿਕ ਹੱਦਾਂ ਤੇ ਸਰਹੱਦਾਂ ਨੂੰ ਕਾਫੀ ਹੱਦ ਤੀਕ ਮਨਫ਼ੀ ਕੀਤਾ ਹੈ। ਇਸ ਨੇ ਗਿਆਨ, ਚਿੰਤਨ ਅਤੇ ਪਰਿਵਰਤਨ ਦੇ ਸੰਚਾਰ ਵਿਚ ਆਈਆਂ ਰੋਕਾਂ ਨੂੰ ਖਤਮ ਕਰਕੇ ਇਸ ਨੂੰ ਪੂਰੀ ਦੁਨੀਆਂ ਵਿਚ ਲਾਈਵ ਕਰ ਦਿੱਤਾ ਹੈ। ਨਵੇਂ ਅੰਤਰ ਭਾਸ਼ਾਈ ਅਤੇ ਅੰਤਰ ਸੱਭਿਆਚਾਰਕ ਸਬੰਧ ਵਿਕਸਿਤ ਹੋ ਰਹੇ ਹਨ। ਇਸ ਸਭ ਨਾਲ ਇਕ ਪਾਸੇ ਮਨੁੱਖੀ ਸੋਚ ਅਤੇ ਤਰੱਕੀ ਨੂੰ ਨਵੇਂ ਤੇ ਵਿਸਾਲ ਵਿਸਥਾਰ ਮਿਲੇ ਹਨ, ਪਰ ਦੂਜੇ ਪਾਸੇ ਨਵੀਂ ਕਿਸਮ ਦੇ ਸੰਕਟ ਵੀ ਸਾਮ੍ਹਣੇ ਆਏ ਹਨ। ਇਹ ਨਵਾਂ ਵਰਤਾਰਾ ਤਿੰਨ ਪੱਧਰਾਂ 'ਤੇ ਵੱਖ ਵੱਖ ਰੂਪ ਵਿਚ ਵਾਪਰਿਆ।

ਪਹਿਲਾ ਪੱਧਰ ਕਾਰਪੋਰੇਟ ਜਗਤ ਤੇ ਨਵਸਾਮਰਾਜਵਾਦੀ ਤਾਕਤਾਂ ਦੇ ਸ਼ਾਤਿਰਾਨਾ ਗੱਠਜੋੜ ਦਾ ਹੈ। ਵਿਸ਼ਵ ਵਪਾਰ ਸੰਗਠਨ, ਵਿਸ਼ਵ ਬੈਂਕ, ਕੌਮਾਂਤਰੀ ਮੌਨੀਟਰਿੰਗ ਫੰਡ ਵਰਗੇ

ਅਦਾਰਿਆਂ ਦੀ ਸਰਪ੍ਰਸਤੀ ਹੇਠ ਵਿਸ਼ਵ ਮੰਡੀਆਂ ਦੇ ਖੁੱਲ੍ਹ ਜਾਣ ਨਾਲ ਕਾਰਪੋਰੇਟ ਸੈਕਟਰ ਅਤੇ ਸਾਮਰਾਜੀ ਸ਼ਕਤੀਆਂ ਦੇ ਨਵੀਨ ਗੱਠਜੋੜ ਹੋਏ ਅਤੇ ਗਲੋਬਲ ਪੱਧਰੀ ਨਵਸਾਮਰਾਜਵਾਦੀ ਚਿਹਰਾ ਉੱਭਰ ਕੇ ਸਾਮ੍ਹਣੇ ਆਇਆ ਅਤੇ ਨਾਲ ਹੀ ਸ਼ੋਸ਼ਣ ਦੇ ਨਵੀਨ ਅਤੇ ਜਟਿਲ ਵਰਤਾਰੇ ਸਾਮ੍ਹਣੇ ਆਉਣ ਲੱਗੇ। ਵਿਸ਼ਵ ਪੱਧਰ ਤੇ ਕਮਿਊਨਿਸਟ ਸ਼ਕਤੀ ਨੂੰ ਲੱਗੀ ਵੱਡੀ ਢਾਹ ਕਾਰਨ ਸੰਸਾਰ ਇਕ ਧਰੁਵੀ ਹੋਇਆ ਅਤੇ ਵਿਸ਼ਵ ਦਾ ਸਮੁੱਚਾ ਅਰਥਚਾਰਾ ਅਮਰੀਕਾ ਵਰਗੇ ਨਵਸਮਾਰਾਜਵਾਦੀ ਮੁਲਕਾਂ ਦੇ ਅਧੀਨ ਹੋਣਾ ਸ਼ੁਰੂ ਹੋ ਗਿਆ, ਜਿਸ ਨੇ ਆਰਥਿਕ ਧੌਂਸ ਰਾਹੀਂ ਹਰ ਮੁਲਕ ਦੀ ਧੌਣ ਤੇ ਗੋਡਾ ਰੱਖ ਕੇ ਆਪਣਾ ਬਾਜ਼ਾਰ ਵਿਕਸਿਤ ਕਰਨ ਲਈ ਆਪਣੇ ਅਨੁਸਾਰੀ ਨੀਤੀਆਂ ਬਣਾਉਣੀਆਂ ਅਤੇ ਬਣਵਾਉਣੀਆਂ ਸ਼ੁਰੂ ਕਰ ਦਿੱਤੀਆਂ। ਉਦਾਰੀਕਰਨ, ਪ੍ਰਾਈਵੇਟੀਕਰਨ ਤੇ ਵਿਸ਼ਵੀਕਰਨ ਦੀ ਚੁੰਧਿਆ ਦੇਣ ਵਾਲੀ ਰੌਸ਼ਨੀ ਵਿਚ ਸਭ ਮੁਲਕਾਂ ਦੀਆਂ ਸਿਆਸਤਾਂ ਅੰਨ੍ਹੀਆਂ ਹੋਈਆਂ ਅਤੇ ਨਵਸਾਮਰਾਜਵਾਦੀ ਡੰਗੋਰੀ ਫੜ੍ਹ ਕੇ ਉਹਨਾਂ ਦੇ ਮਗਰ ਮਗਰ ਤੁਰਨ ਵਿਚ ਹੀ ਆਪਣਾ ਭਲਾ ਸਮਝਣ ਲੱਗੀਆਂ। ਆਧੁਨਿਕ ਦੌਰ ਵਿਚ ਪੈਦਾ ਹੋਏ ਪੂੰਜੀਵਾਦ ਦਾ ਸਬੰਧ ਮਸ਼ੀਨੀ ਤਕਨੀਕ ਨਾਲ ਕਾਰਖਾਨਿਆਂ ਦੀ ਪੈਦਾਵਰ ਵਧਾ ਕੇ ਮੁਨਾਫੇ ਤੇ ਫੋਕਸ ਕਰਨਾ ਸੀ ਪਰ ਉੱਤਰ ਆਧੁਨਿਕ ਦੌਰ ਵਿਚ ਸਮੁੱਚੇ ਸਰੋਤਾਂ ਤੇ ਕਾਬਜ਼ ਹੋਣਾ ਏਜੰਡਾ ਬਣ ਗਿਆ ਜਿਸ ਨਾਲ ਨਵਾਂ ਕਾਰਪੋਰੇਟ ਸੈਕਟਰ ਪੈਦਾ ਹੋਇਆ ਜੋ ਇਕ ਪਾਸੇ ਐਲ ਪੀ ਜੀ ਦੇ ਨਾਂ ਤੇ ਸਰਕਾਰਾਂ ਤੋਂ ਵੱਡੀਆਂ ਛੋਟਾਂ ਲੈ ਰਿਹਾ ਹੈ, ਦੂਜੇ ਪਾਸੇ ਵਿਸ਼ੇਸ਼ ਇਕਨਾਮਿਕ ਜੋਨਾਂ ਦੇ ਨਾਂ ਤੇ ਧਰਤੀ ਦੇ ਵੱਡਿਆਂ ਹਿੱਸਿਆਂ ਤੇ ਕਾਬਜ਼ ਹੋ ਰਿਹਾ ਹੈ। ਕੁਦਰਤੀ ਸਾਧਨਾਂ ਉੱਪਰ ਕੀਤੇ ਜਾ ਰਹੇ ਕਾਰਪੋਰੇਟੀ ਹਮਲੇ ਨੇ ਵੱਡੇ ਵਾਤਾਵਰਣਿਕ ਸੰਕਟ ਖੜ੍ਹੇ ਕੀਤੇ, ਪਰ ਸੱਤ੍ਹਾਪ੍ਰਸਤ ਤਾਕਤਾਂ ਇਹਨਾਂ ਦੀਆਂ ਗੁਲਾਮ ਹੋ ਕੇ ਇਹਨਾਂ ਨੂੰ ਵੱਡੀਆਂ ਛੋਟਾਂ ਦੇ ਰਾਹ ਤੇ ਤੁਰ ਪਈਆਂ। ਮਿਡਲ ਕਲਾਸ ਨੂੰ ਲੋਨਾਂ, ਡਿਸਕਾਊਂਟਾਂ ਅਤੇ ਕੈਸ਼ਬੈਕਾਂ ਦੇ ਫੇਕ ਲਾਲਚਾਂ ਵਿਚ ਉਲਝਾ ਕੇ ਉਹਨਾਂ ਦੇ ਸੀਮਤ ਅਰਥਚਾਰੇ ਨੂੰ ਬਜ਼ਾਰੂ ਤਾਕਤਾਂ ਦੇ ਹਵਾਲੇ ਕਰਕੇ ਲੁੱਟ ਲਿਆ। ਰੁਜ਼ਗਾਰ ਦੇ ਸੁਪਨਈ ਦ੍ਰਿਸ਼ ਦਿਖਾ ਕੇ ਮਨੁੱਖ ਬੁੱਧੀ ਨੂੰ ਵੱਧ ਤੋਂ ਵੱਧ ਮੁਨਾਫਾ ਕਮਾਉਣ ਦਾ ਸੰਦ ਬਣਾ ਲਿਆ ਅਤੇ ਸਾਰੀ ਬੋਧਿਕ ਸੰਪਦਾ ਕਾਰਪੋਰੇਟ ਦੇ ਆਰਥਿਕ ਮਾਡਲ ਨੂੰ ਬੁਲੰਦੀਆਂ ਤੀਕ ਪਹੁੰਚਾਉਣ ਵਿਚ ਝੋਕ ਦਿੱਤੀ ਗਈ।

ਦੂਜਾ ਪੱਧਰ ਸਾਧਾਰਨ ਲੋਕਾਂ ਦੀ ਜ਼ਿੰਦਗੀ ਵਿਚ ਆ ਰਹੇ ਪਰਿਵਰਤਨਾਂ ਦਾ ਹੈ। ਗਿਆਨ ਅਤੇ ਵਿਸ਼ਵ ਪੱਧਰੀ ਪਰਿਵਰਤਨਾਂ ਦੇ ਰਾਸਤੇ ਵਿਚ ਪਹਿਲਾਂ ਤੋਂ ਸਥਾਪਤ ਚੈਨਲਾਂ ਦੇ ਖਤਮ ਹੋਣ ਨਾਲ ਸਭ ਕੁਝ ਪੂਰੀ ਦੁਨੀਆ ਵਿਚ ਲਾਈਵ ਹੋਇਆ ਅਤੇ ਸ਼ੋਸ਼ਲ ਮੀਡੀਆਂ ਦੇ ਵੱਡੇ ਪੱਧਰ ਤੇ ਹੋਏ ਪਾਸਾਰ ਨਾਲ ਆਮ ਆਦਮੀ ਹਾਸ਼ੀਏ ਤੋਂ ਬਾਹਰ ਨਿਕਲ ਕੇ ਅਗ੍ਰਭੂਮੀ ਵਿਚ ਆਇਆ ਜਿਸ ਦੇ ਸਿੱਟੇ ਵੱਜੋਂ ਬਹੁਤ ਸਾਰੇ ਹਾਸ਼ੀਆਕ੍ਰਿਤ (subaltern) ਸਮੂਹਾਂ ਨੇ ਆਪਣੀ ਸਪੇਸ ਬਣਾਉਣੀ ਸ਼ੁਰੂ ਕੀਤੀ। ਸਦੀਆਂ ਤੋਂ ਦਮਿਤ ਨਾਰੀ, ਦਲਿਤ, ਘੱਟ ਗਿਣਤੀ ਵਰਗ, ਐਲ ਜੀ ਬੀ ਟੀ ਅਤੇ ਹੋਰ ਭਾਸ਼ਾਈ, ਉਪਭਾਸ਼ਾਈ, ਸੱਭਿਆਚਾਰਕ ਅਤੇ ਉਪ ਸਭਿਆਚਾਰਕ ਸਮੂਹਾਂ ਨੇ ਆਪਣੀ ਆਪਣੀ ਹੋਂਦ ਦਾ ਅਹਿਸਾਸ ਕਰਾਉਣਾ ਸ਼ੁਰੂ ਕਰ ਦਿੱਤਾ ਅਤੇ ਉਹਨਾਂ ਨੇ ਆਪੋ ਆਪਣੇ ਪਲੇਟਫਾਰਮਾਂ ਤੋਂ ਆਪਣੀ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ। ਸਰਕਾਰੀ ਸਰਪ੍ਰਸਤੀ ਵਿਚ ਚਲਦਾ ਦੂਰਦਰਸ਼ਨ ਕੇਬਲਾਂ ਅਤੇ ਡਿਸ਼ਾਂ ਰਾਹੀਂ ਬਹੁਤ ਸਾਰੇ ਰੂਪਾਂ ਵਿਚ ਵਿਖੰਡਿਤ ਹੋਇਆ। ਇਸ ਨਵੇਂ ਪਰਿਵਰਤਨ ਨਾਲ ਇਕ ਪਾਸੇ ਨਿਰੋਲ ਮੁਨਾਫ਼ਾ ਆਧਾਰਿਤ

ਕਾਰਪੋਰੇਟੀ ਮੀਡੀਆ ਵਿਕਸਿਤ ਹੋਇਆ ਅਤੇ ਦੂਜੇ ਪਾਸੇ ਯੂ ਟਿਊਬ, ਫੇਸਬੁੱਕ, ਵਟਸਐਪ, ਟਵਿਟਰ, ਇੰਸਟਾਗ੍ਰਾਮ ਵਰਗੀਆਂ ਸੋਸ਼ਲ ਮੀਡੀਆਂ ਦੀਆਂ ਅਨੇਕ ਗਲੋਬਲੀ ਸਾਈਟਾਂ ਰਾਹੀਂ ਆਮ ਆਦਮੀ ਨੂੰ ਆਪਣਾ ਗੁੱਭ-ਗੁਭਾਹਟ ਕੱਢਣ ਦਾ ਮੌਕਾ ਮਿਲਿਆ ਜਿਸ ਨਾਲ ਭਾਵੇਂ ਸਮੂਹਕ ਪੱਧਰ ਤੇ ਸੰਗਠਿਤ ਤੇ ਪ੍ਰਤੀਬੱਧ ਆਵਾਮੀ ਚੇਤਨਾ ਤਾਂ ਨਹੀਂ ਪੈਦਾ ਹੋਈ ਪਰ ਵੱਡੇ ਪੱਧਰ ਦੇ ਕੇਂਦਰੀਕ੍ਰਿਤ ਮਹਾਂਬਿਰਤਾਂਤਾਂ ਨੂੰ ਨਿੱਕੇ ਨਿੱਕੇ ਬਿਰਤਾਂਤਾਂ ਨੇ ਚੁਣੌਤੀ ਦੇਣੀ ਸ਼ੁਰੂ ਕੀਤੀ ਅਤੇ ਸਥਾਪਤ 'ਨੈਰੇਟਿਵ' ਦੇ ਸਮਾਨਾਂਤਰ 'ਪ੍ਰਤੀ-ਨੈਰੇਟਿਵ' ਹੋਂਦ ਵਿਚ ਆਇਆ।

ਤੀਜਾ ਪੱਧਰ ਆਮ ਆਦਮੀ ਦੀ ਖੰਡਿਤ ਮਾਨਸਿਕਤਾ ਦੇ ਰੂਪ ਵਿਚ ਸਾਮ੍ਹਣੇ ਆਇਆ। ਸੋਸ਼ਲ ਮੀਡੀਆ ਨੇ 'ਵਾਸਤਵਿਕਤਾ ਦੇ ਭਰਮ' (illusion of reality) ਦੇ ਰੂਪ ਵਿਚ ਨਵੀ ਕਿਸਮ ਦਾ ਵਰਤਾਰਾ ਸਾਮ੍ਹਣੇ ਲਿਆਂਦਾ । ਅਸਮਾਨਤਾ, ਅਨਿਆਂ ਅਤੇ ਜ਼ੁਲਮ ਦੇ ਖਿਲਾਫ ਲੜਨ ਵਾਲੀ ਆਮ ਮਨੁੱਖ ਦੀ ਤਾਕਤ ਸਵੈ ਪ੍ਰਗਟਾਵੇ ਦੇ ਸਿਖਰਲੇ ਆਯਾਮ ਤੇ ਪੁੱਜ ਕੇ ਮਨੁੱਖੀ ਉਰਜਾ ਦੇ ਨਪੁੰਸਕ ਰੂਪ ਤੱਕ ਪੁੱਜਣ ਲੱਗੀ। ਸੈਲਫੀਆਂ ਅਤੇ ਟਿਕ-ਟਾਕ ਵਰਗੀਆਂ ਤਕਨੀਕਾਂ ਰਾਹੀਂ ਬਣੇ ਸੈਲਫ ਗਲੋਰੀਫਿਕੇਸ਼ਨ ਦੇ ਰਾਹ ਨੇ ਮਨੁੱਖ ਨੂੰ ਦੂਜਿਆਂ ਦੀ ਪੀੜ ਦੇ ਅਹਿਸਾਸ ਨੂੰ ਸਮਝਣ ਅਤੇ ਮਹਿਸੂਸ ਕਰਨ ਦਾ ਖਾਤਮਾ ਕਰ ਦਿੱਤਾ। ਸੂਚਨਾ ਦੀ ਬੰਬਾਰਡਮੈਂਟ ਨੇ ਸੂਚਨਾ ਦੇ ਸੰਵੇਦਨਾ ਵਿਚ ਰੁਪਾਂਤਰਿਤ ਹੋਣ ਦੇ ਰਾਹ ਬੰਦ ਕਰ ਦਿੱਤੇ ਅਤੇ ਅੱਜ ਦਾ 'ਸੋਸ਼ਲ' ਮਨੁੱਖ ਐਨੀਮੇਟਿਡ ਸੰਵੇਦਨਾ ਦੇ ਰਾਹ ਤੁਰਦਾ ਹੋਇਆ ਪਹਿਲੇ ਮਿੰਟ ਵਿਚ 'ਆਰ ਆਈ ਪੀ' ਤੇ ਦੂਜੇ ਮਿੰਟ ਵਿਚ 'ਵਾਓ..ਔਸਮ ਅਤੇ ਕੌਂਗਰੇਟਸ' ਤੱਕ ਪਹੁੰਚ ਜਾਂਦਾ ਹੈ।

ਇਹ ਬਹੁਦਿਸ਼ਾਵੀ ਅਤੇ ਜਟਿਲ ਵਰਤਾਰੇ ਕਿਵੇਂ ਸਮਕਾਲੀ ਚਿਤੰਨ ਰਾਹੀਂ ਸਾਹਿਤ ਸੰਵੇਦਨਾ ਦਾ ਹਿੱਸਾ ਬਣ ਰਹੇ ਹਨ, ਬਣ ਵੀ ਰਹੇ ਹਨ ਜਾਂ ਨਹੀਂ? ਅਤੇ ਸਿਰਜਣਾਤਮਕ ਸਾਹਿਤ ਤੋਂ ਬਾਅਦ ਸਾਡੀ ਸਾਹਿਤ ਸਮੀਖਿਆ ਨਵੇਂ ਦੌਰ ਦੇ ਇਸ ਸਮਕਾਲੀ ਚਿੰਤਨ ਨਾਲ ਕਿਸ ਤਰ੍ਹਾਂ ਦਾ ਸੰਵਾਦ ਰਚਾ ਰਹੀ ਹੈ। ਰਚਾ ਰਹੀ ਵੀ ਹੈ ਜਾਂ ਨਹੀਂ? ਇਹ ਅੱਜ ਦੇ ਦੌਰ ਦੇ ਸਮਕਾਲੀ ਚਿਤੰਨ ਦੇ ਵੱਡੇ ਮਸਲੇ ਹਨ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਹਰ ਦੌਰ ਵਿੱਚ ਸਾਹਿਤ ਚਿੰਤਨ ਦੀਆਂ ਦਿਸ਼ਾਵਾਂ ਪਰਿਵਰਤਨਸ਼ੀਲ ਰਹਿੰਦੀਆਂ ਹਨ। ਕਿਉਂਕਿ ਕਿਸੇ ਵੀ ਦੌਰ ਦਾ ਸਾਹਿਤ ਚਿੰਤਨ ਆਪਣੇ ਦੌਰ ਦੇ ਆਰਥਿਕ-ਰਾਜਨੀਤਕ, ਸਾਹਿਤਕ ਤੇ ਸਭਿਆਚਾਰਕ ਸੰਦਰਭਾਂ ਨਾਲ ਸਾਪੇਖਿਕ ਅਤੇ ਜੀਵੰਤ (live) ਰਿਸ਼ਤੇ ਵਿੱਚ ਬੱਝਿਆ ਹੁੰਦਾ ਹੈ। ਜਿਵੇਂ ਜਿਵੇਂ ਉਪਰੋਕਤ ਸੰਦਰਭਾਂ ਵਿੱਚ ਪਰਿਵਰਤਨ ਆਉਂਦਾ ਹੈ, ਉਵੇਂ ਜਿਵੇਂ ਸਾਹਿਤ ਅਤੇ ਚਿੰਤਨ ਦੇ ਪ੍ਰਤੀਮਾਨਾਂ ਵਿੱਚ ਵੀ ਪਰਿਵਰਤਨ ਆਉਣਾ ਸੁਭਾਵਕ ਹੁੰਦਾ ਹੈ। ਇਹ ਪਰਿਵਰਤਨ ਦੋ ਦਿਸ਼ਾਵੀ ਹੁੰਦਾ ਹੈ:

1. ਯਥਾਰਕ ਪਰਿਸਥਿਤੀਆਂ ਸਾਹਿਤ ਚਿੰਤਨ ਨੂੰ ਪਰਿਵਰਤਿਤ ਕਰਦੀਆਂ ਹਨ।
2. ਸਾਹਿਤ ਅਤੇ ਚਿੰਤਨ ਯਥਾਰਥਕ ਪਰਿਸਥਿਤੀਆਂ ਨੂੰ ਪ੍ਰੇਰਿਤ ਕਰਕੇ ਮੋੜਵੇਂ ਰੂਪ ਵਿੱਚ ਨਵੇਂ ਪਰਿਵਰਤਨ ਦੇ ਰਾਹ ਤੋਰਦਾ ਹੈ।

ਇਸ ਪਰਿਪੇਖ ਵਿਚ ਜਦ ਅਸੀਂ ਪੰਜਾਬੀ ਨਾਟਕ ਅਤੇ ਨਾਟਕ ਆਲੋਚਨਾ ਦੀ ਪੜਚੋਲ ਕਰਦੇ ਹਾਂ ਤਾਂ ਕਈ ਨਵੇਂ ਵਰਤਾਰੇ ਦ੍ਰਿਸ਼ਟੀਗੋਚਰ ਹੁੰਦੇ ਹਨ। ਇਸ ਦ੍ਰਿਸ਼ਟੀ ਤੋਂ ਸਰਵਪ੍ਰਥਮ ਨਾਟਕ ਦੀ ਵਿਧਾ ਅਤੇ ਨਾਟ ਆਲੋਚਨਾ ਦੇ ਅੰਤਰਸਬੰਧਾਂ ਨੂੰ ਸਮਝਣਾ ਜ਼ਰੂਰੀ ਹੈ। ਨਾਟਕ ਪ੍ਰਗਟਾਵੇ ਦਾ ਬਹੁਪਰਤੀ ਸੰਗਠਨ (Multilayered structure of expression) ਹੈ।

ਇਹ ਆਪਣੀ ਪ੍ਰਕਿਰਤੀ ਪੱਖੋਂ ਗੁੰਝਲਦਾਰ, ਅਭਿਵਿਅਕਤੀ ਪੱਖੋਂ ਜਿੰਦਾ (live), ਪ੍ਰਭਾਵ ਪੱਖੋਂ ਵਿਆਪਕ, ਪ੍ਰਤੀਕਿਰਿਆ ਪੱਖੋਂ ਸਮੂਹਕ ਅਤੇ ਹੋਂਦ ਪੱਖੋਂ ਸਥੂਲ ਤੇ ਸੂਖਮ ਦੋਵੇਂ ਪ੍ਰਕਾਰ ਦਾ ਹੈ। ਇਸ ਲਈ ਜਿੰਨਾਂ ਬਹੁਪਰਤੀ ਨਾਟਕ ਦਾ ਸੰਗਠਨ ਹੈ, ਉਸ ਤੋਂ ਕਿਤੇ ਵੱਧ ਸੰਵੇਦਨਸ਼ੀਲ ਅਤੇ ਬਹੁਪਰਤੀ ਨਾਟ ਆਲੋਚਨਾ ਦਾ ਸੰਕਲਪ ਹੈ। ਨਾਟ-ਆਲੋਚਨਾ ਕਾਵਿ ਆਲੋਚਨਾ ਅਤੇ ਗਲਪ ਆਲੋਚਨਾ ਵਰਗਾ ਇਕਹਿਰਾ ਵਰਤਾਰਾ ਨਹੀਂ ਬਲਕਿ ਨਾਟ-ਆਲੋਚਨਾ ਦੀ ਪ੍ਰਕਿਰਤੀ ਵੀ ਨਾਟਕ ਵਾਂਗ ਵਧੇਰੇ ਗੁੰਝਲਦਾਰ ਤੇ ਵਿਆਪਕ ਹੁੰਦੀ ਹੈ । ਕਿਉਂਕਿ ਨਾਟਕ ਇੱਕੋ ਵੇਲੇ ਸ਼ਬਦਾਂ ਦੀ ਟੈਕਸਟ ਦੇ ਰੂਪ ਵਿੱਚ ਵੀ ਪ੍ਰਗਟ ਹੁੰਦਾ ਹੈ ਜਿਸ ਨੂੰ ਅਸੀਂ ਨਾਟਕ ਦੇ ਸ਼ਾਬਦਿਕ ਪਾਠ/ਲਿਖਤ ਪਾਠ/ਅਮੂਰਤ ਪਾਠ ਜਾਂ ਸੂਖਮ ਪਾਠ ਦੇ ਰੂਪ ਵਿਚ ਪਰਿਭਾਸ਼ਿਤ ਕਰਦੇ ਹਾਂ ਅਤੇ ਉਸੇ ਵੇਲੇ ਇਸ ਨੂੰ ਮੰਚ ਪਾਠ/ਖੇਡ ਪਾਠ/ ਸਮੂਰਤ ਪਾਠ ਜਾਂ ਸਥੂਲ ਪਾਠ ਦੇ ਰੂਪ ਵਿੱਚ ਅਵਤਰਿਤ ਹੋਣਾ ਪੈਂਦਾ ਹੈ। ਇਉਂ ਇਹ ਦੋਵੇਂ ਪਾਠ ਇਕ ਦੂਜੇ ਨਾਲ 'ਪੂਰਕ ਅਤੇ ਸੁਮੇਲ' ਦੇ ਰਿਸ਼ਤੇ ਵਿੱਚ ਬੱਝੇ ਹੁੰਦੇ ਹਨ ਅਤੇ ਇਹਨਾਂ ਦੇ ਰਿਸ਼ਤੇ ਰਾਹੀਂ ਨਾਟਕ ਦੀ ਸੰਪੂਰਨ ਪਰਿਕਲਪਨਾ ਅਮੂਰਤ ਤੋਂ ਸਾਖਿਆਤ ਰੂਪ ਧਾਰਨ ਕਰਦੀ ਹੈ। ਹੋਰ ਡੂੰਘਾਈ ਨਾਲ ਦੇਖਿਆ ਜਾਵੇ ਤਾਂ ਨਾਟਕੀ ਸੰਗਠਨ ਇਸ ਉਪਰੋਕਤ ਧਾਰਨਾ ਤੋਂ ਵੀ ਕਿਤੇ ਵੱਧ ਗੁੰਝਲਦਾਰ ਅਤੇ ਵਿਆਪਕ ਹੈ। ਇਸ ਦੀ ਅਸਲ ਸ਼ੁਰੂਆਤ ਤਾਂ ਸ਼ਾਬਦਿਕ ਪਾਠ ਤੋਂ ਵੀ ਪਹਿਲਾਂ 'ਮਨ-ਮੰਚੀ ਪਾਠ' ਤੋਂ ਹੋ ਜਾਂਦੀ ਹੈ। ਨਾਟਕ-ਲੇਖਕ ਕਿਸੇ ਵੀ ਦ੍ਰਿਸ਼ ਨੂੰ ਸ਼ਾਬਦਿਕ ਸਥੂਲਤਾ ਪ੍ਰਦਾਨ ਕਰਨ ਤੋਂ ਪਹਿਲਾਂ ਉਸ ਦੀ ਪਰਿਕਲਪਨਾ ਆਪਣੇ ਮਨ ਮੰਚ ਤੇ ਕਰਦਾ ਹੈ। ਉੱਥੇ ਇਸ ਨੂੰ ਖੇਡਦਾ ਹੈ, ਸੋਧਦਾ ਹੈ ਅਤੇ ਫਿਰ ਇਹ ਸੋਧੀ ਹੋਈ ਪਰਿਕਲਪਨਾ ਆਪਣੇ ਸੰਪੂਰਨ ਪਾਸਾਰ ਸਹਿਤ ਸ਼ਾਬਦਿਕ ਪਾਠ ਦਾ ਰੂਪ ਧਾਰਦੀ ਹੈ। ਇਉਂ ਮਨ ਮੰਚ ਤੋਂ ਸ਼ਾਬਦਿਕ ਸੰਰਚਨਾ, ਸ਼ਾਬਦਿਕ ਸੰਰਚਨਾ ਤੋਂ ਮੰਚ ਸੰਰਚਨਾ ਅਤੇ ਫਿਰ ਅਖੀਰ ਤੇ ਦਰਸ਼ਕਾਂ ਤੱਕ ਸੰਚਾਰ ਹੁੰਦਾ ਹੈ। ਨਾਟ ਆਲੋਚਨਾ ਦਾ ਧਰਮ ਵੀ ਇਸੇ ਪ੍ਰਕਿਰਿਆ ਦਾ ਅਨੁਸਰਣ (follow) ਕਰਨਾ ਹੁੰਦਾ ਹੈ। ਇਕ ਪਾਸੇ ਉਸ ਨੇ ਚਿੰਤਨ ਦੀ ਪੱਧਰ ਤੇ ਗਿਆਨ ਸ਼ਾਸਤਰੀ ਪਰਿਪੇਖ ਉਸਾਰਨਾ ਹੁੰਦਾ ਹੈ, ਦੂਜੇ ਪਾਸੇ ਵਿਧਾ ਦੀ ਪੱਧਰ ਤੇ ਉਸ ਨੇ ਸ਼ਾਬਦਿਕ ਪਾਠ ਵਿੱਚੋਂ ਮੰਚ ਪਾਠ ਦੀ ਪਰਿਕਲਪਨਾ ਅਤੇ ਪ੍ਰਕਿਰਿਆ ਤਲਾਸ਼ਣੀ ਹੁੰਦੀ ਹੈ। ਨਾਟਕ ਦਾ ਅਧਿਐਨ ਬਾਕੀ ਅ-ਨਾਟਕੀ ਵਿਧਾਵਾਂ ਵਾਂਗ ਸਿਰਫ਼ ਸ਼ਬਦਾਂ ਦਾ ਅਧਿਐਨ ਨਹੀਂ ਹੁੰਦਾ ਬਲਕਿ ਸ਼ਬਦਾਂ ਦੇ ਨਾਲ ਨਾਲ, ਸ਼ਬਦਾਂ ਦੇ ਵਿਚਕਾਰ, ਸ਼ਬਦਾਂ ਦੀ ਅਗ੍ਰਭੂਮੀ ਵਿਚ ਜਾਂ ਸ਼ਬਦਾਂ ਦੇ ਪਿਛੋਕੜ ਵਿੱਚ ਜੋ ਇੰਟਰਲਿਊਡਸ (ਵਕਫੇ?), ਦ੍ਰਿਸ਼ ਜਾਂ ਸੰਕਲਪ ਪਏ ਹੁੰਦੇ ਹਨ, ਜਿਨ੍ਹਾਂ ਨਾਲ ਇਸ ਸ਼ਬਦ ਪਾਠ ਨੇ ਮੰਚ ਪਾਠ ਵਿੱਚ ਰੂਪਾਂਤਰਿਤ ਹੋਣਾ ਹੁੰਦਾ ਹੈ, ਉਹਨਾਂ ਦੀ ਤਲਾਸ਼ ਕਰਨੀ ਹੁੰਦੀ ਹੈ।ਇਉਂ ਇਸ ਵਿਧਾ ਦਾ ਇਕ ਸਿਰਾ ਸ਼ਾਬਦਿਕ ਕਲਾ ਨਾਲ ਜਾ ਜੁੜਦਾ ਹੈ ਅਤੇ ਦੂਸਰਾ ਰੰਗਮੰਚ ਨਾਲ ਤੇ ਤੀਜਾ ਸਿਰਾ ਸਮਕਾਲੀ ਚਿੰਤਨ ਨਾਲ। ਇਨ੍ਹਾਂ ਤਿੰਨੇ ਸਿਰਿਆਂ ਦੇ ਵਿੱਚ ਵਿਚਾਲੇ ਲੇਖਕ ਤੋਂ ਇਲਾਵਾ ਵਿਸ਼ਵ ਦੇ ਚਿੰਤਨੀ ਸਰੋਕਾਰ, ਨਿਰਦੇਸ਼ਕ, ਅਦਾਕਾਰ, ਦਰਸ਼ਕ ਅਤੇ ਹੋਰ ਕਈ ਧਿਰਾਂ ਆ ਹਾਜ਼ਰ ਹੁੰਦੀਆਂ ਹਨ। ਜੇਕਰ ਇਸ ਦੇ ਸੰਪੂਰਨ ਕਲਾਤਮਕ ਅਰਥਾਂ ਨੂੰ ਸਜੀਵ ਕਰਨ ਲਈ ਇਨ੍ਹਾਂ ਧਿਰਾਂ ਦੇ ਪਰਸਪਰ ਮੇਲ ਜਾਂ ਸਹਿਯੋਗ ਦੀ ਜ਼ਰੂਰਤ ਹੈ ਤਾਂ ਇਸ ਵਿਧਾ ਦੀ ਸਮੀਖਿਆ ਦਾ ਕਾਰਜ ਵੀ ਕਿਸੇ ਇਕਹਿਰੇ ਵਿਧੀ ਵਿਧਾਨ ਨਾਲ ਨੇਪਰੇ ਨਹੀਂ ਚਾੜ੍ਹਿਆ ਜਾ ਸਕਦਾ ਹੈ। ਚਿੰਤਨ, ਸ਼ਾਬਦਿਕ ਕਲਾ ਅਤੇ ਮੰਚਣ ਕਲਾ ਦੀ ਤੀਹਰੀ ਯੋਗਤਾ ਤੋਂ ਬਗੈਰ ਇਸ ਵਿਚਲੇ ਅਰਥ ਉਤਪਾਦਨ ਅਤੇ ਅਰਥ ਸੰਚਾਰਨ ਦੀ ਦੂਹਰੀ ਸੰਚਾਲਨ ਪ੍ਰਕਿਰਿਆ

ਦੇ ਸਗਲੇ ਪਾਸਾਰਾਂ ਨੂੰ ਸਮਝਿਆ ਨਹੀਂ ਜਾ ਸਕਦਾ।1 ਇਸ ਪ੍ਰਕਾਰ ਨਾਟ ਆਲੋਚਨਾ ਤੀਹਰੇ ਚਰਿੱਤਰ ਦੀ ਧਾਰਨੀ ਹੈ:

ਸਮਕਾਲੀ ਚਿੰਤਨ ਨਾਲ ਵਾਬਸਤਗੀ

ਸ਼ਬਦ ਸੰਰਚਨਾ ਤੋ ਖੇਡ ਸੰਰਚਨਾ ਤੱਕ ਦੇ ਪਾਸਾਰ

ਮੰਚ ਪੇਸ਼ਕਾਰੀ ਤੋਂ ਸ਼ਬਦ ਸੰਰਚਨਾ ਤੱਕ ਦੇ ਪਾਸਾਰ

ਪੰਜਾਬੀ ਨਾਟ ਆਲੋਚਨਾ ਆਮ ਤੌਰ ਤੇ ਇਸ ਵਿਆਪਕ ਜ਼ਿੰਮੇਵਾਰੀ ਤੋਂ ਪਰ੍ਹੇ ਰਹੀ ਹੈ। ਅਸੀਂ ਹੁਣ ਤੱਕ ਨਾਟਕ ਨੂੰ ਕਵਿਤਾ ਵਾਰਤਕ ਜਾ ਗਲਪ ਵਾਂਗ ਸ਼ਾਬਦਿਕ ਸੰਰਚਨਾ ਦੇ ਰੂਪ ਵਿਚ ਹੀ ਗ੍ਰਹਿਣ ਕੀਤਾ ਹੈ, ਇਸ ਨੂੰ ਸ਼ਬਦ ਅਤੇ ਮੰਚ ਦੀ ਮਿਸ਼ਰਤ, ਜਟਿਲ ਅਤੇ ਵਿਆਪਕ ਸੰਰਚਨਾ ਦੇ ਤੌਰ ਤੇ ਘੱਟ ਪਰਿਭਾਸ਼ਿਤ ਕੀਤਾ ਹੈ ਜਦ ਕਿ ਨਾਟਕ ਦੀ ਵਿਲੱਖਣ ਸੰਰਚਨਾ ਦੇ ਅਧਿਐਨ ਲਈ ਨਾਟ-ਆਲੋਚਨਾ ਦੇ ਵਿਲੱਖਣ ਈਡੀਅਮ ਨੂੰ ਸਮਝਣਾ ਅਤੇ ਨਿਰਧਾਰਤ ਕਰਨਾ ਜ਼ਰੂਰੀ ਹੈ, ਨਹੀਂ ਤਾਂ ਨਾਟਕੀ ਸੰਗਠਨ ਨੂੰ ਸਮਝਣ ਵਿਚ ਨਾਟ-ਆਲੋਚਨਾ ਜਾਂ ਤਾਂ ਅਸਰਮਥ ਹੋਵੇਗੀ ਜਾਂ ਵੱਡੀਆਂ ਭਰਾਂਤੀਆਂ ਦਾ ਸ਼ਿਕਾਰ ਹੋਵੇਗੀ। ਇੱਕੋ ਉਦਾਹਰਨ ਦੇਣੀ ਕਾਫੀ ਹੈ। 'ਸ਼ਤਾਬਦੀਆਂ ਦਾ ਨਾਟਕ' ਪੰਜਾਬੀ ਨਾਟਕ ਦੇ ਇਤਿਹਾਸ ਵਿੱਚ ਮਹੱਤਵਪੂਰਨ ਵਰਤਾਰਾ ਹੈ ਜੋ 'ਬਿਰਤਾਂਤ ਅਤੇ ਕਾਰਜ' ਦੇ ਅੰਤਰ ਰਾਹੀਂ ਕਾਵਿ/ਗਲਪ ਅਤੇ ਨਾਟਕ ਦੇ ਵਿਧਾਗਤ ਅੰਤਰ ਨੂੰ ਪਰਿਭਾਸ਼ਿਤ ਕਰਨ ਅਤੇ ਸਮਝਣ ਵਿੱਚ ਸਾਡੀ ਮਦਦ ਕਰੇਗਾ। ਗੁਰੂ ਸਾਹਿਬਾਨਾਂ ਨਾਲ ਸਬੰਧਤ ਸ਼ਤਾਬਦੀਆਂ ਦੇ ਇਸ ਦੌਰ ਵਿੱਚ ਸਾਹਿਤ ਦੀਆਂ ਸਾਰੀਆਂ ਵਿਧਾਵਾਂ ਵਿਚ ਗੁਰੂ ਸਾਹਿਬਾਨਾਂ ਦੀਆਂ ਸ਼ਖਸ਼ੀਅਤਾਂ ਦਾ ਅਨੇਕ ਰੂਪਾਂ ਵਿੱਚ ਸਹਿਜ ਪ੍ਰਗਟਾਵਾ ਹੋਇਆ ਹੈ ਪਰੰਤੂ ਨਾਟਕ ਦੇ ਮੁਆਮਲੇ ਵਿੱਚ ਇਹ ਦੌਰ ਵੱਖਰੀ ਕਿਸਮ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਦਾ ਦੌਰ ਰਿਹਾ। ਕਵਿਤਾ ਤੇ ਗਲਪ ਵਿਚ ਗੁਰੂ ਨਾਨਕ ਦੇਵ ਜੀ ਬੋਲ ਸਕਦੇ ਹਨ ਕਿਉਂਕਿ ਉੱਥੇ ਉਹਨਾਂ ਦਾ ਡਾਇਲਾਗ ਸ਼ਾਬਦਿਕ ਰੂਪ ਵਿੱਚ ਅਮੂਰਤ ਹੁੰਦਾ ਹੈ ਪਰੰਤੂ ਜਦੋਂ ਅਸੀਂ ਇਹਨਾਂ ਸ਼ਾਬਦਿਕ ਜਾਂ ਅਮੂਰਤ ਬੋਲਾਂ ਨੂੰ ਨਾਟਕ ਰਾਹੀਂ ਕਾਰਜ ਰੂਪ ਵਿੱਚ ਪ੍ਰਸਤੁਤ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ 'ਨਾਟਕ ਦੇ ਈਡੀਅਮ' ਅਤੇ 'ਸਿੱਖ ਧਰਮ ਦੀ ਈਡੀਆਲੋਜੀ' ਦਾ ਮਸਲਾ ਖੜ੍ਹਾ ਹੁੰਦਾ ਹੈ ਕਿ ਗੁਰੂ ਨਾਨਕ ਦੇਵ ਜੀ ਨੂੰ ਮੰਚ ਤੇ ਕਿਸੇ ਪਾਤਰ/ਕਲਾਕਾਰ ਦੇ ਰੂਪ ਵਿੱਚ ਨਹੀਂ ਸਾਕਾਰ ਕੀਤਾ ਜਾ ਸਕਦਾ। ਇਉਂ ਨਾਟਕੀ ਧਰਾਤਲ ਉੱਤੇ ਗੁਰੂ ਨਾਨਕ ਦੇਵ ਜਾਂ ਹੋਰ ਗੁਰੂ ਸਾਹਿਬਾਨ ਮੰਚ ਉੱਤੇ ਬੋਲਣ ਤਾਂ ਜ਼ਰੂਰ ਪਰੰਤੂ ਕਿਸੇ ਹੋਰ ਪਰੋਖ ਵਿਧੀ ਨਾਲ, ਜਿਸ ਨੂੰ ਅਸੀਂ 'ਨਾਇਕ ਨਿਰਪੇਖ ਨਾਟਕ' ਦੇ ਤੌਰ ਤੇ ਪਰਿਭਾਸ਼ਿਤ ਕਰ ਸਕਦੇ ਹਾਂ। ਇਹ ਨਾਇਕ ਨਿਰਪੇਖ ਨਾਟਕ' ਨਾਟਕ ਦਾ ਸਿਧਾਂਤਕ ਸੰਕਟ ਨਹੀਂ ਬਲਕਿ ਵਿਹਾਰਕ ਸੰਕਟ ਹੈ ਜੋ 'ਨਾਟਕ ਦੇ ਕਾਰਜਗਤ ਈਡੀਅਮ' ਅਤੇ 'ਸਿੱਖ ਧਰਮ ਦੀ ਵਿਸ਼ੇਸ਼ ਈਡੀਆਲੋਜੀ' ਦੇ ਦਵੰਦ ਵਿੱਚੋਂ ਪੈਦਾ ਹੋਇਆ ਹੈ, ਕਿਉਂਕਿ ਕਵਿਤਾ ਜਾਂ ਗਲਪੀ ਬਿਰਤਾਂਤ ਵਿਚ ਗੁਰੂ ਨਾਨਕ ਦੇਵ ਬੋਲ ਸਕਦੇ ਹਨ ਪਰੰਤੂ ਕਾਰਜ ਰੂਪ ਵਿੱਚ ਮੰਚ ਤੇ ਵਿਚਰ ਨਹੀਂ ਸਕਦੇ। ਇਹ ਸਿਧਾਂਤ ਤੇ ਵਿਹਾਰ, ਬਿਰਤਾਂਤ ਤੇ ਕਾਰਜ ਜਾਂ ਨਾਟਕੀ ਤੇ ਅ-ਨਾਟਕੀ ਵਿਧਾਵਾਂ ਦਾ ਦਵੰਦ ਹੈ ਜਿਸ ਨੂੰ ਫੜੇ ਤੇ ਸਮਝੇ ਬਗੈਰ ਨਾਟ-ਆਲੋਚਨਾ ਦਾ ਵਿਲੱਖਣ ਮਾਡਲ ਨਹੀਂ ਸਿਰਜਿਆ ਜਾ ਸਕਦਾ। ਨਾਟਕ ਦੀ ਟੈਕਸਟ ਵਿਚ ਅਜਿਹੇ ਟੈਕਸਟ ਬਾਹਰੇ ਸਰੋਕਾਰਾਂ ਨੂੰ ਸਮਝਣਾ ਬੜਾ ਅਹਿਮ ਹੈ ਜੋ ਨਾਟਕ ਅਤੇ ਨਾਟ-ਆਲੋਚਨਾ ਦੇ ਬਹੁਪਰਤੀ ਤੇ ਵਿਲੱਖਣ ਈਡੀਅਮ ਨੂੰ ਨਿਰਧਾਰਤ ਕਰਦੇ ਹਨ। ਸਮਕਾਲੀ

ਚਿੰਤਨ ਦੇ ਪਰਿਪੇਖ ਵਿਚ ਨਾਟ ਸਮੀਖਿਆ ਦੇ ਅਜਿਹੇ ਸਰੋਕਾਰਾਂ ਦੀ ਤਲਾਸ਼ ਕਰਨਾ ਵੀ ਮਹਤਵਪੂਰਨ ਕਾਰਜ ਹੈ।

ਇਸ ਸਮਕਾਲੀ ਦ੍ਰਿਸ਼ਟੀ ਦੇ ਨਜ਼ਰੀਏ ਤੋਂ ਪੰਜਾਬੀ ਨਾਟਕ ਅਤੇ ਪੰਜਾਬੀ ਨਾਟ ਆਲੋਚਨਾ ਨੂੰ ਜੇਕਰ ਬਰਾਬਰ ਰੱਖ ਕੇ ਵਿਸ਼ਲੇਸ਼ਿਤ ਕਰੀਏ ਤਾਂ ਅਜ਼ੀਬੋ ਗਰੀਬ ਸਥਾਪਨਾਵਾਂ ਸਾਮ੍ਹਣੇ ਆਉਂਦੀਆਂ ਹਨ। ਉਂਝ ਤਾਂ ਇਹ ਸਮੁੱਚੀ ਨਾਟਕੀ ਵਿਧਾ ਦਾ ਹੀ ਮਸਲਾ ਹੈ ਪਰੰਤੂ ਪੰਜਾਬੀ ਨਾਟਕ ਦੇ ਮਸਲੇ ਵਿਚ ਇਹ ਤੱਤ ਕਾਫੀ ਗੰਭੀਰ ਅਤੇ ਪਛਾਨਣਯੋਗ ਹੈ ਕਿ ਪੰਜਾਬੀ ਨਾਟਕ ਦਾ ਇੱਕ ਵੱਡਾ ਹਿੱਸਾ ਮਨ-ਮੰਚ ਤੋਂ ਸ਼ਬਦ ਸੰਰਚਨਾ ਵਿਚ ਰੂਪਾਂਤਰਿਤ ਤਾਂ ਹੁੰਦਾ ਹੈ ਪਰੰਤੂ ਬਹੁਤੀ ਵਾਰ ਇਹ ਸਬਦ ਸੰਰਚਨਾ ਲਿਖਤ ਨਾ ਹੋ ਕੇ ਮੌਖਿਕ ਹੀ ਰਹਿ ਜਾਂਦੀ ਰਹੀ ਹੈ। ਭਾਵ ਮਨ ਮੰਚ ਤੋਂ ਮੌਖਿਕ ਟੈਕਸਟ ਰਾਹੀਂ ਸਿੱਧਾ ਮੰਚ ਸੰਰਚਨਾ ਦੇ ਰੂਪ ਵਿਚ ਰੂਪਾਂਤਰਿਤ ਹੋ ਕੇ ਮੰਚ ਤੇ ਸਾਕਾਰ ਹੋ ਜਾਂਦਾ ਰਿਹਾ ਹੈ। ਸਾਡਾ ਸਮੁੱਚਾ ਲੋਕ ਨਾਟਕ ਮਨ ਮੰਚ ਤੋਂ ਸਿੱਧਾ ਹੀ ਮੰਚ ਸੰਰਚਨਾ ਦੇ ਰੂਪ ਵਿਚ ਦ੍ਰਿਸ਼ਗਤ ਰੂਪ ਧਾਰਦਾ ਰਿਹਾ ਹੈ। ਲੋਕ ਨਾਟਕੀ ਦੌਰ ਤੋਂ ਵਿਸ਼ਿਸ਼ਟ ਨਾਟਕੀ ਦੌਰ ਵਿਚ ਪਹੁੰਚ ਕੇ ਜਿੱਥੇ ਪੰਜਾਬੀ ਨਾਟਕ ਦੀ ਇਕ ਧਾਰਾ ਵਧੇਰੇ ਸਿੱਖਿਅਤ ਰੂਪ ਵਿਚ ਨਾਟਕ ਦੀਆਂ ਸਮੁੱਚੀਆ ਸੰਭਾਵਨਾਵਾਂ (ਸ਼ਬਦ ਸੰਰਚਨਾ ਤੋਂ ਖੇਡ ਸੰਰਚਨਾ ਤੱਕ) ਦਾ ਪ੍ਰਯੋਗ ਕਰਦੀ ਰਹੀ ਹੈ ਪਰੰਤੂ ਇਕ ਧਾਰਾ ਉਸੇ ਤਰਾਂ ਲੋਕ ਨਾਟਕੀ ਸੰਕਲਪ ਵਾਂਗ ਸਿੱਧਾ ਹੀ ਲੋਕਾਂ ਨਾਲ ਰਾਬਤਾ ਕਰਦੀ ਰਹੀ ਹੈ। ਇਸ ਧਾਰਾ ਵਿਚ ਇਪਟਾ ਦਾ ਥੀਏਟਰ, ਗੁਰਸ਼ਰਨ ਸਿੰਘ ਦਾ ਥੀਏਟਰ, ਕਮਿਊਨਿਸਟਾਂ ਦੇ ਡਰਾਮਾ ਸਕੂਐਡਾਂ ਦਾ ਥੀਏਟਰ, ਲੋਕ ਨਾਟਕਾਂ ਵਿੱਚੋਂ ਰਾਮ ਲੀਲਾਵਾਂ-ਰਾਸ ਲੀਲਾਵਾਂ ਦਾ ਥੀਏਟਰ, ਲੋਕ ਸੰਪਰਕ ਵਿਭਾਗ ਦਾ ਥੀਏਟਰ ਅਜਿਹੇ ਹਨ ਜਿਨ੍ਹਾਂ ਨੇ ਜਾ ਤਾਂ ਆਪਣੀਆਂ ਸ਼ਬਦ ਸਕ੍ਰਿਪਟਾਂ ਤਿਆਰ ਕੀਤੀਆ ਹੀ ਨਹੀਂ, ਜੇ ਕੀਤੀਆਂ ਤਾਂ ਸਾਂਭੀਆਂ ਨਹੀਂ।

ਦੂਜੇ ਪਾਸੇ ਪੰਜਾਬੀ ਨਾਟ ਆਲੋਚਨਾ ਨੇ ਲਿਖਤ ਸੰਰਚਨਾ ਵਾਲੇ ਥੀਏਟਰ ਨੂੰ ਤਾਂ ਗਲਪ ਜਾਂ ਕਾਵਿ ਆਲੋਚਨਾ ਦੀ ਤਰਜ਼ ਤੇ ਗ੍ਰਹਿਣ ਕਰ ਲਿਆ ਪਰੰਤੂ ਦੂਜੀ ਧਾਰਾ ਨਾਲ ਇਸ ਦਾ ਕੋਈ ਵਾਹ ਵਾਸਤਾ ਨਾ ਰਿਹਾ। ਸਿੱਟੇ ਵੱਜੋਂ ਇਹ ਦੂਜੀ ਧਾਰਾ ਨੇ ਪੜਚੋਲ ਦਾ ਹਿੱਸਾ ਤਾਂ ਕੀ ਬਣਨਾ ਸੀ 'ਡਾਕਿਊਮੈਂਟੇਸ਼ਨ' ਦਾ ਹਿੱਸਾ ਵੀ ਨਹੀਂ ਬਣੀ ਸਕੀ। ਇਉਂ ਨਾਟ ਰਚਨਾ ਦੇ ਖੇਤਰ ਵਿਚ ਤਾਂ ਇਹ ਦੋਵੇਂ ਧਾਰਾਵਾਂ (ਮੌਖਿਕ ਤੇ ਲਿਖਤ ਪਾਠ ਵਾਲੀਆਂ) ਨਦੀ ਦੇ ਕਿਨਾਰਿਆਂ ਵਾਂਗ ਨਾਲੋ ਨਾਲ ਚਲਦੀਆਂ ਰਹੀਆਂ ਪਰੰਤੂ ਨਾਟ ਆਲੋਚਨਾ ਵਧੇਰੇ ਤੌਰ ਤੇ ਇਕ ਪਾਸੜ ਰਹੀ। ਅੱਜ ਵੀ ਨਾਟਕਾਂ ਦੇ ਮਸਲੇ ਵਿਚ ਇਹ ਤੱਥ ਗੌਲਣਯੋਗ ਹੈ ਕਿ ਪੰਜਾਬੀ ਨਾਟਕਾਂ ਦਾ ਇਕ ਵੱਡਾ ਹਿੱਸਾ ਪਹਿਲਾਂ ਸਿੱਧਾ ਮੰਚ ਉੱਤੇ ਪ੍ਰਦਰਸ਼ਿਤ ਹੋ ਰਿਹਾ ਹੈ, ਪ੍ਰਕਾਸ਼ਿਤ ਬਹੁਤ ਦੇਰ ਬਾਅਦ ਵਿਚ ਹੋ ਰਿਹਾ ਅਤੇ ਸਾਡੀ ਵਰਤਮਾਨ ਨਾਟ ਆਲੋਚਨਾ ਪ੍ਰਕਾਸ਼ਿਤ ਪਾਠ ਤੋਂ ਬਿਨਾਂ ਇਹਨਾਂ ਖੇਡ ਸਕ੍ਰਿਪਟਾਂ ਦਾ ਨੋਟਿਸ ਲੈਣ ਲਈ ਅੱਜ ਵੀ ਤਿਆਰ ਨਹੀਂ। ਇੱਥੋਂ ਤੱਕ ਕਿ ਹੁਣ ਬਦਲੇ ਹੋਏ ਦੌਰ ਵਿਚ, ਜਦੋਂ ਸੁਤੰਤਰ ਨਿਰਦੇਸ਼ਨ ਦਾ ਯੁੱਗ ਪੰਜਾਬੀ ਨਾਟਕਾਂ ਵਿਚ ਵੀ ਆ ਚੁੱਕਾ ਹੈ, ਜਿਸ ਨੂੰ 'ਨਿਰਦੇਸ਼ਕ ਦਾ ਰੰਗਮੰਚ' ਵੀ ਕਿਹਾ ਜਾਂਦਾ ਹੈ, ਉਥੇ ਅਨੇਕਾਂ ਕਵਿਤਾਵਾਂ, ਕਹਾਣੀਆਂ, ਜੀਵਨੀਆਂ, ਸਵੈ-ਜੀਵਨੀਆਂ ਦਾ ਨਾਟਕੀ ਰੂਪਾਂਤਰਣ ਹੋ ਰਿਹਾ ਹੈ ਜਿੰਨਾ ਨੂੰ ਅਸੀਂ ਨਾਟਕਕਾਰ ਦੇ ਨਾਟਕ ਨਹੀਂ ਬਲਕਿ 'ਨਿਰਦੇਸ਼ਕ ਦੇ ਨਾਟਕ' ਕਹਾਂਗੇ। ਇਹਨਾਂ ਨਿਰਦੇਸ਼ਕ ਦੇ ਨਾਟਕਾਂ ਦੀ ਸ਼ਬਦ ਸੰਰਚਨਾ ਜਾਂ ਖੇਡ ਸੰਰਚਨਾ ਦਾ ਪੰਜਾਬੀ ਨਾਟ ਆਲੋਚਨਾ ਦੇ ਖੇਤਰ

ਵਿਚ ਕੋਈ ਦਾਖਲਾ ਹੀ ਨਹੀਂ ਹੋਇਆ। ਕਾਰਨ ਉਹੀ ਹੈ ਕਿ ਅੱਜ ਤੱਕ ਬਹੁਤੀ ਪੰਜਾਬੀ ਨਾਟ ਆਲੋਚਨਾ ਨੇ ਨਾਟ ਆਲੋਚਨਾ ਦੇ ਵਿਸ਼ੇਸ਼ੀਕ੍ਰਿਤ ਮੁਹਾਵਰੇ ਵਿਚ ਆਪਣੇ ਆਪ ਨੂੰ ਢਾਲਿਆ ਨਹੀਂ ਬਲਕਿ ਗਲਪ ਜਾਂ ਕਾਵਿ ਆਲੋਚਨਾ ਦੇ ਸਿਧਾਤਾਂ ਨੂੰ ਨਾਟਕਾਂ ਉਪਰ ਆਰੋਪਿਤ ਕੀਤਾ ਹੈ।

ਵਰਤਮਾਨ ਦੌਰ ਵਿਚ ਉਪਰੋਕਤ ਦ੍ਰਿਸ਼ (Scenario) ਕੁਝ ਬਦਲਿਆ ਵੀ ਹੈ। ਹੁਣ ਸਥਿਤੀ ਏਨੀ ਨਿਰਾਸ਼ਾਜਨਕ ਵੀ ਨਹੀਂ। ਪੰਜਾਬੀ ਨਾਟਕ-ਥੀਏਟਰ ਵਿਚ ਕੁਝ ਅਜਿਹੇ ਆਲੋਚਕਾਂ ਦੀ ਆਮਦ ਹੋਈ ਹੈ ਜੋ ਇੱਕੋ ਵੇਲੇ ਨਾਟ ਲੇਖਨ, ਨਾਟ ਕਰਮ, ਨਾਟ ਨਿਰਦੇਸ਼ਨ, ਨਾਟ ਖੋਜ, ਨਾਟ ਸਮੀਖਿਆ ਅਤੇ ਨਾਟ ਅਧਿਆਪਨ ਨਾਲ ਜੁੜੇ ਹੋਏ ਹਨ। ਗੁਰਦਿਆਲ ਸਿੰਘ ਫੁੱਲ, ਕਪੂਰ ਸਿੰਘ ਘੁੰਮਣ, ਸੁਰਜੀਤ ਸਿੰਘ ਸੇਠੀ, ਡਾ. ਸਤੀਸ਼ ਕੁਮਾਰ ਵਰਮਾ, ਡਾ. ਕੁਲਦੀਪ ਸਿੰਘ ਧੀਰ, ਮੈਡਮ ਕਮਲੇਸ਼ ਉੱਪਲ, ਮਨਜੀਤਪਾਲ ਕੌਰ, ਪਾਲੀ ਭੁਪਿੰਦਰ ਸਿੰਘ ਆਦਿ ਉਹ ਲੋਕ ਹਨ ਜੋ ਸੁਤੰਤਰ ਰੂਪ ਵਿਚ ਨਾਟਕ ਥੀਏਟਰ ਦੇ ਆਲੋਚਕ ਦੇ ਰੂਪ ਵਿੱਚ ਸਥਾਪਿਤ ਹੋਏ ਹਨ ਅਤੇ ਜਿੰਨ੍ਹਾਂ ਨੇ ਨਾਟਕ ਦੇ ਸਿਧਾਂਤ, ਡਾਕਿਊਮੈਂਟੇਸ਼ਨ, ਇਤਿਹਾਸਕਾਰੀ, ਰਿਪੋਰਟਿੰਗ, ਖੋਜ ਅਤੇ ਆਲੋਚਨਾ ਦੇ ਖੇਤਰ ਵਿਚ ਸਤੁੰਲਿਤ ਕਾਰਜ ਕੀਤਾ ਹੈ ਅਤੇ ਕਰ ਰਹੇ ਹਨ ਪਰੰਤੂ ਅੱਜ ਵੀ ਇਕ ਵੱਡਾ ਹਿੱਸਾ ਉਸੇ ਤਰਾਂ ਸਮਕਾਲੀ ਵਿਸ਼ਵ ਚਿੰਤਨ ਤੋਂ ਕੋਰਾ ਹੈ ਅਤੇ ਸਿਰਫ ਗਲਪ ਆਲੋਚਨਾ ਦੇ 'ਪੈਮਾਨਿਆਂ' ਨਾਲ ਨਾਟ ਆਲੋਚਨਾ ਨੂੰ 'ਨਾਪ' ਰਿਹਾ ਹੈ। ਇਸ ਦੀ ਨਾਟਕ ਅਤੇ ਥੀਏਟਰ ਨਾਲ ਕੋਈ ਵਾਬਸਤਗੀ ਨਹੀਂ। ਇਸ ਕੋਲ ਨਾਟਕ ਦੀਆਂ ਵਿਸ਼ੇਸ਼ ਸ਼ੈਲੀਆਂ ਅਤੇ ਸਿਧਾਂਤਾਂ ਦੀ ਕੋਈ ਜਾਣਕਾਰੀ ਨਹੀਂ ਅਤੇ ਨਾ ਹੀ ਨਾਟ ਆਲੋਚਨਾ ਦਾ ਕੋਈ ਵਿਲੱਖਣ ਈਡੀਅਮ ਹੈ। ਇਸ ਆਲੋਚਕ ਵਰਗ ਵਿਚ ਜਾਂ ਤਾਂ ਨਾਟਕ-ਥੀਏਟਰ 'ਤੇ ਰਿਸਰਚ (ਐਮਫਿਲ/ਪੀ-ਐਚ ਡੀ) ਕਰਨ ਵਾਲੇ ਨਵ ਸਿਖਾਂਦਰੂ (ਜੋ ਸਿਰਫ 'ਡਿਗਰੀ ਕੇਂਦਰਿਤ' ਹੁੰਦੇ ਹਨ) ਆਉਂਦੇ ਹਨ ਜਾਂ ਫਿਰ ਗਲਪ ਜਾਂ ਕਵਿਤਾ ਦੇ ਉਹ ਆਲੋਚਕ ਜੋ ਸਿਰਫ ਲਿਖਣ ਤੇ ਛਪਣ ਕਰਕੇ ਹਰੇਕ ਵਿਧਾ ਦੀ ਮਾਸਟਰੀ ਦੇ 'ਫੋਬੀਏ' ਦਾ ਸ਼ਿਕਾਰ ਹੁੰਦੇ ਹਨ ਅਤੇ ਆਪਣੀ ਪਹੁੰਚ ਨਾਲ ਨਾਟਕ ਥੀਏਟਰ ਨਾਲ ਜੁੜੇ 'ਪ੍ਰਾਜੈਕਟ' ਲੈ ਲੈਂਦੇ ਹਨ ਅਤੇ ਗਲਪ ਆਲੋਚਨਾ ਦੇ ਪੈਮਾਨੇ ਨਾਟਕ-ਥੀਏਟਰ ਉੱਪਰ ਥੋਪਦੇ ਹਨ। ਅਜਿਹੇ ਦੋਵਾਂ ਪ੍ਰਕਾਰ ਦੇ ਆਲੋਚਕਾਂ ਦੀ ਵੱਡੀ ਸਮੱਸਿਆ ਇਹ ਹੁੰਦੀ ਹੈ ਕਿ ਇਹ ਆਪਣੀ ਆਲੋਚਨਾ ਤੋਂ ਪਹਿਲਾਂ ਪੂਰਵ ਆਲੋਚਨਾਂ ਨੂੰ ਨਹੀਂ ਪੜ੍ਹਦੇ। ਜਾਂ ਇਉਂ ਕਹਿ ਲਈਏ ਅਜਿਹੇ ਆਲੋਚਕ ਵਿਚ 'ਲਿਖਣ' ਦੀ ਰੁਚੀ ਵਧੇਰੇ ਹੁੰਦੀ ਹੈ, ਲਿਖਣ ਤੋਂ ਪਹਿਲਾਂ 'ਪੜ੍ਹਨ' ਦੀ ਰੁਚੀ ਨਾਮਾਤਰ ਹੁੰਦੀ ਹੈ ਜਦੋਂ ਕਿ ਇਹ ਕਿਸੇ ਵਿਧਾ ਦੀ ਆਲੋਚਨਾ ਜਾਂ ਰਿਸਰਚ ਦਾ ਧਰਮ ਹੈ ਕਿ ਪਹਿਲਾਂ ਉਸ ਵਿਧਾ ਵਿੱਚ 'ਸਰਚ' ਨੂੰ ਦੇਖਿਆ ਜਾਵੇ ਫਿਰ 'ਰਿਸਰਚ' ਦੇ ਰੂਪ ਵਿਚ ਪੇਸ਼ ਕੀਤਾ ਜਾਵੇ। ਮਸਲਨ ਇਕ ਆਲੋਚਕ ਨੇ ਪੰਜਾਬੀ ਨਾਟਕ ਦਾ ਇਤਿਹਾਸ ਲਿਖਣਾ ਹੈ ਤਾਂ ਲਾਜ਼ਮੀ ਤੌਰ ਤੇ ਉਹ ਉਸ ਤੋਂ ਪਹਿਲਾਂ ਲਿਖੇ ਪੰਜਾਬੀ ਨਾਟਕ ਦੇ ਇਤਿਹਾਸ ਦਾ ਵਿਸ਼ਲੇਸ਼ਣ ਕਰੇਗਾ, ਉਸ ਨੂੰ ਕੋਟ (quote) ਕਰੇਗਾ, ਉਸ ਨੂੰ ਰੱਦ ਕਰੇਗਾ ਜਾਂ ਉਸ ਦਾ ਵਿਸਥਾਰ ਕਰੇਗਾ, ਉਸ ਨੂੰ ਹੂ-ਬ-ਹੂ ਰੂਪ ਵਿੱਚ ਪੇਸ਼ ਨਹੀਂ ਕਰੇਗਾ ਜਾਂ ਪਹਿਲਾਂ ਤੋਂ ਹੀ ਸਥਾਪਤ ਧਾਰਨਾਵਾਂ ਦਾ ਦੁਹਰਾਅ ਨਹੀਂ ਕਰੇਗਾ। ਪਰੰਤੂ ਪੰਜਾਬੀ ਨਾਟਕ ਤੇ ਰੰਗਮੰਚ ਦੀ ਖੋਜ ਵਿਚ ਇਸ ਕਿਸਮ ਦੀ 'ਜ਼ਹਿਮਤ' ਉਠਾਉਣ ਦਾ ਘੱਟ ਹੀ 'ਰਿਵਾਜ਼' ਹੈ। ਇਕ ਵਿਸ਼ੇ ਤੇ ਇਕ ਚੈਪਟਰ ਦੀ ਆਮਦ ਤੋਂ ਬਾਅਦ ਉਸ ਵਿਸ਼ੇ ਤੇ ਅਜਿਹੇ ਕਈ ਕਈ ਚੈਪਟਰ ਉਹਨਾਂ ਹੀ

ਤੱਥਾਂ ਨਾਲ ਭਰੇ ਹੋਏ ਅਕਸਰ ਦੇਖੇ ਜਾ ਸਕਦੇ ਹਨ, ਵਿਸ਼ੇਸ਼ ਤੌਰ ਤੇ ਨਾਟਕ ਦੇ ਇਤਿਹਾਸ ਦੀ ਦ੍ਰਿਸ਼ਟੀ ਤੋਂ। ਅਜਿਹੇ ਆਰਟੀਕਲ ਸੂਚਨਾਮਈ (informatory) ਹੀ ਹੁੰਦੇ ਹਨ। ਮਸਲਨ ਪੰਜਾਬੀ ਰੰਗਮੰਚ ਦਾ ਇਤਿਹਾਸ, ਪੰਜਾਬੀ ਨਾਟਕ ਦਾ ਇਤਿਹਾਸ, ਪੰਜਾਬੀ ਨਾਟਕ ਦਾ ਨਿਕਾਸ ਅਤੇ ਵਿਕਾਸ, ਦਿੱਲੀ ਦਾ ਥੀਏਟਰ, ਮਾਲਵੇ ਦਾ ਥੀਏਟਰ ....... ਆਦਿ ਅਜਿਹੇ ਸਿਰਲੇਖ ਹਨ ਜਿੰਨ੍ਹਾਂ ਦੇ ਤਹਿਤ ਕਈ ਕਈ ਲੇਖਕ/ਆਲੋਚਕਾਂ ਨੇ ਲਗਭਗ ਇੱਕੋ ਜਿਹੀ ਜਾਣਕਾਰੀ ਹੀ ਦਿੱਤੀ ਹੈ। ਇਕ ਦੂਜੇ ਨੂੰ ਪੜ੍ਹਨ, ਤੁਲਨਾ ਕਰਨ, ਵਿਸਥਾਰ ਕਰਨ, ਰੱਦ ਕਰਨ, ਆਪਣਾ ਤਰਕ ਸਥਾਪਤ ਕਰਨ, ਇਤਿਹਾਸ ਦੀ ਪੁਣਛਾਣ ਕਰਨ ਜਾਂ ਕਾਲ ਵੰਡ ਨੂੰ ਤਾਰਕਿਕਤਾ ਪ੍ਰਦਾਨ ਕਰਨ ਦੀ ਸੁਹਿਰਦ ਕੋਸ਼ਿਸ਼ ਘੱਟ ਹੋਈ ਹੈ। ਉਦਹਾਰਨ ਵਜੋਂ ਨਾਟਕ ਜਾਂ ਰੰਗਮੰਚ ਦਾ ਇਤਿਹਾਸ ਲਿਖਣ ਲੱਗਿਆ ਜਦੋਂ ਇਪਟਾ (IPTA) ਜਾਂ ਸੰਗੀਤ ਨਾਟਕ ਦਾ ਜ਼ਿਕਰ ਆਉਂਦਾ ਹੈ ਤਾਂ ਗੱਲ ਸ਼ੀਲਾ ਭਾਟੀਆ ਤੋਂ ਆਰੰਭ ਹੋ ਕੇ ਤੇਰਾ ਸਿੰਘ ਚੰਨ, ਜੋਗਿੰਦਰ ਬਾਹਰਲਾ, ਪੰਡਤ ਖਲੀਲੀ, ਦਲੀਲੀ ਅਤੇ ਜਗਦੀਸ਼ ਫਰਿਆਦੀ ਤੇ ਆ ਕੇ ਮੁੱਕ ਜਾਂਦੀ ਹੈ। ਉਹ ਵੀ ਸਿਰਫ ਇਨਫਾਰਮੇਟਰੀ ਪੱਧਰ ਦੀ ਗੱਲ ਹੀ ਹੁੰਦੀ ਹੈ। ਇਸ ਤੋਂ ਅਗਾਂਹ ਕਿਸੇ ਨੇ ਵੀ ਜਾਣ ਦੀ ਕੋਸ਼ਿਸ਼ ਨਹੀਂ ਕੀਤੀ। ਇਸੇ ਤਰਾਂ ਦਿੱਲੀ ਦੇ ਸਪਰੂ ਹਾਊਸ ਥੀਏਟਰ ਦੀ ਜਦੋਂ ਵੀ ਕਿਸੇ ਨਾਟ-ਆਲੋਚਕ ਨੇ ਗੱਲ ਕੀਤੀ ਹੈ ਤਾਂ ਵਧੇਰੇ ਉਹਨਾਂ ਨਾਟਕਾਂ ਦੇ ਨਾਂ ਦਿੱਤੇ ਹਨ ਜਾਂ ਉਹਨਾਂ ਨੂੰ ਇੱਕ ਅੱਧ ਪੈਰ੍ਹੇ ਵਿਚ ਰੱਦ ਕੀਤਾ ਹੈ। ਇਕ-ਦੋ ਚਿੰਤਕਾਂ ਤੋਂ ਬਿਨਾ ਕਿਸੇ ਨੇ ਵੀ ਇਸ ਥੀਏਟਰ ਦੇ ਉਭਾਰ, ਇਸ ਥੀਏਟਰ ਦੇ ਵਿਸਥਾਰ, ਇਸ ਥੀਏਟਰ ਦੇ ਦਰਸ਼ਕ ਦੀ ਸਾਇਕੀ ਬਾਰੇ ਵਿਸ਼ਲੇਸ਼ਣ ਅਤੇ 'ਇਸ ਥੀਏਟਰ' ਤੇ 'ਉਸ ਥੀਏਟਰ' ਦਾ ਤੁਲਨਾਤਮਕ ਅਧਿਐਨ ਨਹੀਂ ਕੀਤਾ ਜਿਸ ਨੂੰ ਰੱਦ ਕਰਕੇ ਦਰਸ਼ਕ ਨੇ ਸਪਰੂ ਹਾਊਸ ਥੀਏਟਰ ਨੂੰ ਅਪਣਾਇਆ। ਸੋ ਮਹਿਜ ਸੂਚਨਾਵਾਂ ਤੱਕ ਦਿੱਤੀ ਚਲੰਤ ਜਾਣਕਾਰੀ ਨੇ ਪੰਜਾਬੀ ਨਾਟ ਖੋਜ ਤੇ ਸਮੀਖਿਆ ਦੀ ਗੰਭੀਰਤਾ ਨੂੰ ਵੱਡੀ ਸੱਟ ਮਾਰੀ ਹੈ। ਇਸ ਤੱਥ ਦੀ ਪੁਸ਼ਟੀ ਪੰਜਾਬੀ ਦੇ ਪ੍ਰਸਿੱਧ ਮੈਟਾ ਆਲੋਚਕ ਡਾ. ਹਰਿਭਜਨ ਸਿੰਘ ਭਾਟੀਆ ਨੇ ਵੀ ਪੰਜਾਬੀ ਨਾਟ ਚਿੰਤਨ ਦੀਆਂ ਸੀਮਾਵਾਂ ਨੂੰ ਰੇਖਾਂਕਿਤ ਕੀਤਾ ਹੈ :

"ਪੰਜਾਬੀ ਨਾਟਕ ਹਾਲੇ ਬਹੁਤ ਪਾਸਾਰਾਂ ਤੋਂ ਮੁੜ ਵਿਚਾਰੇ ਜਾਣ ਦੀ ਮੰਗ ਕਰਦਾ ਹੈ। ਮੈਨੂੰ ਲਗਦਾ ਹੈ, ਹਾਲੇ ਪੰਜਾਬੀ ਨਾਟਕ ਚੰਗੀ ਤਰ੍ਹਾਂ ਪੜ੍ਹਿਆ ਹੀ ਨਹੀਂ ਗਿਆ। ਜਿੱਥੋਂ ਤੱਕ ਪੰਜਾਬੀ ਨਾਟਕ ਚਿੰਤਨ ਦੀ ਗੱਲ ਹੈ, ਇਸਦੇ ਕਈ ਪੱਧਰ ਨੇ। ਥੀਉਰੀ ਦਾ ਪੱਧਰ ਹੈ, ਹਿਸਟਰੀ ਦਾ ਪੱਧਰ ਏ। ਟੈਕਸਚੁਆਲ ਐਨੇਲਸਿਸ ਨੇ। ਉਸ ਤੋਂ ਬਾਅਦ ਉਸਦੀਆਂ ਮੈਕਰੋ ਸਟੱਡੀਜ਼ ਨੇ। ਪੰਜਾਬੀ ਨਾਟ ਚਿੰਤਨ ਨੇ ਮੈਨੂੰ ਲਗਦਾ ਹੈ ਪੰਜਾਬੀ ਨਾਟਕ ਦੇ ਹਾਲੇ ਬਹੁਤ ਸਾਰੇ ਪੱਖਾਂ ਨੂੰ ਤਾਂ ਛੋਹਿਆ ਹੀ ਨਹੀਂ। ਇਥੋਂ ਤੱਕ ਕਿ ਜੋ ਸਾਡਾ ਨਾਟ ਸਿਧਾਂਤ ਵੀ ਹੈ, ਉਹ ਪੱਛਮ ਦਾ ਵੀ ਮਿਲ ਜਾਂਦਾ ਹੈ, ਸੰਸਕ੍ਰਿਤ ਦਾ ਹੈ, ਯੂਨਾਨੀ ਤੇ ਸ਼ੈਕਸਪੀਅਰ ਦਾ ਵੀ ਮਿਲ ਜਾਂਦਾ ਹੈ। ਪਰ ਮੈਨੂੰ ਹਾਲੇ ਤੀਕ ਕੋਈ ਅਜਿਹੀ ਪੁਸਤਕ ਨਹੀਂ ਮਿਲੀ ਜਿਸ ਵਿਚ ਇਸ ਨਾਟ ਸਿਧਾਂਤ ਨੂੰ ਇਕ ਮੁਕੰਮਲ ਰੂਪ ਵਿਚ, ਇਕ ਇਤਿਹਾਸਿਕ ਰੂਪ ਵਿਚ ਜਾਂ ਉਸ ਦੇ ਸਾਰੇ ਪਾਸਾਰਾਂ ਨੂੰ ਵਿਚਾਰਿਆ ਗਿਆ ਹੋਵੇ।"[2]

ਪੰਜਾਬੀ ਨਾਟਕ ਦੀ ਇਤਿਹਾਸਿਕ ਕਾਲਕ੍ਰਮਿਕਤਾ ਦਾ ਪ੍ਰਸੰਗ : ਕਿਸੇ ਵੀ ਵਿਧਾ ਦੀ ਸਮੀਖਿਆ ਦੇ ਚਿੰਤਨ ਦੀ ਅਮੀਰੀ ਦਾ ਅੰਦਾਜ਼ਾ ਇਸ ਗੱਲ ਤੋਂ ਵੀ ਲਗਦਾ ਹੈ ਕਿ ਉਹ ਆਪਣੀ ਮੂਲ ਟੈਕਸਟ ਦੇ ਆਧਾਰ ਤੇ ਆਪਣਾ ਕਾਲ ਪਰਿਪੇਖ ਨਿਰਧਾਰਿਤ ਕਰਦੀ ਹੈ ਕਿ

ਨਹੀਂ? ਇਸ ਦ੍ਰਿਸ਼ਟੀ ਤੋਂ ਪੰਜਾਬੀ ਨਾਟ ਸਮੀਖਿਆ ਸਮਕਾਲ ਦੇ ਹਾਣ ਦੀ ਨਹੀਂ ਹੈ ਕਿਉਂਕਿ ਇਸ ਨੇ ਪੰਜਾਬੀ ਨਾਟਕ ਤੇ ਰੰਗਮੰਚ ਦੇ ਇਤਿਹਾਸ ਨੂੰ ਇਤਿਹਾਸਿਕ ਕਾਲਕ੍ਰਮ ਅਨੁਸਾਰ ਸਮਝਣ ਅਤੇ ਪਰਿਭਾਸ਼ਿਤ ਕਰਨ ਦੀ ਬਹੁਤ ਘੱਟ ਕੋਸ਼ਿਸ਼ ਕੀਤੀ ਹੈ। ਨਾਟਕ ਦੇ ਕਾਲਗਤ ਪਰਿਪੇਖ ਦੀ ਦ੍ਰਿਸ਼ਟੀ ਤੋਂ ਭਾਵੇਂ ਮੁੱਢਲੇ ਯਤਨ 1931 ਵਿਚ ਆਈ ਪਹਿਲੀ ਪੁਸਤਕ ਪਿਆਰਾ ਸਿੰਘ ਗਿੱਲ ਅਤੇ ਕੇਹਰ ਸਿੰਘ ਰਚਿਤ 'ਨਾਟਕ ਰਤਨਾਕਰ (1931) ਨਾਲ ਸ਼ੁਰੂ ਹੋ ਗਏ ਸਨ ਫਿਰ ਵੀ ਇਸ ਦੀ ਵਿਗਿਆਨਕ ਕਾਲ ਵੰਡ ਅਤੇ ਇਸਦੇ ਰੁਝਾਨਾਂ ਤੇ ਪ੍ਰਵਿਰਤੀਆਂ ਨੂੰ ਸਮਝਣ ਦੇ ਠੋਸ ਯਤਨ ਨਹੀਂ ਹੋਏ। 21ਵੀਂ ਸਦੀ ਵਿਚ ਪ੍ਰਵੇਸ਼ ਹੋਣ ਤੇ, ਜਦ ਪੰਜਾਬੀ ਨਾਟਕ ਤੇ ਰੰਗਮੰਚ ਦੀ ਉਮਰ ਲੱਗਭਗ 100 ਸਾਲ ਦੇ ਨੇੜੇ ਲਗ ਚੁੱਕੀ ਸੀ, ਤਦ ਕੁਝ ਯਤਨ ਸਾਮ੍ਹਣੇ ਆਏ। ਸਮਕਾਲੀ ਚਿੰਤਨ ਦੀ ਦ੍ਰਿਸ਼ਟੀ ਤੋਂ ਪੰਜਾਬੀ ਨਾਟਕ ਤੇ ਰੰਗਮੰਚ ਦੀ ਇਤਿਹਾਸਿਕ ਕਾਲਕ੍ਰਮਿਕਤਾ ਨੂੰ ਆਧਾਰ ਬਣਾ ਕੇ ਵਰਤਮਾਨ ਦੌਰ ਵਿਚ ਸਬਿੰਦਰਜੀਤ ਸਿੰਘ ਸਾਗਰ ਦੁਆਰਾ ਰਚਿਤ ਪੁਸਤਕ 'ਪੰਜਾਬੀ ਨਾਟਕ ਦਾ ਇਤਿਹਾਸ' (1998), ਡਾ. ਸਤੀਸ਼ ਕੁਮਾਰ ਵਰਮਾ ਰਚਿਤ ਚਾਰ ਪੁਸਤਕਾਂ 'ਪੰਜਾਬੀ ਨਾਟਕ ਦਾ ਇਤਿਹਾਸ' (2005), 'ਪੰਜਾਬੀ ਨਾਟਕ-ਥੀਏਟਰ ਦੇ ਸੌ ਸਾਲ-ਡਾ. ਸਤੀਸ਼ ਕੁਮਾਰ ਵਰਮਾ', ਪੰਜਾਬੀ ਨਾਟ-ਮੰਚ ਦਾ ਨਿਕਾਸ ਤੇ ਵਿਕਾਸ (2011) 'ਪੰਜਾਬੀ ਨਾਟਕ ਦੀ ਇਤਿਹਾਸਕਾਰੀ' 2019) ਅਤੇ ਕੇਵਲ ਧਾਲੀਵਾਲ ਦੁਆਰਾ ਸੰਪਾਦਿਤ ਪੁਸਤਕ 'ਰੰਗਮੰਚ ਪੰਜਾਬ' (2019) ਜ਼ਿਕਰਯੋਗ ਹਨ। ਜਿਵੇਂ ਕਿ ਪਹਿਲਾਂ ਹੀ ਸਪਸ਼ਟ ਕੀਤਾ ਜਾ ਚੁੱਕਿਆ ਹੈ ਕਿ ਕਿਸੇ ਵੀ ਵਿਧਾ ਦੀ ਸਮੀਖਿਆ ਵਿਚ ਉਸ ਵਿਧਾ ਦੇ ਨਿਕਾਸ, ਵਿਕਾਸ ਅਤੇ ਇਤਿਹਾਸ ਨਾਲ ਸੰਬੰਧਤ ਖੋਜ ਬੁਨਿਆਦੀ ਕਾਰਜ ਹੁੰਦਾ ਹੈ ਜਿਸ ਤੋਂ ਬਿਨਾ ਉਸ ਵਿਧਾ ਦੇ ਤਾਰਕਿਕ ਵਿਸ਼ਲੇਸ਼ਣ ਦੀ ਧਾਰਾ ਅੱਗੇ ਨਹੀਂ ਤੁਰ ਸਕਦੀ। ਪੰਜਾਬੀ ਨਾਟਕ ਦੀ ਆਲੋਚਨਾ ਦੀ ਵਸਤੂ ਸਥਿਤੀ ਦੇ ਨਿਰੀਖਣ ਅਤੇ ਮੁਲਾਂਕਣ ਤੋਂ ਸਪਸ਼ਟ ਹੁੰਦਾ ਹੈ ਕਿ ਸਾਡੀ ਨਾਟ ਆਲੋਚਨਾ ਦਾ ਇਹ ਪਾਸਾਰ ਕਾਫ਼ੀ ਕਮਜ਼ੋਰ ਰਿਹਾ ਹੈ। ਪੰਜਾਬੀ ਨਾਟਕ/ਥੀਏਟਰ ਦੀ ਕਾਲ ਵੰਡ ਵਧੇਰੇ ਕਰਦੇ ਇਹਨਾਂ ਆਧਾਰਾਂ ਤੇ ਹੋਈ ਹੈ:

1. ਵਿਅਕਤੀਗਤ ਕਾਲ ਕ੍ਰਮ ਅਨੁਸਾਰ ਕਾਲ ਵੰਡ (ਪਹਿਲਾਂ ਬਾਵਾ ਬੁਧ ਸਿੰਘ, ਫੇਰ ਭਾਈ ਵੀਰ ਸਿੰਘ ਫੇਰ...)
2. ਪ੍ਰਵਿਰਤੀਆਂ ਦੇ ਆਧਾਰ ਤੇ ਕਾਲ ਵੰਡ (ਸੁਧਾਰਵਾਦੀ, ਯਥਾਰਥਵਾਦੀ, ਪ੍ਰਤੀਕਾਤਮਕ, ਐਬਸਰਡ ਆਦਿ)
3. ਕਿਸਮਾਂ ਦੇ ਆਧਾਰ ਤੇ ਕਾਲ ਵੰਡ (ਨਾਟਕ, ਇਕਾਂਗੀ, ਸੁਖਾਂਤ, ਦੁਖਾਂਤ, ਕਾਵਿ ਨਾਟਕ, ਸੰਗੀਤ ਨਾਟਕ ਆਦਿ)
4. ਸਮੇਂ ਦੇ ਆਧਾਰ ਤੇ ਕਾਲ ਵੰਡ (ਪੂਰਵ ਸੁਤੰਤਰਤਾ ਕਾਲ ਅਤੇ ਉੱਤਰ ਸੁਤੰਤਰਤਾ ਕਾਲ ਆਦਿ)
5. ਸ਼ਹਿਰਾਂ, ਖੇਤਰਾਂ ਦੇ ਆਧਾਰ ਤੇ ਕਾਲ ਵੰਡ (ਪਾਕਿਸਤਾਨੀ/ਪ੍ਰਵਾਸੀ/ਲਾਹੌਰੀ/ਦਿੱਲੀ/ ਮਾਲਵਾ/ਮਾਝਾ/ ਅੰਮ੍ਰਿਤਸਰ/ ਪਟਿਆਲਾ ਆਦਿ)

ਇਸ ਸੰਬੰਧ ਵਿਚ ਸਭ ਤੋਂ ਨਵੀਨ ਅਤੇ ਤਾਰਕਿਕ ਖੋਜ ਕਾਰਜ ਡਾ. ਸਤੀਸ਼ ਕੁਮਾਰ ਵਰਮਾ ਦੀਆਂ ਦੋ ਪੁਸਤਕਾਂ 'ਪੰਜਾਬੀ ਨਾਟਕ ਦਾ ਇਤਿਹਾਸ' ਅਤੇ 'ਪੰਜਾਬੀ ਨਾਟਕ ਦੀ ਇਤਿਹਾਸਕਾਰੀ' ਰਾਹੀਂ ਸਾਮ੍ਹਣੇ ਆਉਂਦਾ ਹੈ। 'ਪੰਜਾਬੀ ਨਾਟਕ ਦਾ ਇਤਿਹਾਸ' ਪੁਸਤਕ ਵਿਚ

ਭਾਵੇਂ ਡਾ. ਵਰਮਾ ਨੇ ਪੂਰਵ ਪ੍ਰਾਪਤ ਕਾਲ ਵੰਡ ਦਾ ਵਰਣਨ, ਸਵੀਕਾਰਨ ਜਾਂ ਖੰਡਨ ਤਾਂ ਨਹੀਂ ਕੀਤਾ ਪਰੰਤੂ ਆਪਣੇ ਵੱਲੋਂ ਇਕ ਤਾਰਕਿਕ ਤੇ ਕਾਫ਼ੀ ਹੱਦ ਤੱਕ ਸੰਪੂਰਨ ਤੇ ਅਪ-ਟੂ-ਡੇਟ ਕਾਲ ਵੰਡ ਕਰਨ ਦਾ ਸਾਰਥਕ ਉਪਰਾਲਾ ਕੀਤਾ ਹੈ। ਉਹਨਾਂ ਦੀ ਕਾਲ ਵੰਡ ਇਸ ਪ੍ਰਕਾਰ ਹੈ।

1. ਆਧਾਰ ਭੂਮੀ
2. ਪਹਿਲਾਂ ਦੌਰ
3. ਦੂਜਾ ਦੌਰ
4. ਤੀਜਾ ਦੌਰ- 1947 ਤੋਂ 1975
5. ਚੌਥਾ ਦੋਰ- 1975 ਤੋਂ 1980
6. ਪੰਜਵਾਂ ਦੌਰ - 1990 ਤੋਂ 2004[3]

ਪਰ ਕਾਲਕ੍ਰਮਿਕਤਾ ਦੀ ਦ੍ਰਿਸ਼ਟੀ ਤੋਂ ਅਜੇ ਬਹੁਤ ਕੁਝ ਕਰਨਾ ਬਾਕੀ ਹੈ। ਨਾਟਕ ਦੇ ਇਤਿਹਾਸ ਨੂੰ ਕਿਸੇ ਇਕ ਤਰੀਕੇ ਨਾਲ ਵਿਸ਼ਲੇਸ਼ਿਤ ਨਹੀਂ ਕੀਤਾ ਜਾ ਸਕਦਾ ਬਲਕਿ ਇਸ ਨੂੰ ਬਹੁਪਰਤੀ ਰੂਪ ਵਿਚ ਵਿਉਂਤਣਾ ਪਵੇਗਾ।

ਸਮਕਾਲੀ ਨਾਟ ਸਮੀਖਿਆ ਦੇ ਨਵੀਨ ਸਰੋਕਾਰ:

ਪੰਜਾਬੀ ਨਾਟਕ ਤੇ ਰੰਗਮੰਚ ਦੀ ਆਲੋਚਨਾ ਦੇ ਇਹਨਾਂ ਆਰੰਭਕ ਪਾਸਾਰਾਂ, ਮੁੱਦਿਆਂ ਅਤੇ ਮਸਲਿਆਂ ਤੇ ਚਰਚਾ ਕਰਨ ਤੋਂ ਬਾਅਦ ਅਗਲਾ ਸੁਆਲ ਇਹ ਦੇਖਣਾ ਹੈ ਕਿ ਸਮਕਾਲੀ ਚਿੰਤਨ ਦੇ ਨਜ਼ਰੀਏ ਤੋਂ ਪੰਜਾਬੀ ਨਾਟ ਆਲੋਚਨਾ ਦੇ ਕਿਹੜੇ ਨਵੀਨ ਪਾਸਾਰ ਦ੍ਰਿਸ਼ਟੀਗੋਚਰ ਹੁੰਦੇ ਹਨ। ਸਮਕਾਲੀ ਚਿੰਤਨ ਦੀ ਦ੍ਰਿਸ਼ਟੀ ਤੋਂ ਇਹ ਗੱਲ ਬਹੁਤ ਮਹੱਤਵਪੂਰਨ ਹੈ ਕਿ ਪੰਜਾਬੀ ਨਾਟ ਆਲੋਚਨਾ ਆਪਣੇ ਦਾਇਰਿਆਂ ਵਿਚ ਕਿਸ ਕਿਸਮ ਦਾ ਸੰਵਾਦ ਰਚਾ ਰਹੀ ਹੈ, ਕਿਹੜੇ ਮੁੱਦਿਆਂ ਦੇ ਸਨਮੁਖ ਹੋ ਰਹੀ ਹੈ ਅਤੇ ਕਿਹੜੇ ਨਵੇਂ ਪ੍ਰਸ਼ਨ ਉਭਾਰ ਰਹੀ ਹੈ? ਉਹ ਕਿਹੜੇ ਮੌਲਿਕ ਬਿੰਦੂ ਹਨ, ਜਿਨ੍ਹਾਂ ਦੇ ਆਧਾਰ ਤੇ ਸਮਕਾਲੀ ਨਾਟ ਚਿੰਤਨ ਦੇ ਵਿਸ਼ੇਸ਼ ਪ੍ਰਸੰਗ ਵਿਚ ਇਸਦੇ ਨਕਸ਼ ਪਛਾਣੇ ਜਾ ਸਕਦੇ ਹਨ? ਕਿਉਂਕਿ ਇਸੇ ਵਿੱਚੋਂ ਭਵਿੱਖ ਦੀ ਨਾਟ ਆਲੋਚਨਾ ਦਾ ਮਾਡਲ ਉੱਸਰਨਾ ਹੈ। ਇਸ ਦ੍ਰਿਸ਼ਟੀ ਤੋਂ ਹੇਠ ਲਿਖੇ ਅਨੁਸਾਰ ਕੁਝ ਪੱਖ ਮਹਤਵਪੂਰਨ ਹਨ:

1. ਗਲੋਬਲੀ ਸਰੋਕਾਰ :

ਸਮਕਾਲੀ ਚਿੰਤਨ ਦੀ ਦ੍ਰਿਸ਼ਟੀ ਤੋਂ ਗਲੋਬਲਾਈਜ਼ੇਸ਼ਨ ਸਮਕਾਲ ਦਾ ਸਭ ਤੋਂ ਅਹਿਮ ਵਰਤਾਰਾ ਹੈ ਜਿਸ ਨਾਲ ਕਿਸੇ ਵੀ ਚਿੰਤਨਧਾਰਾ ਜਾਂ ਅਨੁਸ਼ਾਸ਼ਨ ਦਾ ਸੰਵਾਦ ਰਚਾਉਣਾ ਸਮੇਂ ਦੀ ਆਵਸ਼ਕਤਾ ਹੈ। ਇਸ ਦ੍ਰਿਸ਼ਟੀ ਤੋਂ ਪੰਜਾਬੀ ਨਾਟ ਸਮੀਖਿਆ ਵਿਚ ਪਹਿਲੀ ਚਰਚਾ 'ਪੰਜਾਬੀ ਨਾਟਕ ਪ੍ਰਗਤੀ ਦੇ ਪਾਸਾਰ' (ਸਤੀਸ਼ ਕੁਮਾਰ ਵਰਮਾ) ਅਤੇ 'ਪੰਜਾਬੀ ਰੰਗਮੰਚ ਦੀ ਭੂਮਿਕਾ' (ਸਤੀਸ਼ ਕੁਮਾਰ ਵਰਮਾ) ਨਾਲ ਚਲਦੀ ਹੈ। ਉਹਨਾਂ ਇਸ ਪੁਸਤਕ ਵਿਚ ਸ਼ਾਮਿਲ ਆਪਣੇ ਇਕ ਨਿਬੰਧ 'ਵਿਸ਼ਵੀਕਰਨ ਤੇ ਪੰਜਾਬੀ ਨਾਟਕ' ਵਿਚ ਵਿਸ਼ਵੀਕਰਨ ਦੇ ਸਿਧਾਂਤਕ ਪੱਖ ਬਾਰੇ ਚਰਚਾ ਕਰਨ ਤੋਂ ਬਾਅਦ ਪੰਜਾਬੀ ਨਾਟਕ ਅਤੇ ਰੰਗਮੰਚ ਉੱਪਰ ਵਿਸ਼ਵੀਕਰਨ ਦੇ ਪ੍ਰਭਾਵ ਨੂੰ ਚਾਰ ਪਰਤਾਂ ਰਾਹੀਂ ਅੰਕਿਤ ਕੀਤਾ ਹੈ। ਪਹਿਲੀ ਪਰਤ ਵਿਚ ਆਪਣੇ ਪਾਠਕ ਅਤੇ ਦਰਸ਼ਕ ਨੂੰ ਇਹਨਾਂ ਸਥਿਤੀਆਂ ਬਾਰੇ ਚੇਤਨ ਕਰਨਾ ਹੈ। ਦੂਜੀ ਪਰਤ ਅਧੀਨ ਪੰਜਾਬੀ ਨਾਟਕ ਤੇ ਰੰਗਮੰਚ ਨੇ ਆਪਣੇ ਪ੍ਰਕਾਰ ਤੇ ਸੰਚਾਰ ਲਈ ਨਵੀਆਂ ਵਿਧੀਆਂ ਦੀ ਤਲਾਸ਼ ਕਰਨੀ ਹੈ। ਤੀਜੀ ਪਰਤ ਵਿਸ਼ਵੀਕਰਨ ਰਾਹੀਂ ਵਿਕਸਿਤ ਹੋਈ ਟੀ ਵੀ ਮਾਧਿਅਮ ਨਾਲ ਪੰਜਾਬੀ ਨਾਟਕ ਦੇ ਰਿਸ਼ਤੇ ਨੂੰ

ਪਰਿਭਾਸ਼ਿਤ ਕਰਨ ਨਾਲ ਸਬੰਧਿਤ ਹੈ ਅਤੇ ਚੌਥੀ ਪਰਤ ਪੰਜਾਬੀ ਨਾਟਕ ਦੇ ਸਥਾਨਕ, ਪੰਜਾਬੋਂ ਬਾਹਰੇ ਅਤੇ ਦੇਸ਼ੋਂ ਬਾਹਰੇ ਨਾਟ ਮੰਚੀ ਸਰੋਕਾਰਾਂ ਦੀ ਪਛਾਣ ਦੀ ਹੈ।[4] ਇਹਨਾਂ ਤੋਂ ਬਾਅਦ ਇਸ ਵਿਸ਼ਵੀਕਰਨ ਦੀ ਸਥਿਤੀ ਬਾਰੇ ਕੁਝ ਇਸ਼ਾਰੇ ਕਰਦਾ ਹੋਇਆ ਪਾਲੀ ਭੁਪਿੰਦਰ ਸਿੰਘ ਆਪਣੀ ਪੁਸਤਕ 'ਪੰਜਾਬੀ ਨਾਟਕ ਅਤੇ ਨਾਟ ਚਿੰਤਨ' ਦੇ ਨਿਬੰਧ 'ਨਵਾਂ ਪੰਜਾਬੀ ਨਾਟਕ' ਵਿਚ ਲਿਖਦਾ ਹੈ ਕਿ ਨਵੀਂ ਸਦੀ ਵਿਚ ਵਿਸ਼ਵੀਕਰਨ ਦੇ ਪ੍ਰਭਾਵ ਸਦਕਾ ਭਾਰਤੀ ਤੇ ਪੰਜਾਬੀ ਸਮਾਜ ਵਿਚ ਕਦਰਾਂ ਕੀਮਤਾਂ ਦੀ ਹੋ ਰਹੀ ਟੁੱਟ ਭੱਜ ਨੇ ਨਿਰਸੰਦੇਹ ਪੰਜਾਬੀ ਭਾਸ਼ਾ ਦੀ ਸਾਰੀਆਂ ਵਿਧਾਵਾਂ ਉਪਰ ਅਸਰ ਪਾਇਆ ਹੈ। ਨਵਾਂ ਪੰਜਾਬੀ ਨਾਟਕ ਵੀ ਪੂਰੀ ਗੰਭੀਰਤਾ ਸਦਕਾ ਇਸ ਟੁੱਟ ਭੱਜ ਨੂੰ ਸਮਝਣ ਦੀ ਕੋਸ਼ਿਸ਼ ਕਰ ਰਿਹਾ ਹੈ। ਟੀਵੀ ਚੈਨਲਾਂ ਦੀ ਗੁੜ੍ਹਤੀ ਨਾਲ ਜ਼ਿੰਦਗੀ ਲਈ ਤਿਆਰ ਹੋਈ ਨਵੀਂ ਪੀੜ੍ਹੀ ਦੀਆਂ ਸਮੱਸਿਆਵਾਂ ਤਾਂ ਬੇਸ਼ਕ ਭਾਰਤੀ ਸੱਭਿਆਚਾਰ ਅਤੇ ਫਲਸਫ਼ੇ ਦੀਆਂ ਗੁੰਝਲਾਂ ਵਿੱਚੋਂ ਪੈਦਾ ਹੋਈਆਂ ਹਨ ਪਰ ਇਨ੍ਹਾਂ ਦੇ ਸਮਾਧਾਨ ਲਈ ਉਨ੍ਹਾਂ ਦੀ ਸੋਚ ਨਿਰੀ ਅਮਰੀਕਨ ਹੈ ਜਿਹੜੀ ਉਹਨਾਂ ਨੂੰ ਚੈਨਲਾਂ ਦੇ 'ਬੋਲਡ ਅਤੇ ਬਿਉਟੀਫੁੱਲ' ਲੜੀਵਾਰਾਂ ਤੋਂ ਹਾਸਿਲ ਹੋਈ ਹੈ। ਆਰਥਿਕਤਾ ਦੇ ਗੁੰਝਲਦਾਰ ਵਰਤਾਰੇ ਨੇ ਇਮਾਨਦਾਰੀ ਦੇ ਅਰਥ ਬਦਲ ਦਿੱਤੇ ਹਨ, ਉਥੇ ਕਾਮੁਕ ਆਜ਼ਾਦੀ ਨੇ ਨੈਤਿਕਤਾ ਨਾਲ ਜੁੜੇ ਮੁੱਲਾਂ ਵਿਚ ਪਰਿਵਰਤਨ ਲਿਆਂਦਾ ਹੈ। ਇਸ ਖੁੱਲ੍ਹੇਪਣ ਦੀ ਹਨੇਰੀ ਵਿਚ ਪਰੰਪਰਾ ਦਾ ਹਰ ਵਰਤਾਰਾ ਪੰਜਾਬੀ ਨਾਟਕਕਾਰਾਂ ਦੀ ਪ੍ਰਯੋਗਸ਼ਾਲਾ ਵਿਚ ਵਿਚਾਰ ਅਧੀਨ ਹੈ। ਆਤਮਜੀਤ ਦਾ 'ਮੈਂ ਤਾਂ ਇਕ ਸਾਰੰਗੀ ਹਾਂ', ਕੇਵਲ ਸੂਦ ਦਾ 'ਮੁਰਗੀਖਾਨਾ', ਨਿਰਮਲ ਜੌੜਾ ਦਾ 'ਵਾਪਸੀ' ਤੇ ਪਾਲੀ ਭੁਪਿੰਦਰ ਸਿੰਘ ਦਾ 'ਚੰਦਨ ਦੇ ਉਹਲੇ' ਇਸ ਪ੍ਰਸੰਗ ਵਿਚ ਵਿਚਾਰੇ ਜਾ ਸਕਦੇ ਹਨ।5 ਪਾਲੀ ਦੇ ਇਸ ਸੰਖੇਪ ਪ੍ਰਵਚਨ ਤੋਂ ਬਾਅਦ ਇਸ ਸਬੰਧ ਵਿਚ ਡਾ. ਰਵਿੰਦਰ ਕੌਰ ਦੁਆਰਾ ਸੰਪਾਦਿਤ ਪੁਸਤਕ 'ਪੰਜਾਬੀ ਨਾਟ ਮੰਚ ਦੇ ਗਲੋਬਲੀ ਸਰੋਕਾਰ' ਦਾ ਜ਼ਿਕਰ ਕਰਨਾ ਬਣਦਾ ਹੈ। ਇਸ ਵਿਚ ਪੰਜ ਦੇ ਕਰੀਬ ਖੋਜ ਪੱਤਰ ਸਿੱਧੇ ਤੌਰ ਤੇ ਵਿਸ਼ਵੀਕਰਨ ਨਾਲ ਜੁੜੇ ਹੋਏ ਹਨ। ਇਹਨਾਂ ਨਿਬੰਧਾਂ ਦੇ ਸਿਰਲੇਖਾਂ ਤੋਂ ਇਹ ਜਾਪਦਾ ਹੈ ਕਿ ਇਹ ਨਿਬੰਧ ਇਸ ਵਰਤਾਰੇ ਦੇ ਸਿਧਾਂਤ ਨੂੰ ਸਮਝਦੇ ਹੋਏ ਪੰਜਾਬੀ ਨਾਟਕ ਅਤੇ ਰੰਗਮੰਚ ਵਿਚ ਇਸ ਦੇ ਸਰੋਕਾਰਾਂ ਦੀ ਤਲਾਸ਼ ਕਰਨ ਦੇ ਰਾਹ ਪੈਣਗੇ। ਪਰ ਇਹਨਾਂ ਵਿੱਚੋਂ ਇਕ ਨਿਬੰਧ ਨੂੰ ਛੱਡ ਕੇ ਕਿਸੇ ਵੀ ਨਿਬੰਧ ਵਿਚ ਇਸ ਵਰਤਾਰੇ ਦੀ ਸਿਧਾਂਤਕ ਸਪਸ਼ਟਤਾ ਨਹੀਂ ਹੈ। ਇਹਨਾਂ ਨਿਬੰਧਾਂ ਵਿਚ ਬਹੁਤਾ ਕੁਝ ਪੰਜਾਬੀ ਨਾਟਕ ਦੇ ਰਵਾਇਤੀ ਸਰੋਕਾਰਾਂ ਨਾਲ ਹੀ ਜੁੜਿਆ ਹੋਇਆ ਹੈ। 'ਪੰਜਾਬੀ ਨਾਟਕ ਤੇ ਰੰਗਮੰਚ ਦਾ ਭਵਿੱਖ ਵਿਸ਼ਵੀਕਰਨ ਦੇ ਸੰਦਰਭ ਵਿਚ' (ਡਾ. ਮੋਨਿਕਾ ਸਾਹਨੀ) ਵਿਚ ਪਹਿਲੀ ਲਾਈਨ ਨੂੰ ਛੱਡ ਕੇ ਕਿਤੇ ਵੀ ਵਿਸ਼ਵੀਕਰਨ ਬਾਰੇ ਕੁਝ ਵੀ ਸਿਧਾਂਤਕ ਜਾਂ ਵਿਹਾਰਕ ਨਹੀਂ ਹੈ। 'ਪੰਜਾਬੀ ਨਾਟਕ ਤੇ ਰੰਗਮੰਚ ਦੇ ਗਲੋਬਲੀ ਸਰੋਕਾਰ' (ਪ੍ਰੋ. ਸੰਦੀਪ ਕੌਰ) ਵਿਚ ਕੁਝ ਕੁ ਨਾਟ ਸਕ੍ਰਿਪਟਾਂ ਦੇ ਵਿਸ਼ਵੀ ਸਰੋਕਾਰ ਪਹਿਚਾਣੇ ਤਾਂ ਗਏ ਹਨ ਪਰ ਸਿਧਾਂਤਕ ਤੌਰ ਤੇ ਇਸ ਦੇ ਪਾਸਾਰਾਂ ਬਾਰੇ ਢੁੱਕਵੀ ਚਰਚਾ ਨਹੀਂ ਹੋ ਸਕੀ। 'ਪਰਵਾਸੀ ਪੰਜਾਬੀ ਨਾਟਕ ਦੇ ਗਲੋਬਲੀ ਸਰੋਕਾਰ' (ਸੁਰਿੰਦਰ ਕੌਰ ਨਰੂਲਾ) ਵਿਚ ਵੀ ਪਰਵਾਸ ਤੇ ਵਿਸ਼ਵੀਕਰਨ ਦੇ ਅੰਤਰਸਬੰਧਾਂ ਬਾਰੇ ਕਿਤੇ ਵੀ ਚਰਚਾ ਨਹੀਂ ਹੋ ਸਕੀ। 'ਪੰਜਾਬੀ ਨਾਟਕ ਦੇ ਗਲੋਬਲੀ ਸਰੋਕਾਰ' (ਡਾ. ਸਵਰਨਜੀਤ ਕੌਰ) ਵਿਚ ਵਿਸ਼ਵੀਕਰਨ ਦਾ ਵਿਲੱਖਣ ਪਰਿਪੇਖ ਸਮਝੇ ਅਤੇ ਇਸ ਦਾ ਵਿਸ਼ੇਸ਼ ਸੰਦਰਭ ਉਸਾਰੇ ਬਿਨਾ ਸਵਰਾਜਬੀਰ ਦੇ ਸਾਰੇ ਨਾਟਕਾਂ ਨੂੰ ਇਸ ਵਿਚ ਸ਼ਾਮਿਲ ਕਰ ਲਿਆ ਗਿਆ ਹੈ। 'ਪੰਜਾਬੀ ਨੁੱਕੜ ਨਾਟਕ ਦੇ ਗਲੋਬਲੀ ਸਰੋਕਾਰ' (ਸਰਬਜੀਤ ਸਿੰਘ) ਵਿਚ

ਵੀ ਉਸ ਵਕਤ ਵਿਸ਼ਵੀ ਪਰਿਪੇਖ ਬਾਰੇ ਸਿਧਾਂਤਕ ਸਪਸ਼ਟਤਾ ਦੀ ਘਾਟ ਨਜ਼ਰ ਆਉਂਦੀ ਹੈ ਜਦ ਉਹ ਇਪਟਾ ਦੀ ਪੇਸ਼ਕਾਰੀ ਨੂੰ ਵੀ ਨੁੱਕੜ ਨਾਟਕ ਦੇ ਹਵਾਲੇ ਨਾਲ ਵਿਸ਼ਵੀ ਸਰੋਕਾਰਾਂ ਵਿਚ ਸ਼ਾਮਿਲ ਕਰ ਲੈਂਦਾ ਹੈ। 'ਪਰਵਾਸੀ ਪੰਜਾਬੀ ਨਾਟਕ ਦੇ ਵਿਸ਼ਵੀ ਸਰੋਕਾਰ' (ਡਾ. ਸੁਖਵੀਰ ਕੌਰ ਸ਼ੇਰਗਿਲ) ਨਿਬੰਧ ਅਜਿਹਾ ਨਿਬੰਧ ਹੈ ਜਿਸ ਵਿਚ ਵਿਸ਼ਵੀਕਰਨ ਦੇ ਪ੍ਰਮੁੱਖ ਪ੍ਰਭਾਵਾਂ ਨੂੰ ਪੰਜਾਬੀ ਨਾਟਕ ਤੇ ਰੰਗਮੰਚ ਦੇ ਹਵਾਲਿਆਂ ਨਾਲ ਢੁੱਕਵੇਂ ਪਰਿਪੇਖ ਵਿਚ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਵਿਸ਼ਵੀਕਰਨ ਦੇ ਸਬੰਧ ਵਿਚ ਕੁਝ ਮੁੱਦਿਆਂ ਨੂੰ ਸਮਝਣਾ ਅਹਿਮ ਹੈ :

ਵਿਸ਼ਵੀਕਰਨ ਇਕ ਖਾਸ ਸਮਾਜਿਕ ਇਤਿਹਾਸਿਕ ਦੌਰ ਵਿਚ ਪੈਦਾ ਹੋਇਆ ਵਰਤਾਰਾ ਹੈ ਅਤੇ ਇਸ ਨੂੰ ਇਸ ਵਿਸ਼ੇਸ਼ ਪਰਿਪੇਖ ਵਿਚ ਹੀ ਸਮਝਣਾ ਚਾਹੀਦਾ ਹੈ। ਭਾਵੇਂ ਸਾਡੀ ਪਰੰਪਰਾ ਵਿਚ 'ਸਰਬੱਤ ਦਾ ਭਲਾ' ਅਤੇ 'ਵਸੁਧੈਵ ਕੁਟੰਬਕਮ' ਵਰਗੇ ਸੰਕਲਪ ਪਏ ਹਨ, ਪਰ ਉਹਨਾਂ ਦਾ ਅਰਥ ਵਿਸ਼ਵ ਮਨੁੱਖ ਸਿਰਜਣ ਵਾਲੀ ਆਦਰਸ਼ਕ ਸਥਿਤੀ ਤੋਂ ਹੈ ਜਿਸ ਦਾ ਮਹਾਨ ਸੁਪਨਾ ਸਾਡੇ ਰਹਿਬਰਾਂ ਨੇ ਲਿਆ ਸੀ। ਪਰ ਅੱਜ ਦੇ ਗਲੋਬਲ ਪਰਿਪੇਖ ਵਿਚ ਮਨੁੱਖ ਆਪਣੇ ਆਦਰਸ਼ਕ ਰੂਪ ਨੂੰ ਨਹੀਂ ਪ੍ਰਾਪਤ ਹੋਇਆ ਬਲਕਿ ਵਿਸ਼ਵ ਨਾਗਰਿਕ ਬਣਨ ਦੇ ਬਾਵਜੂਦ ਉਹ ਮਾਨਸਿਕ ਤੌਰ ਤੇ ਵਿਖੰਡਨ ਦਾ ਸ਼ਿਕਾਰ ਹੋਇਆ ਹੈ। ਜ਼ਿੰਦਗੀ ਦਾ ਕੋਈ ਪੱਖ ਅਜਿਹਾ ਨਹੀਂ ਜਿਸ ਉਪਰ ਵਿਸ਼ਵੀਕਰਨ ਦੇ ਚੰਗੇ ਮਾੜੇ ਪ੍ਰਭਾਵ ਨਾ ਪਏ ਹੋਣ। ਇਸ ਲਈ ਅੱਜ ਜ਼ਰੂਰਤ ਇਸ ਗੱਲ ਦੀ ਹੈ ਕਿ ਜ਼ਿੰਦਗੀ ਦੇ ਹਰ ਵਰਤਾਰੇ ਉਪਰ ਵਿਸ਼ਵੀਕਰਨ ਦੇ ਪਏ ਪ੍ਰਭਾਵਾਂ ਦੀ ਪਛਾਣ ਤੇ ਪ੍ਰਕਿਰਤੀ ਨੂੰ ਸਮਝਿਆ ਜਾਵੇ। ਉਦਾਹਰਨ ਦੇ ਤੌਰ ਤੇ ਕਿਸਾਨੀ ਸੰਕਟ ਦਾ ਇਕ ਜਗੀਰੂ ਸੰਦਰਭ ਹੈ, ਜਦ ਕਿਸਾਨ ਮੁਜਾਰੇ ਦੇ ਰੂਪ ਵਿਚ ਜਗੀਰਦਾਰ ਅਤੇ ਸੂਦਖੋਰ ਸ਼ਾਹ ਦੀ ਲੁੱਟ ਦਾ ਸ਼ਿਕਾਰ ਸੀ। ਇਸ ਸੰਕਟ ਦਾ ਦੂਜਾ ਸੰਦਰਭ ਆਧੁਨਿਕ ਪੂੰਜੀਵਾਦੀ ਯੁੱਗ ਦਾ ਹੈ ਜਿਸ ਵਿਚ ਹਰੀ ਕਰਾਂਤੀ ਦੇ ਪ੍ਰਭਾਵ ਸਦਕਾ ਕਿਸਾਨ ਮਸ਼ੀਨੀਕਰਨ ਦੀਆਂ ਭ੍ਰਾਂਤੀਆਂ ਦਾ ਸ਼ਿਕਾਰ ਹੋਇਆ ਪਰ ਝਾੜ ਵੱਧਣ ਦੇ ਬਾਵਜੂਦ ਉਸ ਦੀ ਆਰਥਿਕਤਾ ਲਗਾਤਾਰ ਨਿਘਰਦੀ ਗਈ। ਪਰ ਇਸ ਸੰਕਟ ਦਾ ਵਿਸ਼ਵੀ ਸੰਦਰਭ ਵਿਸ਼ਵ ਵਪਾਰ ਸਮਝੌਤੇ ਤੋਂ ਬਾਅਦ ਉਸ ਵਕਤ ਸ਼ੁਰੂ ਹੁੰਦਾ ਹੈ ਜਦ ਪੂਰੀ ਦੁਨੀਆਂ ਦੇ ਦਰਵਾਜ਼ੇ ਕਾਰਪੋਰੇਟ ਸੈਕਟਰ ਲਈ ਖੋਲ ਦਿੱਤੇ ਜਾਂਦੇ ਹਨ ਤੇ ਉਹ ਇਕ ਪਾਸੇ ਕਿਸਾਨਾਂ ਦੀ ਜਿਣਸ ਨੂੰ ਸਸਤੇ ਭਾਵਾਂ ਦੇ ਖਰੀਦ ਕੇ ਉਸ ਦੀ ਪਰੋਸੈਸਿੰਗ ਕਰਕੇ (ਆਲੂਆਂ ਨੂੰ ਚਿਪਸ ਦੇ ਰੂਪ ਵਿਚ ਬੇਚਣਾ ਆਦਿ) ਸੌ ਗੁਣੇ ਤੋਂ ਵੀ ਵੱਧ ਮੁਨਾਫ਼ਾ ਕਮਾਉਣ ਦੇ ਰਾਹ ਪਿਆ ਅਤੇ ਦੂਜੇ ਪਾਸੇ ਵੱਡੇ ਵੱਡੇ ਪ੍ਰਾਜੈਕਟਾਂ ਦੇ ਨਾਂ ਤੇ ਕਿਸਾਨਾਂ ਦੀ ਜ਼ਮੀਨ ਹੜੱਪ ਕਰਨ ਦੇ ਰਾਹ ਤੁਰਿਆ ਤੇ ਕਿਸਾਨ ਦਰਮਿਆਨੀ ਕਿਸਾਨੀ ਤੋਂ ਨਿਮਨ ਕਿਸਾਨੀ, ਨਿਮਨ ਕਿਸਾਨੀ ਤੋਂ ਮਜ਼ਦੂਰੀ ਰਾਹੀਂ ਖੁਦਕੁਸ਼ੀ ਦੇ ਰਾਹ ਤੱਕ ਪਹੁੰਚ ਗਿਆ। ਇਉਂ ਇੱਕੋ ਸੰਕਟ ਦੇ ਵੱਖ ਵੱਖ ਇਤਿਹਾਸਿਕ ਦੌਰਾਂ ਵਿਚ ਪਰਿਪੇਖ ਬਦਲਦੇ ਹਨ। ਵਿਸ਼ਵੀਕਰਨ ਦੇ ਦੌਰ ਵਿਚ ਸਮਾਜ ਦੇ ਇਹ ਸਾਰੇ ਵਰਤਾਰੇ ਕਿਸ ਰੂਪ ਵਿਚ ਪ੍ਰਭਾਵਿਤ ਹੋ ਰਹੇ ਹਨ, ਇਹਨਾਂ ਪ੍ਰਭਾਵਾਂ ਨੂੰ ਪਛਾਣਨਾ ਹੀ ਸਮਕਾਲੀ ਚਿੰਤਨ ਦਾ ਬੁਨਿਆਦੀ ਖਾਸਾ ਹੈ। ਪੰਜਾਬੀ ਨਾਟ ਸਮੀਖਿਆ ਨੂੰ ਪੰਜਾਬੀ ਨਾਟਕ ਤੇ ਰੰਗਮੰਚ ਦੇ ਹਵਾਲੇ ਨਾਲ ਵਿਸ਼ਵੀਕਰਨ ਦੇ ਇਹਨਾਂ ਪ੍ਰਭਾਵਾਂ ਦੀ ਨਿਸ਼ਾਨਦੇਹੀ ਕਰਨ ਦੇ ਰਾਹ ਤੁਰਨਾ ਪੈਣਾ ਹੈ।

ਸਮਾਜ ਸ਼ਾਸਤਰੀ ਸਰੋਕਾਰਾਂ ਦਾ ਅਧਿਐਨ : ਸਮਾਜ ਸ਼ਾਸਤਰੀ ਅਧਿਐਨ ਪ੍ਰਣਾਲੀ ਕਿਸੇ ਸਾਹਿਤਕ ਕਿਰਤ ਨੂੰ ਵੱਖਰੇ ਜ਼ਾਵੀਏ ਤੋਂ ਦੇਖਣ ਦੀ ਇਕ ਨਵੀਂ ਚਿੰਤਨ ਪ੍ਰਣਾਲੀ ਹੈ। ਡਾ. ਸਤੀਸ਼ ਕੁਮਾਰ ਵਰਮਾ ਲਿਖਦੇ ਹਨ ਕਿ ਸਾਹਿਤ ਦਾ ਸਮਾਜ ਸ਼ਾਸਤਰ ਸਾਹਿਤ ਅਤੇ ਸਮਾਜ ਦੇ

ਅੰਤਰ ਸਬੰਧਾਂ ਅਤੇ ਅੰਤਰ ਵਿਰੋਧਾਂ ਨੂੰ ਸਮਝਣ ਦੀ ਪ੍ਰਕਿਰਿਆ ਹੈ। ਕੋਈ ਵੀ ਸਾਹਿਤਕ ਰਚਨਾ ਕਿਸੇ ਪਰਿਵੇਸ਼ ਵਿੱਚੋਂ ਜਨਮ ਲੈਂਦੀ ਹੈ। ਇਉਂ ਸਾਹਿਤਕ ਰਚਨਾ ਅਤੇ ਸਮਾਜ ਦਾ ਇਕ ਸੰਸ਼ਲੇਸ਼ਣ ਬਣਦਾ ਹੈ। ਲਿਹਾਜਾ ਸਾਹਿਤ ਦਾ ਸਮਾਜ ਸ਼ਾਸਤਰੀ ਅਧਿਐਨ ਸੰਸ਼ਲੇਸ਼ਣ ਅਤੇ ਵਿਸ਼ਲੇਸ਼ਣ ਵਿਚ ਪ੍ਰਾਸੰਗਿਕਤਾ ਗ੍ਰਹਿਣ ਕਰਦਾ ਹੈ। ਕਿਸੇ ਵੀ ਰਚਨਾ ਦਾ ਦੁਵੱਲਾ ਰਿਸ਼ਤਾ ਹੁੰਦਾ ਹੈ। ਇਕ ਪਾਸੇ ਲੇਖਕ ਅਤੇ ਰਚਨਾ ਦਾ ਦੂਜੇ ਪਾਸੇ ਰਚਨਾ ਅਤੇ ਪਾਠਕ ਦਾ ਇਕ ਆਧਾਰ ਬਣਦਾ ਹੈ। ਨਾਟਕ ਦੀ ਸਥਿਤੀ ਵਿਚ ਇਕ ਤੀਸਰੀ ਧਿਰ 'ਦਰਸ਼ਕ' ਸ਼ਾਮਿਲ ਹੋ ਜਾਂਦੀ ਹੈ। ਇਸੇ ਪਰਿਪੇਖ ਵਿਚ ਨਾਟਕੀ ਟੈਕਸਟ ਦਾ ਸੱਭਿਆਚਾਰਕ-ਭਾਸ਼ਾਈ ਅਧਿਐਨ ਵੀ ਸ਼ਾਮਿਲ ਹੈ।[6] ਇਸ ਸਮਾਜ ਸ਼ਾਸਤਰੀ ਪਹੁੰਚ ਦ੍ਰਿਸ਼ਟੀ ਤੋਂ ਹੀ ਡਾ. ਸੁਰਿੰਦਰ ਪਾਲ ਮੰਡ ਨੇ 'ਚਰਨਦਾਸ ਸਿੱਧੂ ਦੇ ਨਾਟਕਾਂ ਵਿਚ ਅੱਪ ਭਾਸ਼ਾ : ਸਮਾਜ ਵਿਗਿਆਨਕ ਸੰਦਰਭ' ਵਿਚ ਨਾਟ ਭਾਸ਼ਾ ਦਾ ਸਮਾਜਸ਼ਾਸਤਰੀ ਪਰਿਪੇਖ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਉਸ ਨੇ ਚਰਨਦਾਸ ਸਿੱਧੂ ਦੇ ਨਾਟਕਾਂ ਦੇ ਅੱਪਭਾਸ਼ਾਈ ਪਾਠ ਸੰਗਠਨ ਦਾ ਅਧਿਐਨ ਕਰਦੇ ਹੋਇਆ ਕਿਹਾ ਕਿ ਇਹਨਾਂ ਨਾਟਕਾਂ ਵਿਚ ਪੇਸ਼ ਅੱਪਭਾਸ਼ਾ ਨਿਮਨ ਕਿਸਾਨੀ, ਨਿਮਨ ਜਾਤੀ, ਘਰੇਲੂ ਤੰਗੀਆਂ ਤੁਰਸੀਆਂ ਅਤੇ ਸਮਾਜਿਕ ਸਥਿਤੀਆਂ ਦੇ ਸੰਦਰਭ ਵਿੱਚ ਗੱਲਬਾਤ ਵਿਚੋਂ ਪੈਦਾ ਹੋਈ ਖਿਝ ਤੋਂ ਪੈਦਾ ਹੁੰਦੀ ਹੈ। ਇਸ ਤੋਂ ਇਲਾਵਾ ਉੱਚੇ ਸਮਾਜਿਕ ਰੁਤਬੇ ਅਤੇ ਚੰਗੀ ਆਰਥਿਕਤਾ ਵਾਲੇ ਪਾਤਰਾਂ ਦੁਆਰਾ ਨੀਵੀਂ ਜਾਤੀ ਜਾਂ ਨੀਵੇਂ ਸਮਾਜਿਕ ਰੁਤਬੇ ਅਤੇ ਮਾੜੀ ਆਰਥਿਕਤਾ ਵਾਲੇ ਲੋਕਾਂ ਤੇ ਆਪਣੇ ਉੱਚੇ ਹੋਣ ਦੇ ਰੋਅਬ ਹਿੱਤ ਵੀ ਅੱਪਭਾਸ਼ਾ ਦੀ ਵਰਤੋਂ ਕੀਤੀ ਗਈ ਹੈ।[7]

ਦਲਿਤ ਸਰੋਕਾਰਾਂ/ਨਾਰੀ ਸਰੋਕਾਰਾਂ ਅਤੇ ਹੋਰ ਲਘੂ ਬਿਰਤਾਤਾਂ ਦਾ ਅਧਿਐਨ : ਗਲੋਬਲਾਈਜ਼ੇਸ਼ਨ ਅਤੇ ਉਤਰਆਧੁਨਿਤਾ ਦੇ ਪ੍ਰਭਾਵ ਨੇ ਬਹੁਤ ਸਾਰੇ ਮਹਾਂਬਿਰਤਾਤਾਂ ਨੂੰ ਚੁਣੌਤੀ ਦਿੱਤੀ ਤਾਂ ਲਘੂ ਬਿਰਤਾਂਤਾਂ ਨੂੰ ਸਪੇਸ ਮਿਲੀ ਜਿਸ ਦੇ ਸਿੱਟੇ ਵਜੋਂ ਹਾਸ਼ੀਆਕ੍ਰਿਤ ਸਮੂਹ (Sub-altern) ਹਾਸ਼ੀਏ ਵਿੱਚੋਂ ਨਿੱਕਲ ਕੇ ਅਗਰਭੂਮੀ ਵਿਚ ਆ ਗਏ। ਇਸ ਪ੍ਰਕਾਰ ਇਹਨਾਂ ਲਘੂ ਬਿਰਤਾਤਾਂ ਨੇ ਸਾਹਿਤ ਸਿਰਜਣਾ ਦੀ ਦਿਸ਼ਾ ਵੀ ਬਦਲੀ ਅਤੇ ਸਾਹਿਤ ਸਮੀਖਿਆ ਦੀ ਦਿਸ਼ਾ ਵੀ ਬਦਲੀ। ਸਾਹਿਤ ਵਿਚ ਇਹਨਾਂ ਲਘੂ ਬਿਰਤਾਤਾਂ ਦੇ ਰੂਪ ਵਿਚ ਨਾਰੀ ਚੇਤਨਾ, ਦਲਿਤ ਚੇਤਨਾ, ਮਿੱਥ ਦਾ ਪੁਨਰ ਵਿਸ਼ਲੇਸ਼ਣ, ਐਲ ਜੀ ਬੀ ਟੀ, ਪਰਵਾਸੀ ਚੇਤਨਾ ਆਦਿ ਵਰਤਾਰੇ ਸਿਰਜਣਾ ਦੀ ਪੱਧਰ ਤੇ ਵੀ ਆਏ ਅਤੇ ਨਵੀਆਂ ਸਮੀਖਿਆ ਦ੍ਰਿਸ਼ਟੀਆਂ ਦੇ ਰੂਪ ਵਿਚ ਵੀ ਆਏ। ਸਮਕਾਲੀ ਚਿੰਤਨ ਵਿਚ ਇਹ ਗੱਲ ਬਹੁਤ ਮਹਤਵਪੂਰਨ ਹੈ ਕਿ ਵਰਤਮਾਨ ਦੌਰ ਵਿਚ ਨਾਟਕੀ ਕਿਰਤਾਂ ਦਾ ਅਧਿਐਨ ਕਰਨ ਦੀ ਇਹ ਪ੍ਰਣਾਲੀ ਵਿਕਸਿਤ ਹੋ ਚੁੱਕੀ ਹੈ ਕਿ ਕਿਸੇ ਟੈਕਸਟ ਨੂੰ ਸਿਰਫ ਦਲਿਤ ਪਰਿਪੇਖ ਜਾਂ ਨਾਰੀ ਪਰਿਪੇਖ ਜਾਂ ਕਿਸੇ ਹੋਰ ਹਾਸ਼ੀਆਗਤ ਪਰਿਪੇਖ ਵਜੋਂ ਪਰਿਭਾਸ਼ਿਤ ਕੀਤਾ ਜਾਵੇ। ਇਸ ਨਾਲ ਉਹ ਕਿਰਤਾਂ ਵਿਸ਼ੇਸ਼ ਤੌਰ ਤੇ ਸਾਮ੍ਹਣੇ ਆਈਆਂ ਜਿਹੜੀਆਂ ਸਿੱਧੇ ਤੌਰ ਤੇ ਇਹਨਾਂ ਸਰੋਕਾਰਾਂ ਨੂੰ ਪਰਿਭਾਸ਼ਿਤ ਕਰਦੀਆਂ ਸਨ। ਦਲਿਤ ਸਰੋਕਾਰਾਂ ਤਹਿਤ ਜਾਤ ਬਨਾਮ ਜਾਤ ਅਤੇ ਜਾਤ ਬਨਾਮ ਜਮਾਤ ਦੇ ਨੁਕਤੇ ਪਰਿਭਾਸ਼ਿਤ ਹੋਏ। ਨਾਰੀ ਸਰੋਕਾਰਾਂ ਵਿਚ ਨਾਰੀ ਵੇਦਨਾ, ਸੰਵੇਦਨਾ ਅਤੇ ਚੇਤਨਾ ਦੀਆਂ ਵਿੱਲਖਣ ਪਰਤਾਂ ਤੇ ਫੋਕਸ ਕੀਤਾ ਗਿਆ ਅਤੇ ਨਾਰੀ ਦੇ ਮਨੋਵਿਗਿਆਨ ਨੂੰ ਸਮਝਣ ਲਈ ਨਾਰੀਵਾਦੀ ਨਜ਼ਰੀਆ ਵਿਕਸਿਤ ਹੋਇਆ ਅਤੇ ਇਸ ਤਰ੍ਹਾਂ ਇਕ ਟੈਕਸਟ ਨੂੰ ਵਿਸ਼ਲੇਸ਼ਿਤ ਕਰਨ ਦੇ ਪੈਮਾਨੇ ਬਦਲ ਗਏ। ਨਾਰੀ ਸਰੋਕਾਰਾਂ ਦੀ ਦ੍ਰਿਸ਼ਟੀ ਤੋਂ ਡਾ. ਸੁਰਿੰਦਰ ਕੌਰ ਭੱਠਲ ਦੀ ਪੁਸਤਕ 'ਨਾਰੀਵਾਦ ਤੇ

ਪੰਜਾਬੀ ਨਾਟਕ' ਅਹਿਮ ਸਵਾਲ ਖੜ੍ਹੇ ਕਰਦੀ ਹੈ। ਹੋਰ ਬਿਰਤਾਂਤਾਂ ਵਿਚ ਐਲ ਜੀ ਬੀ ਟੀ ਵਰਗ ਦੀ ਪੀੜ ਨੂੰ ਪਰਿਭਾਸ਼ਿਤ ਕਰਨਾ ਵੀ ਸਮਕਾਲੀ ਨਾਟ ਅਲੋਚਨਾ ਦਾ ਅਹਿਮ ਏਜੰਡਾ ਹੈ।

ਭਾਸ਼ਾ ਵਿਗਿਆਨਕ/ਚਿਹਨ ਵਿਗਿਆਨਕ ਅਧਿਐਨ : ਸਮਕਾਲੀ ਚਿੰਤਨ ਦੇ ਨਜ਼ਰੀਏ ਤੋਂ ਕਿਸੇ ਟੈਕਸਟ ਨੂੰ ਚਿਹਨਾਂ ਦੇ ਸਮੂਹ ਦੇ ਤੌਰ ਤੇ ਪਰਿਭਾਸ਼ਿਤ ਕਰਨਾ ਵਰਤਮਾਨ ਦੌਰ ਦਾ ਨਵੀਨ ਵਰਤਾਰਾ ਹੈ। ਇਸ ਸਬੰਧ ਵਿਚ ਜਤਿੰਦਰ ਕੌਰ ਦੀ ਪੁਸਤਕ ਪੰਜਾਬੀ ਨਾਟਕ : ਚਿੰਨ੍ਹ ਵਿਗਿਆਨਕ ਵਿਸ਼ਲੇਸ਼ਣ (ਲੋਕ ਕਥਾਵਾਂ ਦੇ ਸੰਦਰਭ ਵਿਚ) ਮਹਤਵਪੂਰਨ ਪੁਸਤਕ ਹੈ। ਲੋਕ ਕਥਾਵਾਂ ਆਧਾਰਿਤ ਨਾਟਕਾਂ ਦੇ ਚਿਹਨ ਵਿਗਿਆਨਕ ਅਧਿਐਨ ਸਬੰਧੀ ਆਪਣੀ ਨਵੀਨ ਧਾਰਨਾ ਪ੍ਰਸਤੁਤ ਕਰਦੇ ਹੋਏ ਉਸ ਨੇ ਕਿਹਾ ਕਿ ਪੰਜਾਬੀ ਲੋਕ ਸਾਹਿਤ ਵਿਚ ਕੁਝ ਲੋਕ-ਸਚਾਈਆਂ ਨੂੰ ਪ੍ਰਸਤੁਤ ਕਰਨ ਲਈ ਬਹੁਤ ਹੀ ਸੰਘਣੇ ਚਿੰਨ੍ਹਾਂ ਵਾਲੀਆਂ ਇਕਾਈਆਂ ਦੀ ਵਰਤੋਂ ਕੀਤੀ ਜਾਂਦੀ ਹੈ, ਜਿਨ੍ਹਾਂ ਦਾ ਆਪਣਾ ਇਕ ਸਮੁੱਚਾ ਭਾਵ ਹੁੰਦਾ ਹੈ। ਇਹ ਇਕਾਈਆਂ ਅਖਾਣ ਤੇ ਮੁਹਾਵਰਿਆਂ ਦੇ ਰੂਪ ਵਿਚ ਜਨ ਸਧਾਰਨ ਵਿਚ ਅਤੇ ਸਾਹਿਤ ਰੂਪਾਂ ਵਿਚ ਵਰਤੀਆਂ ਜਾਂਦੀਆਂ ਹਨ। ਅਖਾਣ ਮੁਹਾਵਰਿਆਂ ਵਿਚ ਵਰਤੇ ਜਾਂਦੇ ਸ਼ਬਦਾਂ ਨੂੰ ਕੋਸ਼ਕ ਦ੍ਰਿਸ਼ਟੀ ਤੋਂ ਸਿੱਧੇ ਤੌਰ ਤੇ ਨਹੀਂ ਸਮਝਿਆ ਜਾ ਸਕਦਾ ਭਾਵੇਂ ਉਹਨਾਂ ਦੇ ਕੋਸ਼ਕ ਅਰਥ ਸਮੁੱਚੇ ਭਾਵ ਅਰਥ ਦਾ ਸੂਚਨਾਮਈ ਇਸ਼ਾਰਾ ਮਾਤਰ ਹੁੰਦੇ ਹਨ ਪਰ ਉਨ੍ਹਾਂ ਅਖਾਣ ਮੁਹਾਵਰਿਆਂ ਦਾ ਉਨ੍ਹਾਂ ਦੇ ਕੋਸ਼ਕ ਅਰਥਾਂ ਨਾਲ ਸਿੱਧਾ ਸਬੰਧ ਨਹੀਂ ਹੁੰਦਾ। ਹਰ ਇਕ ਅਖਾਣ ਮੁਹਾਵਰੇ ਦਾ ਆਪਣਾ ਇਕ ਭਾਵ ਅਰਥ ਹੁੰਦਾ ਹੈ ਜਿਸ ਨੂੰ ਸਮੁੱਚੇ ਚਿੰਨ੍ਹਾਂ ਦੀ ਇਕ ਕੜੀ ਦੇ ਵਿਅੰਜਨ ਅਰਥਾਂ ਰਾਹੀਂ ਸਮਝਿਆ ਜਾ ਸਕਦਾ ਹੈ।[8]

ਮਿੱਥਕ ਸਰੋਕਾਰਾਂ ਦਾ ਅਧਿਐਨ : ਮਿੱਥ ਭਾਵੇਂ ਸ਼ੁਰੂ ਤੋਂ ਹੀ ਸਾਹਿਤ ਦੇ ਅੰਗਸੰਗ ਰਹੀ ਹੈ। ਪੰਜਾਬੀ ਨਾਟਕ ਵਿਚ ਵੀ ਇਹ ਸੰਤ ਸਿੰਘ ਸੇਖੋਂ ਦੇ ਬੌਧਿਕ ਪ੍ਰਕਿਰਤੀ ਵਾਲੇ ਨਾਟਕਾਂ (ਦਮਿਅੰਤੀ ਅਤੇ ਕਲਾਕਾਰ ਆਦਿ) ਤੋਂ ਸ਼ੁਰੂ ਹੋ ਕੇ ਕਪੂਰ ਸਿੰਘ ਘੁੰਮਣ ਦੇ 'ਰਾਣੀ ਕੋਕਿਲਾਂ' ਵਰਗੇ ਨਾਟਕਾਂ ਤੱਕ ਪਹੁੰਚਦੀ ਹੈ। ਪਰ ਸਮਕਾਲੀ ਚਿੰਤਨ ਨੇ ਮਿੱਥ ਅਧਿਐਨ ਨੂੰ ਸੁਤੰਤਰ ਰੂਪ ਵਿਚ ਏਜੰਡੇ ਉੱਤੇ ਲਿਆ ਹੈ ਅਤੇ ਮਿੱਥ ਅਧਿਐਨ ਦੇ ਤਹਿਤ ਮਿੱਥ ਦਾ ਸੰਗਠਨ, ਮਿੱਥ ਦੀ ਨਿਰਮਾਣਕਾਰੀ, ਮਿੱਥ ਦਾ ਵਿਸ਼ਲੇਸ਼ਣ, ਮਿੱਥ ਦਾ ਪੁਨਰ ਵਿਸ਼ਲੇਸ਼ਣ ਆਦਿ ਮਸਲਿਆਂ 'ਤੇ ਗਹਿਰ ਗੰਭੀਰ ਸੰਵਾਦ ਰਚਾਇਆ ਹੈ। ਪੰਜਾਬੀ ਨਾਟਕਾਂ ਦੇ ਵਰਤਮਾਨ ਦੌਰ ਵਿਚ ਇਸ ਅਧਿਐਨ ਪ੍ਰਣਾਲੀ ਦਾ ਸਬੰਧ ਸਵਰਾਜਬੀਰ ਦੇ ਨਾਟ ਪਰਿਪੇਖ ਨਾਲ ਜੁੜਦਾ ਹੈ ਜਿਸ ਨੇ ਮਿੱਥਕ ਵਰਤਾਰਿਆਂ ਨੂੰ ਵਿਸ਼ਾਲ ਪੈਮਾਨੇ ਤੇ ਵਰਤਿਆ ਵੀ ਅਤੇ ਪੁਨਰ ਪਰਿਭਾਸ਼ਿਤ ਵੀ ਕੀਤਾ ਹੈ। ਸਵਰਾਜਬੀਰ ਦੇ ਨਾਟਕ 'ਅਗਨੀਕੁੰਡ' ਦੇ ਅਧਿਐਨ ਪ੍ਰਕਿਰਿਆ ਵਿਚ ਮਿੱਥ ਨੂੰ ਪਰਿਭਾਸ਼ਿਤ ਕਰਦੇ ਹੋਏ ਤਸਕੀਨ ਲਿਖਦਾ ਹੈ : ਮਿੱਥ ਇਕ ਵਿਰਾਟ ਲੀਲ੍ਹਾ ਹੈ ਪਰ ਇਹ ਅਭੇਦ ਨਹੀਂ । ਸਮਾਂ ਅਤੇ ਸਥਿਤੀ ਦੀ ਭੇਦ ਦੀ ਅਸਮਰਥਾ ਕਾਰਨ ਇਹ ਅਲੌਕਿਕ ਵਿਰਾਟਤਾ ਦਾ ਰੂਪ ਧਾਰਨ ਕਰ ਲੈਂਦੀ ਹੈ। ਮਿੱਥ ਦਾ ਕਥਾ ਭੇਦ ਆਪਣੇ ਸਮਾਜ ਦੀ ਵਿਰਾਸਤ ਨੂੰ ਸਾਂਭਣ ਦਾ ਇਕ ਹੁਨਰ ਰਿਹਾ ਹੈ ਜੋ ਵੱਖ ਵੱਖ ਸਮਾਜਾਂ ਦੀ ਬਹੁਗਿਣਤੀ ਕੋਲ ਅੱਖਰ ਗਿਆਨ ਦੀ ਅਣਹੋਂਦ ਕਾਰਨ ਵਿਰਾਸਤੀ ਯਾਦਾਂ ਨੂੰ ਸੰਭਾਲ ਕੇ ਅੱਗੇ ਲਿਜਾਣ ਵਾਸੇਤ ਕਥਾ ਦਾ ਕਾਵਿ ਰੂਪ ਧਾਰ ਲੈਂਦਾ ਹੈ। ਮੌਖਿਕ ਰੂਪ ਵਿਚ ਵਿਰਾਸਤੀ ਯਾਦਾਂ ਨੂੰ ਦਿਲਚਸਪ ਕਥਾ ਬਣਾਉਣ ਲਈ ਇਹ ਕਾਵਿ ਰੂਪ ਧਾਰਦੀ ਹੈ

ਅਤੇ ਕਾਵਿ ਕਥਾ ਦੇ ਸਿੰਗਾਰ ਵਿਚ ਵਰਤੀਆਂ ਜਾਂਦੀਆਂ ਸ਼ਕਤੀਆਂ , ਟੌਟਮਾਂ, ਟੈਬੂਆਂ ਆਦਿ ਦੇ ਬਿੰਬ/ਅਲੰਕਾਰ/ਰੂਪਕ ਬਦਲਦੀਆਂ ਸਮਾਜਿਕ ਸਥਿਤੀਆਂ 'ਚ ਜਦੋਂ ਆਪਣੇ ਨਕਸ ਗੁਆ ਲੈਂਦੇ ਹਨ ਤਾਂ ਇਹਨਾਂ ਦੇ ਅਰਥ ਅਭੇਦ ਹੋ ਜਾਂਦੇ ਹਨ ਅਤੇ ਮਿੱਥ/ਮਿਥਿਹਾਸ ਦਾ ਵਿਰਾਟ ਰੂਪ ਧਾਰ ਜਾਂਦੇ ਹਨ।[9]

ਲੋਕ ਨਾਟਕੀ ਸਰੋਕਾਰ : ਲੋਕ ਨਾਟਕ ਦਾ ਅਧਿਐਨ ਭਾਵੇਂ ਮੁੱਢ ਤੋਂ ਹੀ ਨਾਟ ਸਮੀਖਿਆ ਦੇ ਏਜੰਡੇ ਤੇ ਰਿਹਾ ਹੈ ਪਰ ਅੱਜ ਦੇ ਦੌਰ ਵਿਚ ਲੋਕ ਥੀਏਟਰ ਦੀਆਂ ਚੁਣੌਤੀਆਂ ਤੇ ਸਰੋਕਾਰ ਬਦਲੇ ਹਨ। ਸਮਕਾਲੀ ਚਿੰਤਨ ਦੇ ਨਜ਼ਰੀਏ ਤੋਂ ਲੋਕ ਨਾਟਕ ਨੂੰ ਗਲੋਬਲੀ ਚੁਣੌਤੀਆਂ ਦੇ ਪ੍ਰਸੰਗ ਵਿਚ ਡਾ. ਦੇਵਿੰਦਰ ਕੁਮਾਰ ਦਾ ਨਿਬੰਧ 'ਫੋਕ ਥੀਏਟਰ : 21ਵੀਂ ਸਦੀ ਦੀਆਂ ਚੁਣੌਤੀਆਂ ਤੇ ਸੰਭਾਵਨਾਵਾਂ' ਵਿਚ ਬਹੁਤ ਸਾਰਥਕ ਵਿਸ਼ਲੇਸ਼ਣ ਕਰਦਾ ਹੋਇਆ ਕੁਝ ਪ੍ਰਸ਼ਨ ਖੜੇ ਕਰਦਾ ਹੈ ਕਿ ਫੋਕ ਥੀਏਟਰ ਮਨੋਰੰਜਨ ਦੇ ਪਰੰਪਰਾਗਤ ਸਰੋਤ ਮਨੁੱਖ ਨੂੰ ਕਿਵੇਂ ਤ੍ਰਿਪਤ ਕਰਨਗੇ? ਇੱਕੀਵੀਂ ਸਦੀ ਵਿਚ ਗਲੈਮਰ ਅਤੇ ਕੰਨਜਿਉਮਰਜ਼ਿਮ ਦੀ ਚੜ੍ਹਤ ਰਹੇਗੀ। ਇਸ ਮਾਹੌਲ ਵਿਚ ਫੋਕ ਥੀਏਟਰ ਦੀ ਆਰਥਿਕਤਾ ਦੇ ਪਰੰਪਰਾਗਤ ਵਸੀਲੇ ਅਸਰਦਾਰ ਸਿੱਧ ਨਹੀਂ ਹੋ ਸਕਣਗੇ। ਜਿਹੜਾ ਕਲਾ ਰੂਪ ਆਪਣੇ ਕਲਾਕਾਰਾਂ ਤੇ ਕਾਮਿਆਂ ਦੀ ਰੋਜੀ ਰੋਟੀ ਹੀ ਨਹੀਂ ਸੁਨਿਸ਼ਚਿਤ ਕਰ ਸਕਦਾ, ਉਸ ਦੇ ਵਿਕਾਸ ਦੀਆਂ ਸੰਭਾਵਨਾਵਾਂ ਮੱਧਮ ਹੋਣ ਦੇ ਆਸਾਰ ਵਧਣਗੇ। ਜਿਸ ਪੇਸ਼ੇ ਨੂੰ ਲੋਕ ਪੀੜ੍ਹੀ ਦਰ ਪੀੜ੍ਹੀ ਅਪਣਾਉਂਦੇ ਆ ਰਹੇ ਹਨ, ਨਵੀਂ ਪੀੜ੍ਹੀ ਉਸ ਪੇਸ਼ੇ ਨੂੰ ਕਿਉਂ ਅਪਣਾਏਗੀ?ਇਸ ਤਰ੍ਹਾਂ ਸਦੀਆਂ ਤੋਂ ਵਿਕਸਿਤ ਹੋ ਰਹੇ ਫੋਕ ਥੀਏਟਰ ਵਿਚ ਇਕ ਖੜੋਤ ਦੀ ਸੰਭਾਵਨਾ ਹੈ। ਜੇ ਰੁਜਗਾਰ ਹਿੱਤ ਫੋਕ ਥੀਏਟਰ ਦੇ ਕਾਮੇ ਦੂਜੇ ਧੰਦਿਆਂ ਵਿਚ ਚਲੇ ਗਏ, ਨਾਟਕੀ ਸਕ੍ਰਿਪਟਾਂ ਨੂੰ ਸਹੀ ਢੰਗ ਨਾਲ ਲਿਖਣ ਦਾ ਉਪਰਾਲਾ ਨਾ ਕੀਤਾ ਗਿਆ ਤਾਂ ਸਮਾਂ ਪਾ ਕੇ ਲੋਕ ਮਨਾਂ ਵਿੱਚੋਂ ਫੋਕ ਥੀਏਟਰ ਦੇ ਵਿਸਰ ਜਾਣ ਦੀ ਸੰਭਾਵਨਾ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।[10]

2. ਨਾਟ ਸਿਧਾਂਤ :

ਸਮਕਾਲੀ ਚਿੰਤਨ ਦੇ ਨਜ਼ਰੀਏ ਤੋਂ ਪੰਜਾਬੀ ਨਾਟ ਸਮੀਖਿਆ ਇਸ ਪੱਖੋਂ ਵੀ ਮਹਤਵਪੂਰਨ ਹੈ ਕਿ ਇਸ ਨੇ ਨਾਟ ਸਿਧਾਂਤ ਦੇ ਨਜ਼ਰੀਏ ਤੋਂ ਨਵੀਨ ਕਾਰਜ ਕਰਦਿਆਂ ਇਕ ਪਾਸੇ ਨਵੇਂ ਨਾਟ ਰੂਪਾਂ ਦੀ ਤਲਾਸ਼ ਕੀਤੀ ਹੈ ਅਤੇ ਦੂਜੇ ਪਾਸੇ ਬਦਲਦੇ ਦੌਰ ਵਿਚ ਨਾਟਕ ਦੇ ਸਮਨਾਂਤਰ ਵਿਧਾਵਾਂ ਨਾਲ ਅੰਤਰਸੰਬੰਧਾਂ ਤੇ ਫੋਕਸ ਕੀਤਾ ਹੈ। ਇਸ ਦ੍ਰਿਸ਼ਟੀ ਤੋਂ ਜਸਵਿੰਦਰ ਸੈਣੀ (ਮੁੱਖ ਸੰਪਾਦਕ), ਡਾ. ਸਤੀਸ਼ ਕੁਮਾਰ ਵਰਮਾ ਤੇ ਉਮਾ ਸੇਠੀ (ਸੰਪਾਦਕ) ਦੁਆਰਾ ਸੰਪਾਦਿਤ ਪੁਸਤਕ 'ਨਾਟ ਸਿਧਾਂਤ' ਬਹੁਤ ਮਹੱਵਪੂਰਨ ਹੈ। ਇਸ ਪੁਸਤਕ ਦੀ ਵਿਲੱਖਣਤਾ ਬਾਰੇ ਪੁਸਤਕ ਦੀ ਸੰਪਾਦਕੀ ਵਿੱਚੋਂ ਇਹ ਟਿੱਪਣੀ ਵਿਚਾਰਨਯੋਗ ਹੈ :

"ਇੱਕੀਵੀਂ ਸਦੀ ਦੇ 17ਵੇਂ ਵਰ੍ਹੇ ਵਿਚ 'ਨਾਟਕ' ਦੀ ਵਿਧਾ ਬਾਰੇ ਚਿੰਤਨ ਕਰਨਾ ਪਹਿਲਿਆਂ ਸਮਿਆਂ ਨਾਲੋਂ ਬਿਲਕੁਲ ਵੱਖਰਾ ਅਨੁਭਵ ਹੈ। ਕਦੇ ਨਾਟਕ ਬਾਰੇ ਚਿੰਤਨ ਕਰਦਿਆਂ, ਇਸ ਨੂੰ ਸਾਹਿਤ ਰੂਪਾਂ ਦੇ ਪ੍ਰਸੰਗ ਵਿਚ ਵਿਚਾਰਦਿਆਂ ਬੜੇ ਮਾਣ ਨਾਲ ਇਸ ਦੇ ਵਿੱਲਖਣ ਚਰਿਤਰ ਦੀ ਪੁਸ਼ਟੀ ਇਨ੍ਹਾਂ ਸ਼ਬਦਾਂ ਵਿਚ ਕਰੀਦੀ ਸੀ ਕਿ ਇਸ ਦਾ ਦੂਹਰਾ ਚਰਿੱਤਰ ਇਸ ਨੂੰ 'ਸਾਹਿਤ' ਹੁੰਦਿਆ ਵੀ ਇਕ ਹੋਰ ਖੇਤਰ 'ਖੇਡ ਕਲਾਵਾਂ' ਦਾ ਭਾਗੀ ਬਣਾਉਂਦਾ ਹੈ। ਇਸ ਪ੍ਰਕਾਰ ਸਾਹਿਤ ਦੇ ਬਾਕੀ ਰੂਪਾਂ ਕਵਿਤਾ, ਨਾਵਲ, ਕਹਾਣੀ ਅਤੇ ਵਾਰਤਕ ਦੇ ਸਮਾਨਾਂਤਰ

'ਨਾਟਕ ਦੀ ਸਰਦਾਰੀ' ਇਸ ਪੱਖੋਂ ਬਣਦੀ ਸੀ ਕਿ ਇਹ ਸਾਹਿਤ ਖੇਤਰ ਵਿਚ ਪੂਰਾ ਪੂਰਾ ਸਥਾਨ ਮੱਲਣ ਦੇ ਬਾਵਜੂਦ ਕਲਾ ਖੇਤਰ ਵਿਚ ਵੀ ਓਨੇ ਹੀ ਵੱਡੇ ਸਥਾਨ ਦਾ ਭਾਗੀ ਹੋਣ ਕਾਰਨ ਵਿਸ਼ੇਸ਼ ਤੌਰ ਤੇ ਮਹਤਵਪੂਰਨ ਵਿਧਾ ਹੈ। ਸਾਹਿਤ ਖੇਤਰ ਵਿਚ ਇਸ ਦੀ ਪਛਾਣ 'ਨਾਟਕ' ਹੋਣ ਕਰਕੇ ਹੈ ਅਤੇ ਖੇਡ ਕਲਾ ਖੇਤਰ ਵਿਚ ਇਸ ਦੀ ਪਛਾਣ 'ਰੰਗਮੰਚ' ਹੋਣ ਕਰਕੇ ਹੈ ਕਿਉਂਕਿ ਰੰਗਮੰਚ ਦਾ ਆਧਾਰ-ਤੱਤ 'ਨਾਟਕ' ਹੀ ਹੈ। ਇਸੇ ਲਈ ਭਾਰਤੀ ਪਰੰਪਰਾ ਵਿਚ ਇਹ ਦੋਵੇਂ ਵਰਤਾਰੇ 'ਨਾਟਯ' ਨਾਂ ਹੇਠ ਸਾਂਝੇ ਤੌਰ ਤੇ ਵਿਚਾਰੇ ਜਾਂਦੇ ਰਹੇ। ਜਦੋਂ ਕਿ ਪੱਛਮੀ ਪਰੰਪਰਾ ਵਿਚ ਨਾਟਕ ਅਤੇ ਰੰਗਮੰਚ (Drama and theatre) ਨਾਂ ਹੇਠ ਅਲੱਗ-ਅਲੱਗ ਵਿਚਾਰੇ ਜਾਂਦੇ ਰਹੇ। ਇਕ ਲੰਮਾ ਸਫਰ ਹੰਢਾਉਣ ਤੋਂ ਬਾਅਦ ਹੁਣ ਦੇ ਸਮਿਆਂ ਵਿਚ 'ਨਾਟਕ ਅਤੇ ਰੰਗਮੰਚ' ਨੂੰ ਸੰਯੁਕਤ ਵਰਤਾਰੇ ਵਜੋਂ ਸਵੀਕਾਰਿਆ ਜਾ ਰਿਹਾ ਹੈ। ਜਿਸ ਲਈ ਪੰਜਾਬੀ ਭਾਸ਼ਾ ਵਿਚ ਪ੍ਰਚਲਿਤ ਟਰਮ 'ਨਾਟ-ਮੰਚ' ਅਰਥ ਗ੍ਰਹਿਣ ਕਰਦੀ ਹੈ।[11]

ਇਸ ਪੁਸਤਕ ਵਿਚ ਡਾ. ਦੇਵਿੰਦਰ ਕੁਮਾਰ ਦਾ ਲੇਖ ਨਾਟਕ, ਰੰਗਮੰਚ, ਰੇਡੀਓ, ਟੀਵੀ ਤੇ ਸਿਨੇਮਾ : ਅੰਤਰਸਬੰਧ' ਨਵੇਂ ਦੌਰ ਵਿਚ ਕਲਾਵਾਂ ਦੀ ਅੰਤਰਸਬੰਧਤਾ ਅਤੇ ਨਵੀਨ ਵਿਧਾਗਤ ਪਾਸਾਰਾਂ ਦੀ ਨਿਸ਼ਾਨਦੇਹੀ ਕਰਦਾ ਹੈ। ਇਸੇ ਪੁਸਤਕ ਵਿਚ ਡਾ. ਕੁਲਦੀਪ ਸਿੰਘ ਦੀਪ ਦਾ ਲੇਖ 'ਇਕਾਂਗੀ ਬਨਾਮ ਲਘੂ ਨਾਟਕ' ਨਾਟਕ ਅਤੇ ਇਕਾਂਗੀ ਦੀ ਸਪੇਸ ਵਿੱਚੋਂ ਨਿਕੱਲੇ ਨਵੇਂ ਨਾਟ ਰੂਪ 'ਲਘੂ ਨਾਟਕ' ਦੇ ਚਿੰਤਨੀ ਪਾਸਾਰਾਂ ਦੀ ਵਿਆਖਿਆ ਕਰਦਾ ਹੈ। ਇਸੇ ਤਰ੍ਹਾਂ 'ਵਿਕੋਲਿਤਰੇ ਨਾਟ-ਰੂਪ' (ਪਰਮਜੀਤ ਵਰਮਾ) ਵਿਚ ਨੈਨੋ ਨਾਟਕ, ਮੂਕ ਨਾਟਕ ਅਤੇ ਬਹੁ ਵਿਧਾਈ ਨਾਟਕਾਂ ਦੇ ਰੂਪਗਤ ਪਾਸਾਰ ਸਮਕਾਲੀ ਚਿੰਤਨ ਦੀਆਂ ਅਹਿਮ ਵਿਸ਼ੇਸਤਾਈਆਂ ਹਨ।

ਪਾਲੀ ਭੁਪਿੰਦਰ ਨੇ ਆਪਣੇ ਨਿਬੰਧ 'ਵਿਸ਼ਵ ਨਾਟ ਚਿੰਤਨ' ਦੇ ਪ੍ਰਸੰਗ ਵਿਚ ਨਾਟ ਪਾਠ ਦਾ ਅਧਿਐਨ ਕਰਦਿਆਂ ਸਮਕਾਲੀ ਚਿੰਤਨ ਦੀ ਦ੍ਰਿਸ਼ਟੀ ਤੋਂ ਮਹਤਵਪੂਰਨ ਕਾਰਜ ਕੀਤਾ। ਆਪਣੀ ਪੁਸਤਕ 'ਨਾਟਕ ਅਤੇ ਨਾਟ-ਚਿੰਤਨ' ਵਿਚ ਉਹ ਆਧੁਨਿਕ ਦੌਰ ਤੇ ਬਦਲਦੇ ਪੈਮਾਨਿਆਂ ਤਹਿਤ ਵਿਸ਼ਵ ਨਾਟ ਚਿੰਤਨ ਵਿਚ ਪਾਠ ਅਧਿਐਨ ਦੀਆਂ ਨਵੀਨ ਵਿਧੀਆਂ ਤੇ ਚਰਚਾ ਕਰਦਾ ਹੋਇਆ ਨਾਟਕ ਦੇ ਵਿਸ਼ੇਸ਼ ਚਰਿਤਰ ਲਈ ਉਪਯੁਕਤ ਵਿਧੀਆਂ ਦਾ ਮਸਲਾ ਉਠਾਉਂਦਾ ਹੈ। ਪਾਲੀ ਭੁਪਿੰਦਰ ਸਿੰਘ ਪਾਠ ਅਧਿਐਨ ਦੀਆਂ ਸਥਾਪਤ ਵਿਧੀਆਂ ਦੇ ਮੁਕਾਬਲੇ ਯਵੇਤਾਂ ਤੋਦੋਰੋਵ ਦੀ ਉਸ ਵਿਧੀ ਤੇ ਫੋਕਸ ਕਰਦਾ ਹੈ ਜਿਸ ਵਿਚ ਉਹ ਕਿਸੇ ਕਿਰਤ ਵਿਸ਼ੇਸ਼ ਦੇ ਸਮਾਨਯ ਨੇਮਾਂ ਨੂੰ ਸਾਹਿਤ ਕਿਰਤ ਦੇ ਅੰਦਰੋਂ ਹੀ ਤਲਾਸ਼ਣ ਦੀ ਗੱਲ ਕਰਦਾ ਹੈ। ਪਰ ਪਾਲੀ ਭੁਪਿੰਦਰ ਸਿੰਘ ਨਾਲ ਇਹ ਵੀ ਕਹਿੰਦਾ ਹੈ ਕਿ ਨਾਟ ਪਾਠ ਸਾਹਿਤ ਦੇ ਬਾਕੀ ਪਾਠਾਂ ਨਾਲੋਂ ਇੰਨੀ ਕੁ ਵੱਖਰੀ ਸੰਰਚਨਾ ਹੈ ਕਿ ਇਸ ਨੂੰ ਸਾਹਿਤ ਅਧਿਐਨ ਦੀਆਂ ਪ੍ਰਚਲਿਤ ਵਿਧੀਆਂ ਦੀ ਬਜਾਏ ਕਿਸੇ ਅਜਿਹੀ ਦ੍ਰਿਸ਼ਟੀ ਤੋਂ ਦੇਖਣ ਦੀ ਲੋੜ ਹੈ, ਜੋ ਇਸ ਦੀ ਦੂਹਰੀ ਹੋਂਦ ਪ੍ਰਕਿਰਿਆ ਦੇ ਬੁਨਿਆਦੀ ਲੱਛਣਾਂ ਨੂੰ ਪਛਾਣ ਸਕਦੀ ਹੋਵੇ।

3. ਛੁੱਪੇ, ਗੁਆਚੇ ਤੇ ਅਣਗੌਲੇ ਸਰੋਤਾਂ ਦੀ ਤਲਾਸ਼ :

ਸਮਕਾਲੀ ਚਿੰਤਨ ਦੇ ਤਹਿਤ ਨਾਟ ਖੋਜ ਅਤੇ ਸਮੀਖਿਆ ਦੀ ਇਕ ਦਿਸ਼ਾ ਨਾਟਕ ਦੇ ਛੁਪੇ, ਗੁਆਚੇ ਅਤੇ ਅਣਗੌਲੇ ਸਰੋਤਾਂ ਦੀ ਪਛਾਣ ਅਤੇ ਦਸਤਾਵੇਜੀਕਰਨ ਦੀ ਵੀ ਹੈ। ਇਸ ਦ੍ਰਿਸ਼ਟੀ ਤੋਂ ਪੰਜਾਬ ਸੰਗੀਤ ਨਾਟਕ ਅਕਾਦਮੀ ਨੇ ਪੰਜਾਬੀ ਨਾਟ ਸਮੀਖਿਆ ਚਿੰਤਨ ਵਿਚ ਕਾਫੀ ਮਹੱਤਵਪੂਰਨ ਕਾਰਜ ਕੀਤਾ ਹੈ। ਖਾਸ ਤੌਰ ਤੇ ਪੰਜਾਬੀ ਨਾਟਕ ਤੇ ਰੰਗਮੰਚ ਦਾ ਇਤਿਹਾਸ

ਸਾਂਭਣ ਅਤੇ ਦਸਤਾਵੇਜ਼ੀਕਰਨ ਦੇ ਰੂਪ ਵਿਚ ਅਹਿਮ ਯੋਗਦਾਨ ਪਾਇਆ ਹੈ। ਇਸ ਸਬੰਧ ਵਿਚ ਅਕਾਦਮੀ ਦੇ ਪ੍ਰਧਾਨ ਅਤੇ ਉੱਘੇ ਰੰਗ-ਨਿਰਦੇਸ਼ਕ ਕੇਵਲ ਧਾਲੀਵਾਲ ਦੀ ਸੰਪਾਦਨਾ ਵਿਚ ਸੰਪਾਦਿਤ ਹੋਈਆਂ ਪੁਸਤਕਾਂ 'ਇਪਟਾ ਲਹਿਰ ਦੀ ਪੰਜਾਬ ਵਿਚ ਦਸਤਕ' 'ਸ਼ੀਹਣੀਆਂ ਦਾ ਰੰਗਮੰਚ', 'ਰੰਗਮੰਚ ਪੰਜਾਬ' ਆਦਿ ਅਕਾਦਮੀਆਂ ਦੀਆਂ ਮਹਤੱਵਪੂਰਨ ਪੁਸਤਕ ਹਨ। 'ਇਪਟਾ ਲਹਿਰ ਦੀ ਪੰਜਾਬ ਵਿਚ ਦਸਤਕ' ਵਿਸ਼ਵ ਨਾਟ ਤੇ ਰੰਗਮੰਚ ਦੀ ਅਣੋਖੀ ਪਰ ਅਣਗੌਲੀ ਪਰੰਪਰਾ ਦੇ ਪੰਜਾਬ ਚੈਪਟਰ ਤੇ ਚਰਚਾ ਕਰਦੀ ਮਹੱਤਵਪੂਰਨ ਪੁਸਤਕ ਹੈ ਜਿਸ ਵਿਚ ਇਪਟਾ ਨਾਲ ਜੁੜੇ ਪੰਜਾਬੀ ਕਾਰਕੁੰਨਾਂ ਦੇ ਜ਼ਿਕਰਯੋਗ ਕਾਰਜ ਨੂੰ ਰੇਖਾਂਕਿਤ ਕੀਤਾ ਹੈ। ਇਸ ਦ੍ਰਿਸ਼ਟੀ ਤੋਂ 'ਰੰਗਮੰਚ ਪੰਜਾਬ' ਪੁਸਤਕ ਵੀ ਵਿੱਲਖਣ ਚਰਿਤਰ ਦੀ ਧਾਰਨੀ ਹੈ ਜਿਸ ਵਿਚ ਪੰਜਾਬੀ ਨਾਟਕ ਤੇ ਰੰਗਮੰਚ ਦੀਆਂ ਪੰਜ ਪੀੜ੍ਹੀਆਂ ਦੇ ਨਾਲ ਨਾਲ ਤੁਰਦਿਆਂ ਵੱਖ ਵੱਖ ਵਿਅਕਤੀਆਂ, ਲਹਿਰਾਂ, ਰੂਪਾਂ, ਉਪ ਰੂਪਾਂ ਤੇ ਰੁਝਾਨਾਂ ਦੀ ਪਛਾਣ ਕੀਤੀ ਹੈ।

4. ਨਵੀਨ ਰੰਗਮੰਚੀ ਸ਼ੈਲੀ :

ਨਾਟਕ ਅਤੇ ਰੰਗਮੰਚ ਦੀ ਖੋਜ ਦੂਜੀਆਂ ਵਿਧਾਵਾਂ ਦੇ ਮੁਕਾਬਲੇ ਜਟਿਲ ਚਰਿੱਤਰ ਦੀ ਧਾਰਨੀ ਹੈ। ਇਸ ਲਈ ਇਸ ਦੀ ਖੋਜ ਅਤੇ ਆਲੋਚਨਾ ਦੀਆਂ ਸ਼ੈਲੀਆਂ ਦਾ ਪ੍ਰਸੰਗ ਵੀ ਵੱਖਰਾ ਹੈ। ਯਥਾਰਥਵਾਦੀ ਸ਼ੈਲੀ, ਪ੍ਰਤੀਕਾਤਮਕ ਸ਼ੈਲੀ, ਮਹਾਂਕਾਵਿਕ ਸ਼ੈਲੀ, ਐਬਸਰਡ ਸ਼ੈਲੀ, ਨੁੱਕੜ ਨਾਟਕੀ ਸ਼ੈਲੀ ਆਦਿ ਸ਼ੈਲੀਆਂ ਦੂਜੀਆਂ ਵਿਧਾਵਾਂ ਦੇ ਮੁਕਾਬਲੇ ਬਿਲਕੁਲ ਵਿੱਲੱਖਣ ਹਨ, ਪਰ ਇਹ ਸਾਰੀਆਂ ਸ਼ੈਲੀਆਂ ਵਿਸ਼ਵ ਵਿਆਪੀ ਹਨ। ਪੰਜਾਬੀ ਨਾਟ ਸਮੀਖਿਆ ਨੇ ਇਹਨਾਂ ਦੀ ਮਦਦ ਲਈ ਹੈ, ਇਹਨਾਂ ਨੂੰ ਪ੍ਰਤੀਪਾਦਿਤ ਜਾਂ ਸਥਾਪਤ ਨਹੀਂ ਕੀਤਾ। ਇਸ ਪ੍ਰਸੰਗ ਵਿਚ ਖੋਜ ਦੀ ਦ੍ਰਿਸ਼ਟੀ ਤੋਂ 'ਨਾਟਕ ਦੇ ਰੰਗਮੰਚੀ ਅਧਿਐਨ ਦੀ ਨਵੀਂ ਸ਼ੈਲੀ' ਪੰਜਾਬੀ ਨਾਟ ਸਮੀਖਿਆ ਚਿੰਤਨ ਦੀ ਮੌਲਿਕ ਉਪਜ ਹੈ। ਡਾ. ਸਤੀਸ਼ ਕੁਮਾਰ ਵਰਮਾ ਦੁਆਰਾ ਪ੍ਰਤੀਪਾਦਿਤ ਇਸ਼ ਸ਼ੈਲੀ ਵਿਚ ਨਾਟਕ ਦੀ ਟੈਕਸਟ ਵਿੱਚੋਂ ਰੰਗਮੰਚੀ ਈਡੀਅਮ ਦੀ ਤਲਾਸ਼ ਕਰਨਾ ਸ਼ਾਮਿਲ ਹੈ। ਭਾਵੇਂ ਇਸ ਸਬੰਧ ਵਿਚ ਕੁਝ ਸੰਕੇਤ ਡਾ. ਹਰਿਭਜਨ ਸਿੰਘ ਭਾਟੀਆ ਨੇ ਵੀ ਗਾਹੇ ਵਗਾਹੇ ਦਿੱਤੇ ਹਨ, ਪਰ ਹੁਣ ਇਹ ਸੰਪੂਰਨ ਰੰਗਮੰਚੀ ਸ਼ੈਲੀ ਬਣ ਚੁੱਕੀ ਹੈ। ਹੁਣ ਤੱਕ ਅਸੀਂ ਜਾਂ ਤਾਂ ਨਾਟਕ ਦੇ ਵਸਤੂ ਤੇ ਸ਼ਿਲਪ ਦੀ ਦ੍ਰਿਸ਼ਟੀ ਤੋਂ ਪਾਠਗਤ ਅਧਿਐਨ ਕਰਦੇ ਰਹੇ ਹਾਂ, ਜਾਂ ਫਿਰ ਨਾਟ ਪੇਸ਼ਕਾਰੀਆਂ ਨੂੰ ਪਰਤੱਖ ਰੂਪ ਵਿਚ ਦੇਖ ਕੇ ਉਸ ਪੇਸ਼ਕਾਰੀ ਦਾ ਮੰਚੀ ਅਧਿਐਨ ਕਰਦੇ ਰਹੇ ਹਾਂ। ਪਰ ਨਾਟ ਪੇਸ਼ਕਾਰੀ ਨੂੰ ਦੇਖੇ ਬਿਨਾ ਕਿਸੇ ਨਾਟ ਟੈਕਸਟ ਵਿੱਚੋਂ ਰੰਗਮੰਚੀ ਸੰਭਾਵਨਾਵਾਂ, ਸੰਕੇਤਾਂ ਅਤੇ ਮੁਹਾਵਰਿਆਂ ਦੀ ਤਲਾਸ਼ ਕਰਨਾ ਪਹਿਲੀ ਵਾਰ ਨਾਟਕ ਦੇ ਰੰਗਮੰਚੀ ਅਧਿਐਨ ਰਾਹੀਂ ਹੀ ਸੰਭਵ ਹੋਇਆ ਹੈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਐਮ ਫਿਲ ਅਤੇ ਪੀ-ਐਚ ਡੀ ਪੱਧਰ ਦੇ ਕਈ ਖੋਜ ਕਾਰਜ ਇਸ ਨਵੀਨ ਸ਼ੈਲੀ ਦੇ ਵਿਸ਼ੇਸ਼ ਹਵਾਲੇ ਨਾਲ ਹੋ ਚੁੱਕੇ ਹਨ।

5. ਨਾਟਕੋਸ਼ ਅਤੇ ਵਿਸ਼ਵਕੋਸ਼ :

ਸਮਕਾਲੀ ਨਾਟ ਚਿੰਤਨ ਦੀ ਦ੍ਰਿਸ਼ਟੀ ਤੋਂ ਅਗਲਾ ਮਹਤਵਪੂਰਨ ਕਾਰਜ ਪੰਜਾਬੀ ਨਾਟ ਕੋਸ਼ਾਂ ਅਤੇ ਵਿਸ਼ਵਕੋਸ਼ਾਂ ਦੀ ਤਿਆਰੀ ਦਾ ਹੈ। ਵਿਸ਼ਵ ਪੱਧਰ ਤੇ ਅਜਿਹੇ ਕਾਰਜ ਬਹੁਤ ਪਹਿਲਾਂ ਸ਼ੁਰੂ ਹੋ ਕੇ ਮੁਕੰਮਲ ਹੋ ਚੁੱਕੇ ਹਨ, ਪਰ ਪੰਜਾਬੀ ਵਿਚ ਇਹਨਾਂ ਦਾ ਆਗਾਜ਼ ਬਹੁਤ ਦੇਰ ਨਾਲ ਹੋਇਆ ਹੈ। ਇਸ ਸਬੰਧ ਵਿਚ ਪਹਿਲਾ ਕਾਰਜ ਉਮਾ ਸੇਠੀ ਨੇ ਕੀਤਾ ਹੈ ਜਿਨ੍ਹਾ ਨੇ ਨਾਟਕ ਤੇ ਰੰਗਮੰਚ ਨਾਲ ਸਬੰਧਤ ਪਰਿਭਾਸ਼ਿਕ ਸ਼ਬਦਾਵਲੀ ਦਾ ਕੋਸ਼ 'ਪੰਜਾਬੀ ਨਾਟਕ ਆਲੋਚਨਾ

ਸ਼ਬਦਾਵਲੀ ਕੋਸ਼' ਤਿਆਰ ਕੀਤਾ ਹੈ। ਇਸ ਸਬੰਧ ਵਿਚ ਆਤਮਜੀਤ ਅਤੇ ਸਤੀਸ਼ ਕੁਮਾਰ ਵਰਮਾ ਹੋਰਾਂ ਦੇ ਮੰਚਣ ਮੈਗਜ਼ੀਨ ਰਾਹੀਂ ਕੁਝ ਮੁਢਲੇ ਕਾਰਜ ਦੀ ਸ਼ੁਰੂਆਤ ਕੀਤੀ ਸੀ ਅਤੇ ਬਾਅਦ ਵਿਚ ਪਾਲੀ ਭੁਪਿੰਦਰ ਸਿੰਘ ਦੁਆਰਾ ਇਸੇ ਨਾਂ ਦੇ ਆਨਲਾਈਨ ਮੈਗਜ਼ੀਨ ਰਾਹੀਂ ਵੀ ਨਾਟਕ ਵਿਸ਼ਵਕੋਸ਼ ਦੇ ਪ੍ਰਸੰਗ ਵਿਚ ਕੁਝ ਕਾਰਜ ਕੀਤਾ ਗਿਆ ਅਤੇ ਹੁਣ ਸਤੀਸ਼ ਕੁਮਾਰ ਵਰਮਾ ਹੋਰਾਂ ਦੁਆਰਾ ਸ਼ੁਰੂ ਕੀਤੇ ਦੋ ਇਨਸਾਈਕੋਲਪੀਡੀਏ (ਨਾਟ ਮੰਚ ਵਿਸ਼ਵਕੋਸ਼ ਅਤੇ ਪੰਜਾਬੀ ਨਾਟਕ ਵਿਸ਼ਵ ਕੋਸ਼) ਇਸ ਪਰਿਪੇਖ ਨੂੰ ਹੋਰ ਸਮਰੱਥ ਬਣਾਉਣਗੇ। ਇਸ ਖੇਤਰ ਵਿਚ ਵੀ ਅਜੇ ਹੋਰ ਬਹੁਤ ਕੁਝ ਕੀਤਾ ਜਾਣਾ ਬਾਕੀ ਹੈ : ਪਾਤਰ ਕੋਸ਼, ਸੰਦਰਭ ਕੋਸ਼, ਵਿਵਰਣਾਤਮਕ ਕੋਸ਼, ਪ੍ਰਵਿਰਤੀ ਕੋਸ਼, ਸੰਕਲਪ ਕੋਸ਼ ਆਦਿ ਕੋਸ਼ਾਂ ਦਾ ਸੁਪਨਾ ਲਿਆ ਜਾਣਾ ਅਤੇ ਇਹਨਾਂ ਦੀ ਤਾਮੀਰ ਕਰਨੀ ਅਜੇ ਬਾਕੀ ਹੈ।

6. ਸਮਕਾਲੀ ਰੰਗਮੰਚੀ ਪੇਸ਼ਕਾਰੀਆਂ ਦੀ ਪੜਚੋਲ :

ਸਮਕਾਲੀ ਚਿੰਤਨ ਦੀ ਦ੍ਰਿਸ਼ਟੀ ਤੋਂ ਇਕ ਮਹਤਵਪੂਰਨ ਕਾਰਜ ਨਾਟ ਪੇਸ਼ਕਾਰੀਆਂ ਜਾਂ ਨਾਟਕ ਨਾਲ ਜੁੜੀਆਂ ਹੋਰ ਸਰਗਰਮੀਆਂ ਦੀ ਨਿਰੰਤਰ ਪੜਚੋਲ ਲਈ ਲੜੀਵਾਰ ਰੂਪ ਵਿਚ ਲਿਖਣਾ ਹੈ। ਇਸ ਸਬੰਧ ਵਿਚ ਕੁਝ ਚਿੰਤਕਾਂ ਨੇ ਜ਼ਿਕਰਯੋਗ ਕਾਰਜ ਕੀਤਾ ਹੈ। ਡਾ. ਕਮਲੇਸ਼ ਉੱਪਲ ਦੀਆਂ ਦੋ ਪੁਸਤਕਾਂ 'ਰੰਗਮੰਚ ਦੇ ਰੰਗ' ਅਤੇ 'ਰੰਗਮੰਚ ਦੇ ਰੂਪ' ਪੰਜਾਬੀ ਨਾਟਕ-ਥੀਏਟਰ ਦੀ ਗਤੀਸ਼ੀਲਤਾ, ਮੰਚਣ ਯਾਤਰਾ ਅਤੇ ਨਵੇਂ ਪ੍ਰਯੋਗਾਂ ਨੂੰ ਸਮਝਣ ਵਿਚ ਕਾਫੀ ਮਹੱਤਵਪੂਰਨ ਪੁਸਤਕਾਂ ਹਨ। ਦੋਵੇਂ ਪੁਸਤਕਾਂ ਵਿਚ ਵੱਖ-ਵੱਖ ਥਾਵਾਂ ਉੱਪਰ ਵੱਖ ਵੱਖ ਸਮਿਆਂ ਤੇ ਵੱਖ ਵੱਖ ਲੋਕਾਂ ਦੁਆਰਾ ਕੀਤੀਆਂ ਰੰਗਮੰਚੀ ਪੇਸ਼ਕਾਰੀਆਂ ਅਤੇ ਸਰਗਰਮੀਆਂ ਨੂੰ ਪੜਚੋਲਵੀਂ ਨਜ਼ਰ ਨਾਲ ਵਾਚਿਆ ਗਿਆ ਹੈ। ਸਮਕਾਲੀ ਚਿੰਤਨ ਦੀ ਦ੍ਰਿਸ਼ਟੀ ਤੋਂ ਨਾਟਕ ਰੰਗਮੰਚ ਵਿਚ ਹੋ ਰਹੇ ਪ੍ਰਯੋਗਾਂ ਤੇ ਪਰਿਵਰਤਨਾਂ ਨੂੰ ਸਮਝਣ ਦੇ ਨਜ਼ਰੀਏ ਤੋਂ ਇਹ ਕਾਰਜ ਦਸਤਾਵੇਜ਼ੀ ਮਹਤਵ ਵਾਲਾ ਹੈ। ਜਿਵੇਂ ਆਪਣੀ ਪੁਸਤਕ 'ਰੰਗਮੰਚ ਦੇ ਰੂਪ' ਵਿਚ ਕਮਲੇਸ਼ ਉਪਲ ਕਲਾ ਭਵਨ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਹੋਈ ਨਾਟ ਪੇਸ਼ਕਾਰੀ 'ਇਟਸ ਨੌਟ ਐਨ ਅਫੇਅਰ' ਨੂੰ ਪੰਜਾਬੀ ਨਾਟਕ ਵਿਚ ਨਵਾਂ ਪ੍ਰਯੋਗ ਦਸਦੀ ਹੋਈ ਲਿਖਦੀ ਹੈ ਕਿ 'ਜੇ ਪੀ ਨਾਲ ਅੰਮ੍ਰਿਤਾ ਦਾ ਈ-ਮੇਲ ਸੰਵਾਦ ਹੀ ਇਸ ਕਥਿਤ ਨਾਟਕ ਇਟਸ ਨੌਟ ਐਨ ਅਫੇਅਰ' ਦਾ ਪਲਾਟ ਹੈ। ਅਜਿਹਾ ਪਲਾਟ ਕਿ ਜਿਸ ਵਿਚ ਪ੍ਰਤੱਖ ਜਾਂ ਪਰੋਖ ਵਿਚ ਇੱਕੋ ਘਟਨਾ ਵਾਪਰਦੀ ਹੈ, ਤੇ ਉਹ ਹੈ ਅੰਮ੍ਰਿਤਾ ਦਾ, ਉਸ ਦੀ ਜ਼ਿੰਦਗੀ ਦੀ ਪੇਸ਼ੋਪਸ਼ ਦੌਰਾਨ ਹੀ, ਇਕ ਹਾਦਸੇ ਵਿਚ ਫੌਤ ਹੋ ਜਾਣਾ। ਇਹ ਨਾਟਕ ਵਾਸਤਵ ਵਿਚ ਜੇ ਪੀ ਨਾਮ ਦੇ ਵਿਅਕਤੀ ਦਾ ਦੁਖਾਂਤ ਹੈ। ਜਿਸ ਦੀ 'ਲਿਵ ਇਨ' ਪਾਰਟਨਰ ਅਚਾਨਕ ਰੱਬ ਨੂੰ ਪਿਆਰੀ ਹੋ ਗਈ। ਬਲਰਾਮ ਨੂੰ, ਜੋ ਇਸ ਅਨਾਟਕੀ ਲੇਖਕ ਦਾ ਲੇਖਕ ਅਤੇ ਨਿਰਮਾਤਾ ਹੈ, ਅੰਮ੍ਰਿਤਾ ਅਤੇ ਜੇ ਪੀ ਦੀ ਈ-ਮੇਲ ਗੱਲ ਬਾਤ ਵਿੱਚੋਂ 'ਟੂ ਬੀ ਔਰ ਨੌਟ ਟੂ ਬੀ' ਵਰਗੀ ਸ਼ੇਕਸ਼ਪੀਅਰੀ ਦੁਬਿਧਾ ਦਿਸੀ ਹੈ। ਨਿਰਦੇਸ਼ਕ ਬਲਰਾਮ ਦੇ ਅੰਮ੍ਰਿਤਾ-ਜੇ ਪੀ ਅਫੇਅਰ ਪ੍ਰਤੀ ਇਸ ਨਜ਼ਰੀਏ ਦੇ ਨਤੀਜੇ ਵਜੋਂ ਇਹ ਹੋਂਦਵਾਦੀ, ਐਬਸਰਡ ਅਤੇ ਤਜਰਬਾਤੀ ਨਾਟ ਅਨੁਭਵ ਦਰਸ਼ਕਾਂ ਸਾਮ੍ਹਣੇ ਆਇਆ ਹੈ। ਇਸ ਨਾਟਕ ਵਿਚ ਕੋਈ ਸਰੀਰਕ ਹਿੱਲਜੁਲ ਨਹੀਂ, ਰਵਾਇਤੀ ਦਵੰਧ ਨਹੀਂ ਪਰ ਇਕ ਕਸ਼ਮਕਸ ਜਿਹੀ ਦਾ ਅਹਿਸਾਸ ਤਾਰੀ ਹੈ ਜੋ ਸ਼ੁਰੂ ਤੋਂ ਅੰਤ ਤੱਕ ਇੱਕੋ ਜਿਹੀ ਹੈ।[12]

ਇਸੇ ਲੜੀ ਵਿਚ ਕੁਝ ਅਖ਼ਬਾਰਾਂ ਅਤੇ ਮੈਗਜ਼ੀਨਾਂ ਦੇ ਕਾਲਮਾਂ ਦਾ ਜ਼ਿਕਰ ਕਰਨਾ ਵੀ

ਪ੍ਰਾਸੰਗਿਕ ਹੈ:

ਕਲਾ ਤੇ ਜ਼ਿੰਦਗੀ – ਪੰਜਾਬੀ ਟ੍ਰਿਬਿਊਨ – ਗੁਰਸ਼ਰਨ ਸਿੰਘ
ਸਿੰਮ ਸਿੰਮ ਖੁੱਲ੍ਹ ਜਾ – ਦੇਸ਼ ਸੇਵਕ – ਸਤੀਸ਼ ਕੁਮਾਰ ਵਰਮਾ
ਮੋਨੋਲਾਗ – ਦੇਸ਼ ਸੇਵਕ – ਪਾਲੀ ਭੁਪਿੰਦਰ

ਪੰਜਾਬੀ ਨਾਟ ਆਲੋਚਨਾ ਦੇ ਖੇਤਰ ਵਿਚ ਗੁਰਸ਼ਰਨ ਸਿੰਘ ਦੇ ਪੰਜਾਬੀ ਟ੍ਰਿਬਿਊਨ ਵਿਚ ਪ੍ਰਕਾਸ਼ਿਤ ਲੜੀਵਾਰ ਕਾਲਮ 'ਕਲਾ ਤੇ ਜ਼ਿੰਦਗੀ' ਦਾ ਖਾਸ ਮਹੱਤਵ ਹੈ। ਇਹ ਕਾਲਮ ਪੰਜਾਬੀ ਨਾਟਕ–ਥੀਏਟਰ ਦੇ ਪ੍ਰਸੰਗ ਵਿਚ ਦਸਤਾਵੇਜੀ ਮਹੱਤਵ ਵਾਲਾ ਕਾਲਮ ਹੈ। ਇਹ ਕਾਲਮ ਇਹਨਾਂ ਵਰ੍ਹਿਆਂ ਦੇ ਨਾਟਕੀ ਅਤੇ ਥੀਏਟਰੀ ਸਰੋਕਾਰਾਂ ਦਾ ਰੋਜ਼ਨਾਮਚਾ ਜਾਂ ਡਾਇਰੀ ਤਾਂ ਹੈ ਹੀ, ਨਾਲ ਹੀ ਇਸ ਪ੍ਰਸੰਗ ਵਿੱਚ ਗੁਰਸ਼ਰਨ ਸਿੰਘ ਦੀਆਂ ਸਮਕਾਲੀ ਨਾਟਕ ਤੇ ਥੀਏਟਰੀ ਸਰੋਕਾਰਾਂ ਤੇ ਕੀਤੀਆਂ ਟਿੱਪਣੀਆਂ ਵੀ ਮਹੱਤਵਪੂਰਨ ਹਨ। ਬਾਅਦ ਵਿਚ ਡਾ. ਜਸਪਾਲ ਕੌਰ ਦਿਉਲ ਦੀ ਸੰਪਾਦਨਾ ਵਿਚ 'ਮੇਰੀ ਨਾਟਕ ਡਾਇਰੀ' ਨਾਂ ਹੇਠ ਪ੍ਰਕਾਸ਼ਿਤ ਇਹਨਾਂ ਕਾਲਮਾਂ ਵਿਚ ਗੁਰਸ਼ਰਨ ਸਿੰਘ ਨੇ ਪੰਜਾਬੀ ਨਾਟਕ ਤੇ ਥੀਏਟਰ ਦੇ ਸਮਕਾਲੀ ਸਰੋਕਾਰਾਂ ਨੂੰ ਜਿਸ ਤਰਾਂ ਕਲਮਬੱਧ ਕੀਤਾ ਹੈ ਅਤੇ ਉਹਨਾਂ ਤੇ ਆਪਣੀ ਵਿਸ਼ੇਸ਼ ਪਹੁੰਚ ਦ੍ਰਿਸ਼ਟੀ ਤੋਂ ਟਿੱਪਣੀਆਂ ਕੀਤੀਆਂ ਹਨ, ਉਹਨਾਂ ਦੀ ਪ੍ਰਾਸੰਗਿਕਤਾ ਪੰਜਾਬੀ ਨਾਟਕ ਦੀ ਇਤਿਹਾਸਕਾਰੀ ਅਤੇ ਵਿਕਾਸ ਯਾਤਰਾ ਦੌਰਾਨ ਮਹਿਸੂਸ ਕੀਤੀ ਜਾਂਦੀ ਰਹੇਗੀ। 'ਸਿੰਮ ਸਿੰਮ ਖੁੱਲ੍ਹ ਜਾ' ਅਤੇ 'ਅਦਬ ਦੇ ਆਰ ਪਾਰ' ਭਾਵੇਂ ਪੂਰਨ ਤੌਰ ਤੇ ਨਾਟਕ –ਥੀਏਟਰ ਨੂੰ ਸਮਰਪਤ ਕਾਲਮ ਨਹੀਂ ਹਨ ਪਰ ਇਹਨਾਂ ਵਿਚ ਗਾਹੇ–ਬਗਾਹੇ ਨਾਟਕਕਾਰਾਂ, ਰੰਗਕਰਮੀਆਂ, ਨਾਟ–ਸਕ੍ਰਿਪਟਾਂ, ਨਾਟ–ਪੇਸ਼ਕਾਰਆਂ ਅਤੇ ਨਾਟ–ਮੇਲਿਆਂ ਤੇ ਚਰਚਾ ਹੁੰਦੀ ਰਹੀ ਹੈ। ਪੰਜਾਬੀ ਨਾਟ–ਚਿੰਤਨ ਦਾ ਇਹ ਗੈਰ ਰਸਮੀ ਨਾਟਕੀ ਪਾਸਾਰ ਨਾਟਕ–ਥੀਏਟਰ ਦੀਆਂ ਸਮਕਾਲੀ ਪਰਤਾਂ ਨੂੰ ਸਮਝਣ ਵਿਚ ਸਹਾਈ ਹੈ। ਇਸੇ ਤਰਾਂ ਪਾਲੀ ਭੁਪਿੰਦਰ ਦਾ ਲੜੀਵਾਰ ਕਾਲਮ 'ਮੋਨੋਲਾਗ' ਅਨੇਕ ਨਾਟਕੀ–ਮਸਲਿਆਂ ਨੂੰ ਮੁਖ਼ਾਤਬ ਹੁੰਦਾ ਰਿਹਾ ਹੈ। ਇਸ ਸਬੰਧ ਵਿਚ ਡਾ ਸਾਹਿਬ ਸਿੰਘ ਦੁਆਰਾ ਪੰਜਾਬੀ ਟ੍ਰਿਬਿਊਨ ਵਿਚ ਸ਼ੁਰੂ ਕੀਤਾ ਗਿਆ ਸਥਾਈ ਕਾਲਮ 'ਰਾਸ ਰੰਗ' ਨਾਟਕ ਤੇ ਰੰਗਮੰਚ ਦੀਆਂ ਵਰਤਮਾਨ ਦੌਰ ਵਿਚ ਹੋ ਰਹੀਆਂ ਪੇਸ਼ਕਾਰੀਆਂ ਦੇ ਪ੍ਰਸੰਗ ਵਿਚ ਸਮਕਾਲੀ ਚਿੰਤਨ ਦੇ ਅਹਿਮ ਨੁਕਤੇ ਉਭਾਰ ਰਿਹਾ ਹੈ ਅਤੇ ਇਸੇ ਤਰ੍ਹਾਂ ਇਹਨਾਂ ਸਤਰਾਂ ਦੇ ਲੇਖਕ ਦਾ 'ਸਰੋਕਾਰ' ਮੈਗਜ਼ੀਨ ਵਿਚ ਸ਼ੁਰੂ ਹੋਇਆ ਵਿਸ਼ੇਸ਼ ਲੜੀਵਾਰ ਕਾਲਮ 'ਘਰਾਂ ਵਿਚ ਥੀਏਟਰ' ਪੰਜਾਬ ਨਾਟਕ ਤੇ ਰੰਗਮੰਚ ਦੇ ਵਿਸ਼ਵ ਪੱਧਰ ਤੇ ਵਿੱਲਖਣ ਪਾਸਾਰ ਦਾ ਅਧਿਐਨ ਕਰਨ ਦੇ ਰੂਪ ਵਿਚ ਸਮਕਾਲੀ ਚਿੰਤਨ ਵਿਚ ਮੱਹਤਵਪੂਰਨ ਹੈ।

7. ਤੁਲਨਾਤਮਕ ਸਰੋਕਾਰ :

ਸਮਕਾਲੀ ਚਿੰਤਨ ਦੀ ਦ੍ਰਿਸ਼ਟੀ ਤੋਂ ਪੰਜਾਬੀ ਨਾਟ ਸਮੀਖਿਆ ਦਾ ਮਹਤਵਪੂਰਨ ਪਾਸਾਰ ਤੁਲਨਾਤਮਕ ਅਧਿਐਨ ਦਾ ਹੈ। ਇਸ ਦ੍ਰਿਸ਼ਟੀ ਤੋਂ ਡਾ. ਤਰਸਪਾਲ ਕੌਰ ਦਾ ਕਾਰਜ ਬਹੁਤ ਅਹਿਮ ਹੈ। ਇਸ ਕਾਰਜ ਦੀ ਪਹਿਲੀ ਵਿਲੱਖਣਤਾ ਇਸ ਦਾ ਅੰਤਰਰਾਸ਼ਟਰੀ ਅਤੇ ਅੰਤਰਖੇਤਰੀ ਹੋਣਾ ਹੈ। ਇਹ ਅੰਤਰਅਨੁਸ਼ਾਸਨੀ ਇਸ ਰੂਪ ਵਿਚ ਹੈ ਕਿ ਭਾਵੇਂ ਇਸ ਖੋਜ ਕਾਰਜ ਦਾ ਮੁੱਖ ਵਿਸ਼ਾ ਪੰਜਾਬੀ ਨਾਟਕ ਹੀ ਹੈ, ਪਰੰਤੂ ਨਾਟਕ ਦੇ ਜਿੰਨੇ ਰੂਪ ਹੁਣ ਤੱਕ ਵਿਸ਼ਵ ਪੱਧਰ 'ਤੇ ਪ੍ਰਵਾਹਮਾਨ ਰਹੇ ਹਨ, ਉਹਨਾਂ ਸਾਰਿਆਂ ਦਾ ਇੱਕੋ ਸਮੇਂ ਅਧਿਐਨ ਕਰਨਾ ਅੰਤਰ–ਅਨੁਸ਼ਾਸਨੀ

ਵਰਤਾਰਾ ਹੈ। ਡਾ. ਤਰਸਪਾਲ ਨੇ ਅੰਗਰੇਜੀ ਸਾਹਿਤ ਦਾ ਪਿਛੋਕੜ ਅਤੇ ਵਰਤਮਾਨ ਤਲਾਸ਼ਦਿਆਂ ਅਤੇ ਇਸ ਤੋਂ ਬਾਅਦ ਵਿਸ਼ਵ ਨਾਟਕਾਂ ਦੇ ਸਮੁੱਚੇ ਪਾਠ ਵਿਚ ਵਿਚਰਦਿਆਂ ਵਿਸ਼ਵ ਦੇ ਕੋਰਸਗੀਤ, ਰਹੱਸਮਈ ਨਾਟਕ, ਚਮਤਕਾਰਿਕ ਨਾਟਕ, ਸਦਾਚਾਰਿਕ ਨਾਟਕ, ਸੁਖਾਂਤ, ਦੁਖਾਂਤ, ਦੁੱਖ-ਸੁਖਾਂਤ, ਮੈਲੋਡਰਾਮਾ, ਫਾਰਸ ਇਤਿਹਾਸਿਕ ਨਾਟਕ, ਸੰਗੀਤ ਨਾਟਕ ਆਦਿ ਦੇ ਰੂਪ ਵਿਚ ਨਾਟਕੀ ਵਿਧਾਵਾਂ ਦਾ ਅੰਤਰ-ਅਨੁਸ਼ਾਸਨੀ ਅਧਿਐਨ ਕੀਤਾ ਹੈ। ਅੰਤਰ ਖੇਤਰੀ ਇਸ ਰੂਪ ਵਿਚ ਹੈ ਕਿ ਇਸ ਵਿਚ ਭੂਗੋਲਿਕ ਤੌਰ ’ਤੇ ਪੂਰੇ ਵਿਸ਼ਵ ਦੇ ਨਾਟਕ ਨੂੰ ਖੋਜਣ ਦੀ ਕੋਸ਼ਿਸ਼ ਕੀਤੀ ਹੈ। ਅੰਗਰੇਜ਼ੀ ਨਾਟਕ ਦੀਆਂ ਜੜ੍ਹਾਂ ਤਲਾਸ਼ਦੇ ਉਸ ਨੇ ਯੂਨਾਨੀ ਨਾਟ ਪਰੰਪਰਾ, ਰੋਮਨ ਨਾਟ ਪਰੰਪਰਾ ਅਤੇ ਫਿਰ ਅੰਗਰੇਜ਼ੀ ਨਾਟ ਪਰੰਪਰਾ ਦੇ ਹਵਾਲਿਆਂ ਨਾਲ/ ਵੱਖ-ਵੱਖ ਖੇਤਰਾਂ ਵਿਚ ਵਿਆਪਤ ਨਾਟ-ਰੂਪਾਂ ਦੀ ਇਤਿਹਾਸਿਕ ਪੁਣਛਾਣ ਵਿਸ਼ਵ ਪੱਧਰ ’ਤੇ ਕੀਤੀ ਹੈ। ਇਹਨਾਂ ਰੂਪਾਂ ਵਿਚ ਡਾ. ਤਰਸਪਾਲ ਦਾ ਇਹ ਕਾਰਜ ਅੰਤਰ ਅਨੁਸ਼ਾਸਨੀ ਅਤੇ ਅੰਤਰ ਖੇਤਰੀ ਸਰੂਪ ਦਾ ਹੈ।[13]

8. ਸੱਤ੍ਹਾ ਸਿਧਾਂਤ ਅਤੇ ਵਰਤਮਾਨ ਸੱਤ੍ਹਾ :

ਸਮਕਾਲੀ ਚਿੰਤਨ ਦੀ ਦ੍ਰਿਸ਼ਟੀ ਤੋਂ ਇਕ ਦਿਸ਼ਾ ਆਧੁਨਿਕ ਦੌਰ ਵਿਚ ਸਤ੍ਹਾ ਦੇ ਸਿਧਾਂਤ ਅਤੇ ਇਸ ਦੇ ਸੰਦਰਭ ਵਿਚ ਵਰਤਮਾਨ ਸਤ੍ਹਾ ਦੇ ਕਿਰਦਾਰ ਨੂੰ ਸਮਝਣ ਦੀ ਹੈ। ਪੰਜਾਬੀ ਨਾਟ ਸਮੀਖਿਆ ਵਿਚ ਇਸ ਸਵਾਲ ਦੇ ਸਨਮੁਖ ਹੋਣ ਦੀ ਵੀ ਕੋਸ਼ਿਸ਼ ਕੀਤੀ ਗਈ ਹੈ। ਇਸ ਦ੍ਰਿਸ਼ਟੀ ਤੋਂ ਡਾ. ਰੇਸ਼ਮ ਸਿੰਘ ਦੀ ਸਮੀਖਿਆ ਪੁਸਤਕ ‘ਸੱਤਾ ਸਿਧਾਂਤ ਅਤੇ ਪੰਜਾਬੀ ਨਾਟਕ’ ਦਾ ਪਹਿਲਾ ਅਧਿਆਏ ‘ਰਾਜ ਸੱਤਾ ਦਾ ਵਿਧਾਨ : ਸਿਧਾਂਤਕ ਪਰਿਪੇਖ’ ਬਹੁਤ ਮਹਤਵਪੂਰਨ ਹੈ ਜਿਸ ਵਿਚ ਉਹ ਇਤਿਹਾਸਿਕ ਪਰਿਪੇਖ ਵਿਚ ਆਦਿ ਕਾਲ ਤੋਂ ਹੁਣ ਤੱਕ ਸੱਤ੍ਹਾ ਦੇ ਵਿਧਾਨ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ। ਸਮਕਾਲੀ ਦੌਰ ਵਿਚ ਸੱਤ੍ਹਾ ਦੇ ਕਿਰਦਾਰ ਨੂੰ ਪਰਿਭਾਸ਼ਿਤ ਕਰਦਾ ਹੋਇਆ ਉਹ ਲਿਖਦਾ ਹੈ ਕਿ ਮਧਕਾਲੀਨ ਗਿਆਨ ਆਧਾਰਿਤ ਸਮਾਜਿਕ ਪ੍ਰਬੰਧ ਨਾਲੋਂ ਮੌਜੂਦਾ ਵਿਵਸਥਾ ਭਿੰਨ ਜ਼ਰੂਰ ਹੈ ਪਰ ਇਸ ਤੋਂ ਬਿਲਕੁਲ ਮੌਲਿਕ ਰੂਪ ਵਾਲੀ ਨਹੀਂ। ਇਸ ਨੇ ਸਮਾਰਾਜ ਤੋਂ ਲੋਕਰਾਜ ਤੱਕ ਦਾ ਸਫਰ ਤੈਅ ਕੀਤਾ ਹੈ ਪਰ ਜਮਾਤੀ ਜਕੜਨ ਅਤੇ ਵਿਸ਼ਵੀਕਰਨ ਦੀ ਪ੍ਰਕਿਰਿਆ ਵਿਚ ਇਸ ਨੇ ਨਵਸਾਮਰਾਜ ਵਾਲਾ ਰੂਪ ਧਾਰਨ ਕਰ ਲਿਆ ਹੈ। ਹਲਾਂਕਿ ਸਾਰੀਆਂ ਸੰਸਥਾਵਾਂ ਲੋਕਰਾਜ ਦੀ ਬਹਾਲੀ ਲਈ ਹੀ ਸਥਾਪਿਤ ਹਨ ਤੇ ਕੰਮ ਵੀ ਕਰ ਰਹੀਆਂ ਹਨ ਪਰ ਇਹਨਾਂ ਨੂੰ ਨਿਰਦੇਸ਼ ਜਾਰੀ ਕਰਨ ਵਾਲੀ ਸੱਤਾ ਤੇ ਕਾਬਜ਼ ਧਿਰ ਨੇ ਵਿਸ਼ਵੀਕਰਨ ਵਾਲੀ ਸੱਭਿਆਚਾਰਕ ਅਤੇ ਵਿਚਾਰਧਾਰਕ ਪੱਧਤੀ ਤੋਂ ਪ੍ਰਭਾਵਿਤ ਅਤੇ ਸਹਿਮਤ ਹੋ ਕੇ ਆਪਣੇ ਪ੍ਰਕਾਰਜੀ ਸਰੂਪ ਵਿਚ ਤਬਦੀਲੀ ਲਿਆਂਦੀ ਹੈ।[14] ਇਉਂ ਰੇਸ਼ਮ ਸਿੰਘ ਦੀ ਇਹ ਧਾਰਨਾ ਪੰਜਾਬੀ ਨਾਟ ਸਮੀਖਿਆ ਦੇ ਸਮਕਾਲੀ ਸਰੋਕਾਰਾਂ ਦੀ ਪੁਸ਼ਟੀ ਕਰਦੀ ਹੈ।

9. ਕੌਮੀ-ਕੌਮਾਂਤਰੀ ਨਾਟ ਸਰੋਕਾਰਾਂ ਦੀ ਪਛਾਣ :

ਸਮਕਾਲੀ ਚਿੰਤਨ ਦੀ ਦ੍ਰਿਸ਼ਟੀ ਤੋਂ ਇਕ ਅਹਿਮ ਸਰੋਕਾਰ ਕੌਮੀ ਅਤੇ ਕੌਮਾਂਤਰੀ ਨਾਟ ਸਾਹਿਤ ਸਰੋਕਾਰਾਂ ਦੀ ਤਲਾਸ਼ ਕਰਨਾ ਹੈ। ਇਸ ਦ੍ਰਿਸ਼ਟੀ ਤੋਂ ਪੰਜਾਬੀ ਨਾਟ ਸਮੀਖਿਆ ਵਿਚ ਕਾਰਜ ਤਾਂ ਭਾਵੇਂ ਥੋੜ੍ਹਾ ਹੋਇਆ ਹੈ, ਫਿਰ ਵੀ ਜਿੰਨਾ ਹੋਇਆ ਹੈ, ਉਹ ਵਿਸ਼ਵ ਨਾਟ ਸਾਹਿਤ ਨਾਲ ਪੰਜਾਬੀ ਪਾਠਕਾਂ ਦੀ ਜਾਣਪਛਾਣ ਕਰਾਉਣ ਅਤੇ ਉਸ ਦੇ ਸਰੋਕਾਰਾਂ ਦੇ ਸਮਝਣ ਦੇ ਨਜ਼ਰੀਏ ਤੋਂ ਅਹਿਮ ਹੈ। ਇਸ ਸਬੰਧ ਵਿਚ ਮੁਢਲੇ ਦੌਰ ਵਿਚ ਪ੍ਰਾਪਤ ਪੁਸਤਕਾਂ ਵਿਚ ਬਲਵੰਤ

ਗਾਰਗੀ ਰਚਿਤ ਦੋ ਮਹੱਤਵਪੂਰਨ ਪੁਸਤਕਾਂ 'ਰੰਗਮੰਚ' ਅਤੇ 'ਲੋਕ ਨਾਟਕ' (ਬਲਵੰਤ ਗਾਰਗੀ), 'ਨਾਟਕ ਸਾਗਰ' (ਨੂਰ ਇਲਾਹੀ ਤੇ ਮਹੁੰਮਦ ਉਮਰ), 'ਅਰਸਤੂ ਦਾ ਕਾਵਿ ਸ਼ਾਸਤਰ' (ਡਾ. ਰੌਸ਼ਨ ਲਾਲ ਆਹੂਜਾ) ਪੁਸਤਕਾਂ ਸ਼ਾਮਿਲ ਹਨ। ਸਮਕਾਲੀ ਦੌਰ ਵਿਚ ਵਿਸ਼ਵ ਅਤੇ ਕੌਮੀ ਨਾਟ ਸਰੋਕਾਰਾਂ ਨੂੰ ਤਲਾਸ਼ਦੀਆਂ ਪੁਸਤਕਾਂ ਵਿਚ 'ਥੀਏਟਰ ਦੇ ਥੰਮ' (ਕਮਲੇਸ਼ ਉੱਪਲ), 'ਭਾਰਤ ਦੀ ਸੰਗੀਤ ਨਾਟਕ ਪਰੰਪਰਾ' (ਕੁਲਦੀਪ ਸਿੰਘ ਦੀਪ), 'ਵਿਸ਼ਵ ਉਪੇਰਾ: ਸਿਧਾਂਤ ਸਰੂਪ ਅਤੇ ਸਰੋਕਾਰ' (ਕੁਲਦੀਪ ਸਿੰਘ ਦੀਪ), 'ਨਾਟਕ ਅਤੇ ਨਾਟ ਚਿੰਤਨ' (ਪਾਲੀ ਭੁਪਿੰਦਰ ਸਿੰਘ), 'ਲੋਕਧਰਮੀ ਰੰਗਮੰਚ : ਸਿਧਾਂਤ ਤੇ ਵਿਹਾਰ' (ਪ੍ਰੋ. ਕਿਰਪਾਲ ਕਜ਼ਾਕ), 'ਰੰਗਮੰਚ ਚਿੰਤਨ' (ਪ੍ਰੋ. ਕਿਰਪਾਲ ਕਜ਼ਾਕ), 'ਰੰਗਮੰਚ ਸਿਰਜਣਾ ਅਤੇ ਸੰਵਾਦ' (ਡਾ. ਪਰਮਜੀਤ ਵਰਮਾ), ਪੰਜਾਬੀ ਨਾਟਕ ਦੀ ਨਕੜਦਾਦੀ : ਨੋਰਾ ਰਿਚਰਡਜ਼' (ਸੰਪਾਦਕ ਹਰਬੀਰ ਸਿੰਘ ਭੰਵਰ), ਨੋਰਾ (ਨਵਨਿੰਦਰਾ ਬਹਿਲ), ਪੰਜਾਬੀ ਨਾਟਕ ਅਤੇ ਅੰਗਰੇਜ਼ੀ ਨਾਟਕ : ਅੰਤਰਸਬੰਧ' (ਡਾ. ਤਰਸਪਾਲ ਕੌਰ), 'ਅਰਸਤੂ ਦੇ ਕਾਵਿ-ਸ਼ਾਸਤਰ ਦੀ ਨਵੀਂ ਪੜਤ' (ਡਾ. ਰਜਿੰਦਰ ਲਹਿਰੀ), ਨਾਟ ਸਰੋਕਾਰ (ਡਾ. ਰੇਸ਼ਮ ਸਿੰਘ) ਆਦਿ ਪੁਸਤਕਾਂ ਸ਼ਾਮਿਲ ਹਨ। ਚਿੰਤਨ ਦੀ ਦ੍ਰਿਸ਼ਟੀ ਤੋਂ ਇਹ ਪੁਸਤਕਾਂ ਬਹੁਤ ਮਹਤਵਪੂਰਨ ਪੁਸਤਕਾਂ ਹਨ। ਇਹ ਖੋਜ ਪੁਸਤਕਾਂ ਪੰਜਾਬੀ ਨਾਟ ਚਿੰਤਨ ਦੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਰੋਕਾਰਾਂ ਨਾਲ ਸੰਬੰਧਤ ਅਜਿਹੀਆਂ ਪੁਸਤਕਾਂ ਹਨ ਜਿਨਾਂ ਨੇ ਕੌਮਾਂਤਰੀ ਅਤੇ ਕੌਮੀ ਪੱਧਰ ਉੱਤੇ ਨਾਟ-ਥੀਏਟਰੀ ਦ੍ਰਿਸ਼ ਨੂੰ ਪੰਜਾਬੀਆਂ ਅੱਗੇ ਪ੍ਰਸਤੁਤ ਕੀਤਾ ਹੈ।'ਥੀਏਟਰ ਦੇ ਥੰਮ' ਅਤੇ 'ਰੰਗਮੰਚ' ਦੇ ਸ਼ਾਹਕਾਰ' (ਕਮਲੇਸ਼ ਉੱਪਲ) ਪੁਸਤਕਾਂ ਨਾਟਕ-ਥੀਏਟਰ ਦੇ ਯੁਰਪੀ ਚੈਪਟਰ ਨਾਲ ਸੰਬੰਧਤ ਰਚਨਾਵਾਂ ਹਨ। ਇਹਨਾਂ ਵਿਚ ਹੁਣ ਤੱਕ ਕਲਾਸਿਕ ਦਰਜਾ ਹਾਸਲ ਕਰ ਚੁਕੀਆਂ ਨਾਟ-ਸਕ੍ਰਿਪਟਾਂ ਅਤੇ ਨਾਟਕਕਾਰਾਂ ਦਾ ਅਧਿਐਨ-ਵਿਸ਼ਲੇਸ਼ਣ ਹੈ। 'ਵਿਸ਼ਵ ਉਪੇਰਾ' ਸਿਧਾਂਤ ਸਰੂਪ ਤੇ ਸਰੋਕਾਰ' ਅਤੇ 'ਭਾਰਤ ਦੀ ਸੰਗੀਤ ਨਾਟਕ ਪਰੰਪਰਾ' ਨਾਟ ਖੋਜ ਦੇ ਖੇਤਰ ਵਿਚ ਇਸ ਪੱਖੋਂ ਵਿਲੱਖਣ ਹਨ ਕਿ ਪਹਿਲੀ ਵਾਰ ਪੰਜਾਬੀ ਵਿਚ ਸੰਗੀਤ ਨਾਟਕ ਦੇ ਖੇਤਰ ਵਿਚ ਕੌਮੀ ਤੇ ਕੌਮਾਂਤਰੀ ਸੰਗੀਤ ਨਾਟਕ ਦੇ ਸਿਧਾਂਤ ਅਤੇ ਸਰੋਕਾਰਾਂ ਬਾਰੇ ਏਨੇ ਵਿਸ਼ਾਲ ਰੂਪ ਵਿਚ ਮੁਲਾਂਕਣ ਹੋਇਆ ਹੈ। 'ਰੰਗਮੰਚ ਸਿਰਜਣਾ ਅਤੇ ਸੰਵਾਦ' (ਡਾ. ਪਰਮਜੀਤ ਵਰਮਾ) ਪੁਸਤਕ ਪਹਿਲੀ ਵਾਰ ਪੰਜਾਬੀ ਨਾਟ ਪ੍ਰੇਮੀਆਂ ਨੂੰ ਸ਼ੇਲਡਾਨ ਚੇਨੀ, ਗੋਰਦਨ ਕਰੇਗ ਅਤੇ ਪੀਟਰ ਬਰੁਕ ਵਰਗੇ ਨਾਟ ਚਿੰਤਕਾਂ ਦੇ ਰੂਬਰੂ ਕਰਵਾਉਂਦੀ ਹੈ।ਪਾਲੀ ਭੁਪਿੰਦਰ ਸਿੰਘ ਦੀ ਪੁਸਤਕ 'ਨਾਟਕ ਅਤੇ ਨਾਟ ਚਿੰਤਨ' ਵਿਸ਼ਵ ਨਾਟ ਚਿੰਤਨ ਤੋਂ ਸ਼ੁਰੂ ਹੋ ਕੇ ਨਾਟਕ ਕਲਾ ਦੇ ਜਨਮ, ਨਾਟਕ ਦੇ ਅਧਿਐਨ ਦੀਆਂ ਵਿਧੀਆਂ ਅਤੇ ਨਾਟਕ ਦੀ ਸਿਰਜਣ ਪ੍ਰਕਿਰਿਆ ਤੇ ਫੋਕਸ ਕਰਦੀ ਹੈ। ਕਿਰਪਾਲ ਕਜ਼ਾਕ ਦੀ ਪੁਸਤਕ 'ਲੋਕ ਧਰਮੀ ਰੰਗਮੰਚ: ਸਿਧਾਂਤ ਤੇ ਵਿਹਾਰ' ਲੋਕ ਧਰਮੀ ਰੰਗਮੰਚ ਦੇ ਸਿਧਾਂਤਕ/ਪਰਿਪੇਖ ਦੇ ਨਾਲ ਨਾਲ ਹਿਮਾਚਲ, ਛੱਤੀਸ਼ਗੜ੍ਹ, ਰਾਜਸਥਾਨ ਅਤੇ ਬਿਹਾਰ ਆਦਿ ਦੇ ਲੋਕ ਧਰਮੀ ਨਾਟ-ਰੂਪਾਂ ਨਾਲ ਤੁਆਰਫ਼ ਕਰਵਾਉਂਦੀ ਹੈ। ਇਸੇ ਲੜੀ ਨੂੰ ਅੱਗੇ ਤੋਰਦਿਆਂ ਕਿਰਪਾਲ ਕਜ਼ਾਕ ਦੀ ਅਗਲੀ ਪੁਸਤਕ 'ਰੰਗਮੰਚ ਚਿੰਤਨ' ਵਿਚ ਲੋਕ ਨਾਟਕੀ ਰੂਪ 'ਫੜ੍ਹ' ਅਤੇ ਵਿਸ਼ਵ ਪ੍ਰਸਿੱਧ ਭਾਰਤੀ ਨਾਟਕਕਾਰ ਵਿਜੈ ਤੇਂਦੂਲਕਰ ਦੇ ਆਰਟੀਕਲ ਦਾ ਅਨੁਵਾਦ ਸ਼ਾਮਿਲ ਕੀਤਾ ਹੈ ਜੋ ਕੌਮਾਂਤਰੀ ਨਾਟ ਸਰੋਕਾਰਾਂ ਨੂੰ ਸਮਝਣ ਲਈ ਮਹਤਵਪੂਰਨ ਕਾਰਜ ਹੈ। ਨੋਰਾ ਰਿਚਰਡਜ਼ ਨਾਲ ਸਬੰਧਤ ਦੋਵੇਂ ਪੁਸਤਕਾਂ ਨਾਟਕ ਦੀ ਵਿਸ਼ਵ ਪ੍ਰਸਿਧ ਹਸਤੀ ਨੋਰਾ ਰਿਚਰਡਜ਼ ਦੇ ਨਾਟ ਕਾਰਜਾਂ ਅਤੇ ਵਿਅਕਤਿਤਵ ਨਾਲ ਜੁੜੀਆਂ ਪੁਸਤਕਾਂ

ਹਨ। 'ਪੰਜਾਬੀ ਨਾਟਕ ਅਤੇ ਅੰਗਰੇਜ਼ੀ ਨਾਟਕ : ਅੰਤਰਸਬੰਧ' ਬਰਨਾਰਡ ਸ਼ਾਅ ਅਤੇ ਸ਼ੇਕਸਪੀਅਰ ਦੇ ਪੰਜਾਬੀ ਨਾਟਕ ਅਤੇ ਰੰਗਮੰਚ ਤੇ ਪਏ ਪ੍ਰਭਾਵ ਨੂੰ ਰੇਖਾਂਕਿਤ ਕਰਦੀ ਹੈ। ਡਾ. ਰਜਿੰਦਰ ਲਹਿਰੀ ਦੀ ਖੋਜ ਪੁਸਤਕ "ਅਰਸਤੂ ਦੇ ਕਾਵਿ-ਸ਼ਾਸਤਰ ਦੀ ਨਵੀਂ ਪੜਤ" ਵਿਚ ਕਾਵਿ ਸ਼ਾਸ਼ਤਰ ਦੇ ਪੁਨਰ ਪਾਠ ਅਤੇ ਪੁਨਰ ਚਿੰਤਨ ਰਾਹੀਂ ਕਈ ਇਹ ਨਵਾਂ ਪ੍ਰਸ਼ਨ ਉਭਾਰਦਾ ਹੈ ਕਿ ਅਰਸਤੂ ਆਪਣੇ ਕਾਵਿ ਸ਼ਾਸਤਰ ਵਿਚ ਨਾਟਕ ਦੀ ਕਲਾ ਨਾਲੋਂ ਨਿਖੇੜ ਨਹੀਂ ਰਿਹਾ ਬਲਕਿ ਮਹਾਂਕਾਵਿ ਨੂੰ ਤ੍ਰਾਸਦੀ ਨਾਲੋਂ ਨਿਖੇੜ ਰਿਹਾ ਹੈ। ਇਸ ਲਈ ਨਾਟਕ ਦੀ ਵਿਧਾ ਨੂੰ ਸਮਝਣ ਲਈ ਅਰਸਤੂ ਰੋਲ ਮਾਡਲ ਨਹੀਂ ਹੈ। ਇਹ ਨਵਾਂ ਸੁਆਲ ਹੈ ਜਿਸ 'ਤੇ ਭਵਿੱਖੀ ਸੰਵਾਦ ਤੋਰਿਆ ਜਾ ਸਕਦਾ ਹੈ। ਡਾ. ਰੇਸ਼ਮ ਸਿੰਘ ਦੁਆਰਾ ਲਿਖੀ ਪੁਸਤਕ 'ਨਾਟ ਸਰੋਕਾਰ' ਲੋਕ ਨਾਟਕ, ਇਪਟਾ, ਇਤਿਹਾਸਿਕ ਨਾਟਕ ਅਤੇ ਪੰਜਾਬੀ ਨਾਟਕਾਂ ਵਿਚ ਨਾਰੀ ਦੇ ਨਜ਼ਰੀਏ ਤੋਂ ਅਹਿਮ ਮਸਲਿਆਂ ਨੂੰ ਹੱਥ ਪਾਉਂਦੀ ਹੈ, ਪਰ ਕੁਝ ਇਕ ਥਾਵਾਂ ਤੇ ਪਹਿਲਾਂ ਹੋਈ ਖੋਜ ਨੂੰ ਅੱਖੋਂ ਪਰੋਖੇ ਕਰਕੇ ਕਈ ਤੱਥਾਂ ਨੂੰ ਗਲਤ ਵੀ ਪੇਸ਼ ਕਰਦੀ ਹੈ। ਜਿਵੇਂ ਇਪਟਾ ਤੇ ਉਪੇਰਾ ਬਾਰੇ ਪੀ ਐਚ ਡੀ ਪੱਧਰ ਦਾ ਖੋਜ ਕਾਰਜ ਹੋ ਚੁੱਕਾ ਹੈ, ਜੋ ਆਲੋਚਕ ਦੇ ਧਿਆਨ ਵਿਚ ਨਹੀਂ ਹੈ। ਉਹ ਜਗਦੀਸ਼ ਫਰਿਆਦੀ ਦੇ ਉਪੇਰੇ 'ਘੁੱਗੀ ਦੇ ਖੰਭਾਂ ਹੇਠ' ਨੂੰ ਤੇਰਾ ਸਿੰਘ ਚੰਨ ਦੇ ਨਾਂ ਥੱਲੇ ਅਤੇ ਜੋਗਿੰਦਰ ਬਾਹਰਲੇ ਦੇ ਪ੍ਰਸਿੱਧ ਉਪੇਰੇ 'ਹਾੜੀਆਂ ਸੌਣੀਆਂ' ਨੂੰ ਜਗਦੀਸ਼ ਫਰਿਆਦੀ ਦੇ ਨਾਂ ਹੇਠ ਪੇਸ਼ ਕਰ ਰਿਹਾ ਹੈ।

10. ਅ-ਨਾਟਕੀ ਵਿਧਾਵਾਂ ਦੇ ਨਾਟ ਸਰੋਕਾਰ :

ਸਮਕਾਲੀ ਨਾਟ ਚਿੰਤਨ ਦੇ ਪ੍ਰਸੰਗ ਵਿਚ ਨਾਟਕ ਦੇ ਦੂਜੀਆਂ ਵਿਧਾਵਾਂ ਨਾਲ ਸਬੰਧਾਂ ਨੂੰ ਸਮਝਣਾ ਬਹੁਤ ਅਹਿਮ ਕਾਰਜ ਹੈ। ਕਿਉਂਕਿ ਵਰਤਮਾਨ ਦੌਰ ਵਿਚ ਜਿੱਥੇ ਇਕ ਪਾਸੇ ਮੌਲਿਕ ਨਾਟਕ ਲਿਖੇ ਜਾ ਰਹੇ ਹਨ ਅਤੇ ਖੇਡੇ ਜਾ ਰਹੇ ਹਨ, ਉਥੇ ਇਹਨਾਂ ਦੇ ਸਮਾਨਾਂਤਰ ਨਾਟਕਾਂ ਦਾ ਅਨੁਵਾਦ ਵੀ ਹੋ ਰਿਹਾ ਹੈ ਤੇ ਰੁਪਾਂਤਰਣ ਵੀ ਹੋ ਰਿਹਾ ਹੈ। ਨਾਟਕ ਦੇ ਮਾਮਲੇ ਵਿਚ ਜਿੰਨ੍ਹਾਂ ਅਨੁਵਾਦ ਮਹਤਵਪੂਰਨ ਹੈ, ਉੱਨਾ ਹੀ ਰੁਪਾਂਤਰਨ ਮਹੱਤਵਪੂਰਨ ਹੈ। ਦੂਜੀਆਂ ਵਿਧਾਵਾਂ ਦੇ ਮੁਕਾਬਲੇ ਨਾਟ ਵਿਧਾ ਵਿਚ ਅਨੁਵਾਦ ਅਤੇ ਰੁਪਾਂਤਰਣ ਦਾ ਕੀ ਵਿੱਲਖਣ ਪਰਿਪੇਖ ਹੈ, ਹਰਮਨਪ੍ਰੀਤ ਸਿੰਘ ਦੀ ਪੁਸਤਕ 'ਅਨੁਵਾਦ, ਰੁਪਾਂਤਰ ਤੇ ਨਾਟਕ' ਇਸ ਵਿਲੱਖਣ ਸੰਦਰਭ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਹੈ। ਇਸੇ ਸਬੰਧ ਵਿਚ ਡਾ. ਦੇਵਿੰਦਰ ਕੁਮਾਰ ਦਾ ਖੋਜ ਪੱਤਰ ਅਨੁਵਾਦਿਤ ਤੇ ਰੁਪਾਂਤਰਿਤ ਪੰਜਾਬੀ ਨਾਟਕ' ਵੀ ਅਰਥਵਾਨ ਹੈ। ਸਮਕਾਲੀ ਚਿੰਤਨ ਦੇ ਸੰਦਰਭ ਵਿਚ ਪੰਜਾਬੀ ਨਾਟ ਸਮੀਖਿਆ ਉਹਨਾਂ ਸਾਰੇ ਨਵੀਨ ਵਰਤਾਰਿਆਂ ਨੂੰ ਪਛਾਣਦੀ ਹੈ ਜਿਸ ਵਿਚ ਕਵਿਤਾ ਦਾ ਰੰਗਮੰਚ, ਕਹਾਣੀ ਦਾ ਰੰਗਮੰਚ, ਜੀਵਨੀ-ਸਵੈਜੀਵਨੀ ਦਾ ਰੰਗਮੰਚ, ਫਿਲਮ ਦਾ ਰੰਗਮੰਚ ਆਦਿ ਸੰਕਲਪ ਆ ਰਹੇ ਹਨ। ਕੇਵਲ ਧਾਲੀਵਾਲ ਦੁਆਰਾ ਸੰਪਾਦਿਤ ਪੁਸਤਕ 'ਪੰਜਾਬੀ ਨਾਟ ਰੰਗ ਦਾ ਸਫਰ' ਵਿਚ ਸ਼ਾਮਿਲ ਡਾ. ਹਰਪ੍ਰੀਤ ਸਿੰਘ ਲਵਲੀ ਦਾ ਖੋਜ ਨਿਬੰਧ 'ਸਾਹਿਤ ਵਿਧਾਵਾਂ ਦਾ ਮੰਚਣ' ਦੂਜੀਆਂ ਵਿਧਾਵਾਂ ਤੋਂ ਰੁਪਾਂਤਰਿਤ ਹੋਇਆ ਪੇਸ਼ਕਾਰੀਆਂ ਦਾ ਸਿਲਸਿਲੇਵਾਰ ਅਤੇ ਕਾਲ ਕ੍ਰਮ ਅਨੁਸਾਰ ਵੇਰਵਾ ਪੇਸ਼ ਕਰਦਾ ਹੈ। ਸੋਮਪਾਲ ਹੀਰਾ ਦੁਆਰਾ ਸੰਪਾਦਿਤ ਪੁਸਤਕ 'ਕਹਾਣੀ ਤੋਂ ਨਾਟ ਮੰਚ ਤੱਕ' ਦੀ ਭੂਮਿਕਾ ਵੀ ਇਸ ਪ੍ਰਸੰਗ ਵਿਚ ਚਰਚਾ ਨੂੰ ਅਗਾਂਹ ਤੋਰਨ ਵਿਚ ਬਣਦੀ ਭੂਮਿਕਾ ਨਿਭਾਉਂਦੀ ਹੈ।

11. ਵਿਹਾਰਕ ਬਦਲਾਅ:

ਪੰਜਾਬੀ ਨਾਟ ਸਮੀਖਿਆ ਸਮਕਾਲੀ ਦੌਰ ਦੀ ਇਸ ਤਬਦੀਲੀ ਨੂੰ ਵੀ ਮੁਖਾਤਬ ਹੈ ਕਿ ਪੰਜਾਬੀ ਨਾਟਕ ਤੇ ਰੰਗਮੰਚ ਦਾ ਚਿਹਰਾ ਮੋਹਰਾ ਕਿਵੇਂ ਬਦਲ ਰਿਹਾ ਹੈ। ਰੰਗਮੰਚ ਕਰਨ ਵਾਲੇ ਅਦਾਕਾਰ ਕਿਵੇਂ ਅੱਜ ਦੇ ਮਲਟੀਮੀਡੀਆ ਦੌਰ ਵਿਚ ਫਿਲਮਾਂ, ਟੈਲੀਫਿਲਮਾਂ, ਸ਼ਾਰਟ ਫਿਲਮਾਂ, ਟੀਵੀ ਸੀਰੀਅਲਾਂ, ਤੇ ਆਰਕੈਸਟਰਾ ਗਰੁੱਪਾਂ ਵੱਲ ਉਡਾਰੀਆਂ ਮਾਰ ਜਾਂਦੇ ਹਨ ਅਤੇ ਇਹ ਵੀ ਸਵਾਲ ਏਜੰਡੇ ਉੱਤੇ ਹੈ ਕਿ ਅੱਜ ਦੇ ਦੌਰ ਤੇ ਅਤਿ ਆਧੁਨਿਕ ਮੀਡੀਆ ਦਾ ਮੁਕਾਬਲੇ ਵਿਚ ਵਿਚਰਦਿਆਂ ਕਿਵੇਂ ਐਮੇਚਿਉਰ ਥੀਏਟਰ ਦਮ ਤੋੜ ਰਿਹਾ ਹੈ ਜਾਂ ਫਿਰ ਪਰੋਫੈਸਨਲ ਥੀਏਟਰ ਵਿਚ ਰੁਪਾਂਤਰਿਤ ਹੋ ਰਿਹਾ ਹੈ। ਇਹ ਵੀ ਸਵਾਲ ਬਹੁਤ ਮਹਤਵਪੂਰਨ ਹੈ ਕਿ ਕਿਸ ਤਰ੍ਹਾਂ ਅਜਮੇਰ ਸਿੰਘ ਔਲਖ ਅਤੇ ਗੁਰਸ਼ਰਨ ਸਿੰਘ ਦੇ ਜਾਣ ਤੋਂ ਬਾਅਦ ਪੇਂਡੂ ਰੰਗਮੰਚ ਵਿਚ ਇਕ ਖਲਾਅ ਦੀ ਸਥਿਤੀ ਪੈਦਾ ਹੋਈ ਹੈ ਅਤੇ ਪਿੰਡਾਂ ਵਿਚ ਹੋਣ ਵਾਲੀਆਂ ਪੇਸ਼ਕਾਰੀਆਂ ਦੀ ਨਿਰੰਤਰਤਾ ਵਿਚ ਵੱਡੀ ਕਮੀ ਆਈ ਹੈ ਅਤੇ ਨਾਟਕ ਅਤੇ ਰੰਗਮੰਚ ਦਾ ਮੂੰਹ ਪੀੜਤ ਲੋਕਾਂ ਤੋਂ ਪਰ੍ਹੇ ਹੋ ਕੇ ਸ਼ਹਿਰਾਂ ਅਤੇ ਅਦਾਰਿਆਂ ਦੇ ਆਡੀਟੋਰੀਅਮਾਂ ਤੱਕ ਸੀਮਤ ਹੋ ਰਿਹਾ ਹੈ। ਇਸ ਸਬੰਧ ਵਿਚ ਡਾ. ਕੁਲਦੀਪ ਸਿੰਘ ਦੀਪ ਦੀ ਪੁਸਤਕ ‘ਪੰਜਾਬੀ ਨਾਟਕ ਤੇ ਰੰਗਮੰਚ ਅਧਿਐਨ ਤੇ ਆਲੋਚਨਾ’ ਮਹਤੱਵਪੂਰਨ ਹੈ ਜੋ ਪੰਜਾਬੀ ਨਾਟਕ ਤੇ ਰੰਗਮੰਚ ਦੇ ਸੌ ਸਾਲਾਂ ਦੇ ਪ੍ਰਸੰਗ ਨੂੰ ਸੰਬੋਧਿਤ ਹੁੰਦੀ ਹੋਈ ਵਰਤਮਾਨ ਦੌਰ ਵਿਚ ਪੰਜਾਬੀ ਨਾਟਕ ਤੇ ਰੰਗਮੰਚ ਦਾ ਸੰਕਟ, ਪੰਜਾਬੀ ਨਾਟਕ ਤੇ ਰੰਗਮੰਚ ਦੀ ਦੋ ਦਿਸ਼ਾਵੀ ਪਹੁੰਚ ਆਦਿ ਰਾਹੀਂ ਨਵੀਨ ਚਿੰਤਨ ਦ੍ਰਿਸ਼ਟੀ ਪੇਸ਼ ਕਰਦੀ ਹੈ। ਇਸੇ ਪ੍ਰਸੰਗ ਵਿਚ ਸੁਖਵੀਰ ਕੌਰ ਦੁਆਰਾ ਸੰਪਾਦਿਤ ਪੁਸਤਕ ‘ਪੰਜਾਬੀ ਨਾਟਕ : ਸਿਧਾਂਤ ਅਤੇ ਵਿਸ਼ਲੇਸ਼ਣ’ ਵੀ ਜ਼ਿਕਰਯੋਗ ਪੁਸਤਕ ਹੈ ਜਿਸ ਵਿਚ ਇਸ ਦ੍ਰਿਸ਼ਟੀ ਤੋਂ ਚਾਰ ਖੋਜ ਨਿਬੰਧ ਸ਼ਾਮਿਲ ਹਨ: ਥੀਏਟਰ ਅਤੇ ਲੋਕਤੰਤਰ (ਦਵਿੰਦਰ ਦਮਨ), ਇੱਕਵੀਂ ਸਦੀ ਦੇ ਪੰਜਾਬੀ ਨਾਟਕ ਦੀ ਤਕਨੀਕ (ਡਾ. ਉਮਾ ਸੇਠੀ), ਇਲੈਕਟ੍ਰੋਨਿਕ ਮੀਡੀਆ ਅਤੇ ਪੰਜਾਬੀ ਨਾਟਕ (ਪਾਲੀ ਭੁਪਿੰਦਰ ਸਿੰਘ), ਸਮਕਾਲੀ ਪੰਜਾਬੀ ਨਾਟਕ  ਬਹੁਪੱਖੀ ਸਰੋਕਾਰ (ਸੁਖਬੀਰ ਕੌਰ)। ਹਰਿਭਜਨ ਸਿੰਘ ਭਾਟੀਆ ਦੁਆਰਾ ਸੰਪਾਦਿਤ ਪੁਸਤਕ ‘ਇੱਕੀਵੀਂ ਸਦੀ ਦਾ ਪੰਜਾਬੀ ਨਾਟਕ: ਸਰੂਪ ਤੇ ਸੰਭਾਵਨਾਵਾਂ’ ਵਿਚ ਸ਼ਾਮਿਲ ਡਾ. ਜਸਪਾਲ ਕੌਰ ਦਿਓਲ ਦਾ ਖੋਜ ਨਿਬੰਧ ਇੱਕੀਵੀਂ ਸਦੀ ਦਾ ‘ਪੰਜਾਬੀ ਰੰਗਮੰਚ :ਵਿੱਭਿਨ ਪ੍ਰਸੰਗ’ ਪੰਜਾਬੀ ਰੰਗਮੰਚ ਦੀ ਦ੍ਰਿਸ਼ਟੀ ਤੋਂ ਆਏ ਬਹੁਤ ਸਾਰੇ ਵਿਹਾਰਕਾਂ ਪਰਿਵਰਤਨਾਂ ਦੀ ਨਿਸ਼ਾਨਦੇਹੀ ਕਰਦਾ ਹੈ ਜਿਨ੍ਹਾਂ ਨੂੰ ਉਹ ਖੇਤਰੀ ਰੰਗਮੰਚ, ਰਾਸ਼ਟਰੀ ਰੰਗਮੰਚ, ਅੰਤਰਾਸ਼ਟਰੀ ਰੰਗਮੰਚ, ਨਾਟ ਭਵਨ ਨਿਰਮਾਣ, ਆਰਥਿਕਤਾ, ਔਰਤ ਨਿਰਦੇਸ਼ਕ, ਨਾਟ ਲੇਖਨ, ਸੰਸਥਾਗਤ ਸਰੂਪ ਆਦਿ ਉਨਵਾਨਾਂ ਹੇਠ ਵਿਸ਼ਲੇਸ਼ਿਤ ਕਰਦੀ ਹੈ।

12. ਤਕਨੀਕੀ ਪਾਸਾਰਾਂ ਦਾ ਵਿਸ਼ਲੇਸ਼ਣ ਅਤੇ ਸਮਝ:

ਸਮਕਾਲੀ ਚਿੰਤਨ ਦੇ ਨਜ਼ਰੀਏ ਤੋਂ ਆਧੁਨਿਕ ਦੌਰ ਵਿਚ ਨਾਟ ਵਿਧਾ ਦੇ ਵਿਕਾਸ ਲਈ ਇਹ ਵੀ ਜ਼ਰੂਰੀ ਹੈ ਕਿ ਉਸ ਵਿਧਾ ਦੀ ਸਮੀਖਿਆ ਵਿਧਾ ਦੇ ਤਕਨੀਕੀ ਪਹਿਲੂਆਂ ਦਾ ਮੁਲਾਂਕਣ ਕਰੇ ਅਤੇ ਉਸ ਵਿਚ ਵਾਪਰ ਰਹੇ ਨਵੀਨ ਸੰਦਾਂ, ਸੰਕਲਪਾਂ, ਵਿਧੀਆਂ ਅਤੇ ਵਰਤਾਰਿਆਂ ਦੀ ਪਹਿਚਾਣ ਕਰਕੇ ਪਾਠਕਾਂ ਨਾਲ ਉਹਨਾਂ ਦਾ ਤੁਆਰਫ਼ ਕਰਵਾਏ। ਇਸ ਪਰਿਪੇਖ ਵਿਚ ਭਾਵੇਂ ਪਹਿਲਾਂ ਸੁਰਜੀਤ ਸਿੰਘ ਸੇਠੀ, ਗੁਰਦਿਆਲ ਸਿੰਘ ਫੁੱਲ, ਆਤਮਜੀਤ, ਨਵਨਿੰਦਰਾ ਬਹਿਲ, ਪ੍ਰਕਾਸ਼ ਸਿਆਲ, ਡਾ ਨਵਨਿੰਦਰਾ ਬਹਿਲ, ਕੁਲਦੀਪ ਸਿੰਘ ਧੀਰ ਆਦਿ ਰਾਹੀਂ ਕਾਫੀ ਕਾਰਜ ਹੋ ਚੁੱਕਾ ਹੈ ਪਰ ਸਮਕਾਲੀ ਚਿੰਤਨ ਦੇ ਨਜ਼ਰੀਏ ਤੋਂ ਕੁਝ ਪੁਸਤਕਾਂ ਇਸ

ਵਿਚ ਨਵੇਂ ਸੰਕਲਪਾਂ ਨਾਲ ਇਜ਼ਾਫਾ ਕਰਦੀਆਂ ਹਨ। 'ਰੰਗਕਰਮੀ ਦੀ ਤੀਸਰੀ ਅੱਖ' (ਕੇਵਲ ਧਾਲੀਵਾਲ), 'ਰੰਗਮੰਚ ਦੇ ਬੁਨਿਆਦੀ ਨਿਯਮ' (ਜਸਵਿੰਦਰ ਕੌਰ ਮਾਂਗਟ), 'ਰੰਗਮੰਚ ਰੇਡਿਉ ਅਤੇ ਟੀ ਵੀ: ਸਿਧਾਂਤ ਤੇ ਵਿਹਾਰ' (ਡਾ. ਦਵਿੰਦਰ ਕੁਮਾਰ), ਨਾਟਕ ਕਿਵੇਂ ਬਣੈਣਾ?' (ਚਰਨਦਾਸ ਸਿੱਧੂ), 'ਰੰਗਕਰਮ' (ਕੇਵਲ ਧਾਲੀਵਾਲ), 'ਅਭਿਨੈ ਦੇ ਵਿਭਿੰਨ ਰੂਪ' (ਸੰਪਾਦਕ ਡਾ. ਵੰਦਨਾ ਕਪੂਰ) ਆਦਿ ਪੁਸਤਕਾਂ ਇਸ ਪ੍ਰਸੰਗ ਵਿਚ ਮਹਤਵਪੂਰਨ ਹਨ। ਪੰਜਾਬੀ ਨਾਟ-ਚਿੰਤਨ ਦਾ ਇਹ ਤੀਜਾ ਮਹੱਤਵਪੂਰਨ ਪਾਸਾਰ ਨਾਟਕ-ਥੀਏਟਰ ਦੇ ਤਕਨੀਕੀ ਅਤੇ ਥੀਏਟਰੀ ਪਹਿਲੂਆਂ ਦੇ ਸਿਧਾਂਤਕ ਵਿਸ਼ਲੇਸ਼ਣ ਨਾਲ ਸੰਬੰਧਤ ਹੈ। ਇਸ ਪਾਸਾਰ ਦੀ ਸਭ ਤੋਂ ਵੱਡੀ ਵਿਲੱਖਣਤਾ ਇਸ ਤੱਥ ਵਿਚ ਹੈ ਕਿ ਇਹ ਉਹਨਾਂ ਰੰਗਕਰਮੀਆਂ/ਅਭਿਨੇਤਾਵਾਂ, ਨਿਰਦੇਸ਼ਕਾਂ ਅਤੇ ਵਿਸ਼ੇਸ਼ਗਾਂ ਦੁਆਰਾ ਸਿਰਜਿਤ ਹੈ ਜਿੰਨਾਂ ਨੇ ਨਾਟਕ/ਥੀਏਟਰ ਵਿਭਾਗਾਂ ਰਾਹੀਂ , ਐਨ. ਐਸ. ਡੀ ਰਾਹੀਂ ਜਾਂ ਸੁਤਤਰ ਰੂਪ ਵਿੱਚ ਵੱਖ ਵੱਖ ਵਿਧੀਆਂ, ਵਾਦਾਂ ਅਤੇ ਵਿਧਾਨਾਂ ਦੇ ਤਹਿਤ ਵਰ੍ਹਿਆਂ ਬੱਧੀ ਨਾਟਕ-ਥੀਏਟਰ ਦਾ ਅਭਿਆਸ ਕੀਤਾ ਹੈ। ਇਹਨਾਂ ਪੁਸਤਕਾਂ ਵਿਚ ਜਿੱਥੇ ਨਾਟਕ ਦੇ ਤਕਨੀਕੀ ਅਤੇ ਸਿਧਾਂਤਕ ਪਹਿਲੂਆਂ ਬਾਰੇ ਗੰਭੀਰ ਚਰਚਾ ਕੀਤੀ ਗਈ ਹੈ, ਉੱਥੇ ਵੱਧ ਜ਼ੋਰ ਪੰਜਾਬੀ ਨਾਟਕ ਦਾ 'ਥੀਏਟਰੀ ਪ੍ਰਵਚਨ' ਸਿਰਜਣ ਤੇ ਰਿਹਾ ਹੈ। ਨਾਟਕਕਾਰ ਦੀ ਥਾਂ ਨਿਰਦੇਸ਼ਕ, ਪਾਤਰ ਦੀ ਥਾਂ ਕਲਾਕਾਰ, ਸਿਧਾਂਤ ਦੀ ਥਾਂ ਵਿਹਾਰ, ਵਾਰਤਾਲਾਪ ਦੀ ਥਾਂ ਤੇ ਡਾਇਲਾਗ ਅਤੇ ਸ਼ਾਬਦਿਕ ਭਾਸ਼ਾ ਦੀ ਥਾਂ ਅਸ਼ਾਬਦਿਕ ਭਾਸ਼ਾ ਦੇ ਸੰਕਲਪਾਂ ਨੂੰ ਪਰਿਭਾਸ਼ਿਤ ਕੀਤਾ ਗਿਆ ਹੈ। ਪੰਜਾਬੀ ਨਾਟਕ/ਥੀਏਟਰ ਦੇ ਸਿਧਾਂਤ ਅਤੇ ਵਿਹਾਰ ਬਾਰੇ ਇਹਨਾਂ ਮਹੱਤਵਪੂਰਨ ਪੁਸਤਕਾਂ ਦੇ ਅਧਿਐਨ ਤੋਂ ਬਗੈਰ ਨਾ ਤਾਂ ਨਾਟ-ਸਮੀਖਿਆ ਦੇ ਮਾਡਲ ਨੂੰ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਸਮੇਂ ਦੇ ਹਾਣ ਦਾ ਥੀਏਟਰ ਕੀਤਾ ਜਾ ਸਕਦਾ ਹੈ।

13. ਮੈਟਾ ਆਲੋਚਨਾ :

ਸਮਕਾਲੀ ਚਿੰਤਨ ਦੀ ਦ੍ਰਿਸ਼ਟੀ ਤੋਂ ਕਿਸੇ ਵਿਧਾ ਵਿਚ ਮੈਟਾ ਆਲੋਚਨਾ ਦਾ ਹੋਣਾ ਵੀ ਮਹਤਵਪੂਰਨ ਪਹਿਲੂ ਹੈ। ਕਿਉਂਕਿ ਮੈਟਾ ਆਲੋਚਨਾ ਕਿਸੇ ਵਿਧਾ ਦੀ ਆਲੋਚਨਾ ਦਾ ਮਿਆਰ ਪਰੱਖਣ ਅਤੇ ਉਸ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਨੂੰ ਸਮਝਣ ਅਤੇ ਵਿਸਥਾਰਨ ਦਾ ਕਾਰਜ ਕਰਦੀ ਹੈ। ਜੇਕਰ ਆਲੋਚਨਾ ਸਿਰਜਣਾਤਮਕ ਸਾਹਿਤ ਉੱਪਰ ਉੱਸਰਿਆ ਮਹਤਵਪੂਰਨ ਕਾਰਜ ਹੁੰਦਾ ਤਾਂ ਮੈਟਾ ਆਲੋਚਨਾ ਕਿਸੇ ਵਿਧਾ ਦੀ ਆਲੋਚਨਾ ਉੱਪਰ ਉੱਸਰਿਆ ਮਤਹਵਪੂਰਨ ਕਾਰਜ ਹੁੰਦਾ ਹੈ। ਇਸ ਦ੍ਰਿਸ਼ਟੀ ਤੋਂ ਪੰਜਾਬੀ ਨਾਟ ਸਮੀਖਿਆ ਵਿਚ ਮੈਟਾ ਆਲੋਚਨਾ ਦਾ ਕਾਰਜ ਬਹੁਤ ਥੋੜਾ ਹੋਇਆ ਹੈ। ਇਸ ਸੰਦਰਭ ਵਿਚ ਪਹਿਲਾ ਮਹੱਤਵਪੂਰਨ ਆਰਟੀਕਲ 'ਪੰਜਾਬੀ ਨਾਟ-ਆਲੋਚਨਾ ਦਾ ਮੁਲਾਂਕਣ' ਡਾ ਸਤੀਸ਼ ਕੁਮਾਰ ਵਰਮਾ ਦਾ ਹੈ। ਉਸ ਤੋਂ ਬਾਅਦ ਡਾ. ਹਰਿਭਜਨ ਸਿੰਘ ਭਾਟੀਆ ਨੇ 'ਪੰਜਾਬੀ ਨਾਟ-ਚਿੰਤਨ' ਵਿਚ ਪੰਜਾਬੀ ਨਾਟਕ ਦੀ ਆਲੋਚਨਾ ਦੇ ਮੁੱਦੇ ਛੂਹੇ ਹਨ। ਇਸ ਤੋਂ ਬਾਅਦ ਇਸ ਸਬੰਧ ਵਿਚ 'ਪੰਜਾਬੀ ਨਾਟਕ ਤੇ ਰੰਗਮੰਚ : ਅਧਿਐਨ ਤੇ ਆਲੋਚਨਾ' (ਕੁਲਦੀਪ ਸਿੰਘ ਦੀਪ) ਪੁਸਤਕ ਵਿਚ ਸ਼ਾਮਿਲ ਦੋ ਮਹਤਵਪੂਰਨ ਖੋਜ ਨਿਬੰਧ 'ਪੰਜਾਬੀ ਨਾਟਕ ਤੇ ਰੰਗਮੰਚ ਦੀ ਆਲੋਚਨਾ ਦਾ ਪ੍ਰਸੰਗ' ਅਤੇ 'ਪੰਜਾਬੀ ਨਾਟ ਆਲੋਚਨਾ ਦੀ ਵਸਤੂ ਸਥਿਤੀ' ਜ਼ਿਕਰਯੋਗ ਹਨ ਜਿਨ੍ਹਾਂ ਰਾਹੀਂ ਪੰਜਾਬੀ ਨਾਟ ਸਮੀਖਿਆ ਦੇ ਸਮੂਹ ਪਾਸਾਰਾਂ ਤੇ ਸੀਮਾਵਾਂ ਨੂੰ ਸਮਝਣ ਦਾ ਗੰਭੀਰ ਯਤਨ ਕੀਤਾ ਗਿਆ ਹੈ।

ਪੰਜਾਬੀ ਨਾਟ ਆਲੋਚਨਾ ਦੇ ਸਨਮੁੱਖ ਨਵੀਨ ਚੁਣੌਤੀਆਂ:

ਸਮਕਾਲੀ ਚਿੰਤਨ ਇਹ ਮੰਗ ਕਰਦਾ ਹੈ ਕਿ ਅੱਜ ਦੇ ਦੌਰ ਦੀ ਪੰਜਾਬੀ ਨਾਟ ਸਮੀਖਿਆ ਅੱਜ ਦੇ ਦੌਰ ਦੀਆਂ ਨਵੀਂ ਚੁਣੌਤੀਆਂ ਨਾਲ ਸੰਵਾਦ ਰਚਾਏ। ਇਸ ਦੌਰ ਵਿਚ ਇਕ ਪਾਸੇ ਸੰਸਾਰੀਕਰਨ, ਬਜ਼ਾਰੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਦੇ ਤਹਿਤ ਬਹੁਰਾਸ਼ਟਰੀ ਕੰਪਨੀਆਂ ਦਾ ਪੂਰਾ ਬਜ਼ਾਰ ਹੈ ਜੋ ਨਵੇ ਨਵੇ ਉਤਪਾਦਾਂ ਰਾਹੀਂ, ਉਹਨਾਂ ਦੀ ਐਡ ਰਾਹੀਂ ਅਤੇ ਆਪਣੀ ਚਕਾਚੌਂਧ ਰਾਹੀਂ ਆਧੁਨਿਕ ਪੀੜੀ ਦੇ ਸੁਹਜ਼ ਸੁਆਦ ਦੀ ਕੰਡੀਸ਼ਨਿੰਗ ਕਰ ਰਿਹਾ ਹੈ, ਦੂਜੇ ਪਾਸੇ ਉਸ ਦਾ ਅਤੀ ਸ਼ਕਤੀਸਾਲੀ ਕੇਬਲ, ਡਿਸ਼ ਅਤੇ ਫਿਲਮੀ ਮੀਡੀਆ ਹੈ ਜੋ ਵਪਾਰਕ ਹਿੱਤਾਂ ਦੀ ਪੂਰਤੀ ਲਈ ਉੱਚ ਤਕਨੀਕੀ ਯੋਗਤਾ ਸੰਪੰਨ ਮੀਡੀਏ ਰਾਹੀਂ ਆਪਣਾ ਗਲੈਮਰ ਸਿਰਜ ਰਿਹਾ ਹੈ ਅਤੇ 24 ਘੰਟੇ ਸਾਡੀ ਨਵੀ ਪੀੜੀ ਦੇ ਸਾਹਮਣੇ ਆਪਣੀ ਬਿਸਾਤ ਵਿਛਾਈਂ ਬੈਠਾ ਹੈ। ਸਮਕਾਲੀ ਨਾਟ ਸਮੀਖਿਆ ਲਈ ਇਹ ਤਬਦੀਲੀਆਂ ਇਸ ਰੂਪ ਵਿਚ ਅਹਿਮ ਹਨ ਕਿ ਅੱਜ ਦੇ ਨਾਟਕ ਅਤੇ ਰੰਗਮੰਚ ਦੇ ਸਾਹਮਣੇ ਇਹ ਉਪਰੋਕਤ ਵਰਤਾਰਾ ਆਪਣੇ ਆਪ ਵਿਚ ਕਈ ਪੱਖਾਂ ਤੋਂ ਵੱਡਾ ਚੈਲੰਜ ਹੈ। ਇਸ ਚੈਲੰਜ ਦੇ ਸੰਦਰਭ ਵਿਚ ਹੀ ਬਹੁਤ ਸਾਰੀਆਂ ਨਾਕਾਰਤਮਕ ਕਿਆਸ ਅਰਾਈਆਂ ਅਤੇ ਭਵਿੱਖਵਾਣੀਆਂ ਸਾਹਮਣੇ ਆ ਰਹੀਆਂ ਹਨ। ਮਸਲਨ ਇਹ ਕਿ:

ਹੁਣ ਵਪਾਰਕ ਅਦਾਰਿਆਂ ਦੁਆਰਾ ਸਥਾਪਤ ਤਕਨੀਕੀ ਤੌਰ ਤੇ ਸੰਪੰਨ ਮੀਡੀਆ ਨੇ ਸਾਡੇ ਸਾਧਾਰਨ ਤਕਨੀਕ ਵਾਲੇ ਰਵਾਇਤੀ ਥੀਏਟਰ ਨੂੰ ਮੁਕਾਬਲੇ ਵਿੱਚੋਂ ਬਾਹਰ ਕੱਢ ਦੇਣਾ ਹੈ।

ਇਹਨਾਂ ਨੇ ਮਲਟੀਪਲੈਕਸਾਂ, ਕੇਬਲਾਂ, ਡਿਸ਼ਾਂ ਅਤੇ ਇੰਟਰਨੈਟ ਦੀਆਂ ਫੇਸਬੁਕ ਅਤੇ ਟਵਿੱਟਰ ਵਰਗੀਆਂ ਸੋਸ਼ਲ ਨੈਟਵਰਕਿੰਗ ਵੈਬਸਾਈਟਾਂ ਰਾਹੀਂ ਸਾਡੇ ਨਾਟਕ ਅਤੇ ਰੰਗਮੰਚ ਤੋਂ ਦਰਸ਼ਕ ਖੋਹ ਲੈਣੇ ਹਨ।

ਇਹਨਾਂ ਨੇ ਉਦਪਾਦਕੀ ਸੁਭਾਅ ਪੈਦਾ ਕਰ ਕੇ ਕਲਾਤਮਕ ਵੰਨਗੀਆਂ ਲਈ ਸਪੇਸ ਖ਼ਤਮ ਕਰ ਦੇਣੀ ਹੈ।

ਇਹਨਾਂ ਨੇ ਮਨੁੱਖ ਨੂੰ ਖਪਤ ਸੰਸਕ੍ਰਿਤੀ ਵਿਚ ਐਨਾ ਖਚਤ ਕਰ ਦੇਣਾ ਹੈ ਕਿ ਉਸ ਕੋਲ ਚੱਲ ਕੇ ਅਜਿਹੀਆਂ ਥੀਏਟਰੀਕਲ ਆਈਟਮਾਂ ਦੇਖਣ ਦਾ ਸਮਾਂ ਹੀ ਨਹੀਂ ਹੋਵੇਗਾ।

ਇਹਨਾਂ ਨੇ ਆਪਣੀਆਂ ਵਪਾਰਕ ਜੁਗਤਾਂ ਅਤੇ ਮੁਨਾਫ਼ੇ ਦੇ ਪ੍ਰਲੋਭਨਾਂ ਨਾਲ ਕਲਾਕਾਰਾਂ ਦੀਆਂ ਜ਼ੇਬਾਂ ਭਰਕੇ ਰੰਗਮੰਚ ਲਈ ਕਲਾਕਾਰਾਂ ਪੱਖੋਂ ਖਲਾਅ ਪੈਦਾ ਕਰ ਦੇਣਾ ਹੈ।

ਇਹਨਾਂ ਨੇ ਸਮੂਹ ਅਤੇ ਸਮੂਹਕ ਹਿੱਤਾਂ ਦੇ ਸੰਕਲਪ ਨੂੰ ਖੰਡਿਤ ਕਰਕੇ ਸੌਂਕੀਆ ਨਾਟ ਗਰੁੱਪਾਂ ਦੀ ਹੋਂਦ ਤੇ ਹੀ ਪ੍ਰਸ਼ਨ ਚਿੰਨ ਲਾ ਦੇਣਾ ਹੈ।

ਅਹਿਜੇ ਖ਼ਦਸ਼ੇ ਅਕਸਰ ਵਿਅਕਤ ਕੀਤੇ ਜਾ ਰਹੇ ਹਨ। ਡਾ. ਨਰਿੰਦਰ ਕਪੂਰ ਅਜਿਹਾ ਹੀ ਖ਼ਦਸਾ ਵਿਅਕਤ ਕਰਦਾ ਹੋਇਆ ਕਹਿੰਦਾ ਹੈ ਕਿ ਤਕਨਾਲੋਜੀ ਦੇ ਖੇਤਰ ਵਿਚ ਵੀ ਤਬਦੀਲੀਆਂ ਵਾਪਰਦੀਆਂ ਰਹਿੰਦੀਆਂ ਹਨ। ਜਿਵੇਂ ਕਿਸੇ ਵੇਲੇ ਗਰਾਮੋਫੋਨ ਰਿਕਾਰਡਾਂ ਦਾ ਸਮਾਂ ਆਇਆ, ਫਿਰ ਸਪੂਲ ਵਾਲੇ ਟੇਪ ਰਿਕਾਰਡਾਂ ਦਾ ਸਮਾਂ ਆਇਆ, ਫਿਰ ਕੈਸਿਟਾਂ ਦਾ ਫੈਸ਼ਨ ਆਇਆ, ਅੱਜ ਕੱਲ੍ਹ ਕੰਪੈਕਟ ਡਿਸਕ ਦਾ ਚਰਚਾ ਹੈ, ਅਗਲਾ ਪੜਾਅ ਡਿਜ਼ੀਟਲ ਸੰਗੀਤ ਦਾ ਹੋਵੇਗਾ। ਤਕਨਾਲੋਜੀ ਪਰਿਵਰਤਨ ਪੱਖੀ ਹੈ। ਤਬਦੀਲੀ, ਵਿਕਾਸ ਅਤੇ ਪਰਿਵਰਤਨ ਤਕਨਾਲੋਜੀ ਦੇ ਸਿਰਜੇ ਹੋਏ ਸੰਕਲਪ ਹਨ। ਦੂਜੇ ਪਾਸੇ ਪਰੰਪਰਾਗਤ ਸਮਾਜਾਂ ਵਿਚ ਅਤੀਤ

ਅਤੇ ਬੀਤੇ ਪ੍ਰਤੀ ਮੋਹ ਕਾਰਨ ਪਰਿਵਰਤਨ ਨੂੰ ਸੰਸੇ ਦੀ ਦ੍ਰਿਸ਼ਟੀ ਨਾਲ ਵੇਖਿਆ ਜਾਂਦਾ ਹੈ। ਥੀਏਟਰ ਦਾ ਹਰਮਨ ਪਿਆਰਾ ਨਾ ਰਹਿਣਾ ਕੇਵਲ ਭਾਰਤ ਵਿਚ ਵਾਪਰਨ ਵਾਲਾ ਹੀ ਵਰਤਾਰਾ ਨਹੀਂ ਸਗੋਂ ਇਹ ਵਿਸ਼ਵ ਪੱਧਰ ਤੇ ਵਾਪਰ ਰਿਹਾ ਹੈ। ਬਦਲੀ ਹੋਈ ਪਰਿਸਥਿਤੀ ਵਿਚ ਥੀਏਟਰ ਤਾਂ ਕੀ ਸਿਨੇਮਾ ਘਰ ਵੀ ਇਤਿਹਾਸ ਦੀਆਂ ਗੱਲਾਂ ਬਣ ਗਏ ਹਨ। ਸਾਡਾ ਇਹ ਭੁਲੇਖਾ ਹੈ ਕਿ ਅਸੀਂ ਇਹ ਸਮਝਦੇ ਹਾਂ ਕਿ ਕਿ ਸਿਨੇਮਾ ਥੀਏਟਰ ਨੂੰ ਕੁਚਲ ਕੇ ਹਰਮਨ ਪਿਆਰਾ ਹੋਇਆ ਹੈ ਜਾਂ ਟੈਲੀਵੀਜ਼ਨ ਨੇ ਸਿਨੇਮੇ ਨੂੰ ਕਮਜ਼ੋਰ ਕਰ ਦਿੱਤਾ ਹੈ। ਵਾਸਤਵ ਵਿਚ ਵਾਪਰਦਾ ਇਹ ਹੈ ਕਿ ਜਦੋਂ ਕੋਈ ਵਧੇਰੇ ਸੰਭਾਵਨਾਵਾਂ ਵਾਲਾ ਕਲਾ ਰੂਪ ਹੋਂਦ ਵਿਚ ਆਉਂਦਾ ਹੈ ਤਾਂ ਘੱਟ ਸੰਭਾਵਨਾਵਾਂ ਵਾਲਾ ਕਲਾ ਰੂਪ ਆਪਣਾ ਸਰੂਪ ਅਤੇ ਆਪਣੀਆਂ ਸੰਭਾਵਨਾਵਾਂ ਦੇ ਘੱਟ ਹੋਣ ਕਾਰਨ ਆਪਣਾ ਮਹੱਤਵ ਵੀ ਗੁਆ ਬੈਠਦਾ ਹੈ।

ਇਉਂ ਕੁਝ ਵਿਸਲੇਸ਼ਕਾਂ ਦੀ ਨਜ਼ਰ ਵਿਚ ਇਹ ਵਪਾਰਕ ਮੀਡੀਆ ਕੁਝ ਸਾਲਾਂ ਵਿਚ ਸਾਡੇ ਨਾਟਕ ਤੇ ਰੰਗਮੰਚ ਨੂੰ ਹੜੱਪ ਕਰ ਜਾਵੇਗਾ ਪਰੰਤੂ ਇਹ ਮੁਕੰਮਲ ਸੱਚ ਨਹੀ। ਪੰਜਾਬੀ ਦੇ ਵਰਤਮਾਨ ਚਿੰਤਕ ਪਾਲੀ ਭੁਪਿੰਦਰ ਦਾ ਇਹ ਕਥਨ ਇਸ ਪਰਿਪੇਖ ਵਿਚ ਵਧੇਰੇ ਪ੍ਰਾਸੰਗਿਕ ਹੈ:

ਪੰਜਾਬੀ ਨਾਟਕ ਦੇ ਇੱਕੀਵੀਂ ਸਦੀ ਦੇ ਨਿਰਦੇਸ਼ਕ, ਅਦਾਕਾਰ ਅਤੇ ਦਰਸ਼ਕ ਕੋਲ ਮੀਡੀਏ ਦਾ ਖ਼ਾਸਾ ਅਨੁਭਵ ਹੈ, ਜਿਸ ਕਰਕੇ ਉਹ ਪੇਸ਼ਕਾਰੀ ਅੰਦਰ ਨਿੱਤ ਨਵੀਆਂ ਜੁਗਤਾਂ ਦੀ ਤਲਾਸ਼ ਵਿਚ ਮੀਡੀਏ ਦੀਆਂ ਜੁਗਤਾਂ ਨੂੰ ਵਰਤਣ ਤੋਂ ਗੁਰੇਜ਼ ਨਹੀਂ ਕਰਦੇ। ਆਮ ਤੌਰ ਤੇ ਮੀਡੀਏ ਦੇ ਉਭਾਰ ਨੂੰ ਭਾਰਤੀ, ਖ਼ਾਸ ਕਰਕੇ ਪੰਜਾਬੀ ਰੰਗਮੰਚ ਲਈ ਸੰਭਾਵੀ ਖ਼ਤਰੇ ਵਜੋਂ ਵੇਖਿਆ ਜਾਂਦਾ ਹੈ ਪਰ ਮੈਂ ਵੇਖਿਆ ਹੈ, ਨਵੇਂ ਨਿਰਦੇਸ਼ਕ ਅਤੇ ਅਦਾਕਾਰ ਮੀਡੀਏ ਦੀਆਂ ਜੁਗਤਾਂ ਖ਼ਾਸ ਕਰਕੇ, ਵਿਚਾਰ-ਉਸਾਰੀ, ਦ੍ਰਿਸ਼ ਅਤੇ ਤਨਾਅ ਸਿਰਜਣ ਦੀਆਂ ਵਿਧੀਆਂ, ਅਦਾਕਾਰੀ ਦੀ ਸੁਭਾਵਿਕਤਾ, ਪਿੱਠ-ਭੂਮੀ ਧੁਨੀ-ਪ੍ਰਭਾਵ ਅਤੇ ਨ੍ਰਿਤ-ਸੰਗੀਤ ਆਦਿ ਦੀ ਵਰਤੋਂ ਆਪਣੇ ਰੰਗਮੰਚ ਅੰਦਰ ਵੀ ਕਰ ਰਹੇ ਹਨ। ਹਾਲਾਂਕਿ ਇਸਦੀ ਸ਼ੁਰੂਆਤ ਡਾ. ਆਤਮਜੀਤ ਅਤੇ ਉਨ੍ਹਾਂ ਦੇ ਸਾਥੀਆਂ ਨੇ 1990 ਦੇ ਆਸ-ਪਾਸ ਕਰਨੀ ਅਰੰਭੀ ਸੀ ਪਰ ਨਵੇਂ ਨਿਰਦੇਸ਼ਕ-ਅਦਾਕਾਰ ਟੀਵੀ ਅਤੇ ਫਿਲਮਾਂ ਦੀਆਂ ਇਨ੍ਹਾਂ ਜੁਗਤਾਂ ਦੀ ਧੜੱਲੇ ਨਾਲ ਵਰਤੋਂ ਕਰ ਰਹੇ ਹਨ। ਇਸ ਨਾਲ ਨਿਰਸੰਦੇਹ ਪੰਜਾਬੀ ਨਾਟਕ ਅੰਦਰ ਵਿਵਧਤਾ, ਸਰਲਤਾ ਅਤੇ ਥੋੜ੍ਹੀ ਉਹ ਚਕਾਚੌਂਧ ਆਈ ਹੈ, ਜਿਹੜੀ ਪੰਜਾਬੀ ਦਰਸ਼ਕ ਨੂੰ ਕਿਸੇ ਪ੍ਰਦਰਸ਼ਨੀ ਕਲਾ ਤੋਂ ਚਾਹੀਦੀ ਹੁੰਦੀ ਹੈ। ਉਨ੍ਹਾਂ ਦੀ ਪੇਸ਼ਕਾਰੀ ਦਾ ਪ੍ਰਭਾਵ ਵੀਹਵੀਂ ਸਦੀ ਦੀਆਂ ਪੇਸ਼ਕਾਰੀਆਂ ਨਾਲੋਂ ਕਿਤੇ ਬੱਝਵਾਂ ਅਤੇ ਤਿੱਖਾ ਹੁੰਦਾ ਹੈ, ਜੋ ਦਰਸ਼ਕ ਨੂੰ ਆਪਣੇ ਨਾਲ ਵਹਾ ਕੇ ਲੈ ਜਾਂਦਾ ਹੈ। ਇਹੀ ਕਾਰਨ ਹੈ ਕਿ ਮੈਂ ਇੱਕੀਵੇਂ ਸਦੀ ਦੇ ਪੰਜਾਬੀ ਰੰਗਮੰਚ ਨੂੰ ਪੰਜਾਬੀ ਦਰਸ਼ਕ ਦੇ ਨੇੜੇ ਜਾਂਦਾ ਮਹਿਸੂਸ ਕਰਦਾ ਹਾਂ। ਵੀਹਵੀਂ ਸਦੀ ਦੇ ਪੰਜਾਬੀ ਨਾਟਕ ਅਤੇ ਰੰਗਮੰਚ ਤੋਂ ਸ਼ਿਕਾਇਤ ਹੀ ਇਹ ਰਹੀ ਕਿ ਜਾਂ ਤਾਂ ਉਹ ਇਨ੍ਹਾਂ ਸਰਲ ਹੈ ਕਿ ਆਕਰਸ਼ਿਤ ਹੀ ਨਹੀਂ ਕਰਦਾ। ਜਾਂ ਇਨ੍ਹਾਂ ਕਲਾਤਮਕ ਕਿ ਸੰਚਾਰ ਦਾ ਸੰਕਟ ਖੜਾ ਕਰਦਾ ਹੈ। ਜਾਂ ਫਿਰ ਇਹ ਇਨ੍ਹਾਂ ਉਪਦੇਸ਼ਾਤਮਕ ਹੈ ਕਿ ਬੋਰ ਕਰਦਾ ਹੈ। ਮੀਡੀਏ ਦੇ ਮੁਕਾਬਲੇ ਵਿਚ ਪੈ ਕੇ ਪੰਜਾਬੀ ਰੰਗਕਰਮੀ ਆਪਣੀ ਪੇਸ਼ਕਾਰੀ ਵਿਚ ਹੁਣ ਸੁਹਜ਼, ਸਿੱਖਿਆ ਅਤੇ ਮਨੋਰੰਜਨ ਨੂੰ ਇਕ ਸਮਤੋਲ ਵਿਚ ਰੱਖਣ ਦੀ ਕੋਸ਼ਿਸ਼ ਕਰਦੇ ਹਨ। ਮੇਰਾ ਮੰਨਣਾ ਹੈ, ਪ੍ਰਭਾਵ ਅਤੇ ਗਤੀ ਦਾ ਇਹ ਸੁਮੇਲ ਇਨ੍ਹਾਂ ਨਿਰਦੇਸ਼ਕਾਂ ਨੇ ਫਿਲਮਾਂ ਅਤੇ ਟੀਵੀ ਤੋਂ ਸਿੱਖਿਆ ਹੈ ਅਤੇ ਪ੍ਰੋਫੈਸ਼ਨਲ ਪੰਜਾਬੀ ਥੀਏਟਰ ਦੀ ਉਸਾਰੀ ਵਿਚ ਮਹੱਤਵਪੂਰਨ ਭੂਮਿਕਾ ਅਦਾ ਕਰ ਸਕਦਾ ਹੈ।

ਇਸ ਪ੍ਰਕਾਰ ਇਹ ਤਾਂ ਸੱਚ ਹੈ ਕਿ ਸਾਮਰਾਜ਼ੀ ਤੇ ਵਪਾਰਕ ਸ਼ਕਤੀਆਂ ਦੁਆਰਾ ਸੰਚਾਲਿਤ ਇਸ ਮੀਡੀਆ ਕੋਲ ਗ੍ਰਾਹਕ ਦੀ ਇਮੋਸ਼ਨਲ ਕਿਡਨੈਪਿੰਗ (Emotional Kidnapping) ਅਤੇ ਇਮੋਸ਼ਨਲ ਐਕਸਪਲਾਇਟੇਸ਼ਨ (Emotional Exploitation) ਕਰਨ ਦੀਆਂ ਜੁਗਤਾਂ ਹਨ, ਸੂਚਨਾ ਕਰਾਂਤੀ ਦਾ ਭੰਡਾਰ ਹੈ, ਕਾਲਪਨਿਕ, ਭਰਮਾਊ ਅਤੇ ਗਲੈਮਰਾਈਜ਼ ਮਸਾਲਾ ਹੈ, 24 ਘੰਟੇ ਚੱਲਣ ਦੀ ਸਮਰੱਥਾ ਹੈ, ਪਰੰਤੂ ਜੇਕਰ ਇਸ ਕੋਲ ਕੁਝ ਨਹੀਂ ਹੈ ਤਾਂ ਉਹ ਹੈ – ਮਨੁੱਖੀ ਸੰਵੇਦਨਾ, ਮਾਨਵੀ ਸਰੋਕਾਰ ਤੇ ਆਦਰਸ਼ ਅਤੇ ਲੋਕਪੱਖੀ ਅਹਿਸਾਸ। ਇਹੀ ਇਕੋ ਇਕ ਸ਼ਕਤੀ ਹੈ ਜਿਸ ਦੇ ਆਧਾਰ ਤੇ ਨਾਟਕ ਅਤੇ ਰੰਗਮੰਚ ਨੇ ਆਪਣੇ ਆਪ ਨੂੰ ਵਿਸਥਾਪਤ ਹੋਣ ਤੋ ਬਚਾਉਣਾ ਹੈ। ਉਪਰੋਕਤ ਬਾਜ਼ਾਰ, ਮੀਡੀਆ ਅਤੇ ਖਪਤ ਸਭਿਆਚਾਰ, ਇਸ ਦੇ ਪਰੋਡਕਟ, ਇਸ ਦੇ ਸੀਰੀਅਲ, ਇਸ ਦੇ ਵਿਗਿਆਪਨ, ਇਸ ਦੇ ਰਿਐਲਿਟੀ ਸ਼ੋਅ ਬਾਹਰੋਂ ਤਾਂ ਭਾਵੇ ਆਪਣੀ ਗਲੈਮਰਾਈਜ਼ ਦਿੱਖ ਨਾਲ ਮਨੁੱਖ ਨੂੰ ਭਰਮਾ ਰਹੇ ਹਨ, ਪ੍ਰੰਤੂ ਅੰਦਰੋਂ ਮਨੁੱਖ ਨੂੰ ਮਾਨਸਿਕ ਵਿਖੰਡਨ ਦੇ ਰਾਹ ਤੋਰ ਰਹੇ ਹਨ। ਮਾਨਸਿਕ ਤੌਰ ਤੇ ਵਿਖੰਡਿਤ ਪੀੜ੍ਹੀ ਨੂੰ ਜੇਕਰ ਕੋਈ ਮੀਡੀਆ ਸਕਤੀ ਦੇਵੇਗਾ, ਉਸ ਨੂੰ ਕੋਈ ਭਵਿੱਖੀ ਆਦਰਸ਼ ਦੇਕੇ ਬਦਲਾਅ ਤੇ ਰਾਹ ਤੇ ਤੋਰੇਗਾ, ਉਸ ਨਾਲ ਸੰਵੇਦਨਾ ਦਾ ਪ੍ਰਗਟਾਵਾ ਕਰਕੇ ਉਸ ਨੂੰ ਆਤਮਕ ਤੇ ਮਾਨਸਿਕ ਰਾਹਤ ਦੇਵੇਗਾ ਅਤੇ ਸੰਘਰਸ਼ ਦੇ ਬੁਨਿਆਦੀ ਰੋਲ਼ ਨੂੰ ਪੁਖ਼ਤਾ ਕਰਕੇ ਮੁਕਤੀ ਦੇ ਰਾਹ ਉੱਤੇ ਤੋਰੇਗਾ ਤਾਂ ਉਹ ਕਲਾਵਾਂ, ਸਾਹਿਤ ਤੇ ਵਿਸੇ?ਸ ਤੌਰ ਤੇ ਨਾਟਕ/ਰੰਗਮੰਚ ਹੀ ਹੋਵੇਗਾ। ਇਸ ਲਈ ਉਪਰੋਕਤ ਚੁਣੌਤੀਆਂ ਦੇ ਪ੍ਰਸੰਗ ਵਿਚ ਸਾਡੀ ਨਾਟ ਸਮੀਖਿਆ ਦੇ ਵਰਤਮਾਨ ਅਤੇ ਭੱਵਿੱਖ ਵਿਚ ਇਹ ਏਜੰਡੇ ਹੋਣੇ ਚਾਹੀਦੇ ਹਨ:

ਨਾਟਕ ਅਤੇ ਰੰਗਮੰਚ ਦੇ ਅਧਿਐਨ ਦੀਆਂ ਨਵੀਨ ਸ਼ੈਲੀਆਂ ਵਿਕਸਿਤ ਕਰਨਾ।

ਨਾਟਕ ਅਤੇ ਰੰਗੰਮਚ ਤੇ ਵਿਸ਼ਵੀ ਸਰੋਕਾਰਾਂ ਨਾਲ ਜੁੜ ਕੇ ਵਿਸ਼ਵਪੱਧਰੀ ਰੁਝਾਨਾਂ ਦੀ ਨਿਸ਼ਾਨਦੇਹੀ ਕਰਨੀ ਅਤੇ ਉਹਨਾਂ ਨੂੰ ਪੰਜਾਬੀ ਜਗਤ ਦੇ ਰੂਬਰੂ ਕਰਨਾ।

ਵਿਸ਼ਵ ਸ਼ਾਹਕਾਰਾਂ ਅਤੇ ਵਿਸ਼ਵ ਪੱਧਰੀ ਹੋਰ ਨਵੀਨ ਸੰਦਰਭਾਂ ਦੀ ਰੌਸ਼ਨੀ ਵਿਚ ਪੰਜਾਬੀ ਨਾਟਕ ਦੀ ਟੈਕਸਟ ਦਾ ਪੁਨਰ ਪਾਠ ਅਤੇ ਪੁਨਰ ਪੜਚੋਲ ਕਰਨੀ।

ਨਾਟਕ ਅਤੇ ਰੰਗਮੰਚ ਦੀ 'ਪੀਰੀਓਡੀਸਿਟੀ' ਦਾ ਅਧਿਐਨ ਕਰਨ ਲਈ ਪੰਜਾਬੀ ਨਾਟ ਆਲੋਚਨਾ ਦੇ ਨਵੇਂ ਮੈਗਜ਼ੀਨਾਂ ਦੀ ਸ਼ੁਰੂਆਤ ਕਰਨੀ।

ਰੰਗਮੰਚੀ ਪੇਸ਼ਕਾਰੀਆਂ ਦੀ ਰਿਪੋਰਟਿੰਗ ਕਰਨੀ, ਆਲੋਚਨਾ ਕਰਨੀ ਅਤੇ ਮੌਖਿਕ ਅਤੇ ਲਿਖਤ ਨਾਟਕੀ ਟੈਕਸਟ ਦੇ ਵਿਭਿੰਨ ਪਾਸਾਰਾਂ ਨੂੰ ਸਮਝਣਾ।

ਸਮਕਾਲ ਦੇ ਚਿੰਤਨ ਨੂੰ ਪ੍ਰਸਤੁਤ ਚੁਣੌਤੀਆਂ ਦੇ ਰੂਬਰੂ ਹੋਣਾ ਅਤੇ ਪੰਜਾਬੀ ਨਾਟਕ ਤੇ ਰੰਗਮੰਚ ਨੂੰ ਇਸ ਮਾਪਦੰਡ ਤੇ ਆਧਾਰ ਤੇ ਪਰਖਣਾ ਅਤੇ ਉਸ ਨੂੰ ਇਹਨਾਂ ਚੁਣੌਤੀਆਂ ਦੇ ਹਾਣ ਦਾ ਬਣਾਉਣ ਲਈ ਵਿਚਾਰਧਾਰਕ ਅਤੇ ਚਿੰਤਨੀ ਸੇਧ ਦੇਣੀ।

ਪੰਜਾਬੀ ਨਾਟ ਆਲੋਚਨਾ ਦਾ ਪੰਜਾਬੀ ਨਾਟਕ ਦੀਆਂ ਸਾਰੀਆਂ ਧਾਰਾਵਾਂ ਅਤੇ ਉਪਧਾਰਾਵਾਂ ਨਾਲ ਸੰਵਾਦ ਰਚਾਉਣਾ।

ਪੰਜਾਬੀ ਨਾਟ ਆਲੋਚਨਾ ਦੁਆਰਾ ਤਤਕਾਲ, ਸਮਕਾਲ ਅਤੇ ਚਿਰਕਾਲ ਦੇ ਮਸਲਿਆਂ ਨੂੰ ਇੱਕੋ ਵੇਲੇ ਨਜਿੱਠ ਸਕਣ ਦੀ ਕੋਸ਼ਿਸ਼ ਕਰਨਾ।

ਪੰਜਾਬੀ ਨਾਟ ਆਲੋਚਨਾ ਦਆਰਾ ਆਪਣੀ ਮੈਟਾ ਆਲੋਚਨਾ ਦਾ ਪਰਿਪੇਖ ਉਸਾਰਨਾ।

ਉਪਰੋਕਤ ਚੁਣੌਤੀਆਂ ਦੇ ਰੂਬਰੂ ਹੁੰਦਿਆਂ ਹੀ ਪੰਜਾਬੀ ਨਾਟ ਸਮੀਖਿਆ ਨਾਟਕ ਦੀ ਟੈਕਸਚੂਅਲ ਪਾਸਾਰ, ਨਾਟਕ ਦੇ ਰੰਗਮੰਚੀ ਪਾਸਾਰ, ਨਾਟਕ ਦੇ ਚਿੰਤਨੀ ਪਾਸਾਰ ਅਤੇ ਨਾਟਕ ਦੇ ਮੈਟਾ ਆਲੋਚਨਾਤਮਕ ਪਾਸਰਾਂ ਨੂੰ ਸਮਝਣ ਦੇ ਯੋਗ ਹੋ ਸਕੇਗੀ।

ਹਵਾਲੇ ਅਤੇ ਟਿੱਪਣੀਆਂ


1. ਪੰਜਾਬੀ ਨਾਟ ਚਿੰਤਨ : ਮਸਲੇ ਤੇ ਮੁਲਾਂਕਣ : ਹਰਿਭਜਨ ਸਿੰਘ ਭਾਟੀਆ, ਪੇਜ ਨੰ 1-2
2. ਪਾਲੀ ਭੁਪਿੰਦਰ ਸਿੰਘ ਦੁਆਰਾ ਡਾ. ਹਰਿਭਜਨ ਸਿੰਘ ਭਾਟੀਆ ਨਾਲ ਕੀਤੀ ਮੁਲਾਕਾਤ, ਪੰਜਾਬੀ ਨਾਟ ਪ੍ਰਵਚਨ (ਸੰਪਾਦਕ ਪਾਲੀ ਭੁਪਿੰਦਰ ਸਿੰਘ), ਪੰਨਾ 97
3. ਡਾ. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਦਾ ਇਤਿਹਾਸ, ਪੰਨਾ 8
4. ਡਾ. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਪ੍ਰਗਤੀ ਤੇ ਪਾਸਾਰ, ਪੰਨਾ 54-56
5. ਪਾਲੀ ਭੁਪਿੰਦਰ ਸਿੰਘ, ਪੰਜਾਬੀ ਨਾਟਕ ਅਤੇ ਨਾਟ ਚਿੰਤਨ, ਪੰਨਾ 125
6. ਡਾ. ਸਤੀਸ਼ ਕੁਮਾਰ ਵਰਮਾ, ਪੰਜਾਬੀ ਨਾਟਕ ਪ੍ਰਗਤੀ ਤੇ ਪਾਸਾਰ, ਪੰਨਾ 15
7. ਅਸ਼ੋਕ ਭਗਤ (ਸੰਪਾਦਕ), ਪੰਜਾਬੀ ਨਾਟਕ : ਬਹੁਪੱਖੀ ਅਧਿਐਨ, ਪੰਨਾ 24
8. ਜਤਿੰਦਰ ਕੌਰ, ਪੰਜਾਬੀ ਨਾਟਕ : ਚਿੰਨ੍ਹ ਵਿਗਿਆਨਕ ਵਿਸ਼ਲੇਸ਼ਣ, ਪੰਨਾ 135
9. ਅਰਵਿੰਦਰ ਕੌਰ ਧਾਲੀਵਾਲ (ਸੰਪਾਦਕ), ਅਗਨੀਕੁੰਡ : ਸਰਬਪੱਖੀ ਅਧਿਐਨ, ਪੰਨਾ 11
10. ਡਾ. ਦੇਵਿੰਦਰ ਕੁਮਾਰ, ਪੰਜਾਬੀ ਰੰਗਮੰਚ ਪਿਛੋਕੜ ਤੇ ਪਰਿਪੇਖ, ਪੰਨਾ 21
11. ਨਾਟ ਚਿੰਤਨ (ਸੰਪਾਦਕ ਡਾ. ਸਤੀਸ਼ ਕੁਮਾਰ ਵਰਮਾ, ਡਾ. ਉਮਾ ਸੇਠੀ), ਪੰਨਾ ਸੰਪਾਦਕੀ
12. ਕਮਲੇਸ਼ ਉੱਪਲ (ਡਾ.), ਰੰਗਮੰਚ ਦੇ ਰੂਪ, ਪੰਨਾ 208-209
13. ਕੁਲਦੀਪ ਸਿੰਘ ਦੀਪ (ਡਾ.), ਭੂਮਿਕਾ, ਪੰਜਾਬੀ ਨਾਟਕ ਤੇ ਅੰਗਰੇਜ਼ੀ ਨਾਟਕ : ਅੰਤਰਸਬੰਧ (ਡਾ. ਤਰਸਪਾਲ ਕੌਰ), ਪੰਨਾ9
14. ਰੇਸ਼ਮ ਸਿੰਘ (ਡਾ.) ਸੱਤਾ ਸਿਧਾਂਤ ਤੇ ਪੰਜਾਬੀ ਨਾਟਕ, ਪੰਨਾ 24



*ਤੈਮਾਸਿਕ 'ਪਵਚਨ' ਪਿਛਲੇ 19 ਸਾਲਾਂ ਤੋਂ ਨਿਰੰਤਰ ਆਪਣੀ ਸਮਰੱਥਾ ਅਤੇ ਸੂਝ ਅਨੁਸਾਰ ਸਮੱਗਰੀ ਪੰਜਾਬੀ ਪਾਠਕਾਂ ਨੂੰ ਪੜ੍ਹਾ ਰਿਹਾ ਹੈ। ਇਸ ਸਫ਼ਰ ਦੌਰਾਨ ਸੁਹਿਰਦ ਪਾਠਕਾਂ ਨੇ ਭਰਪੂਰ ਹੁੰਗਾਰਾ ਭਰਿਆ ਹੈ। ਇਸ ਸਫ਼ਰ ਦੌਰਾਨ ਪਾਠਕਾਂ ਨੇ ਲਗਾਤਾਰ ਚੰਦਾ ਦੇ ਕੇ ਇਸ ਨੂੰ ਚਲਦਾ ਰੱਖਣ ਵਿਚ ਸਹਾਇਤਾ ਕੀਤੀ ਹੈ। ਜਿਹਨਾਂ ਪਾਠਕਾਂ ਦੇ ਚੰਦੇ ਖਤਮ ਹਨ ਉਨ੍ਹਾਂ ਨੂੰ ਆਪ ਵੀ ਪਤਾ ਹੈ। ਅਸੀਂ ਵਿਅਕਤੀਗਤ ਚਿੱਠੀ, ਪੱਤਰ ਪਾ ਕੇ ਉਨ੍ਹਾਂ ਨੂੰ ਯਾਦ ਕਰਾਉਣ ਦੀ ਥਾਂ ਸਵੈ ਅਹਿਸਾਸ ਕਰਾਉਣਾ ਚਾਹੁੰਦੇ ਹਾਂ ਕਿ ਉਹ ਆਪਣੇ ਆਪ ਹੀ ਚੰਦਾ ਸਮੇਂ ਸਿਰ ਭੇਜ ਦੇਣ ਤਾਂ ਜੋ ਇਸ ਪਰਚੇ ਨੂੰ ਜਾਰੀ ਰੱਖਿਆ ਜਾ ਸਕੇ। ਚੰਦਿਆਂ ਦੀ ਦਰ ਘੱਟੋ-ਘੱਟ 1000 ਰੁਪਏ ਪੰਜ ਸਾਲ ਲਈ ਹੈ। ਚੰਦਾ ਬੈਂਕ ਡਰਾਫਟ ਜਾਂ ਚੈੱਕ ਰਾਹੀਂ ਭੇਜਿਆ ਜਾਵੇ ਜਾਂ ਸੰਪਾਦਕ ਦੇ ਹੇਠ ਲਿਖੇ ਖਾਤੇ ਵਿਚ ਜਮ੍ਹਾਂ ਕਰਵਾ ਦਿੱਤੇ ਜਾਣ।*

Rajnish Bahadur Singh

Ac. no. 30568250112

IFSC SBIN0008301

STATE BANK OF INDIA, Harbans Nagar Branch Jalandhar

# ਪੰਜਾਬੀ ਗਇਕੀ ਦੇ ਸਰੋਕਾਰ

-ਪ੍ਰੋ ਰਾਜਿੰਦਰ ਪਾਲ ਸਿੰਘ ਬਰਾੜ

ਸਮਾਜ ਦੇ ਹਰ ਵਿਕਾਸੀ ਪੜਾਅ ਉਪਰ ਕਲਾ ਰੂਪ ਪੈਦਾ ਹੁੰਦੇ ਰਹਿੰਦੇ ਹਨ। ਇਨ੍ਹਾਂ ਕਲਾ ਰੂਪਾਂ ਦਾ ਸਬੰਧ ਸਮਾਜ ਦੇ ਪੈਦਾਵਾਰੀ ਹਾਲਤਾਂ ਨਾਲ ਜੁੜਿਆ ਹੁੰਦਾ ਹੈ । ਇਨ੍ਹਾਂ ਵਿੱਚੋਂ ਕੁਝ ਕਿਸੇ ਸਮੇਂ ਪ੍ਰਧਾਨਤਾ ਗ੍ਰਹਿਣ ਕਰ ਜਾਂਦੇ ਹਨ। ਸੰਸਾਰ ਦੇ ਹਰ ਖਿੱਤੇ ਵਿੱਚ ਲੱਗਭੱਗ ਸਾਰੇ ਹੀ ਕਲਾ ਰੂਪ ਸਥਾਨਕ ਵਿਭਿੰਨਤਾਵਾਂ ਸਮੇਤ ਮੌਜੂਦ ਹੁੰਦੇ ਹਨ। ਕਾਵਿ, ਰਾਗ, ਚਿੱਤਰ ਕਲਾ, ਨਾਚ ਕਲਾ, ਨਾਟ ਕਲਾ ਅਤੇ ਬੁੱਤ ਕਲਾ ਵਰਗੀਆਂ ਮੁੱਢਲੀਆਂ ਕਲਾਵਾਂ ਤਾਂ ਪ੍ਰਾਚੀਨ ਕਾਲ ਤੋਂ ਹੀ ਪ੍ਰਚੱਲਤ ਹਨ। ਤਕਨੀਕ ਦੇ ਵਿਕਾਸ ਨਾਲ ਇੱਕ ਪਾਸੇ ਤਾਂ ਨਵੀਆਂ ਕਲਾਵਾਂ ਹੋਂਦ ਵਿੱਚ ਆਉਂਦੀਆਂ ਗਈਆਂ, ਦੂਜੇ ਪਾਸੇ ਸੰਯੁਕਤ ਕਲਾਵਾਂ ਵਧੇਰੇ ਪ੍ਰਚੱਲਤ ਹੋ ਗਈਆਂ ਹਨ। ਮਿਸਾਲ ਵਜੋਂ ਅੱਜ ਸਿਨੇਮਾ ਸਾਰੀ ਦੁਨੀਆਂ ਵਿੱਚ ਪ੍ਰਚੱਲਤ ਹੈ ਇਸ ਵਿੱਚ ਕਾਵਿ, ਕਥਾ, ਸੰਗੀਤ, ਨਾਚ, ਅਦਾਕਾਰੀ, ਰੂਪਸਜਾ, ਫੋਟੋਗ੍ਰਾਫੀ ਆਦਿ ਕਲਾਵਾਂ ਘੁਲਮਿਲ ਗਈਆਂ ਹਨ। ਹਰ ਸਮਾਜ ਵਿੱਚ ਸਾਰੀਆਂ ਕਲਾਵਾਂ ਥੋੜ੍ਹੀਆਂ ਬਹੁਤੀਆਂ ਸਥਾਨਕ ਵਿਭਿੰਨਤਾਵਾਂ ਨਾਲ ਮੌਜੂਦ ਹੁੰਦੀਆਂ ਹਨ ਪਰ ਕੁਝ ਸੱਭਿਆਚਾਰਕ ਖਿੱਤਿਆਂ ਨਾਲ ਕੁਝ ਕਲਾਵਾਂ ਪਛਾਣ ਚਿੰਨ ਵਜੋਂ ਜੁੜ ਜਾਂਦੀਆਂ ਹਨ। ਨਾਚ ਸਾਰੀ ਦੁਨੀਆਂ ਵਿੱਚ ਨੱਚਿਆ ਜਾਂਦਾ ਹੈ, ਰੂਸ ਵਿੱਚ ਹੋਰ ਕਲਾਵਾਂ ਵੀ ਮੌਜੂਦ ਹਨ ਪਰ ਬੈਲੇ ਰੂਸ ਨਾਲ ਜੁੜ ਗਿਆ ਹੈ। ਪੇਂਟਿੰਗ ਸਾਰੀ ਦੁਨੀਆਂ ਵਿੱਚ ਕੀਤੀ ਜਾਂਦੀ ਹੈ ਪਰ ਇੰਜ ਲੱਗਦਾ ਜਿਵੇਂ ਪੈਰਿਸ ਵਿੱਚ ਹਰ ਕੋਈ ਪੇਂਟ ਹੀ ਕਰ ਰਿਹਾ ਹੈ, ਇੰਜ ਹੀ ਪੰਜਾਬੀਆਂ ਨਾਲ ਗੀਤ ਜੁੜ ਗਿਆ ਹੈ। ਪੰਜਾਬ ਵਿੱਚ ਸਾਹਿਤ ਦੇ ਹੋਰ ਰੂਪਾਂ ਦੇ ਮੁਕਾਬਲੇ ਕਵਿਤਾ ਦੀ ਪਰੰਪਰਾ ਪੁਰਾਣੀ ਹੈ। ਕਵਿਤਾ ਵਿੱਚ ਗੀਤ ਹੋਰ ਰੂਪਾਂ ਦੇ ਮੁਕਾਬਲੇ ਆਮ ਲੋਕਾਈ ਵਿੱਚ ਵਧੇਰੇ ਪ੍ਰਵਾਨ ਹੈ ਜਾਂ ਇਉਂ ਕਹਿ ਸਕਦੇ ਹਾਂ ਅਕਾਦਮਿਕ ਅਤੇ ਸਾਹਿਤਕ ਸੋਚ ਸੁਆਦ ਵਾਲੇ ਇਲੀਟ ਤੋਂ ਇਲਾਵਾ ਹਰ ਪੰਜਾਬੀ ਗੀਤਾਂ ਨੂੰ ਹੀ ਪ੍ਰਵਾਨ ਕਰਕੇ ਚੱਲਦਾ ਹੈ। ਇਸ ਦਾ ਕਾਰਨ ਇਸ ਕਾਵਿ ਰੂਪ ਦਾ ਮੌਲਿਕ, ਮੌਖਿਕ ਅਤੇ ਸੰਗੀਤ ਯੁਕਤ ਹੋਣਾ ਹੋ ਸਕਦਾ ਹੈ, ਜਿਸ ਦੀ ਤਾਲ ਉੱਪਰ ਨੱਚਿਆ ਵੀ ਜਾ ਸਕਦਾ ਹੈ।

ਇਹ ਵੀ ਪੰਜਾਬੀ ਸਾਹਿਤ ਦੀ ਬੜੀ ਵਿਡੰਬਨਾ ਹੈ ਕਿ ਇੱਕ ਪਾਸੇ ਤਾਂ ਲੱਗਭਗ ਨਾ ਕੇਵਲ ਸਾਹਿਤਕ ਅਤੇ ਅਕਾਦਮਿਕ ਹਲਕਿਆਂ ਵਿੱਚ ਹਰ ਸਮੇਂ ਪੰਜਾਬੀ ਗੀਤ ਦੇ ਸਾਹਿਤਕ ਅਤੇ ਸੰਗੀਤਕ ਮਿਆਰਾਂ ਨੂੰ ਨਿੰਦਿਆ ਜਾਂਦਾ ਹੈ ਸਗੋਂ ਆਮ ਲੋਕ ਵੀ ਕੋਈ ਇਸ ਨੂੰ ਬਹੁਤਾ ਸਲਾਹੁੰਦੇ ਨਹੀਂ ਪਰ ਦੂਜੇ ਪਾਸੇ ਕੋਈ ਵਿਆਹ ਸ਼ਾਦੀ ਪੰਜਾਬੀ ਗੀਤਾਂ ਤੋਂ ਬਗੈਰ ਪੂਰੀ ਨਹੀਂ ਹੁੰਦੀ ਸਗੋਂ ਹਰ ਟੈਲੀਵਿਜ਼ਨ ਚੈਨਲ ਉੱਪਰ ਪੰਜਾਬੀ ਗੀਤ ਹੀ ਚੱਲ ਰਹੇ ਹੁੰਦੇ ਹਨ । ਹਰ ਸਮੇਂ ਟੀ ਵੀ ਜਾਂ ਕੇਬਲ ਨੈੱਟਵਰਕ ਉੱਪਰ ਅੱਧੋਂ ਵੱਧ ਚੈਨਲ ਨਿਰੋਲ ਗੀਤ ਜਾਂ ਗੀਤ ਵੀਡੀਓ ਵੀ ਪੇਸ਼ ਕਰ ਰਹੇ ਹਨ। ਪੰਜਾਬੀ ਦੀ ਤਾਂ ਕੀ ਹਿੰਦੀ ਦੀ ਵੀ ਕੋਈ ਫਿਲਮ ਪੰਜਾਬੀ ਗਾਇਕਾਂ ਅਤੇ ਸੰਗੀਤ ਬਗੈਰ ਪੂਰੀ ਨਹੀਂ ਹੁੰਦੀ। ਇਸ ਕਲਾ ਰੂਪ ਦੀ ਕਲਾਤਮਿਕ ਸ਼ਕਤੀ ਉੱਪਰ ਚਰਚਾ ਬਹੁਤ ਘੱਟ ਹੁੰਦੀ ਹੈ, ਜ਼ਿਆਦਾ ਜੋ ਇਸ ਨੂੰ ਨਿੰਦਣ ਉੱਪਰ ਲੱਗ ਰਿਹਾ ਹੈ, ਇਸ ਨੂੰ ਸਮਝਣ ਦਾ ਯਤਨ ਤਾਂ ਹੋਰ ਵੀ ਘੱਟ ਹੋਇਆ ਹੈ।

ਪੰਜਾਬੀ ਗੀਤਾਂ ਦਾ ਇਤਿਹਾਸ ਬੜਾ ਪੁਰਾਣਾ ਹੈ ਇਹ ਲੋਕ ਗੀਤਾਂ ਦੀ ਕੁੱਖੋਂ ਜੰਮੇ ਹਨ।

ਇਸ ਦੀ ਇੱਕ ਲਘੂ ਧਾਰਾ ਸਾਹਿਤਕ ਅਤੇ ਇੱਕ ਪ੍ਰਚਾਰ ਮਈ ਹੈ। ਸਾਹਿਤਕ ਧਾਰਾ ਦਾ ਪ੍ਰਤੀਨਿਧ ਰੂਪ ਸ਼ਿਵ ਕੁਮਾਰ ਮੰਨਿਆ ਜਾ ਸਕਦਾ ਹੈ। ਪ੍ਰਚਾਰ ਮਈ ਧਾਰਾ ਵਿੱਚੋਂ ਇੱਕ ਰੂਪ ਧਾਰਮਿਕ ਗੀਤਾਂ ਦਾ ਹੈ ਜਿਸ ਵਿੱਚ ਭਾਈ ਵੀਰ ਸਿੰਘ ਆਉਂਦੇ ਹਨ ਅਤੇ ਦੂਜੀ ਧਾਰਾ ਰਾਜਸੀ ਗੀਤਾਂ ਦੀ ਹੈ ਜਿਸ ਵਿੱਚ ਸੰਤ ਰਾਮ ਉਦਾਸੀ ਨੂੰ ਪ੍ਰਤੀਨਿਧ ਮੰਨਿਆ ਜਾ ਸਕਦਾ ਹੈ। ਇਨ੍ਹਾਂ ਤਿੰਨ ਧਰਾਵਾਂ ਬਾਹਰੇ ਬਾਕੀ ਸਾਰੇ ਗੀਤਾਂ ਨੂੰ ਲੋਕ ਪ੍ਰਚਲਿਤ ਗੀਤ ਕਹਿ ਸਕਦੇ ਹਾਂ। ਇਨ੍ਹਾਂ ਗੀਤਾਂ ਦਾ ਬਾਹਰੀ ਮੁਹਾਂਦਰਾ ਵੀ ਸਮੇਂ ਨਾਲ ਬਦਲਦਾ ਰਹਿੰਦਾ ਹੈ ਪ੍ਰੰਤੂ ਮੂਲ ਭਾਵਨਾਵਾਂ ਅਤੇ ਉਨ੍ਹਾਂ ਦਾ ਆਰਕੀਟਾਈਪਲ ਢਾਂਚਾ ਬਹੁਤ ਘੱਟ ਬਦਲਦਾ ਹੈ। ਗੀਤ ਆਪਣੇ ਸੁਭਾਅ ਵਜੋਂ ਭਾਵੇਂ ਬਹੁਤੀ ਸਿੱਧੀ ਵਿਚਾਰਧਾਰਾ ਦਾ ਬੋਝ ਨਹੀਂ ਚੁੱਕ ਸਕਦਾ ਪਰ ਵਿਚਾਰਧਾਰਾ ਤੋਂ ਸੱਖਣਾ ਵੀ ਨਹੀਂ ਹੁੰਦਾ ਸਗੋਂ ਇਸ ਵਿੱਚ ਵਿਚਾਰਧਾਰਾ ਹਰ ਸ਼ਬਦ ਵਿੱਚ ਰਚੀ ਹੋਈ ਹੁੰਦੀ ਹੈ। ਇਸ ਲਈ ਇਸ ਦਾ ਅਧਿਐਨ ਕਰਨਾ ਸੌਖਾ ਨਹੀਂ ਹੈ। ਇਹ ਕਲਾ ਰੂਪ ਆਮ ਲੋਕਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕਰਦਾ ਹੈ। ਇਹ ਵੀ ਬੜੀ ਦਿਲਚਸਪ ਗੱਲ ਲੈ ਕੇ ਹੋਰ ਕਲਾ ਰੂਪਾਂ ਨੂੰ ਅਸੀਂ ਕਲਾਤਮਿਕ ਪੱਖ ਤੋਂ ਚੰਗੇ ਅਤੇ ਮਾੜੇ ਵਿੱਚ ਵੰਡਦੇ ਹਾਂ ਮਿਸਾਲ ਵਜੋਂ ਸਾਰਾ ਨਾਵਲ ਨਾ ਚੰਗਾ ਹੈ, ਨਾ ਮਾੜਾ ਹੈ, ਨਾ ਸਾਰਾ ਨਾਵਲ ਅਸ਼ਲੀਲ ਹੈ ਪਰੰਤੂ ਗੀਤਾਂ ਦੇ ਮਾਮਲੇ ਵਿੱਚ ਅਸੀਂ ਚੰਗੇ ਮਾੜੇ ਦਾ ਵਖਰੇਵਾਂ ਨਹੀਂ ਕਰਦੇ ਸਗੋਂ ਸਾਰੇ ਗੀਤਾਂ ਨੂੰ ਇੱਕੋ ਜਿਹੇ ਮੰਨਦਿਆਂ ਗੱਲ ਕਰਦੇ ਹਾਂ। ਜਦੋਂਕਿ ਹੋਰ ਸਾਹਿਤ ਰੂਪਾਂ ਦੀ ਆਲੋਚਨਾ ਨੂੰ ਸਿਧਾਂਤਬੱਧ ਕੀਤਾ ਜਾਂਦਾ ਹੈ ਤਾਂ ਸਭ ਤੋਂ ਉੱਤਮ ਕਲਾ ਕਿਰਤਾਂ ਨੂੰ ਆਧਾਰ ਬਣਾਇਆ ਜਾਂਦਾ ਹੈ ਪਰ ਗੀਤਾਂ ਦੇ ਮਾਮਲੇ ਵਿੱਚ ਬਿਲਕੁਲ ਉਲਟ ਸਭ ਤੋਂ ਮਾੜਿਆਂ ਨੂੰ ਆਧਾਰ ਬਣਾਇਆ ਜਾਂਦਾ ਹੈ। ਇਸ ਦਾ ਇੱਕ ਕਾਰਨ ਇਹ ਵੀ ਹੈ ਕਿ ਗੀਤਾਂ ਵਿੱਚ ਕੇਵਲ ਗੀਤ ਹੀ ਨਹੀਂ ਸਗੋਂ ਇਸ ਵਿੱਚ ਕਾਵਿ ਦੇ ਨਾਲੋਂ ਨਾਲ ਸੰਗੀਤ ਅਤੇ ਗਾਇਨ ਕਲਾ ਵੀ ਰਲੀ ਹੁੰਦੀ ਹੈ ਜਦੋ ਕਿ ਸਾਹਿਤ ਆਲੋਚਕ ਇਸ ਤੋਂ ਅਣਜਾਣ ਹੁੰਦੇ ਹਨ।

ਪੰਜਾਬੀ ਗੀਤਾਂ ਉਪਰ ਅਕਸਰ ਇਲਜਾਮ ਲੱਗਦਾ ਹੈ ਕਿ ਇਹ ਨਸ਼ਿਆਂ ਤੇ ਹਿੰਸਾ ਨੂੰ ਵਧਾਉਂਦੇ ਹਨ ਅਤੇ ਸੁਭਾਅ ਵਜੋਂ ਅਸ਼ਲੀਲ ਹੁੰਦੇ ਹਨ ਇਹ ਸਮਾਜ ਦੀਆਂ ਅਸਲ ਸਮੱਸਿਆਵਾਂ ਦੀ ਤਸਵੀਰਕਸ਼ੀ ਨਹੀਂ ਕਰਦੇ। ਪੰਜਾਬ ਦੇ ਬਹੁਤੇ ਅਖ਼ਬਾਰੀ ਲੇਖਕ ਪੰਜਾਬੀ ਗੀਤਾਂ ਨੂੰ ਇੱਕੋ ਟੈਕਸਟ ਮੰਨਦੇ ਹਨ ਜਦੋਂ ਕਿ ਅਸੀਂ ਹੋਰ ਸਾਹਿਤਕ ਵਿਧਾਵਾਂ ਜਿਵੇਂ ਨਾਵਲ/ਕਹਾਣੀ ਬਾਰੇ ਗੱਲ ਕਰਦੇ ਹਾਂ ਤਾਂ ਹਰ ਨਾਵਲ, ਨਾਟਕ, ਕਹਾਣੀ ਨੂੰ ਵਿਅਕਤੀਗਤ ਪੱਧਰ ਤੇ ਇੱਕ ਯੂਨਿਟ ਵਜੋਂ ਵਿਚਾਰਦੇ ਹਾਂ ।ਗੀਤ ਨੂੰ ਵੀ ਇੱਕ ਯੂਨਿਟ ਮੰਨ ਵਿਚਾਰ ਹੋਣਾ ਚਾਹੀਦਾ ਹੈ ਜੇ ਸਾਰੇ ਗੀਤਾਂ ਇੱਕੋ ਟੈਕਸਟ ਮੰਨਣਾ ਹੈ ਤਾਂ ਵੀ ਉਸ ਦੇ ਅੱਗੋਂ ਵਰਗ ਬਣਾ ਕੇ ਅਧਿਐਨ ਹੋਣਾ ਚਾਹੀਦੈ ਹੈ ।ਹਥਲੇ ਲੇਖ ਵਿੱਚ ਸਾਰੇ ਗੀਤਾਂ ਨੂੰ ਕੁਝ ਵਰਗਾਂ ਵਿੱਚ ਵੰਡ ਕੇ ਵਿਚਾਰਿਆ ਜਾ ਰਿਹਾ ਹੈ।

ਇਸ ਸਮੇਂ ਸਾਰਾ ਪੰਜਾਬੀ ਸਮਾਜ ਇੱਕ ਵੱਡੀ ਤਬਦੀਲੀ ਵਿੱਚੋਂ ਗੁਜ਼ਰ ਰਿਹਾ ਹੈ, ਪੁਰਾਣੀਆਂ ਸੱਭਿਆਚਾਰਕ ਕਦਰਾਂ ਕੀਮਤਾਂ ਖ਼ਤਮ ਹੋ ਰਹੀਆਂ ਹਨ ਅਤੇ ਨਵੀਆਂ ਕੀਮਤਾਂ ਸਥਾਪਤ ਹੋ ਰਹੀਆਂ ਹਨ। ਪੇਂਡੂ ਸੱਭਿਆਚਾਰ ਵੀ ਬਦਲ ਰਿਹਾ ਹੈ ਗੀਤ ਭਾਵੇਂ ਸਾਰੇ ਹੀ ਸੁਣਦੇ ਹਨ ਪਰ ਪ੍ਰਮੁੱਖ ਤੌਰ ਤੇ ਇਹ ਪੰਦਰਾਂ ਸੋਲਾਂ ਸਾਲ ਤੋਂ ਲੈ ਕੇ ਚੌਂਤੀ ਪੈਂਤੀ ਸਾਲ ਦੇ ਨੌਜਵਾਨ ਵਧੇਰੇ ਸੁਣਦੇ ਹਨ ।

ਗੀਤਾਂ ਵਿੱਚੋਂ ਇੱਕ ਵਰਗ ਸਭ ਤੋਂ ਬਦਨਾਮ ਅਜਿਹੇ ਗੀਤਾਂ ਦਾ ਹੈ ਜਿਨ੍ਹਾਂ ਵਿੱਚ ਨਸ਼ੇ ਕਰਨ ਨੂੰ ਵਡਿਆਇਆ ਜਾਂਦਾ ਹੈ।ਹਥਿਆਰ ਰੱਖਣ ਦੇ ਹੱਕ ਵਿੱਚ ਦਲੀਲਾਂ ਦਿੱਤੀਆਂ ਜਾਂਦੀਆਂ ਹਨ, ਉੱਚੇ ਬੰਦੇ ਜਿਵੇਂ ਨੇਤਾ/ਪੁਲਸ ਅਫਸਰ ਨਾਲ ਜਾਂ ਤਾਂ ਨੇੜਤਾ ਹੋਣ ਦੀ ਫੜ੍ਹ ਮਾਰੀ ਜਾਂਦੀ ਹੈ ਜਾਂ ਫਿਰ ਉਨ੍ਹਾਂ ਨੂੰ ਟਿੱਚ ਜਾਣਿਆ ਜਾਂਦਾ ਹੈ ।ਇਸ ਵਰਗ ਦੇ ਗੀਤਾਂ ਦਾ ਆਰਤਕੀਟਾਈਪ ਮਿਰਜ਼ੇ ਵਿੱਚੋਂ ਲੱਭਿਆ ਜਾ ਸਕਦਾ ਹੈ। ਇਸ ਦੇ ਅੰਸ਼ ਦੁੱਲਾ ਭੱਟੀ/ ਸੁੱਚਾ ਸੂਰਮਾ/ਜਿਉਣਾ ਮੌੜ/ ਡਾਕੂ ਹਰਫੂਲ ਸਿੰਘ ਵਿੱਚੋਂ ਵੀ ਲੱਭੇ ਜਾ ਸਕਦੇ ਹਨ। ਜਗਰਾਵਾਂ ਦੇ ਮੇਲੇ ਤੇ ਪੈਣ ਵਾਲੀ ਇੱਕ ਬੋਲੀ ਹੈ : ਆਰੀ ਆਰੀ ਆਰੀ/ਵਿੱਚ ਜਗਰਾਵਾਂ ਦੇ ਲੱਗਦੀ ਰੌਸ਼ਨੀ ਭਾਰੀ /ਵੈਲੀਆਂ ਦਾ ਇਕੱਠ ਹੋ ਗਿਆ/ਬੋਤਲਾਂ ਮੰਗਾ ਲਈਆਂ ਚਾਲੀ/ ਚਾਲੀਆਂ ਚੋਂ ਇੱਕ ਬੱਚ ਗਈ/ ਉਹ ਚੱਕ ਕੇ ਮਹਿਲ ਨਾਲ ਮਾਰੀ/ ਪਰਲੋ ਆ ਜਾਂਦੀ ਜੇ ਹੁੰਦੀ ਨਾ ਪੁਲਸ ਸਰਕਾਰੀ ਜਾਂ ਮੋਦਨ ਕਾਉਂਕਿਆਂ ਦਾ ਜਿਹਨੇ ਕੁੱਟਦੀ ਪੰਡੋਰੀ ਸਾਰੀ। ਕੁੜੀਆਂ ਵੱਲੋਂ ਬੋਲੀਆਂ ਪਾਈਆਂ ਜਾਂਦੀਆਂ ਹਨਃਡੱਬੂ ਕੁੱਤਾ ਮੇਰੇ ਵੀਰ ਦਾ ਥਾਣੇਦਾਰ ਦੀ ਕੁੜੀ ਚੱਕ ਲਿਆਵੇ ਜਾਂ ਥਾਣੇਦਾਰ ਦੇ ਬਰਾਬਰ ਡਹਿੰਦੀ ਕੁਰਸੀ ਮੇਰੇ ਵੀਰ ਦੀ। ਦੋਹਾਂ ਹਾਲਤਾਂ ਵਿੱਚ ਸੱਤਾ ਦੇ ਪ੍ਰਤੀਨਿਧੀ ਠਾਣੇਦਾਰ ਨੂੰ ਨੀਵਾਂ ਦਿਖਾਇਆ ਗਿਆ ਹੈ। ਇੱਕ ਪਾਸੇ ਬਰਾਬਰੀ ਕੀਤੀ ਗਈ ਹੈ ਤੇ ਦੂਸਰੇ ਪਾਸੇ ਪੁਲਸ ਨੂੰ ਛੁਟਿਆਇਆ ਗਿਆ ਹੈ। ਅਸਲ ਵਿੱਚ ਤਾਂ ਇਸ ਸਮੇਂ ਬਹੁ ਗਿਣਤੀ ਪੰਜਾਬੀ ਬੰਦਾ ਖਾਸ ਕਰਕੇ ਨੌਜਵਾਨ ਬੁਰੀ ਤਰ੍ਹਾਂ ਨਿਰਾਸ਼ਾ ਦਾ ਸ਼ਿਕਾਰ ਹੈ।

ਬਹੁਗਿਣਤੀ ਦਾ ਕਿੱਤਾ ਖੇਤੀਬਾੜੀ ਦਾ ਧੰਦਾ ਲਾਹੇਵੰਦਾ ਨਹੀਂ ਰਿਹਾ , ਨਵੀਂ ਨੌਕਰੀ ਮਿਲ ਨਹੀਂ ਰਹੀ, ਛੋਟਾ ਦਸਤਕਾਰ ਵਿਹਲਾ ਹੋ ਰਿਹਾ, ਮਜ਼ਦੂਰ ਨੂੰ ਪੂਰੀ ਮਜ਼ਦੂਰੀ ਨਹੀਂ ਮਿਲ ਰਹੀ, ਦੂਸਰੇ ਪਾਸੇ ਖ਼ਪਤਕਾਰੀ ਪਦਾਰਥਕ ਵਸਤਾਂ ਦੀ ਖਿੱਚ ਟੈਲੀਵਿਜ਼ਨ ਦੇ ਪ੍ਰੋਗਰਾਮਾਂ ਅਤੇ ਇਸ਼ਤਿਹਾਰਬਾਜ਼ੀ ਰਾਹੀਂ ਘਰ ਘਰ ਪਹੁੰਚ ਰਹੀ ਹੈ। ਵੱਡੀਆਂ ਮਾਲਾਂ ਵਿੱਚ ਵਸਤਾਂ ਮੌਜੂਦ ਵੀ ਹਨ ਪਰ ਇਸਨੂੰ ਖਰੀਦਣ ਦੀ ਸਥਿਤੀ ਨਹੀਂ ਹਨ। ਨੌਜਵਾਨਾਂ ਨੂੰ ਉਹ ਗਾਣੇ ਹੁਲਾਰੇ ਦਿੰਦੇ ਹਨ ਜਿਨ੍ਹਾਂ ਵਿੱਚ ਵਿਅਕਤੀ ਆਪਣੀ ਸਰੀਰਕ ਬਲ, ਹੌਸਲੇ ਅਤੇ ਹਥਿਆਰਾਂ ਦੇ ਜ਼ੋਰ ਨਾਲ ਤਾਕਤ ਹਾਸਲ ਕਰਦਾ ਹੈ। ਸਾਹਸੱਤ ਹੀਣ ਬੰਦਾ ਹੀ ਤਾਕਤ ਚਾਹੁੰਦਾ ਹੈ, ਅੱਜ ਪੰਜਾਬੀ ਗੀਤ ਅਸਲ ਵਿੱਚ ਉਸ ਦੀਆਂ ਫੜ੍ਹਾਂ ਹਨ ।ਸਮੁੱਚੀ ਆਬਾਦੀ ਵਿੱਚੋਂ ਗੈਂਗਸਟਰ ਤਾਂ ਇੱਕ ਪ੍ਰਤੀਸ਼ਤ ਵੀ ਨਹੀਂ ਬਣਦੇ ਪਰ ਗੈਂਗਸਟਰਾਂ ਦੇ ਗੀਤ ਸਾਰੇ ਗਾਉਂਦੇ ਹਨ। ਜਿਹੜੇ ਗੈਂਗਸਟਰ ਬਣਦੇ ਹਨ ਉਨ੍ਹਾਂ ਦੀ ਉਮਰ ਵੀ ਬਹੁਤ ਥੋੜ੍ਹੀ ਹੁੰਦੀ ਹੈ ਪਰ ਉਨ੍ਹਾਂ ਦਾ ਜੀਵਨ ਸੁਪਨਮਈ ਆਦਰਸ਼ ਹੈ ਜਿਹੜਾ ਗੀਤਾਂ ਵਿੱਚ ਹਾਜ਼ਰ ਹੁੰਦਾ ਹੈ। ਸਤਹੀ ਪੱਧਰ ਉਪਰ ਸੋਚੀਏ ਤਾਂ ਇਹ ਬੜੀ ਮਾੜੀ ਸਥਿਤੀ ਹੈ ਕਿ ਸਾਡੇ ਨੌਜਵਾਨਾਂ ਦੇ ਨਾਇਕ ਗੈਂਗਸਟਰ ਬਣ ਰਹੇ ਹਨ ਪਰ ਜਦੋਂ ਅਸੀਂ ਵਿਚਾਰਧਾਰਕ ਤੌਰ ਤੇ ਦੇਖਦੇ ਹਾਂ ਅਤੇ ਇਸ ਸਮੇਂ ਪੰਜਾਬ ਵਿੱਚ ਨੌਜਵਾਨਾਂ ਕੋਲ ਕੋਈ ਵੀ ਰਾਜਸੀ ਬਦਲ ਨਹੀਂ ਹੈ। ਉਹ ਕਾਂਗਰਸ ਅਤੇ ਅਕਾਲੀ-ਭਾਜਪਾ ਤੋਂ ਨਿਰਾਸ਼ ਹੋਇਆ ਆਪ ਵੱਲ ਝੁਕਿਆ ਸੀ ਪਰ ਆਪ ਨੇ ਵੀ ਉਸਦੇ ਸੁਪਨਿਆਂ ਨੂੰ ਪੂਰਾ ਨਹੀਂ ਕੀਤਾ ਅਤੇ ਕਿਸੇ ਸਮੇਂ ਉਹ ਕੌਮਨਿਸਟਾਂ ਅਤੇ ਬਹੁਜਨ ਸਮਾਜ ਪਾਰਟੀ ਨੂੰ ਵੀ ਅਜ਼ਮਾ ਚੁੱਕਿਆ ਹੈ। ਇਸ ਸਥਿਤੀ ਵਿੱਚ ਉਸਦਾ ਪਾਰਲੀਮਾਨੀ ਪ੍ਰਬੰਧ ਤੋਂ ਹੀ ਵਿਸ਼ਵਾਸ ਉੱਠਿਆ ਪਿਆ ਹੈ। ਉਹ ਨੇਤਾਵਾਂ ਨੂੰ, ਵੋਟਾਂ ਨੂੰ ਅਤੇ ਜਮਹੂਰੀਅਤ ਨੂੰ ਪਸੰਦ ਨਹੀਂ ਕਰ ਰਿਹਾ। ਪੰਜਾਬੀ ਮਨ ਕਿਸੇ ਸਮੇਂ ਨਕਸਲਬਾੜੀ ਅਤੇ ਖਾਲਿਸਤਾਨੀ ਲਹਿਰ ਸਮੇਂ ਵੀ ਹਿੰਸਾ ਦੇ ਰਾਹ ਕਾਰਜਸ਼ੀਲ ਹੋਇਆ ਸੀ। ਗੀਤਾਂ ਅੰਦਰ

ਵਿਅਕਤੀਗਤ ਬੇਸਿਰ ਪੈਰ ਹਿੰਸਾ ਦੀ ਵਕਾਲਤ ਨੌਜਵਾਨਾਂ ਅੰਦਰ ਵਾਪਰ ਰਹੇ ਭੂਚਾਲ ਦਾ ਪ੍ਰਗਟਾਵਾ ਹੈ। ਇਹ ਗੀਤ ਉਨ੍ਹਾਂ ਯਥਾਰਥਕ ਸਥਿਤੀਆਂ ਦੀ ਪੈਦਾਵਾਰ ਹੈ ਜਿਨ੍ਹਾਂ ਵਿੱਚ ਉਨ੍ਹਾਂ ਨੂੰ ਵਿਅਕਤੀਗਤ ਸੂਰਮਗਤੀ ਅਪੀਲ ਕਰ ਰਹੀ ਹੈ। ਇੱਕ ਆਮ ਵਿਅਕਤੀ ਦਾ ਜੀਵਨ ਪੱਧਰ ਉੱਪਰ ਉੱਠਣ ਦੀ ਬਜਾਏ ਨੀਵਾਂ ਹੋ ਰਿਹਾ ਹੈ। ਪਾਰਲੀਮਾਨੀ ਪ੍ਰਬੰਧ ਮੰਗਾਂ ਪੂਰੀਆਂ ਨਹੀਂ ਕਰ ਰਿਹਾ, ਕਚਹਿਰੀਆਂ ਵਿੱਚੋਂ ਇਨਸਾਫ਼ ਨਹੀਂ ਮਿਲਿਆ, ਨੌਜੁਆਨ ਉੱਚ ਪੱਧਰੀ ਜੀਵਨ ਜਾਣਾ ਚਾਹੁੰਦਾ ਹੈ ਪਰ ਬੁਨਿਆਦੀ ਜ਼ਰੂਰਤਾਂ ਵੀ ਪੂਰੀਆਂ ਨਹੀਂ ਹੋ ਰਹੀਆਂ। ਮੇਰੀ ਬੱਕੀ ਤੋਂ ਡਰਨ ਫਰਿਸ਼ਤੇ ਮੈਥੋਂ ਡਰੇ ਖ਼ੁਦਾ ਨਵੇਂ ਰੂਪਾਂ ਵਿੱਚ ਪੇਸ਼ ਹੋ ਰਿਹਾ ਹੈ।

*ਚੱਕਲੋ ਰਿਵਾਲਵਰ ਰਫਲਾਂ ਕਬਜ਼ਾ ਲੈਣਾ ਹੈ*

*ਮੂਹਰੇ ਜੱਟ ਖਾੜਕੂ ਖੜ੍ਹਾ*

*ਤੂੰ ਨਹੀਂ ਬੋਲਦੀ ਰਕਾਨੇ ਤੂੰ ਨੀਂ ਬੋਲਦੀ ਤੇਰੇ ਵਿੱਚ ਤੇਰਾ ਯਾਰ ਬੋਲਦਾ*

*ਜੱਟ ਨੂੰ ਦੱਬਣ ਨੂੰ ਫਿਰਦੇ ਆ ਪਰ ਦੱਬਦਾ ਕਿੱਥੇ ਹੈ*

ਇੱਕ ਹੋਰ ਵਰਗ ਉਨ੍ਹਾਂ ਗੀਤਾਂ ਦਾ ਹੈ ਜਿਨ੍ਹਾਂ ਵਿੱਚ ਮਰਦਾਵੀਂ ਹਉਂ ਦਾ ਪ੍ਰਗਟਾਵਾ ਕੀਤਾ ਜਾਂਦਾ ਹੈ। ਇਸ ਵਿੱਚ ਅਕਸਰ ਆਪਣੀ ਹਉਮੈ ,ਆਪਣੇ ਯਾਰਾਂ ਦੋਸਤਾਂ ਅਤੇ ਆਪਣੀ ਧਨ ਦੌਲਤ ਦਾ ਮਾਣ ਕਰਦਿਆਂ ਕੁੜੀ /ਮਸ਼ੂਕ ਪਤਨੀ ਨੂੰ ਛੁਟਿਆਇਆ ਜਾਂਦਾ ਹੈ। ਇਨ੍ਹਾਂ ਗੀਤਾਂ ਦੀ ਲੁਕਵੀਂ ਧੁਨੀ ਤਾਂ ਗਿੱਧੇ ਦੀਆਂ ਬੋਲੀਆਂ ਨੀ ਰਾਤੀਂ ਦੈਂਗੜ ਦੈਂਗੜ ਹੋਈ ਵਿੱਚ ਸੁਣੀ ਜਾ ਸਕਦੀ ਹੈ। ਪਹਿਲੇ ਦੌਰ ਦੇ ਗ੍ਰਾਮੋਫੋਨ ਤਵਿਆਂ ਸਮੇਂ ਚਾਂਦੀ ਰਾਮ ਅਤੇ ਸ਼ਾਂਤੀ ਦੇਵੀ ਦੇ ਗੀਤ ਜਿਵੇਂ 'ਗਿੱਟੇ ਤੇਰੇ ਭੰਨ ਦਿਊਂਗਾ' ਸਮੇਂ ਤੋਂ ਚੱਲੇ ਆਉਂਦੇ ਹਨ। ਹੁਣ ਇਨ੍ਹਾਂ ਦਾ ਰੂਪ ਬਦਲ ਰਿਹਾ ਹੈ। ਇਨ੍ਹਾਂ ਵਿੱਚ ਸਰੀਰਕ ਹਿੰਸਾ ਦਾ ਘੱਟ ਗਈ ਹੈ ਪਰ ਸ਼ਾਬਦਿਕ ਹਿੰਸਾ ਵਧਦੀ ਹੈ ਅਮਰ ਸਿੰਘ ਚਮਕੀਲੇ ਦਾ ਗੀਤ ਰੰਨ ਕੁੱਟਕੇ ਸਿੱਧੀ ਨਾ ਕੀਤੀ, ਵੈਲੀ ਕਾਹਦਾ ਕੋਹੜੀ ਆ ਜਹਾਨ ਦਾ', ਮਿੱਤਰਾਂ ਨੇ ਮੁੱਛ ਰੱਖੀ ਆ, ਦਾਰੂ ਛੱਡਦੇ ਜਾਅ ਤੈਨੂੰ ਛੱਡਿਆ ਵਰਗੇ ਗੀਤਾਂ ਵਿੱਚ ਅਸਲ ਵਿੱਚ ਉਹ ਮਰਦਾਵੀਂ ਆਕੜ ਨੂੰ ਪੇਸ਼ ਕਰਦੇ ਹਨ,ਜਿਸ ਦੀ ਹੋਂਦ ਦਿਨੋ ਦਿਨੀਂ ਖੁਰਦ ਜਾ ਰਹੀ ਹੈ। ਇਨ੍ਹਾਂ ਵਿੱਚ ਸ਼ਰਾਬ /ਦੋਸਤਾਂ ਮਿੱਤਰਾਂ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ ਜੋ ਅਸਲ ਵਿੱਚ ਮਰਦਾਵੀਂ ਆਕੜ ਦੇ ਹੀ ਚਿੰਨ੍ਹ ਹਨ ।

ਹੋਰ ਵਰਗ ਉਨ੍ਹਾਂ ਗੀਤਾਂ ਦਾ ਹੈ ਜਿਨ੍ਹਾਂ ਵਿੱਚ ਪੰਜਾਬੀ ਸੱਭਿਆਚਾਰ ਦਾ ਹੇਰਵਾ ਆਪਣੀ ਚਰਮ ਸੀਮਾ ਤੇ ਹੈ ।ਆਧੁਨਿਕਤਾ ਦੇ ਪ੍ਰਭਾਵ ਅਧੀਨ ਪੰਜਾਬੀ ਸੱਭਿਆਚਾਰ ਦਾ ਇੱਥੇ ਵੀ ਬਦਲ ਰਿਹਾ ਹੈ ਪਰ ਵਿਦੇਸ਼ ਗਏ ਵਿਅਕਤੀਆਂ ਲਈ ਦੁੱਗਣਾ ਹੋ ਜਾਂਦਾ ਹੈ। ਇਨ੍ਹਾਂ ਗੀਤਾਂ ਦਾ ਆਰੰਭ ਤਾਂ ਪ੍ਰੋਫੈਸਰ ਪੂਰਨ ਸਿੰਘ ਦੀ ਕਵਿਤਾ ਪੁਰਾਣੇ ਪੰਜਾਬ ਨੂੰ ਆਵਾਜ਼ਾਂ ਵਿੱਚੋਂ ਵੀ ਲੱਭਿਆ ਜਾ ਸਕਦਾ ਹੈ । ਇਹ ਭਾਵ ਗੁਰਦਾਸ ਮਾਨ ਦਾ ਗੀਤ ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ, ਮਲਕੀਤ ਦਾ ਗੀਤ ਮਾਂ ਦੇ ਹੱਥਾਂ ਦੀਆਂ ਪੱਕੀਆਂ ਰੋਟੀਆਂ ਖਾਣ ਨੂੰ ਜੀਅ ਕਰਦਾ ਹੈ, ਮੱਖਣ ਬਰਾੜ ਦਾ ਲਿਖਿਆ 'ਆਪਣਾ ਪੰਜਾਬ ਹੋਵੇ ਘਰ ਦੀ ਸ਼ਰਾਬ ਹੋਵੇ' ਲੈ ਕੇ ਮਨਮੋਹਨ ਵਾਰਸ ਦੇ ਵਿਰਸਾ ਤੱਕ ਫੈਲਿਆ ਹੋਇਆ ਹੈ। ਇਹ ਵੀ ਬੜੀ ਦਿਲਚਸਪ ਗੱਲ ਹੈ ਕਿ ਜਿਹੜੇ ਭਾਵ ਕਵਿਤਾ ਵਿੱਚ ਪਹਿਲਾ ਆਉਂਦੇ ਹਨ, ਲੱਗਭਗ ਕੁਝ ਦਹਾਕਿਆਂ ਬਾਅਦ ਉਹ ਗੀਤਾਂ ਵਿੱਚ ਭਾਰੂ ਹੁੰਦੇ ਹਨ ।ਕਾਵਿਕ ਚੇਤਨਾ ਅਗਵਾਨੂੰ ਹੈ ਤੇ ਗੀਤ ਚੇਤਨਾ ਪਿਛਲੱਗੂ ਹੈ। ਇਸ ਦਾ ਲੁਕਵਾਂ ਰੂਪ ਪੁਰਾਣੇ ਦੇਸੀ ਪੇਂਡੂ ਸ਼ਬਦਾਵਲੀ ਦੀ ਵਰਤੋਂ ਵਿੱਚ ਵੀ

ਪਿਆ ਹੈ। ਹਰਮਨ ਦੇ ਗੀਤ ਲਿਖੇ ਗੀਤਾਂ ਵਿੱਚ ਪੁਰਾਣੀ ਸ਼ਬਦਾਵਲੀ ਮੁੱਖ ਰੂਪ ਵਿੱਚ ਆਉਂਦੀ ਹੈ।

ਆਸ਼ਕ ਮਾਸ਼ੂਕ ਦੀ ਪਰਸਪਰ ਤਰੀਫ ਤਾਂ ਕਾਵਿ ਧਾਰਾ ਦੀ ਬਹੁਤ ਪੁਰਾਣੀ ਚੀਜ਼ ਹੈ। ਆਪਣੇ ਗੁਣਾਂ ਦਾ ਅਸਿੱਧੇ ਢੰਗ ਨਾਲ ਬਿਆਨ ਕਰਨਾ ਕਿਤੇ ਨਾ ਕਿਤੇ ਦੂਸਰੇ ਨੂੰ ਪ੍ਰਭਾਵਿਤ ਕਰਨ ਦਾ ਹੀ ਢੰਗ ਹੈ ਪਰ ਆਪਣੇ ਸਵੈ ਪ੍ਰਸੰਸਾ ਵਿੱਚ ਉੱਚੀਆਂ ਡੀਂਗਾਂ ਮਾਰਨੀਆਂ ਪਿਛਲੇ ਸਮੇਂ ਤੋਂ ਸ਼ੁਰੂ ਹੋਈਆਂ ਹਨ। ਮੁੰਡੇ ਬਹਾਦਰੀ ਅਤੇ ਕੁੜੀ ਹੁਸਨ ਦੀ ਸਵੈ ਪ੍ਰਸੰਸਾ ਕਰਦੀ ਹੈ।

*ਚਿੜੀ ਬਲੌਰੀ ਕੱਚ ਦੀ*

*ਅੱਖਾਂ ਵਿੱਚ ਪਾਊਡਰ ਗੰਨ ਦਾ ਲੋਡਿਡ ਦੁਨਾਲੀਆਂ*

ਕੁਝ ਗੀਤ ਅਜਿਹੇ ਹੁੰਦੇ ਹਨ ਜਿਨ੍ਹਾਂ ਵਿੱਚ ਆਪਣੇ ਬੁਰੇ ਦਿਨਾਂ ਖ਼ਾਸ ਕਰਕੇ ਮਾੜੀ ਆਰਥਿਕਤਾ ਨੂੰ ਚੰਗੇ ਵਿੱਚ ਬਦਲਣ ਦਾ ਜਸ਼ਨ ਮਨਾਇਆ ਜਾਂਦਾ ਹੈ ।ਇਨ੍ਹਾਂ ਗੀਤਾਂ ਵਿੱਚ ਸਵੈ ਵਿਸ਼ਵਾਸ, ਚੰਗੇ ਭਵਿੱਖ ਦੀ ਉਮੀਦ ਅਤੇ ਆਪਣੇ ਮੌਜੂਦਾ ਸਥਿਤੀ ਦੀ ਟੌਹਰ ਦੀ ਸਵੈ ਪ੍ਰਸੰਸਾ ਕੀਤੀ ਹੁੰਦੀ ਹੈ। ਹੈਰਾਨੀ ਵਾਲੀ ਗੱਲ ਕਿ ਬਹੁਤੇ ਗੀਤਾਂ ਵਿੱਚ ਆਪਣੀ ਕਾਮਯਾਬੀ ਸਟਾਰ ਗਾਇਕ ਬਣਨ ਵਿੱਚ ਮੰਨੀ ਜਾਂਦੀ ਹੈ। ਪੰਜਾਬੀਆਂ ਲਈ ਥੋੜ੍ਹੀ ਮਿਹਨਤ ਨਾਲ ਨਾਮ ਅਤੇ ਨਾਵਾਂ ਕਮਾਉਣ ਦਾ ਸਾਧਨ ਗਾਇਕੀ ਹੀ ਸਮਝੀ ਜਾ ਰਹੀ ਹੈ।

*ਆਹ ਲੈ ਚੱਕ ਮੈਂ ਆ ਗਿਆ (ਪਰਮੀਸ਼ ਵਰਮਾ)*

*ਫੋਟੋ ਸਰਾਣੇ ਰੱਖ ਰੱਖ ਸੋਇਆ ਕਰੇਂਗੀ*

ਪੰਜਾਬੀ ਗੀਤਾਂ ਦਾ ਇੱਕ ਹੋਰ ਵਰਗ ਪੇਂਡੂ ਮੁੰਡੇ ਅਤੇ ਸ਼ਹਿਰੀ ਕੁੜੀ ਦੇ ਟਕਰਾਅ ਨੂੰ ਦਰਸਾਉਂਦਾ ਹੈ ਜਿਸ ਵਿੱਚ ਅਖੀਰ ਸ਼ਹਿਰੀ ਕੁੜੀ, ਪੇਂਡੂ ਮੁੰਡੇ ਅਤੇ ਪੇਂਡੂ ਜੀਵਨ ਦੋਹਾਂ ਨੂੰ ਅਪਣਾ ਲੈਂਦੀ ਹੈ। ਇਸ ਵਿੱਚ ਕਾਰ /ਸਕੂਟਰ, ਸਵੀਮਿੰਗ ਪੂਲ/ ਟਿਊਬਵੈੱਲ, ਅੰਗਰੇਜ਼ੀ ਹੱਥੋਂ ਤੰਗ/ ਆਈਲੈਟਸ ਦੇ ਬੈਂਡ ਦਰਮਿਆਨ ਵਿਰੋਧ ਸਿਰਜਿਆ ਜਾਂਦਾ ਹੈ। ਇਨ੍ਹਾਂ ਗੀਤਾਂ ਵਿੱਚ ਕੁੜੀ ਅਮੀਰ ਸੁਪਨ ਸ਼ਹਿਜ਼ਾਦੀ ਨਾਜ਼ਾਂ ਨਖਰਿਆਂ ਨਾਲ ਪਲੀ ਹੁੰਦੀ ਹੈ ਜਦੋਂ ਕਿ ਮੁੰਡਾ ਘੱਟ ਪੜ੍ਹਿਆ ਲਿਖਿਆ ਪਰ ਮਿਹਨਤ ਕਰਨ ਵਾਲਾ ਹੁੰਦਾ ਹੈ। ਇਹ ਗੀਤ ਅਸਲ ਵਿੱਚ ਮੁੰਡੇ ਦੀ ਸ਼ਹਿਰੀ ਅਮੀਰ ਕੁੜੀ ਲਈ ਸਿੱਕ ਨੂੰ ਹੀ ਨਹੀਂ ਦਰਸਾਉਂਦਾ ਸਗੋਂ ਉਸ ਦੇ ਪੇਂਡੂ ਸੱਭਿਆਚਾਰ ਦੀ ਕਾਲਪਨਿਕ ਹੈਜਮਨੀ ਨੂੰ ਸਥਾਪਿਤ ਕਰਦਾ ਹੈ।

*ਲੈਂਸਰ ਫਾਹੇ ਵਢਦੀ ਜਾਵੇ*

ਪੰਜਾਬੀ ਦੇ ਜਿਹੜੇ ਗੀਤਾਂ ਵਿਚ ਸਿੱਧੇ ਤੌਰ ਤੇ ਸਮਾਜਿਕ ਸਰੋਕਾਰ ਜਿਵੇਂ ਕਿਸਾਨੀ ਕਰਜ਼ਾ, ਪਾਣੀ ਦੇ ਪੱਧਰ ਦਾ ਹੇਠਾਂ ਜਾਣਾ, ਨਸ਼ੇ, ਭ੍ਰਿਸ਼ਟਾਚਾਰ ਵੀ ਆਉਂਦਾ ਹੈ, ਉੱਥੇ ਆਮ ਕਰਕੇ ਜਦੋਂ ਦੋਗਾਣੇ ਵਿੱਚ ਦੋ ਪੱਖ ਪੇਸ਼ ਕੀਤੇ ਜਾਂਦੇ ਹਨ ਤਾਂ ਪੁਰਾਣੇ ਗੀਤਾਂ ਦੇ ਉਲਟ ਮਸਲੇ ਨੂੰ ਗਲੋਰੀਫਾਈ ਕਰਕੇ ਛੱਡ ਦਿੱਤਾ ਜਾਂਦਾ ਹੈ ਜਾਂ ਫਿਰ ਉਦਾਸੀ ਅਤੇ ਨਿਰਾਸ਼ਾ ਸਿਰਜਣ ਵਾਲੇ ਗੀਤ ਸੀਮਤ ਦਾਇਰੇ ਵਿੱਚ ਹੀ ਪ੍ਰਚੱਲਤ ਹੁੰਦੇ ਹਨ ।ਔਰਤ ਪੱਖੀ ਜਾਪਦੇ ਗੀਤ ਅਸਲ ਵਿੱਚ ਔਰਤ ਨੂੰ ਅਣਖ ਇੱਜਤ ਦੇ ਨਾਂਅ ਹੇਠ ਮੱਧਯੁਗੀ ਬੰਧਨਾਂ ਵਿੱਚ ਪਾਉਣ ਵਾਲੇ ਹਨ। ਇਨ੍ਹਾਂ ਗੀਤਾਂ ਵਿੱਚ ਮੁੰਡੇ ਨੂੰ ਸਮਝੌਤੀਆਂ ਦੀ ਥਾਂ ਕੁੜੀ ਉੱਪਰ ਬੰਧਨਾਂ ਨੂੰ ਕਰੜੇ ਕਰਨ ਦੀ ਗੱਲਾਂ ਹੁੰਦੀਆਂ ਹਨ।

ਅਸਲ ਵਿੱਚ ਪੰਜਾਬੀ ਗਇਕੀ ਵਿਸ਼ਵੀਕਰਨ ਦੇ ਪ੍ਰਭਾਵ ਅਧੀਨ ਵਪਾਰੀਕਰਨ ਦੇ ਰਾਹ ਪੈ ਕੇ ਲੱਚਰਤਾ ਦਾ ਸ਼ਿਕਾਰ ਹੋ ਚੁੱਕੀ ਹੈ। ਇਸ ਵਿੱਚ ਅਸ਼ਲੀਲਤਾ, ਹਿੰਸਾ ਅਤੇ ਨਸ਼ਿਆਂ ਨੂੰ ਹੀ ਨਹੀਂ ਵਡਿਆਇਆ ਜਾਂਦਾ ਸਗੋਂ ਔਰਤ ਦੀ ਹੇਠੀ ਵੀ ਕੀਤੀ ਜਾਂਦੀ ਹੈ। ਇਹ ਸਮਾਜਿਕ ਸਰੋਕਾਰਾਂ ਤੋਂ ਪੂਰੀ ਤਰ੍ਹਾਂ ਟੁੱਟ ਚੁੱਕੀ ਹੈ। ਇਹ ਸੁਰ ਤੋਂ ਭਟਕ ਚੁੱਕੀ ਹੈ ਅਤੇ ਬੇਸੁਰੇ ਸ਼ੋਰ ਦੀ ਪ੍ਰਧਾਨਤਾ ਹੋ ਚੁੱਕੀ ਹੈ, ਇਸ ਤੋਂ ਵੀ ਅੱਗੇ ਕੁਝ ਲੋਕਾਂ ਦੇ ਖ਼ਿਆਲ ਅਨੁਸਾਰ ਪੰਜਾਬੀ ਸਮਾਜ ਦੀਆਂ ਬਹੁਤੀਆਂ ਸਮੱਸਿਆਵਾਂ ਲਈ ਇਹ ਗਾਇਕੀ ਅਲਾਮਤ ਨਹੀਂ ਸਗੋਂ ਜ਼ੁੰਮੇਵਾਰ ਹੈ। ਇਸ ਲਈ ਇਸ ਗਾਇਕੀ ਦਾ ਹਰ ਪੱਧਰ ਤੇ ਵਿਰੋਧ ਕਰਨਾ ਚਾਹੀਦਾ ਹੈ। ਕੁਝ ਬਹੁਤ ਹੀ ਸਿਆਣੇ ਲੋਕਾਂ ਦਾ ਵਿਚਾਰ ਹੈ ਕਿ ਵੱਧ ਤੋਂ ਵੱਧ ਇਸ ਦਾ ਬਦਲ ਤਿਆਰ ਕਰਨਾ ਚਾਹੀਦਾ ਹੈ ਜਦੋਂ ਕਿ ਕੱਟੜ ਆਲੋਚਕ ਇਸ ਉੱਪਰ ਪਾਬੰਦੀ (ਬੈਨ) ਲਗਾਉਣ ਤਕ ਦਾ ਸੁਝਾਅ ਦਿੰਦੇ ਹਨ। ਅਖ਼ਬਾਰਾਂ, ਰਿਸਾਲਿਆਂ, ਪੁਸਤਕਾਂ ਵਿੱਚ ਅਜਿਹੇ ਵਿਚਾਰਾਂ ਦੀ ਭਰਮਾਰ ਹੁੰਦੀ ਹੈ। ਖੋਜ ਪ੍ਰਬੰਧਾਂ ਵਿੱਚ ਵੀ ਇਹੋ ਵਿਚਾਰ ਥੋੜ੍ਹੀ ਜਿਹੀ ਅਕਾਦਮਕ ਭਾਸ਼ਾ ਵਿੱਚ ਦੁਹਰਾਏ ਜਾਂਦੇ ਹਨ। ਇਸ ਵਿਸ਼ੇ ਤੇ ਹੋਣ ਵਾਲੇ ਹਰ ਸੈਮੀਨਾਰ/ਕਾਨਫਰੰਸ/ਇਕੱਠ ਵਿੱਚ ਇਹੋ ਵਿਚਾਰ ਸ਼ਬਦਾਂ ਦੇ ਹੇਰ ਫੇਰ ਨਾਲ ਵਾਰ ਵਾਰ ਪੇਸ਼ ਕੀਤੇ ਜਾਂਦੇ ਹਨ। ਜਿੱਥੇ ਵੀ ਚਾਰ ਸਿਆਣੇ ਬੰਦੇ ਜੁੜ ਬੈਠਦੇ ਹਨ ਉਹ ਇਸ ਦੀ ਨਿਖੇਧੀ ਕਰਕੇ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਅ ਦਿੰਦੇ ਹਨ ।

ਜਿਵੇਂ ਪਹਿਲਾ ਵਿਚਾਰ ਕੀਤੀ ਗਈ ਹੈ ਕਿ ਅਸਲੀਅਤ ਵਿੱਚ ਇਸ ਦੇ ਉਲਟ ਰੇਡੀਓ, ਟੈਲੀਵਿਜ਼ਨ, ਫ਼ਿਲਮਾਂ ਤੋਂ ਇਲਾਵਾ ਵਿਆਹ ਸ਼ਾਦੀਆਂ ਅਤੇ ਖੁਸ਼ੀ ਦੇ ਹੋਰ ਮੌਕਿਆਂ ਉੱਪਰ ਇਹੀ ਗਾਇਕੀ ਨਾ ਕੇਵਲ ਰਾਜ ਹੀ ਕਰ ਰਹੀ ਹੁੰਦੀ ਹੈ ਸਗੋਂ ਬਹੁਤੀਆਂ ਨਿੱਜੀ ਕਾਰਾਂ ਤੇ ਸਾਂਝੀਆਂ ਬੱਸਾਂ ਵਿੱਚ ਵੀ ਏਹੀ ਵੱਜ ਰਹੀ ਹੁੰਦੀ ਹੈ। ਸੋਸ਼ਲ ਮੀਡੀਆ (ਫੇਸਬੁੱਕ, ਵਟਸਐਪ, ਯੂ ਟਿਊਬ) ਉੱਪਰ ਇਹੀ ਗਾਇਕੀ ਕਿਸੇ ਹੋਰ ਨਾਲੋਂ ਵਧੇਰੇ ਚਾੜ੍ਹੀ ਵੇਖੀ/ਸੁਣੀ/ਮਾਣੀ ਜਾਂਦੀ ਹੈ। ਇਨ੍ਹਾਂ ਸੰਚਾਰ ਸਾਧਨਾਂ ਉੱਪਰ ਇਨ੍ਹਾਂ ਗੀਤਕਾਰਾਂ/ਗਾਇਕਾਂ ਦੀ ਚੜ੍ਹਾਈ ਹੁੰਦੀ ਹੈ। ਪੰਜਾਬੀ ਸਮਾਜ ਦੀ ਇਸ ਵਿਸੰਗਤੀ ਨੂੰ ਸਮਝਣ ਲਈ ਸਾਨੂੰ ਪੰਜਾਬੀ ਗੀਤਕਾਰੀ ਵਿਕਾਸ ਦੇ ਵਿਕਾਸ ਨੂੰ ਵਾਚਣਾ ਪਵੇਗਾ। ਮੁੱਢਲੇ ਤੌਰ ਤੇ ਪੰਜ ਕੋਮਲ ਕਲਾਵਾਂ ਕਾਵਿ, (ਸਾਹਿਤ) ਸੰਗੀਤ (ਵਾਦਨ, ਗਾਇਨ), ਚਿੱਤਰਕਾਰੀ, ਨਾਚ/ਅਭਿਨੈ, ਬੁੱਤਕਾਰੀ/ਇਮਾਰਤਸਾਜ਼ੀ ਮੰਨੇ ਜਾਂਦੇ ਹਨ, ਬਾਅਦ ਵਿੱਚ ਇਨ੍ਹਾਂ ਦੀ ਗਿਣਤੀ ਸੋਲਾਂ ਅਤੇ ਫੇਰ ਚੌਹਟ ਮੰਨੀ ਜਾਂਦੀ ਰਹੀ ਹੈ। ਅੱਜ ਕੱਲ੍ਹ ਪੁਰਾਣੀਆਂ ਪਰੰਪਰਾਵਾਂ ਦੇ ਨਾਲ ਨਾਲ ਨਵੀਆਂ ਕਲਾਵਾਂ ਵੀ ਪੈਦਾ ਹੋ ਗਈਆਂ ਖਾਸ ਕਰਕੇ ਦ੍ਰਿਸ਼ ਅਤੇ ਆਵਾਜ਼ ਨੂੰ ਰਿਕਾਰਡ ਕਰਨ ਵਾਲੇ ਉਪਕਰਨਾਂ ਤੋਂ ਬਾਅਦ ਨਵੀਆਂ ਕਲਾਵਾਂ ਜਿਵੇਂ ਫੋਟੋਗ੍ਰਾਫੀ/ ਫ਼ਿਲਮਾਂ ਆਦਿ ਪੈਦਾ ਹੋਈਆਂ। ਹੌਲੀ ਹੌਲੀ ਬਿੱਲਕੁੱਲ ਹੀ ਨਵੀਆਂ ਮਿਸ਼ਰਤ ਕਲਾਵਾਂ ਨੇ ਜਨਮ ਲਿਆ। ਅਜੋਕਾ ਗੀਤ ਵੀਡੀਓ ਕਈ ਕਲਾਵਾਂ ਦਾ ਮਿਸ਼ਰਤ ਰੂਪ ਹੈ ਜਿਸ ਵਿੱਚ ਕਾਵਿ ਜਮ੍ਹਾਂ ਸੰਗੀਤ ਜਿਸ ਵਿੱਚ ਗਾਇਨ ਤੇ ਵਾਦਨ ਸ਼ਾਮਲ ਹਨ, ਨਾਚ ਅਤੇ ਅਭਿਨੈ ਜਮ੍ਹਾ ਪਿਛੋਕੜੀ ਦ੍ਰਿਸ਼ ਚਿੱਤਰਕਾਰੀ ਅਤੇ ਬੁੱਤਕਾਰੀ ਤੋਂ ਲੈ ਕੇ ਇਮਾਰਤਸਾਜ਼ੀ ਤਕ ਸਭ ਕੁਝ ਸਮਾਇਆ ਹੁੰਦਾ ਹੈ। ਇਸ ਵਿੱਚ ਨਵੀਆਂ ਕਲਾਵਾਂ ਜਿਵੇਂ ਐਨੀਮੇਸ਼ਨ ਕਾਰਟੂਨਿੰਗ ਵੀ ਸ਼ਾਮਲ ਹੁੰਦੀਆਂ ਹਨ। ਇਹ ਇੱਕ ਪ੍ਰਭਾਵਸ਼ਾਲੀ ਕਲਾ ਮਾਧਿਅਮ ਹੈ ਜਿਸ ਵਿੱਚ ਮੇਕਅੱਪ, ਹਾਰ ਸ਼ਿੰਗਾਰ, ਵਸਤਰ ਕਲਾ ਵੀ ਸਮਾਈ ਹੁੰਦੀ ਹੈ। ਹੁਣ ਤਾਂ ਗੀਤ ਵੀਡੀਓ ਕੇਵਲ ਪੂਰਵ ਪ੍ਰਚੱਲਤ ਕਥਾਵਾਂ ਦੇ ਬਿਰਤਾਂਤ ਨੂੰ ਨਾਟਕੀ ਅੰਦਾਜ਼ ਵਿੱਚ ਸਰੋਦੀ ਰੂਪ ਵਿੱਚ ਪੇਸ਼ ਹੀ ਨਹੀਂ ਕਰਦਾ ਸਗੋਂ ਇਸ ਵਿੱਚ

ਤਿੰਨੇ ਯਾਨਰ ਘੁਲ ਮਿਲ ਕੇ ਨਵੇਂ ਯਾਨਰ ਨੂੰ ਜਨਮ ਦਿੰਦੇ ਹਨ। ਇਸ ਦਾ ਪ੍ਰਭਾਵ ਖੇਤਰ ਬੜਾ ਵਿਆਪਕ ਹੈ। ਸੋ ਇਸ ਨੂੰ ਨਿੰਦਣ, ਰੱਦਣ ਜਾਂ ਖਪਤੀ ਰੂਪ ਵਿੱਚ ਖਚਿਤ ਹੋਣ ਦੀ ਥਾਵੇਂ ਇਸ ਨੂੰ ਸਮਝਣ ਦੀ ਜ਼ਰੂਰਤ ਹੈ ਤਾਂ ਜੋ ਇਸ ਦੇ ਮਾਇਆਵੀ ਮਕੜਜਾਲ ਵਿੱਚੋਂ ਬਾਹਰ ਆਇਆ ਜਾ ਸਕੇ ਜੋ ਚੇਤਨਾ ਨੂੰ ਇੱਕੋ ਵੇਲੇ ਪਰਗਟ ਵੀ ਕਰ ਰਿਹਾ ਹੈ, ਧੁੰਦਲਾ ਵੀ ਕਰ ਰਿਹਾ ਹੈ ਅਤੇ ਉਸ ਦੀ ਘਾੜਤ ਵੀ ਕਰ ਰਿਹਾ ਹੈ। ਇਹ ਸਿੱਧੀ ਸਾਦੀ ਭਾਸ਼ਾ ਵਿਚ ਸਮਾਜ ਨੂੰ ਸੇਧ ਵੀ ਦੇ ਰਿਹਾ ਹੈ, ਸ਼ੀਸ਼ਾ ਵੀ ਦਿਖਾ ਰਿਹਾ ਹੈ ਅਤੇ ਉਸ ਨੂੰ ਪ੍ਰਗਟ ਵੀ ਕਰ ਰਿਹਾ ਹੈ। ਸ਼ੀਸ਼ਾ ਤੁਹਾਨੂੰ ਤੁਹਾਡੀ ਅਸਲੀਅਤ ਸੱਚਾਈ ਜੋ ਤੁਸੀਂ ਨਹੀਂ ਦੇਖ ਸਕਦੇ ਹੁੰਦੇ ਦਿਖਾਉਂਦਾ ਵੀ ਹੈ ਤੇ ਬਦਲਣ ਲਈ ਸਹਾਇਤਾ ਵੀ ਕਰਦਾ ਹੈ ਜੇ ਬਦਲਣਾ ਚਾਹੁੰਦੇ ਹੋ ਪਰ ਇਸ ਦੇ ਬਾਵਜੂਦ ਸ਼ੀਸਾ,ਸ਼ੀਸ਼ਾ ਹੁੰਦਾ ਹੈ ਅਸਲੀਅਤ ਨਹੀਂ ਹੁੰਦੀ। ਪੰਜਾਬੀ ਗਾਇਕੀ ਨੂੰ ਵੀ ਇਸੇ ਪ੍ਰਸੰਗ ਵਿੱਚ ਵਾਚਣ ਦੀ ਜ਼ਰੂਰਤ ਹੈ।

ਪੰਜਾਬੀ ਸ਼ਾਇਰੀ ਦੀਆਂ ਚਾਰ ਧਾਰਾਵਾਂ ਸਨ : ਸਾਰੀਆਂ ਹੀ ਗਾਇਨਮਈ ਸਨ। ਇਨ੍ਹਾਂ ਵਿੱਚੋਂ ਗੁਰਬਾਣੀ ਅਤੇ ਸੂਫੀ ਅਲੌਕਿਕ ਅਧਿਆਤਮਕ ਰੰਗ ਭਾਵਾਂ ਵਾਲੀਆਂ ਹਨ ਜਦੋਂ ਕਿ ਕਿੱਸਾ ਕਾਵਿ ਅਤੇ ਵਾਰ ਕਾਵਿ ਲੌਕਿਕ ਦੁਨਿਆਵੀ ਰਸ ਰੰਗ ਭਾਵਾਂ ਵਾਲੀਆਂ ਸਨ। ਇਨ੍ਹਾਂ ਚਾਰਾਂ ਦੇ ਸਮਾਨਅੰਤਰ ਹੀ ਲੋਕ ਕਾਵਿ ਦੀ ਪੰਜਵੀ ਧਾਰਾ ਹੈ। ਲੋਕ ਕਾਵਿ ਵਿੱਚ ਕਾਵਿ, ਸੰਗੀਤ ਅਤੇ ਅਭਿਨੈ ਵੀ ਜੁੜਿਆ ਹੁੰਦਾ ਹੈ। ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਹੁੰਦਾ ਸੀ, ਸੂਫ਼ੀ ਕਾਫੀਆਂ ਨੂੰ ਕਵਾਲ ਗਾਉਂਦੇ ਸੀ, ਕਿੱਸਿਆਂ ਨੂੰ ਗਾਇਕ ਗਾਉਂਦੇ ਸੀ ਅਤੇ ਵਾਰਾਂ ਢਾਡੀ ਗਾਉਂਦੇ ਸੀ। ਖੈਰ ਲੋਕ ਕਾਵਿ ਵਿੱਚ ਤਾਂ ਸਭ ਕੁਝ ਹੀ ਸਮਾਇਆ ਹੁੰਦਾ ਸੀ। ਇਨ੍ਹਾਂ ਪੰਜ ਧਰਾਵਾਂ ਵਿੱਚ ਜੇ ਪਹਿਲੀਆਂ ਦੋ ਛੱਡ ਵੀ ਦੇਈਏ ਤਾਂ ਬਾਕੀਆਂ ਵਿੱਚ ਵੀ ਅਸ਼ਲੀਲਤਾ ਨਹੀਂ ਹੁੰਦੀ ਸੀ। ਇੱਥੇ ਸਾਨੂੰ ਇਨ੍ਹਾਂ ਧਾਰਾਵਾਂ ਦਾ ਸੰਚਾਰ ਮਾਡਲ ਸਮਝਣਾ ਪਵੇਗਾ। ਇਹ ਗਾਇਕੀ ਅਸਲ ਵਿੱਚ ਦਾਇਰਿਆਂ ਦੀ ਗਾਇਕੀ ਹੁੰਦੀ ਸੀ। ਇਹ ਦਾਇਰੇ ਲਿੰਗ/ਉਮਰ ਅਨੁਸਾਰ ਹੀ ਨਹੀਂ ਸਗੋਂ ਜਾਤ, ਜਮਾਤ, ਧਰਮ ਅਨੁਸਾਰ ਵੀ ਹੁੰਦੇ ਸਨ। ਇਨ੍ਹਾਂ ਵਿੱਚ ਤਥਾ ਕਥਿਤ ਅਸ਼ਲੀਲਤਾ ਅੱਜ ਨਾਲੋਂ ਵੀ ਵੱਧ ਹੁੰਦੀ ਸੀ। ਜਿਨ੍ਹਾਂ ਨੇ ਛਪਾਰ ਦੇ ਮੇਲੇ ਤੇ ਪੈਂਦੀਆਂ ਬੋਲੀਆਂ, ਪਿੰਡੋਂ ਬਾਹਰ ਲੱਗਦੇ ਨਚਾਰਾਂ ਦੇ ਅਖਾੜੇ ਅਤੇ ਬਰਾਤ ਤੋਰਨ ਤੋਂ ਬਾਅਦ ਇਕੱਲੀਆਂ ਔਰਤਾਂ ਵੱਲੋਂ ਪਾਏ ਜਾਂਦੇ ਗਿੱਧੇ ਅਤੇ ਤਮਾਸ਼ਿਆਂ ਨੂੰ ਦੇਖਿਆ ਹੋਵੇਗਾ ਉਹ ਭਲੀ ਭਾਂਤ ਸਮਝ ਸਕਦਾ ਹੈ ਪਰ ਕਦੇ ਵੀ ਅਸ਼ਲੀਲਤਾ ਦਾ ਮਸਲਾ ਨਹੀਂ ਬਣਿਆ ਸੀ। ਇਸ ਦਾ ਕਾਰਨ ਇਹ ਸੀ ਕਿ ਗਾਇਕੀ ਦਾਇਰੇ ਵਿੱਚ ਵਿਚਰਦੀ ਸੀ ਅਤੇ ਪੇਸ਼ਕਾਰੀ ਸਮਾਂ ਵੀ ਸੀਮਤ ਹੁੰਦਾ ਸੀ। ਉਸ ਤੋਂ ਬਾਅਦ ਸਭ ਕੁਝ ਖਤਮ ਹੋ ਜਾਂਦਾ ਸੀ। ਇਸ ਦੀ ਯਾਦ ਤੋਂ ਬਗੈਰ ਹੋਰ ਕੋਈ ਸਥਾਈ ਰਿਕਾਰਡ ਨਹੀ ਹੁੰਦਾ ਸੀ। ਜਦੋਂ ਆਧੁਨਿਕ ਰਿਕਾਰਡ ਯੰਤਰਾਂ ਨਾਲ ਪੇਸ਼ਕਾਰੀ ਰਿਕਾਰਡ ਹੋਣ ਲੱਗ ਪਈ ਅਤੇ ਲੋਕਧਾਰਾਈ ਪਰੰਪਰਕ ਦਾਇਰੇ ਟੁੱਟ ਗਏ। ਸੰਦਰਭੋਂ ਟੁੱਟੀ ਗਾਇਕੀ ਗ਼ੈਰ ਪ੍ਰਸੰਗਕ ਹੋਣ ਕਰਕੇ ਅਸ਼ਲੀਲ ਹੋ ਗਈ। ਸੋ ਦਾਇਰੇ ਦਾ ਟੁੱਟਣਾ ਅਤੇ ਰਿਕਾਰਡਿੰਗ ਇਸ ਦਾ ਅਹਿਮ ਹਿੱਸਾ ਹੈ। ਜ਼ਿੰਦਾ ਪੇਸ਼ਕਾਰੀ ਸਮੇਂ ਗਾਇਕ ਨੂੰ ਪਤਾ ਹੁੰਦਾ ਸੀ ਕਿ ਕੀ ਅਤੇ ਕਦੋਂ ਗਾਉਣਾ ਹੈ। ਉਹ ਆਪਣੇ ਸਰੋਤਿਆਂ ਅਤੇ ਦਰਸ਼ਕਾਂ ਦੇ ਭਾਵਾਂ ਨਾਲ ਇੱਕ ਸੁਰ ਹੁੰਦਾ ਸੀ। ਉਹ ਵੇਲੇ ਵੇਲੇ ਦੇ ਰਾਗ ਅਤੇ ਵੇਲੇ ਵੇਲੇ ਦੀਆਂ ਰਾਗਣੀਆਂ ਨੂੰ ਸਮਝਦਾ ਹੁੰਦਾ ਸੀ। ਕੁੜੀਆਂ ਤੀਆਂ ਵਿੱਚ ਮਨਮਰਜੀ ਦਾ ਧਮਾਲ ਮਚਾਕੇ ਵਾਪਸ ਪਰਤਦੀਆਂ ਸੀ ਤਾਂ ਸੱਥ ਵਿੱਚ ਭਰਾ ਵੇਖ ਕੇ ਕਹਿ

ਦਿੰਦੀਆਂ ਸੀ ਚੰਗੇ ਚੰਗੇ ਬੱਚਨ ਕਰੋ ਵੀਰ ਸੁਣਦੇ ਦਾੜ੍ਹੀਆਂ ਵਾਲੇ। ਸੋ ਜਿਸ ਨੂੰ ਅੱਜ ਅਸ਼ਲੀਲਤਾ ਕਿਹਾ ਜਾਂਦਾ ਹੈ ਇਹ ਉਸ ਸਮੇਂ ਅਸ਼ਲੀਲਤਾ ਨਹੀਂ ਸੀ। ਔਰਤ ਮਰਦ ਦੇ ਪ੍ਰਵਿਰਤੀ ਮੂਲਕ ਭਾਵਾਂ ਦਾ ਉਦਾਤੀਕ੍ਰਿਤ ਰੂਪ ਪ੍ਰੇਮ ਹੈ। ਪ੍ਰੇਮ ਦਾ ਸਰੀਰਕ ਕਾਰਜ ਨਿੱਜੀ ਹੁੰਦਾ ਹੈ ਇਹ ਸ੍ਰਿਸ਼ਟੀ ਚੱਲਦੀ ਰਹਿਣ ਦਾ ਕਾਰਜ ਹੈ ।ਇਸਦੇ ਗਾਇਕੀ ਅੰਦਰ ਜਨਤਕ ਪ੍ਰਗਟਾਵਾ ਨੇ ਨਿੱਜੀ ਅਤੇ ਜਨਤਕ ਵਿਚਕਾਰ ਮਹੱਤਵਪੂਰਨ ਪਰ ਬਰੀਕ ਰੇਖਾ ਭੁਲਾ ਦਿੱਤੀ ਹੈ। ਇਸ ਨੂੰ ਭੁਲਾਉਣ ਜਾਂ ਖ਼ਤਮ ਕਰਨ ਵਿੱਚ ਵੱਡੀ ਅਤੇ ਨਿਰਨਾਇਕ ਭੂਮਿਕਾ ਮੰਡੀ ਦੀ ਹੈ, ਖੱਪਤ ਸੱਭਿਆਚਾਰ ਦੀ ਹੈ। ਰਿਕਾਰਡਿੰਗ ਸਾਧਨਾਂ ਦੇ ਵਿਕਸਿਤ ਹੋ ਜਾਣ ਨਾਲ ਗਾਇਕ ਦੀ ਗੈਰ ਮੌਜੂਦਗੀ ਵਿੱਚ ਗਾਇਨ ਸੁਣਿਆ ਦੇਖਿਆ ਜਾਣਾ ਸ਼ੁਰੂ ਹੋਇਆ ਹੈ ਤਾਂ ਇਹ ਗੀਤ ਦਾ ਰਿਕਾਰਡ ਵਿਕਣ ਵਾਲੀ ਚੀਜ਼ ਬਣ ਗਿਆ। ਪਹਿਲਾਂ ਪੈਸਾ ਸਿਰਫ ਗਾਇਕ ਨੂੰ ਜਾਂਦਾ ਸੀ ਅਤੇ ਉਹ ਸਿੱਧਾ ਪੇਸ਼ਕਾਰੀ ਸਮੇਂ ਸੁਣਨ ਦੇਖਣ ਵਾਲਿਆਂ ਵੱਲੋਂ ਦਿੱਤਾ ਜਾਂਦਾ ਸੀ ਅਤੇ ਦਰਸ਼ਕ/ ਸਰੋਤਿਆਂ ਦੀ ਹੈਸੀਅਤ ਅਨੁਸਾਰ ਵਧਦਾ ਘੱਟਦਾ ਰਹਿੰਦਾ ਸੀ। ਰਾਜੇ ਮਹਾਰਾਜੇ ਜਗੀਰਾਂ / ਗਹਿਣੇ ਦਾਨ ਕਰਦੇ ਸੀ। ਆਮ ਲੋਕ ਹੈਸੀਅਤ ਅਨੁਸਾਰ ਵੇਲ ਕਰਵਾਉਂਦੇ ਸੀ। ਇਸ ਵਿੱਚ ਮੰਡੀ ਨਹੀਂ ਸਿੱਧਾ ਵਟਾਂਦਰਾ ਸੀ। ਮੰਡੀ ਨੇ ਗੀਤਾਂ ਨੂੰ ਵੇਚਣਾ ਸ਼ੁਰੂ ਕਰ ਦਿੱਤਾ। ਗੀਤ ਵਿਕਣ ਲਈ ਦਾਇਰਾ ਉਲੰਘਣ ਲੱਗ ਪਏ ਅਤੇ ਆਪਣੇ ਦਇਰੇ ਤੋਂ ਬਾਹਰ ਲੋਕਾਂ ਨੂੰ ਉਕਸਾਉਣ ਲੱਗ ਪਏ। ਉੱਤਰ ਆਧੁਨਿਕ ਯੁੱਗ ਵਿਚ ਰਿਕਾਰਡਿੰਗ ਦੇ ਨਾਲ ਨਾਲ ਇੱਕੋ ਕਲਾ ਕਿਰਤ ਦੀਆਂ ਬਹੁਤ ਸਾਰੀਆਂ ਨਕਲਾਂ ਤਿਆਰ ਕਰਨ ਅਤੇ ਉਨ੍ਹਾਂ ਦਾ ਸੰਚਾਰ ਸੌਖਾ ਅਤੇ ਸਸਤਾ ਹੋ ਗਿਆ ਤਾਂ ਮੰਡੀ ਨੇ ਨਵਾਂ ਪੈਂਤੜਾ ਖੇਡਿਆ ਕਿ ਗੀਤਾਂ ਨੂੰ ਪਹਿਲਾਂ ਇਸ਼ਤਿਹਾਰਾਂ ਦਾ ਵਾਹਨ ਬਣਾ ਲਿਆ ਅਤੇ ਬਾਅਦ ਵਿੱਚ ਗੀਤ ਹੀ ਇਸ਼ਤਿਹਾਰ ਬਣਾ ਦਿੱਤੇ। ਇਹ ਕਹਿ ਸਕਦੇ ਹਾਂ ਕਿ ਇਸ਼ਤਿਹਾਰਾਂ ਦੇ ਗੀਤ ਬਣਾ ਦਿੱਤੇ। ਇਸ ਵਿੱਚ ਅੰਦਰੋਂ ਉੱਠਦੀਆਂ ਕੁਦਰਤੀ ਕਾਮੁਕ ਭਾਵਨਾਵਾਂ ਨੂੰ ਉਦਾਤ ਕਰਕੇ ਸਿਰਜਨਾਤਮਕ ਤਰੀਕੇ ਨਾਲ ਸ਼ਾਂਤ ਕਰਨ ਦੀ ਥਾਂ ਭਟਕਾਇਆ, ਚਮਕਾਇਆ, ਲਿਸ਼ਕਾਇਆ ਜਾਂਦਾ ਹੈ ਅਤੇ ਇਸ ਦੇ ਨਾਲ ਹੀ ਇਸ ਨੂੰ ਕਿਸੇ ਵਪਾਰ ਦੀ ਵਪਾਰਕ ਵਸਤ ਨਾਲ ਜੋੜਿਆ ਜਾਂਦਾ ਹੈ। ਇੰਜ ਕਾਮ ਵਾਸ਼ਨਾਵਾਂ ਦਾ ਵਪਾਰ ਕੀਤਾ ਜਾਂਦਾ ਹੈ ਅਤੇ ਇਸ ਰਾਹੀਂ ਪੈਸਾ ਕਮਾਇਆ ਜਾਂਦਾ ਹੈ। ਤੁਸੀਂ ਅਜੋਕੇ ਗੀਤ ਸੁਣ ਲਵੋ ਉਸ ਵਿੱਚ ਐਨਕਾਂ, ਪਰਸਾਂ, ਮੋਬਾਈਲਾਂ, ਸੈਂਡਲਾਂ, ਜੀਨਾਂ, ਕਾਰਾਂ, ਜੀਪਾਂ,ਮੋਟਰਸਾਈਕਲਾਂ, ਹਥਿਆਰਾਂ ਦੇ ਬ੍ਰਾਂਡਾਂ ਦੀਆਂ ਸਿੱਧੀਆਂ ਤੇ ਅਸਿੱਧੀਆਂ ਮਸ਼ਹੂਰੀਆਂ ਹੁੰਦੀਆਂ ਹਨ। ਇਹ ਮਾਨਵੀ ਜੀਵਨ ਦੀਆਂ ਤਾਂਘਾਂ ਉਮੰਗਾਂ ਸੱਧਰਾਂ ਆਸਾਂ ਤਾਂ ਮੁੱਢੋਂ ਹੀ ਗੀਤਾਂ ਦਾ ਭਾਗ ਰਹੀਆਂ ਹਨ। ਲੋਕ ਗੀਤਾਂ ਵਿੱਚ ਅਜਿਹੇ ਬੋਲ ਮਿਲਦੇ ਹਨ:

*ਬੋਤਾ ਲਿਆਈਂ ਉਹ ਮਿੱਤਰ ਜਿਹੜਾ ਡੰਡੀਆਂ ਹਿੱਲਣ ਨਾ ਦੇਵੇ*
*ਆਹ ਲੈ ਨੱਤੀਆਂ ਕਰਾ ਲਈਂ ਪਿੱਪਲ ਪੱਤੀਆਂ ਕਿਸੇ ਦੇ ਕੋਲ ਗੱਲ ਨਾ ਕਰੀਂ*
*ਲੱਡੂ ਲਿਆਵੇਂ ਤਾਂ ਭੋਰ ਕੇ ਖਾਵਾਂ ਮਿਸ਼ਰੀ ਕੜੱਕ ਬੋਲਦੀ*
*ਉਸ ਘਰ ਦੇਈਂ ਬਾਬਲਾ ਜਿੱਥੇ ਲਿੱਪਣੇ ਨਾ ਪੈਣ ਬਨੇਰੇ*
*ਜਾਕਟ ਲਿਆ ਮਿੱਤਰਾ ਕੁੜਤੀ ਹੇਠ ਦੀ ਪਾਵਾਂ*

ਪਰ ਇਹ ਸਭ ਕੁਝ ਸੀਮਤ ਦਾਇਰੇ ਵਿੱਚ ਸੀ ਅਤੇ ਇੱਕ ਤਰ੍ਹਾਂ ਨਾਲ ਆਸ ਅਤੇ ਪਿਆਰ ਦੀ ਨਿਸ਼ਾਨੀ ਸੀ। ਹੁਣ ਇਹ ਸਭ ਕੁਝ ਵਪਾਰ ਵਿੱਚ ਬਦਲ ਗਿਆ ਹੈ। ਇਹ

ਸੱਭਿਆਚਾਰਕ ਮਰਿਆਦਾ ਦਾ ਦਾਇਰਾ ਉਲੰਘ ਗਈ ਹੈ। ਹੁਣ ਮਸਲਾ ਉੱਠਦਾ ਹੈ ਕਿ ਕਿ ਸਮਾਜ ਅੰਦਰ ਮਾਨਵੀ ਵਿਵਹਾਰ ਬਦਲ ਰਿਹਾ ਹੈ ਜਿਸ ਦਾ ਗੀਤ ਪ੍ਰਗਟਾਵਾ ਕਰ ਰਹੇ ਹਨ ਜਾਂ ਗੀਤਾਂ ਨੂੰ ਸੁਣ ਦੇਖ ਕੇ ਮਾਨਵੀ ਵਿਵਹਾਰ ਬਦਲ ਰਿਹਾ ਹੈ। ਸਹੀ ਗੱਲ ਤਾਂ ਇਹ ਹੈ ਕਿ ਇਹ ਦੋਪਾਸੜੀ ਹੈ ਜਿਸ ਨੂੰ ਮਾਰਕਸਵਾਦੀ ਆਲੋਚਨਾ ਦਵੰਦਾਤਮਕ ਆਖਦੀ ਸੀ। ਮੌਜੂਦਾ ਗੀਤ ਇਸੇ ਰੂਪ ਵਿੱਚ ਜਾਰੀ ਰਹਿਣਗੇ ਜਦੋਂ ਤਕ ਲੁੱਟ ਆਧਾਰਤ ਮੁਨਾਫੇ ਵਾਲਾ ਕੁਰੱਪਟ ਲੱਚਰ ਕਾਰਪੋਰੇਟ ਪੂੰਜੀਵਾਦੀ ਪ੍ਰਬੰਧ ਮੌਜੂਦ ਹੈ ਕਿਉਂਕਿ ਇਹ ਗੀਤ ਉਸ ਦਾ ਪ੍ਰਤੀਫਲ ਹਨ। ਜੇ ਮੰਡੀ ਵਿੱਚ ਮਾਲ ਵੇਚਣਾ ਹੈ ਤਾਂ ਉਸ ਲਈ ਇਸ਼ਤਿਹਾਰਬਾਜ਼ੀ ਦੀ ਜ਼ਰੂਰਤ ਪਵੇਗੀ। ਇਸ਼ਤਿਹਾਰਾਂ ਲਈ ਮਾਡਲਾਂ ਦੀ ਜ਼ਰੂਰਤ, ਮਾਡਲਾਂ ਦੀ ਚੋਣ ਲਈ ਫੈਸ਼ਨ ਪ੍ਰਤੀਯੋਗਿਤਾਵਾਂ ਵੀ ਹੋਣਗੀਆਂ ਅਤੇ ਜੇ ਪ੍ਰਤੀਯੋਗਤਾ ਹੋਣਗੀਆਂ ਤੇ ਉਨ੍ਹਾਂ ਦੇ ਮਾਪਦੰਡ ਅਨੁਸਾਰ ਨੰਬਰ ਵੀ ਦਿੱਤੇ ਜਾਣਗੇ। ਹੁਣ ਪ੍ਰਸ਼ਨ ਹੁੰਦਾ ਹੈ ਕਿ ਇਹ ਕੁਚੱਕਰ ਕਿਵੇਂ ਟੁੱਟੇ? ਜਦੋਂ ਸੰਘਰਸ਼ ਚਲਦੇ ਹਨ ਸੰਗੀਤ ਦੇ ਬੋਲ ਬਦਲ ਜਾਂਦੇ ਹਨ। ਇੱਕ ਲੋਕ ਗੀਤ ਦੀ ਤਰਜ ਹੈ:

*ਚਿਟੀਆਂ ਕਪਾਹ ਦੀਆਂ ਫੁੱਟੀਆਂ ਹਾਏ ਨੀ ਪੱਤ ਹਰੇ ਹਰੇ*

*ਬਾਬੂ ਸਿੰਘ ਮਾਨ ਮਰਾੜਾਂ ਵਾਲੇ ਗੀਤ ਬਣਾਇਆ*
*ਆਖ ਨੀ ਨਣਾਨੇ ਤੇਰੇ ਵੀਰ ਨੂੰ ਕਦੇ ਤਾਂ ਭੈੜਾ ਹੱਸਿਆ ਕਰੇ*
*ਸੰਤ ਰਾਮ ਉਦਾਸੀ ਨੇ ਗੀਤ ਬਣਾਇਆ*
ਆਖਣਾ ਸਮੇਂ ਸਰਕਾਰ ਨੂੰ ਸਮੇਂ ਦੀ ਸਰਕਾਰ ਨੂੰ ਕਿ ਗਹਿਣੇ ਸਾਡਾ ਦੇਸ਼ ਨਾ ਧਰੇ

ਪੰਜਾਬੀ ਗੀਤਾਂ ਵਿੱਚ ਤਿੰਨ ਪਿਆਰ ਕਹਾਣੀਆਂ ਹੀਰ ਰਾਂਝਾ, ਸੋਹਣੀ ਮਹੀਂਵਾਲ ਅਤੇ ਮਿਰਜ਼ਾ ਸਾਹਿਬਾਂ ਹੀ ਵਾਰ ਵਾਰ ਦੁਹਰਾਈਆਂ ਜਾਂਦੀਆਂ ਹਨ। ਇੱਕ ਵਿੱਚ ਵਿਆਹ ਬਾਅਦ ਦਾ ਵਿਰਲਾਪ ਹੈ, ਦੂਸਰੇ ਵਿੱਚ ਵਿਆਹੀ ਵਰੀ ਦਾ ਚੋਰੀ ਮਿਲਣਾ ਹੈ ਅਤੇ ਤੀਸਰੇ ਵਿੱਚ ਉਧਾਲਕੇ ਭੱਜਦਿਆਂ ਲੜਾਈ ਵਿੱਚ ਮਰ ਜਾਣਾ ਹੈ।

ਭਾਰਤੀ ਆਲੋਚਨਾ ਅਨੁਸਾਰ ਸ਼ਿੰਗਾਰ ਰਸਾਂ ਦਾ ਰਾਜਾ ਹੈ ਅਤੇ ਦੂਜਾ ਪ੍ਰਧਾਨ ਰਸ ਵੀਰ ਰਸ ਹੈ ਬਾਕੀ ਰਸ ਇਨ੍ਹਾਂ ਦੇ ਸਹਾਇਕ ਬਣ ਕੇ ਆਉਂਦੇ ਹਨ। ਆਮ ਕਰਕੇ ਸ਼ਿੰਗਾਰ ਰਸ ਅਤੇ ਬੀਰ ਰਸ ਵਿੱਚੋ ਇੱਕ ਹੀ ਪ੍ਰਧਾਨ ਹੁੰਦਾ ਹੈ ਪਰ ਜਿੱਥੇ ਦੋਵੇਂ ਸਮਿਲਤ ਹੋ ਜਾਣ ਜਾਂ ਅੱਗੜ ਪਿੱਛੜ ਆਉਣ ਜਾਂ ਇੱਕ ਦੂਜੇ ਦਾ ਪ੍ਰਤੀਫਲ ਹੋਵੇ ਤਾਂ ਨਵਾਂ ਹੀ ਰੰਗ ਬੱਝਦਾ ਹੈ। ਜਿੱਥੇ ਵੀ ਵਿਅਕਤੀ ਆਪਣੇ ਨਿਆਂਸ਼ੀਲ ਹੱਕਾਂ ਲਈ ਲੜਦਾ ਹੈ ਉੱਥੇ ਹੀ ਚਰਿੱਤਰਵਾਨ ਯੋਧੇ ਦੇ ਗੁਣ ਕਾਰਨ ਉਸ ਦੀ ਲੜਾਈ ਦਾ ਬਿਰਤਾਂਤ ਵੀ ਵੀਰ ਰਸ ਪੈਦਾ ਕਰਦਾ ਹੈ। ਸਾਡੇ ਅਧਿਆਤਮਿਕ ਵਾਰਾਂ ਨੂੰ ਵੀ ਪੁਰਾਣੀਆਂ ਲੋਕਧਾਰਾਈ ਵੀਰ ਰਸੀ ਵਾਰਾਂ ਦੀਆਂ ਧੁਨਾਂ ਉਪਰ ਗਾਉਣ ਦਾ ਆਦੇਸ਼ ਹੈ। ਹਥਿਆਰਾਂ ਵਿਚੋਂ ਕ੍ਰਿਪਾਨ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਜ਼ਰੂਰੀ ਕਕਾਰਾਂ ਵਿੱਚ ਸ਼ਾਮਲ ਕਰ ਦਿੱਤਾ। ਸਾਡੇ ਨਾਇਕ ਦੁੱਲਾ ਭੱਟੀ ਅਤੇ ਭਗਤ ਸਿੰਘ ਤੀਰਾਂ ਪਿਸਤੌਲਾਂ ਵਾਲੇ ਹਨ। ਚੰਡੀ ਦੀ ਵਾਰ/ ਜੰਗਨਾਮਾ ਸ਼ਾਹ ਮੁਹੰਮਦ ਤੋਂ ਲੈ ਕੇ ਰਜਬ ਅਲੀ ਤਕ ਇੱਕ ਲੰਮੀ ਪਰੰਪਰਾ ਹੈ।

*ਚਿੜੀਆਂ ਸੇ ਮੈਂ ਬਾਜ਼ ਤੁੜਾਊਂ ਤਬੀ ਗੋਬਿੰਦ ਸਿੰਘ ਨਾਮ ਕਹਾਊਂ*
*ਬਾਜ਼ਾਂ ਨੂੰ ਭੇਜ ਕਿਤੋਂ ਤਿੱਤਰ ਫੇਰ ਉਡਾਰੀਆਂ ਮਾਰਦੇ ਨੇ*

*ਢਾਹਵਾਂ ਦਿੱਲੀ ਦੇ ਕਿੰਗਰੇ ਪਾਵਾਂ ਲਾਹੌਰ ਵਾਲੇ ਰਾਹ*
*ਜਿਊਣਾ ਮੋੜ ਘੋੜੀ ਤੇ ਫ਼ਰਾਰ ਹੋ ਗਿਆ*
*ਪੰਜ ਪਿਸਤੌਲਾਂ ਵਾਲੇ ਕਰਦੇ ਫੈਰ ਫਿਰੰਗੀ ਤੇ*

ਪੰਜਾਬੀਆਂ ਕੋਲ ਧਰਮੀ ਡਾਕੂ ਸੂਰਮੇ ਦਾ ਸੰਕਲਪ ਹੈ। ਇੱਕ ਸੁੱਚੇ ਸੂਰਮੇ ਦੀ ਗਾਥਾ ਹੈ ਕਿ ਸੁੱਚੇ ਦੀ ਭਾਬੀ ਭਾਵ ਨਰੈਣੇ ਅਮਲੀ ਦੀ ਘਰ ਵਾਲੀ ਪਿੰਡ ਦੇ ਹੀ ਬਦਮਾਸ਼ ਗੱਭਰੂ ਘੁੱਕਰ ਨਾਲ ਵਿਆਹ ਬਾਹਰੇ ਅਨੈਤਿਕ ਸਬੰਧ ਬਣਾ ਲੈਂਦੀ। ਸੁੱਚਾ ਸਿੰਘ ਘੁੱਕਰ ਅਤੇ ਬਲਵੀਰੋ ਭਾਬੀ ਦਾ ਕਤਲ ਕਰ ਦਿੰਦਾ ਹੈ। ਗੀਤ ਵਿੱਚ ਜੋ ਹਿੰਸਾ ਹੈ ਉਹ ਪੰਜਾਬੀਆਂ ਨੂੰ ਪ੍ਰਵਾਨ ਹੈ ਜੋ ਮੇਰੇ ਖਿਆਲ ਅਨੁਸਾਰ ਨਹੀਂ ਹੋਣੀ ਚਾਹੀਦੀ ਸੀ। ਨਰੈਣਾ ਅਮਲੀ ਹੈ ਤੇ ਉਹ ਬਲਵੀਰੋ ਦੇ ਸੁਪਨਿਆਂ ਦੇ ਹਾਣ ਦਾ ਨਹੀਂ। ਸਾਡੇ ਸਭਿਆਚਾਰ ਵਿਚ ਪਰਿਵਾਰਕ ਇੱਜ਼ਤ ਲਈ ਕੀਤੇ ਕਤਲ ਨੂੰ ਨੈਤਿਕਤਾ ਦਾ ਪ੍ਰਤੀਕ ਮੰਨ ਕੇ ਸੁੱਚੇ ਨੂੰ ਸੂਰਮੇ ਵਜੋਂ ਅਪਣਾਇਆ ਹੋਇਆ ਹੈ, ਸਾਨੂੰ ਸਮੂਹਕ ਸਰਬ ਸਾਂਝੇ ਹਿੱਤਾਂ ਲਈ ਜਾਬਰਾਂ ਦੇ ਜ਼ੁਲਮ ਵਿਰੁੱਧ ਲੜਨ ਵਾਲਿਆਂ ਅਤੇ ਵਿਅਕਤੀਗਤ ਪੱਧਰ ਤੇ ਨਿੱਜੀ ਹਿੱਤਾਂ ਲਈ ਲੜਨ ਵਾਲੇ ਅਤੇ ਉਸ ਤੋਂ ਵੀ ਅੱਗੇ ਆਪਣੇ ਸਰੀਰਕ ਬਾਹੂਬਲ, ਹਥਿਆਰਾਂ ਅਤੇ ਉਚੇਰੀ ਪਹੁੰਚ ਤੇ ਸਾਧਨਾਂ ਦੀ ਮਾਲਕੀ ਦੀ ਧੌਂਸ ਜਮਾ ਕੇ ਆਮ ਲੋਕਾਂ ਨੂੰ ਮਾਰਨ ਕੁੱਟਣ ਵਾਲਿਆਂ ਵਿੱਚ ਫ਼ਰਕ ਕਰਨ ਦੀ ਜ਼ਰੂਰਤ ਹੈ। ਅੱਜ ਪੰਜਾਬੀ ਸੰਗੀਤ ਵਿੱਚ ਵਿਅਕਤੀਗਤ ਨਿੱਜੀ ਲੜਾਈ, ਨਸ਼ੇ ਦੇ ਵਪਾਰੀ ਧੱਕਾ ਕਰਨ ਵਾਲੇ ਗੈਂਗਸਟਰਾਂ ਨੂੰ ਨਾਇਕ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

*ਚੱਕਲੋ ਰਿਵਾਲਵਰ ਰਫਲਾਂ ਕਬਜ਼ਾ ਲੈਣਾ ਹੈ,*
*ਚੁੱਕ ਕੇ ਫੜਾ ਦੇ ਜਿਪਸੀ ਚੋਂ ਨਾਗਨੀ,*
*ਪਹਿਲੀ ਗੋਲੀ ਵੈਰੀਆਂ ਦੇ ਹਿਕ ਵਿੱਚ ਦਾਗਣੀ*
*ਬੜਾ ਸਹਿ ਲਿਆ ਦਾਬਾ ਹੋਰ ਨਹੀਂ ਸਹਿਣਾ ਏ*

ਇਨ੍ਹਾਂ ਸ਼ਬਦਾਂ ਤੋਂ ਲੱਗਦਾ ਹੈ ਕਿ ਦੋ ਧਿਰਾਂ ਦਾ ਜ਼ਮੀਨ ਪਿੱਛੇ ਝਗੜਾ ਹੈ। ਗਾਇਕ ਨਾਇਕ ਦੀ ਧਿਰ ਪੀੜਤ ਜਾਪਦੀ ਹੈ ਪਰ ਗੀਤ ਵਿਚਲਾ ਨਾਚ, ਜਿਪਸੀਆਂ, ਹਥਿਆਰਾਂ ਦੀ ਪ੍ਰਦਰਸ਼ਨੀ ਇਸ ਨੂੰ ਨਿੱਜੀ ਦੁਸ਼ਮਣੀ ਤਕ ਸੀਮਤ ਕਰ ਦਿੰਦਾ ਹੈ।ਤੂੰ ਨੀ ਬੋਲਦੀ ਰਕਾਨੇ ਵਾਲ਼ੇ ਗੀਤ ਅਤੇ ਇਸ ਗੀਤ ਨੇ ਹਿੰਸਾ ਦੇ ਰੂਪਾਂ ਨੂੰ ਹੀ ਨਹੀਂ ਸਗੋਂ ਗੈਂਗਸਟਰ ਕਲਚਰ ਨੂੰ ਪ੍ਰਵਾਨ ਕਰਕੇ ਬੜਾਵਾ ਦਿੱਤਾ ਹੈ। ਉਸੇ ਦੇ ਹੀ ਹੁਣ ਨਵੇਂ ਰੂਪ ਵਾਰ ਵਾਰ ਆ ਰਹੇ ਹਨ।ਜਗ੍ਹਾ ਤੇਰੀ ਟਾਇਮ ਤੇਰਾ(ਮਨਕੀਰਤ ਔਲਖ) ਇਨ੍ਹਾਂ ਸਾਰੇ ਗੀਤਾਂ ਵਿੱਚ ਕੋਈ ਸਮਾਜਿਕ ਪ੍ਰਸੰਗ ਨਹੀਂ ਹੈ। ਵੀਡੀਓ ਵਿੱਚ ਵੀ ਕੁਝ ਸਪੱਸ਼ਟ ਨਹੀਂ ਹੁੰਦਾ ਬੱਸ ਦੋ ਵਿਅਕਤੀਆਂ ਜਾਂ ਦੋ ਗੈਂਗਸਟਰਾਂ ਦੀ ਆਪਸੀ ਰੰਜਿਸ਼ ਹੈ। ਅਜਿਹੀ ਬੇਸਿਰ ਪੈਰ ਹਿੰਸਾ ਹੀ ਸਾਰੇ ਬੀਰ ਰਸੀ ਪੰਜਾਬੀ ਗੀਤਾਂ ਨੂੰ ਬਦਨਾਮ ਕਰ ਰਹੀ ਹੈ। ਅਜਿਹਾ ਹੀ ਇੱਕ ਗੀਤ ਅੰਮ੍ਰਿਤ ਮਾਨ ਦਾ ਗੁਰੀਲਾ ਹੈ ਜਿਸ ਵਿੱਚ ਖਲਨਾਇਕ ਆਪਣੇ ਆਪ ਨੂੰ ਅੰਤਰਰਾਸ਼ਟਰੀ ਬਦਨਾਮ ਪਾਬਲੋ ਇੱਕਬਾਰ ਨਾਲ ਇੱਕ ਰੂਪ ਕਰਦਾ ਹੈ। ਵੀਡੀਓ ਵਿੱਚ ਸਾਰੀ ਲੜਾਈ ਇੱਕ ਕੁੜੀ ਪਿੱਛੇ ਲੱਗਦੀ ਹੈ। ਮੈਨੂੰ ਪਤਾ ਨਹੀਂ ਲੱਗਦਾ ਕਿ ਪੰਜਾਬੀ ਗਲੋਬਲ ਹੋ ਗਏ ਜਾਂ ਅਸੀਂ ਆਪਣੇ ਵਿਰਸੇ ਤੋਂ ਇੰਨੇ ਟੁੱਟ ਗਏ ਹਾਂ ਕਿ ਸਾਨੂੰ ਬਦਮਾਸ਼ ਵੀ ਵਿਦੇਸ਼ੀ ਬਣਾਉਣੇ ਪੈ ਰਹੇ ਹਨ। ਸਪੱਸ਼ਟ ਕਰਨ ਦੀ ਜ਼ਰੂਰਤ ਹੈ ਕਿ ਗੁਰੂ ਗੋਬਿੰਦ ਸਿੰਘ ਦੇ ਮਾਰਗ ਤੇ ਚੱਲਣ ਵਾਲੇ ਬੰਦਾ ਬਹਾਦਰ ਦੇ ਵਾਰਸ, ਦੁੱਲੇ ਨੂੰ ਨਾਇਕ ਮੰਨਣ ਵਾਲੇ, ਭਗਤ

ਸਿੰਘ ਨੂੰ ਸਾਂਭਣ ਵਾਲਿਆਂ ਦੀ ਅਨਿਆਂ ਵਿਰੁੱਧ ਹੱਕਾਂ ਲਈ ਸਥਾਪਤੀ ਖ਼ਿਲਾਫ਼ ਸੰਘਰਸ਼ ਵਿੱਚ ਹਥਿਆਰਾਂ ਦੀ ਵਰਤੋਂ ਕੋਈ ਮਿਹਣਾ ਨਹੀਂ ਸਗੋਂ ਮਾਣ ਵਾਲੀ ਗੱਲ ਹੈ ਅਤੇ ਇਨ੍ਹਾਂ ਨਾਇਕਾਂ ਦੀਆਂ ਗਾਥਾਵਾਂ ਵੀ ਵੀਰ ਰਸ ਉਪਜਾਉਂਦੀਆਂ ਹਨ ਤੇ ਜੀਣ ਦਾ ਰਾਹ ਦੱਸਦੀਆਂ ਹਨ ਪਰ ਨਸ਼ੇ ਜ਼ਮੀਨਾਂ ਔਰਤਾਂ ਹਉਮੈ ਪਿੱਛੇ ਵਿਅਕਤੀਗਤ ਲੜਾਈਆਂ ਅਤੇ ਸਮੂਹਕ ਅਪਰਾਧ ਕੋਈ ਨਾਇਕ ਨਹੀਂ ਸਿਰਜਦੀਆਂ। ਗਾਉਣ ਵਾਲੇ ਖਲਨਾਇਕਾਂ ਨੂੰ ਨਾਇਕ ਬਣਾ ਕੇ ਸੱਤਾਧਾਰੀਆਂ ਦੀ ਸੇਵਾ ਕਰਦੇ ਹਨ ਇੰਜ ਉਹ ਜੂਝਦੇ ਸਿਰ ਤਲੀ ਤੇ ਰੱਖੀ ਹੱਕ ਸੱਚ ਨਿਆਂ ਲਈ ਸੰਘਰਸ਼ ਕਰਨ ਵਾਲੇ ਯੋਧਿਆਂ ਦੀ ਇੱਜ਼ਤ ਘਟਾਈ ਕਰਦੇ ਹਨ।

ਅਜੋਕੇ ਤਥਾ ਕਥਿਤ ਲੋਕਤੰਤਰੀ ਸਮਾਜ ਵਿੱਚ ਅਹਿੰਸਕ ਸੰਘਰਸ਼ ਲਈ ਥਾਂ ਨਹੀਂ ਸਿੱਟੇ ਵਜੋਂ ਹਿੰਸਾ ਪ੍ਰਧਾਨ ਹੋ ਰਹੀ ਹੈ ਯਥਾਰਥ ਵਿੱਚ ਵਿਅਕਤੀਗਤ ਅਤੇ ਸਮੂਹਿਕ ਹਿੰਸਾ ਨੂੰ ਸਰਕਾਰ ਵੱਲੋਂ ਸਖ਼ਤੀ ਨਾਲ ਦਬਾਇਆ ਜਾ ਰਿਹਾ ਹੈ ਇਸੇ ਵਿੱਚੋਂ ਹੀ ਪੰਜਾਬੀ ਨਾਇਕ ਦੀ ਵਿਅਕਤੀਗਤ ਹਿੰਸਾ ਨਿਕਲ ਰਹੀ ਹੈ ਪਰ ਇਹ ਬਹੁਤੀ ਹਿੰਸਾ ਕਿਸੇ ਵਿਅਕਤੀ ਵਿਸ਼ੇਸ਼ ਵੱਲ ਸੇਧਿਤ ਹੋ ਕੇ ਲੁੰਪਨ ਕਿਸਮ ਦੀ ਵਿਅਕਤੀਗਤ ਹਉਮੈ ਨਾਲ ਜੁੜ ਜਾਂਦੀ ਹੈ। ਗੀਤਾਂ ਵਿੱਚ ਅਸ਼ਲੀਲਤਾ ਬੋਲਾਂ ਵਿੱਚ ਨਹੀਂ ਦ੍ਰਿਸ਼ਕਾਰੀ ਅਤੇ ਭਾਵਾਂ ਵਿੱਚ ਵਧੇਰੇ ਹੈ। ਪਹਿਲਾਂ ਵਿਆਹ ਅਹਿਮ ਮੰਜ਼ਿਲ ਸੀ। ਵਿਆਹ ਲਈ ਭਾਬੀ ਦਾ ਪੇਕਾ ਪਰਿਵਾਰ ਹੀ ਸਾਧਨ ਸੀ। ਵਿਆਹ ਪਿੰਡ ਤੋਂ ਬਾਹਰ, ਜਾਤ ਦੇ ਅੰਦਰ, ਗੋਤ ਤੋਂ ਬਾਹਰ ਹੋਣਾ ਸੀ। ਇਸ ਲਈ ਭਾਬੀ ਦਾ ਪੇਕਾ ਪਰਿਵਾਰ ਹੀ ਇਸ ਕਸਵੱਟੀ ਤੇ ਪੂਰੇ ਉੱਤਰਦੇ ਸਨ ਸੋ ਸਾਰੇ ਗੀਤ ਜੀਜਾ ਸਾਲੀ ਦਿਓਰ ਭਾਬੀ ਦੇ ਦੁਆਲੇ ਘੁੰਮਦੇ ਸਨ। ਅੱਜ ਮੁੰਡੇ ਕੁੜੀਆਂ ਦੀ ਆਪਣੀ ਚੋਣ ਹੈ ਪਰ ਇਸ ਚੋਣ ਦਾ ਆਧਾਰ ਗੁਣਾਂ ਦੀ ਥਾਵੇਂ ਬਾਹਰੀ ਦਿੱਖ ਅਤੇ ਪੈਸਾ ਪ੍ਰਧਾਨ ਹੋ ਗਿਆ। ਦੋਵੇਂ ਧਿਰਾਂ ਹੀ ਕੋਰੀਆਂ ਹਨ

*ਦਿਲ ਤਾਂ ਪਤਾ ਨੀਂ ਤੇਰਾ ਕਿਹੋ ਜਿਹਾ ਹੋਣਾ ਮੈਂ ਤਾਂ ਮੁੱਖੜਾ ਵੇਖ ਕੇ ਮਰ ਗਿਆ ਨੀ*

ਜਾਂ

*ਪਹਿਲਾਂ ਜੈਗੁਆਰ ਲੈ ਦਿਓ ਫੇਰ ਜਿੰਨਾ ਮਰਜ਼ੀ ਪਿਆਰ ਲੈ ਲਓ*

ਪੰਜਾਬੀ ਗੀਤਾਂ ਵਿੱਚ ਕੁੜੀ ਸ਼ਹਿਰ ਪੜ੍ਹੀ ਅੰਗਰੇਜ਼ੀ ਜਾਣਦੀ ਅਮੀਰ ਕਾਰਾਂ ਵਾਲੀ ਹੈ। ਮੁੰਡਾ ਪੇਂਡੂ ਅੰਗਰੇਜ਼ੀ ਵਿੱਚ ਹੱਥ ਤੰਗ ਕਿਸਾਨੀ ਦੇ ਟਰੈਕਟਰ ਸਕੂਟਰ ਵਾਲਾ ਹੈ। ਕੁੜੀ ਆਖਰ ਪੇਂਡੂ ਨੂੰ ਪਸੰਦ ਕਰਦੀ ਹੈ। ਇਹ ਇੱਛਤ ਯਥਾਰਥ ਹੈ ਜਿੱਥੇ ਲੈਂਸਰ ਵਢਦੀ ਜਾਂਦੀ ਫਾਹੇ ਹੈ।

ਹੁਣ ਨਹੀਂ ਮੁੜਦੇ ਯਾਰ ਚੰਡੀਗੜ੍ਹ ਵਾਲੀ ਤਰਜ ਵਧੇਰੇ ਪ੍ਰਵਾਨ ਰਹਿੰਦੀ ਹੈ।

ਨਸ਼ੇ ਵਾਲੇ ਪਦਾਰਥਾਂ ਦਾ ਸੇਵਨ ਆਦਿ ਕਾਲ ਤੋਂ ਹੁੰਦਾ ਆ ਰਿਹਾ ਹੈ ਪਰ ਵਿਕਰਾਲ ਰੂਪ ਆਧੁਨਿਕ ਕਾਲ ਵਿੱਚ ਹੀ ਹੋਇਆ ਹੈ ਜਦੋਂ ਵਪਾਰ ਦਾ ਹਿੱਸਾ ਬਣਿਆ ਹੈ। ਸਾਹਿਤ ਵਿੱਚ ਇੱਕ ਪਾਸੇ ਨਸ਼ੇ ਦੀ ਥਾਂ ਅਧਿਆਤਮਕ ਨਸ਼ਾ ਭਾਵ ਨਾਮ ਦੀ ਖ਼ੁਮਾਰੀ ਦਾ ਜ਼ਿਕਰ ਹੈ, ਦੂਜੇ ਪਾਸੇ ਹੁਸਨ ਇਸ਼ਕ ਨੂੰ ਵੀ ਨਸ਼ੇ ਨਾਲ ਤੁਲਨਾਇਆ ਗਿਆ ਹੈ। ਮੌਜੂਦਾ ਸਮੇਂ ਵਿੱਚ ਇਹ ਰੂਪਕ ਤੋਂ ਵੱਧ ਕੇ ਆਪਣੇ ਆਪ ਵਿੱਚ ਜੀਵਨ ਜਾਚ ਦਾ ਹਿੱਸਾ ਬਣ ਗਿਆ ਹੈ। ਵੀਡੀਓ ਵਿੱਚ ਦਾਰੂ ਕੇਂਦਰਤ ਦ੍ਰਿਸ਼ਾਂ ਨੂੰ ਇੱਕ ਤਰ੍ਹਾਂ ਨਾਲ ਸੈਲੀਬ੍ਰੇਟ ਕੀਤਾ ਜਾਂਦਾ ਹੈ। ਇੰਜ ਇਸ ਨੂੰ ਇੱਕ ਚੰਗੇ ਮੁੱਲ ਪ੍ਰਬੰਧ ਵਜੋਂ ਸਥਾਪਤ ਕੀਤਾ ਜਾ ਰਿਹਾ ਹੈ। ਕਦੇ ਕਾਰ ਬਾਰ ਬਣ ਜਾਂਦੀ ਹੈ, ਕਦੇ ਕੁੜੀਆਂ ਦੇ ਹੋਸਟਲ ਵਿੱਚ ਲਲਕਾਰੇ ਵੱਜਦੇ ਹਨ, ਨਿੱਤ ਆਥਣੇ ਜਿਹੇ ਜੱਟਾਂ ਦਾ ਵੀਕਐਂਡ ਬਣ ਜਾਂਦਾ ਹੈ।

ਗੀਤ ਵਿਧਾ ਵਜੋਂ ਸਮੱਸਿਆਵਾਂ ਦਾ ਚਿੱਤਰ ਅਤੇ ਵਿਚਾਰ ਦਾ ਸਿੱਧਾ ਪ੍ਰਗਟਾਵਾ ਨਹੀਂ ਹੁੰਦਾ ਸਗੋਂ ਇਹ ਸਮੱਸਿਆਵਾਂ ਦੇ ਪ੍ਰਸੰਗ ਵਿੱਚ ਭਾਵਾਂ ਨੂੰ ਚਿੱਤਰਦਾ ਹੈ ਅਤੇ ਇਸ ਵਿੱਚ ਵਿਚਾਰਧਾਰਾ ਵੀ ਪਿਛੋਕੜ ਵਿੱਚ ਵਿਦਮਾਨ ਰਹਿੰਦੀ ਹੈ। ਸਿਆਸੀ ਅਤੇ ਸਰਕਾਰੀ ਪ੍ਰਚਾਰ ਦੇ ਗੀਤ ਨਹੀਂ, ਗੀਤਾਂ ਦੀ ਪੈਰੋਡੀ ਹੁੰਦੇ ਹਨ। ਪੰਜਾਬੀ ਗੀਤਾਂ ਵਿੱਚ ਪਗੜੀ ਸੰਭਾਲ ਜੱਟਾ ਤੋਂ ਲੈ ਕੇ ਭਗਤ ਸਿੰਘ ਦੀਆਂ ਘੋੜੀਆਂ ਤੋਂ ਲੈ ਕੇ ਮੱਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ ਤਕ ਨਿਰੰਤਰ ਸਿਆਸੀ ਵਿਚਾਰਧਾਰਾ ਵੀ ਚੱਲਦੀ ਰਹੀ ਹੈ। ਇਸ ਵਿੱਚ ਸਮਾਜਿਕ ਸਮੱਸਿਆਵਾਂ ਦਾ ਪਰਛਾਵਾਂ ਵੀ ਪਿਆ ਰਿਹਾ ਹੈ। ਗਲ ਲੱਗ ਕੇ ਸੀਰੀ ਦੇ ਜੱਟ ਰੋਵੇ। ਉੱਨੀ ਸੌ ਸੱਠ ਤਕ ਦੇ ਗੀਤਾਂ ਵਿੱਚ ਸਮਾਜਿਕ ਵਿਸ਼ਿਆਂ ਅੰਦਰ ਔਰਤ ਮਰਦ ਦੀ ਨੋਕ ਝੋਕ, ਪੇਕੇ ਜਾ ਕੇ ਰੁੱਸਣ, ਅੱਡ ਹੋਣ ਦੀ ਗੱਲ ਅਤੇ ਉਮਰਾਂ ਦੇ ਫਰਕ ਮੁੱਖ ਸਮੱਸਿਆ ਰਹੀ ਹੈ। ਇਸੇ ਪ੍ਰਕਾਰ ਦਾਜ ਵੀ ਇੱਕ ਸਮੱਸਿਆ ਬਣਦੀ ਰਹੀ ਹੈ। ਜੰਗ ਦੇ ਸਮੇਂ ਫ਼ੌਜੀ ਦੇ ਗੀਤ ਵੀ ਵਿਸ਼ੇ ਬਣਦੇ ਰਹੇ ਅਤੇ ਪ੍ਰਵਾਨ ਹੁੰਦੇ ਹਨ। ਜਾਹ ਪਹਿਲਾਂ ਜੰਗ ਜਿੱਤਿਆ ਫਿਰ ਆ ਕੇ ਕਰਾ ਲਈਂ ਲਾਵਾਂ। ਗੀਤਾਂ ਵਿੱਚ ਕਿਸਾਨੀ ਦੀਆਂ ਸਮੱਸਿਆਵਾਂ ਝੋਨਾ ਲਾਉਣਾ ਛੱਡ ਦੇਣਾ ਤਕ ਸ਼ਾਮਿਲ ਹੈ। ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਗੀਤ ਜ਼ਿਆਦਾਤਰ ਖੁਸ਼ੀ ਨਾਲ ਜੁੜੇ ਹੁੰਦੇ ਹਨ। ਉਸ ਵਿੱਚ ਹੁਲਾਸ ਅਤੇ ਖੇੜਾ ਹੁੰਦਾ ਹੈ। ਹੋਰ ਵਿਧਾਵਾਂ ਪੜਨ ਵਾਲੀਆਂ ਹੁੰਦੀਆਂ ਹਨ ਜਦੋਂ ਕਿ ਗੀਤ ਸਮੂਹਿਕ ਪੇਸ਼ਕਾਰੀ ਵਾਲਾ ਹੋਣ ਕਰਕੇ ਸਰੋਤਿਆਂ ਦੇ ਭਾਵ ਮੰਡਲ ਤੋਂ ਮੁਕਤ ਨਹੀਂ ਹੋ ਸਕਦਾ। ਵਿਆਹਾਂ ਵਿੱਚ ਉੱਚੀ ਸੁਰ, ਬੀਟ ਅਤੇ ਜਸ਼ਨਾਂਵੀ ਮਾਹੌਲ ਹੁੰਦਾ ਹੈ। ਉਸ ਵਿੱਚ ਦੇ ਦੇ ਗੇੜਾ, ਨੱਚਣ ਤੋਂ ਪਹਿਲਾਂ ਹੋਕਾ ਦਿਆਂਗੇ ਹੀ ਪ੍ਰਮੁੱਖ ਗੀਤ ਹੁੰਦੇ ਹਨ। ਇਸ ਪ੍ਰਕਾਰ ਉਦਾਸ ਗੀਤਾਂ ਦਾ ਮਾਹੌਲ ਹੁੰਦਾ ਹੈ ਪਰ ਉਸ ਵਿੱਚ ਉਦਾਸੀ ਨਹੀਂ ਉਦਾਸੀ ਦਾ ਕਥਾਰਸਿਸ ਹੁੰਦਾ ਹੈ। ਇਸੇ ਕਾਰਨ ਕਈ ਉਦਾਸ ਗੀਤਾਂ ਵਿਚ ਵੀ ਭੰਗੜਾ ਬੀਟ ਪਾ ਦਿੱਤੀ ਜਾਂਦੀ ਹੈ ਜਿਵੇਂ ਮਿੱਤਰਾਂ ਦੀ ਛੱਤਰੀ ਤੋਂ ਉੱਡ ਗਈ।

ਪੰਜਾਬੀ ਗੀਤਾਂ ਵਿੱਚ ਜੱਟ ਸ਼ਬਦ ਦੀ ਬਹੁਤ ਵਰਤੋਂ ਹੁੰਦੀ ਹੈ। ਬਹੁਤ ਸਾਰੇ ਆਲੋਚਕ ਇਸ ਨੂੰ ਜੱਟਵਾਦ ਨਾਲ ਵੀ ਜੋੜਦੇ ਹਨ ਅਤੇ ਭਾਰਤ ਭਾਰਤੀ ਜਾਤ ਪ੍ਰਬੰਧ ਦੀ ਅਲਾਮਤ ਵਜੋਂ ਪਛਾਣਦੇ ਹਨ। ਉਹ ਇਸ ਨੂੰ ਜੱਟ ਹੈਂਕੜ ਵਜੋਂ ਪ੍ਰਚਾਰਦੇ ਹਨ ਤੇ ਇਸ ਦੀ ਖ਼ੂਬ ਆਲੋਚਨਾ ਕਰਦੇ ਹਨ। ਇੱਥੇ ਕੁਝ ਗੱਲਾਂ ਸਪੱਸ਼ਟ ਹੋਣੀਆਂ ਚਾਹੀਦੀਆਂ ਹਨ। ਪਹਿਲੀ ਗੱਲ ਬਹੁਤੀ ਵਾਰੀ ਗਾਣੇ ਵਿੱਚ ਜੱਟ ਦਾ ਭਾਵ ਜੱਟ ਜਾਤ ਨਹੀਂ ਸਗੋਂ ਜੱਟ ਤੋਂ ਭਾਵ ਪੇਂਡੂ ਕਿਸਾਨ ਖੇਤੀ ਨਾਲ ਜੁੜੇ ਦੇਸੀ ਵਿਅਕਤੀ ਤੋਂ ਹੁੰਦਾ ਹੈ। ਪੰਜਾਬ ਦੀ ਬਹੁਗਿਣਤੀ ਗੀਤ ਲਿਖਣ ਅਤੇ ਗਾਉਣ ਵਾਲੇ ਗਾਇਕ ਗੈਰ ਜੱਟ ਹਨ ਪਰ ਜੱਟ ਸ਼ਬਦ ਦੀ ਵਰਤੋਂ ਸਭ ਤੋਂ ਵੱਧ ਉਹੀ ਲੋਕ ਕਰਦੇ ਹਨ। ਇਸ ਦਾ ਕਾਰਨ ਕੁੱਝ ਵਿਦਵਾਨ ਕਲਚਰਲ ਹੈਜੇਮਨੀ ਸੱਭਿਆਚਾਰਕ ਪ੍ਰਭੂਸੱਤਾ ਵਿੱਚ ਦੇਖਦੇ ਹਨ ਬਿਨਾਂ ਸ਼ੱਕ ਪੰਜਾਬ ਦੀ ਆਰਥਿਕਤਾ ਖੇਤੀ ਪ੍ਰਧਾਨ ਹੈ ਜਿਸ ਨਾਲ ਜੱਟ ਸ਼ਬਦ ਜੁੜਿਆ ਹੋਇਆ ਹੈ। ਰਾਜਸੀ ਖੇਤਰ ਵਿੱਚ ਵੀ ਜੱਟਾਂ ਦੀ ਚੜ੍ਹਤ ਹੈ। ਪੰਜਾਬੀ ਮਨੋਰੰਜਨ ਸਨਅਤ ਲਈ ਪੈਸਾ ਵੀ ਇਹੀ ਤਬਕਾ ਖਰਚਦਾ ਹੈ। ਸ਼ਾਇਦ ਇਸੇ ਕਰਕੇ ਇਸ ਦਾ ਗੁਣਗਾਨ ਵੀ ਹੁੰਦਾ ਹੈ ਪਰ ਦੇਖਣ ਵਾਲੀ ਗੱਲ ਹੈ ਕਿ ਹਰੇ ਇਨਕਲਾਬ ਤੋਂ ਪਹਿਲੇ ਦੇ ਗਾਣਿਆਂ ਵਿੱਚ ਜੱਟ ਦੇ ਭੋਲੇਪਨ, ਖੁੱਲ੍ਹਾਪਣ, ਉਦਾਰ ਸੁਭਾਅ ਅਤੇ ਸਖਤ ਮਿਹਨਤ ਦੀ ਸਿਫ਼ਤ ਹੁੰਦੀ ਸੀ ਅਤੇ ਉਸ ਦੀਆਂ ਸਮੱਸਿਆਵਾਂ ਨੂੰ ਚਿਤਰਿਆ ਜਾਂਦਾ ਸੀ। ਉਸ ਦੇ ਖ਼ੁਸ਼ੀ ਦੇ ਪ੍ਰਗਟਾਵੇ ਨੂੰ ਮਾਨਤਾ ਦਿੱਤੀ ਜਾਂਦੀ

ਸੀ। ਇਹ ਸਿਲਸਿਲਾ ਮਾਰਦਾ ਦਮਾਮੇ ਜੱਟ ਮੇਲੇ ਆ ਗਿਆ ਤੋਂ ਚੱਲਦਾ ਸੀ ਪਰ ਪਿਛਲੇ ਕੁਝ ਦਹਾਕਿਆਂ ਤੋਂ ਜੱਟ ਦਾ ਕਿਰਦਾਰ ਅੜਬ, ਗੁੱਸੇਖੋਰ, ਮਰਨ ਮਾਰਨ ਵਾਲਾ, ਗੁੰਡਾ, ਧੱਕੇ ਕਰਨ ਵਾਲਾ, ਨਸ਼ੇੜੀ, ਪੁੱਠੇ ਪੰਗਿਆਂ ਵਾਲ਼ਾ, ਕੁੜੀਆਂ ਪਿੱਛੇ ਘੁੰਮਣ ਵਾਲਾ ਦਰਸਾਇਆ ਜਾਂਦਾ ਹੈ। ਇੱਥੇ ਉਹ ਆਪਣੀ ਜ਼ਮੀਨ ਜਾਇਦਾਦ ਕਾਰਾਂ, ਜੀਪਾਂ, ਮੋਟਰਸਾਈਕਲਾਂ, ਹਥਿਆਰਾਂ ਦੀ ਫੁਕਰੀ ਮਾਰਦਾ ਹੈ ਅਤੇ ਨਸ਼ੇ ਕਰਨ ਨੂੰ ਗੁਣ ਵਜੋਂ ਪੇਸ਼ ਕਰਦਾ ਹੈ। ਇਸ ਦੇ ਉਲਟ ਕੁਝ ਗੀਤ ਜੱਟ ਨੂੰ ਬਹੁਤ ਗਰੀਬ ਪੇਸ਼ ਕਰਦੇ ਹਨ ਪਰ ਉਸ ਦੀ ਚਾਹਤ ਫਿਰ ਕਾਰਾਂ ਕੋਠੀਆਂ ਵਾਲੀ ਕੁੜੀ ਨੂੰ ਪਿਆਰ ਕਰਨ ਦੀ ਦਿਖਾਈ ਜਾਂਦੀ ਹੈ। ਦੋਵੇਂ ਸਥਿਤੀਆਂ ਇੱਕੋ ਚੀਜ਼ ਨੂੰ ਦਰਸਾਉਂਦੀਆਂ ਹਨ ਕਿ ਪੰਜਾਬੀ ਮਾਨਸਿਕਤਾ ਖੰਡਤ ਹੋ ਚੁੱਕੀ ਹੈ। ਉਸ ਨੂੰ ਜੋ ਕੁਝ ਪ੍ਰਾਪਤ ਨਹੀਂ ਉਸ ਨੂੰ ਗੀਤਾਂ ਦੇ ਸੁਪਨ ਯਥਾਰਥ ਦੀ ਪੱਧਰ ਤੇ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦਾ ਹੈ ਅਸਲ ਵਿੱਚ ਪੰਜਾਬ ਦੀ ਕਿਸਾਨੀ ਦੀ ਸਥਿਤੀ ਬਹੁਤ ਹੀ ਗੰਭੀਰ ਹੈ। ਕਰਜ਼ੇ ਵਿੱਚ ਵਿੰਨ੍ਹਿਆ ਖ਼ੁਦਕੁਸ਼ੀਆਂ ਦੇ ਰਾਹ ਤੁਰਿਆ ਹੋਇਆ ਹੈ। ਉਸ ਸ਼੍ਰੇਣੀ ਦੇ ਗੀਤ ਵੀ ਲਿਖੇ ਜਾ ਰਹੇ ਹਨ ਪਰ ਉਹ ਪ੍ਰਚੱਲਤ ਨਹੀਂ ਹੋ ਰਹੇ, ਕਿਉਂਕਿ ਉਨ੍ਹਾਂ ਦਾ ਗਾਹਕ ਕੋਈ ਨਹੀਂ ਹੈ। ਇਸ ਦਾ ਕਾਰਨ ਤਾਂ ਸਿੱਧਾ ਹੈ ਕਿ ਅਖ਼ਬਾਰਾਂ ਰੇਡੀਓ ਟੈਲੀਵਿਜ਼ਨ ਕੈਸਿਟ ਕੰਪਨੀਆਂ ਤੇ ਜਿਨ੍ਹਾਂ ਦਾ ਕਬਜ਼ਾ ਹੈ ਤੇ ਜਿਨ੍ਹਾਂ ਨੇ ਇਸ ਨੂੰ ਵਪਾਰ ਬਣਾਇਆ ਹੋਇਆ ਉਨ੍ਹਾਂ ਦੇ ਹਿੱਤ ਅਤੇ ਵਿਚਾਰਧਾਰਾ ਫੁਕਰੇਬਾਜੀ ਨੂੰ ਉਤਸ਼ਾਹਿਤ ਕਰਨ ਵਿੱਚ ਹੈ। ਸਮੁੱਚੇ ਤੌਰ ਤੇ ਸਿੱਟਾ ਕੱਢਿਆ ਜਾ ਸਕਦਾ ਹੈ ਕਿ ਸਮੁੱਚੇ ਸੱਭਿਆਚਾਰ ਵਿੱਚ ਬਦਲਾਅ ਦੀ ਲੋੜ ਹੈ। ਇੱਕ ਭਾਗ ਇਕੱਲਾ ਨਹੀਂ ਬਦਲਿਆ ਜਾ ਸਕਦਾ ਸਮੁੱਚੇ ਬਦਲਾਅ ਲਈ ਤਬਦੀਲੀ ਦੀ ਜ਼ਰੂਰਤ ਹੈ। ਇਨਕਲਾਬੀ ਲਹਿਰ ਹੀ ਕੋਈ ਕਾਊਂਟਰ ਕਲਚਰ ਉਸਾਰ ਸਕਦੀ ਹੈ। ਹਾਲ ਦੀ ਘੜੀ ਬਦਲ ਪੇਸ਼ ਕੀਤਾ ਜਾ ਸਕਦਾ ਹੈ। ਚੰਗੇ ਗੀਤਾਂ ਨੂੰ ਉਤਸ਼ਾਹਤ ਕੀਤਾ ਜਾ ਸਕਦਾ ਹੈ ਪਰ ਇਹ ਸਪੱਸ਼ਟ ਹੈ ਕਿ ਚੰਗੇ ਗੀਤਾਂ ਲਈ ਕੇਵਲ ਤਥਾ ਕਥਿਤ ਆਦਰਸ਼ੀ ਨੈਤਿਕਤਾ ਦੇ ਪਾਠਾਂ ਜਾਂ ਮੁਸੀਬਤਾਂ ਦੇ ਚਿਤਰਨ ਦੀ ਥਾਂ ਤੇ ਸਹੀ ਯਥਾਰਥ ਦਾ ਸੁਹਜ ਭਰਪੂਰ ਚਿੱਤਰਨ ਜ਼ਰੂਰੀ ਹੈ ਇਸ ਲਈ ਇੱਕ ਪਾਸੇ ਸਹਿਤਕ ਕਲਾਤਮਕਤਾ ਦੂਸਰੇ ਪਾਸੇ ਸੰਗੀਤਕ ਕਲਾਤਮਕਤਾ ਦੀ ਵੀ ਜ਼ਰੂਰਤ ਹੈ।


**ਚਰਚਿਤ ਵਾਰਤਕਕਾਰ ਤੇ ਕਹਾਣੀਕਾਰ**

**ਸੁਕੀਰਤ ਦਾ ਸਫ਼ਰਨਾਮਾ**

**ਕਿੰਨੇ ਪਰਬਤਾਂ ਤੋਂ ਪਾਰ**

ਇਨ੍ਹਾਂ ਸੰਸਮਰਣਾਂ 'ਚ ਉਹ ਸਾਰੀਆਂ ਖ਼ੂਬੀਆਂ ਹਨ, ਜੋ ਹੋਣੀਆਂ ਚਾਹੀਦੀਆਂ ਹਨ। ਸਾਥੀਆਂ-ਦੋਸਤਾਂ ਦੇ ਸੁਭਾਅ, ਸਥਾਨਾਂ ਬਾਰੇ ਇਤਿਹਾਸਕ-ਮਿਥਿਹਾਸਕ ਅਤੇ ਭੂਗੋਲਕ ਵੇਰਵੇ, ਗਲੀਆਂ, ਬਜ਼ਾਰਾਂ, ਰੈਸਤੋਰਾਨਾਂ, ਪਾਣੀ ਜਾਂ ਹਵਾਈ ਜਹਾਜ਼ਾਂ, ਪਰਬਤਾਂ, ਪ੍ਰਕਿਰਤੀ ਦੇ ਵੇਰਵੇ ਬੜੀ ਸੂਝ ਨਾਲ ਦਿੱਤੇ ਗਏ ਹਨ। ਕਿਤੇ ਕੋਈ ਗੈਰ-ਜ਼ਰੂਰੀ ਖਲਾਰ ਨਹੀਂ ਅਤੇ ਜੋ ਜ਼ਰੂਰੀ ਹੈ, ਉਸ ਨੂੰ ਵੀ ਨਹੀਂ ਛੱਡਿਆ ਗਿਆ। ਕਿਤੇ-ਕਿਤੇ ਲੇਖਕ ਦੀਆਂ ਰਾਜਨੀਤਕ, ਦਾਰਸ਼ਨਿਕ ਟਿੱਪਣੀਆਂ ਇਨ੍ਹਾਂ ਸੰਸਮਰਣਾਂ 'ਚ ਰੂਹ ਪੈਦਾ ਕਰਦੀਆਂ ਹਨ। -ਮਨਮੋਹਨ ਬਾਵਾ

# ਪੰਜਾਬੀ ਲੋਕਧਾਰਾ ਚਿੰਤਨ

–ਡਾ. ਦਰਿਆ

ਲੋਕਧਾਰਾ (Folklore) ਉਨੀਵੀਂ ਸਦੀ ਵਿਚ ਇਕ ਅਨੁਸ਼ਾਸਨ ਵਜੋਂ ਹੋਂਦ ਗ੍ਰਹਿਣ ਕਰਦੀ ਹੈ। 1846 ਈਸਵੀ ਵਿਚ ਜਦੋਂ ਜੌਹਨ ਵਿਲੀਅਮ ਥਾਮਸ ਨੇ ‘The Atheneaum’ ਮੈਗਜ਼ੀਨ ਨੂੰ ਲਿਖੇ ਪੱਤਰ ਵਿਚ ‘ਫੋਕਲੋਰ’ ਸ਼ਬਦ ਦੀ ਪਹਿਲੀ ਵਾਰ ਵਰਤੋਂ ਕੀਤੀ, ਤਾਂ ਉਸਨੇ ਇਸਦਾ ਸੰਕਲਪਕ ਅਰਥ ਲੋਕ–ਗਾਥਾ, ਰੀਤੀ–ਰਿਵਾਜ, ਵਿਸ਼ਵਾਸ ਅਤੇ ਅਖਾਣ ਮੁਹਾਵਰਿਆਂ ਆਦਿ ਤੋਂ ਲਿਆ ਸੀ। ਫੋਕਲੋਰ ਸ਼ਬਦ ਦੋ ਸ਼ਬਦਾਂ ਦੇ ਮੇਲ ਤੋਂ ਬਣਦਾ ਹੈ: ਫੋਕ ਤੋਂ ਭਾਵ ਹੈ ਲੋਕ ਅਤੇ ਲੋਰ ਤੋਂ ਭਾਵ ਗਿਆਨ ਜਾਂ ਵਿਦਿਆ ਤੋਂ ਲਿਆ ਜਾਂਦਾ ਹੈ। ਜੌਹਨ ਵਿਲੀਅਮ ਥਾਮਸ ਦੁਆਰਾ ਵਰਤਿਆ ਗਿਆ ‘ਫੋਕਲੋਰ’ ਸ਼ਬਦ ਬਹੁਤ ਜਲਦੀ ਪ੍ਰਚਲਿਤ ਹੋ ਗਿਆ ਅਤੇ ਹੌਲੀ ਹੌਲੀ ਇਹ ਅਨੁਸ਼ਾਸਨ ਦੇ ਤੌਰ ’ਤੇ ਵਿਕਸਿਤ ਹੋਇਆ।

ਪੰਜਾਬੀ ਭਾਸ਼ਾ ਵਿਚ ‘ਫੋਕਲੋਰ’ ਸ਼ਬਦ ਲਈ ਬਹੁਤ ਸਾਰੇ ਸ਼ਬਦਾਂ ਦਾ ਵੱਖ–ਵੱਖ ਵਿਦਵਾਨਾਂ ਦੁਆਰਾ ਪ੍ਰਯੋਗ ਕੀਤਾ ਜਾਂਦਾ ਰਿਹਾ ਹੈ। ਡਾ. ਕਰਨੈਲ ਸਿੰਘ ਥਿੰਦ ਨੇ ਇਸ ਲਈ ‘ਲੋਕਯਾਨ’ ਅਤੇ ਵਣਜਾਰਾ ਬੇਦੀ ਨੇ ‘ਲੋਕਧਾਰਾ’ ਸ਼ਬਦ ਦਾ ਇਸਤੇਮਾਲ ਕੀਤਾ। ਡਾ. ਹਰਭਜਨ ਸਿੰਘ ਨੇ ਫੋਕਲੋਰ ਲਈ ‘ਲੋਕ ਵੇਦ’ ਸ਼ਬਦ ਦਾ ਸੁਝਾਅ ਦਿੱਤਾ ਅਤੇ ਕੁਝ ਵਿਦਵਾਨਾਂ ਨੇ ਲੋਕ ਵਿਰਸਾ ਸ਼ਬਦ ਨੂੰ ਇਸ ਲਈ ਢੁਕਵਾਂ ਪਰਿਆਇ ਦੱਸਿਆ, ਪ੍ਰੰਤੂ ਇਨ੍ਹਾਂ ਸਾਰੇ ਸੰਕਲਪਕ ਸ਼ਬਦਾਂ ਵਿਚੋਂ ਵਣਜਾਰਾ ਬੇਦੀ ਦੁਆਰਾ ਵਰਤੋਂ ਵਿਚ ਲਿਆਂਦੇ ਸ਼ਬਦ ‘ਲੋਕਧਾਰਾ’ ਨੇ ਫੋਕਲੋਰ ਦੇ ਸਹੀ ਅਰਥਾਂ ਲਈ ਮਾਨਤਾ ਪ੍ਰਾਪਤ ਕਰ ਲਈ ਹੈ।

ਲੋਕਧਾਰਾ ਚਿੰਤਨ ਵਿਚ ਅਗਲਾ ਮਹੱਤਵਪੂਰਨ ਮਸਲਾ ਇਸਨੂੰ ਪਰਿਭਾਸ਼ਿਤ ਕਰਨ ਨਾਲ ਜੁੜਿਆ ਹੋਇਆ ਹੈ। ਫੋਕਲੋਰ ਨੂੰ ਪਰਿਭਾਸ਼ਿਤ ਕਰਦਿਆਂ ਵਿਦਵਾਨਾਂ ਨੇ ਆਪੋ ਆਪਣੇ ਦ੍ਰਿਸ਼ਟੀਕੋਣ ਤੋਂ ਵਿਚਾਰ ਪੇਸ਼ ਕੀਤੇ ਹਨ। ਇਹ ਵਿਦਵਾਨ ਵੱਖੋ ਵੱਖਰੇ ਗਿਆਨ ਅਨੁਸ਼ਾਸਨਾਂ ਨਾਲ ਸੰਬੰਧਿਤ ਸਨ, ਇਸ ਲਈ ਇਨ੍ਹਾਂ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਵਿਚ ਆਪਸੀ ਮਤਭੇਦ ਅਤੇ ਅੰਤਰ ਵਿਰੋਧ ਦੇਖੇ ਜਾ ਸਕਦੇ ਹਨ। ‘ਫੋਕਲੋਰ’ ਨਾਲ ਸੰਬੰਧਿਤ ਪ੍ਰਮੁੱਖ ਵਿਦਵਾਨਾਂ ਦੀਆਂ ਪਰਿਭਾਸ਼ਾਵਾਂ ਨੂੰ ਵਿਚਾਰਿਆ ਜਾ ਸਕਦਾ ਹੈ। ਇਹ ਵਿਦਵਾਨ ਫੋਕਲੋਰ ਨੂੰ ਪਰਿਭਾਸ਼ਿਤ ਕਰਦਿਆਂ ਉਸਦੀ ਵਰਗਵੰਡ ਕਰਦੇ ਹਨ।

ਐਡਵਿਨ ਸਿਡਨੇ ਹਾਰਟਲੈਂਡ (Edwin Sedney Hartland) ਲੋਕਧਾਰਾ ਨੂੰ ਐਨਥਰੋਪੌਲੋਜੀ ਦਾ ਇਕ ਹਿੱਸਾ ਮੰਨਦਾ ਹੈ। ਉਸਦੇ ਅਨੁਸਾਰ “the portion of anthropology with which folk-lore deals is the mental and spiritual side of humanity.”[1]

Y.M. Sokolov ਆਪਣੀ ਪੁਸਤਕ Russian Folklore ਵਿਚ ਲੋਕ ਸਾਹਿਤ ਨੂੰ ਆਪਣੇ ਅਧਿਐਨ ਦਾ ਮਰਕਜ਼ ਥਾਪਦਾ ਹੈ। ਉਸ ਅਨੁਸਾਰ “ਲੋਕਧਾਰਾ ਸਾਹਿਤਕ–ਕਲਾ ਦੀ ਇਕ ਸ਼ਾਖਾ ਹੈ (ਸਾਹਿਤ ਸ਼ਬਦ ਦੇ ਵਿਸ਼ਾਲ ਅਰਥਾਂ ਵਿਚ) ਅਤੇ ਲੋਕਧਾਰਾ ਸ਼ਾਸਤਰ ਸਾਹਿਤਕ ਅਧਿਐਨ ਦੀ ਇਕ ਸ਼ਾਖਾ ਹੈ।[2]

ਅਮਰੀਕੀ ਲੋਕਧਾਰਾ ਸ਼ਾਸਤਰੀ ਐਲਨ ਡੰਡੀਜ਼ 'ਫੋਕ' (Folk) ਵਿਚ ਆਮ ਲੋਕ ਦੀ ਗੱਲ ਕਰਦਾ ਹੈ। ਐਲਨ ਡੰਡੀਜ਼ ਲਿਖਦਾ ਹੈ ਕਿ 'ਫੋਕ' ਵਿਚ ਕੇਵਲ ਕਿਸਾਨੀ ਨੂੰ ਸ਼ਾਮਿਲ ਕਰਨ ਦਾ ਅਰਥ ਹੈ ਕਿ ਅਸੀਂ ਆਦਿ (ਪੁਰਾਤਨ) ਮਨੁੱਖ ਨੂੰ ਇਸ ਵਿਚੋਂ ਬਾਹਰ ਕੱਢ ਦਿੰਦੇ ਹਾਂ ਅਤੇ ਸ਼ਹਿਰੀ ਲੋਕਾਂ ਨੂੰ ਵੀ। ਇਸ ਵਿਚਾਰ ਨੂੰ ਪ੍ਰਫੁੱਲਤ ਕਰਨ ਵਾਲੇ ਰੂਸੀ ਹੀ ਨਹੀ ਅਮਰੀਕਨ ਵਿਦਵਾਨ ਵੀ ਹਨ।[3] ਐਲਨ ਡੰਡੀਜ਼ ਮੰਨਦਾ ਹੈ ਕਿ ਲੋਕਧਾਰਾ ਦੀ ਵਿਆਖਿਆ ਸਮੱਗਰੀ ਵਿਚੋਂ ਹੋਣੀ ਚਾਹੀਦੀ ਹੈ। ਆਪ ਹੁਦਰੇ ਨਿਰਣੇ ਸਮੱਗਰੀ ਉਪਰ ਨਹੀਂ ਥੋਪਣੇ ਚਾਹੀਦੇ। (Idealy, the interpretations should be read out of the data rather than being into the data! some interpretations may be more plausible and convincing than other)"[4]

ਆਰਚਰ ਟੇਲਰ ਲੋਕਧਾਰਾ ਬਾਰੇ ਲਿਖਦੇ ਹਨ ਕਿ 'ਲੋਕਧਾਰਾ ਅਜਿਹੀ ਸਮੱਗਰੀ ਹੈ ਜੋ ਪਰੰਪਰਾਗਤ ਰੂਪ ਵਿਚ ਪ੍ਰਾਪਤ ਹੁੰਦੀ ਹੈ। ਇਹ ਮੌਖਿਕ ਰੂਪ ਵਿਚ ਲੋਕ ਗੀਤਾਂ, ਲੋਕ ਕਹਾਣੀਆਂ, ਪਹੇਲੀਆਂ, ਅਖੌਤਾਂ ਤੇ ਕਈ ਹੋਰ ਰੂਪਾਂ ਵਿਚ ਸ਼ਬਦਾਂ ਦੁਆਰਾ ਸੁਰੱਖਿਅਤ ਕੀਤੀ ਜਾਂਦੀ ਹੈ। ਇਹ ਰੀਤੀ-ਰਿਵਾਜਾਂ ਜਾਂ ਕੰਮ-ਧੰਦਿਆਂ ਦੇ ਰੂਪ ਵਿਚ ਵੀ ਮਿਲਦੀ ਹੈ। ਇਸ ਵਿਚ ਪਰੰਪਰਾਗਤ ਸੰਦ, ਪਦਾਰਥਕ ਵਸਤਾਂ, ਸਵਾਸਤਿਕ ਚਿੰਨ੍ਹ (ਸ੍ਰੀ ਗਣੇਸ਼ ਆਦਿ ਦਾ ਚਿੰਨ੍ਹ) ਰੂੜ੍ਹ ਹੋ ਚੁੱਕੀਆਂ ਗੀਤਾਂ ਅਤੇ ਸੰਪ੍ਰਦਾਇਕ ਵਿਸ਼ਵਾਸ ਸ਼ਾਮਲ ਹਨ।'[5]

ਪੰਜਾਬੀ ਲੋਕਧਾਰਾ ਸੰਬੰਧੀ ਅਕਾਦਮਿਕ ਪੱਧਰ ਤੇ ਖੋਜ-ਕਾਰਜ ਡਾ. ਕਰਨੈਲ ਸਿੰਘ ਥਿੰਦ ਦੁਆਰਾ ਸ਼ੁਰੂ ਹੁੰਦਾ ਹੈ। ਡਾ. ਕਰਨੈਲ ਸਿੰਘ ਥਿੰਦ ਲੋਕਧਾਰਾ ਨੂੰ ਸੁਤੰਤਰ ਅਨੁਸ਼ਾਸਨ ਦੇ ਤੌਰ 'ਤੇ ਸਥਾਪਿਤ ਕਰਨ ਦੀ ਪੂਰੀ ਕੋਸ਼ਿਸ਼ ਕਰਦੇ ਹਨ। ਉਹਨਾਂ ਨੇ ਲੋਕਧਾਰਾ ਨੂੰ ਪੰਜਾਬੀ ਅਕਾਦਮਿਕਤਾ ਨਾਲ ਜੋੜਿਆ। ਪੰਜਾਬੀ ਸਾਹਿਤਕ ਹਲਕਿਆਂ ਵਿਚ ਡਾ. ਥਿੰਦ ਦੀ ਪੁਸਤਕ 'ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿਤ' ਰਾਹੀਂ ਲੋਕਧਾਰਾ ਸੰਬੰਧੀ ਨਵੀਂ ਚਰਚਾ ਦਾ ਆਰੰਭ ਹੁੰਦਾ ਹੈ। ਲੋਕਧਾਰਾ ਨੂੰ ਪਰਿਭਾਸ਼ਤ ਕਰਦਿਆਂ ਡਾ. ਥਿੰਦ ਲਿਖਦੇ ਹਨ ਕਿ "ਪਰੰਪਰਾਗਤ ਰੂਪ ਵਿਚ ਪ੍ਰਾਪਤ ਲੋਕ ਸੰਸਕ੍ਰਿਤੀ ਦੇ ਅੰਸ਼ਾਂ ਅਤੇ ਪ੍ਰਾਚੀਨ ਸਭਿਆਚਾਰਾਂ ਦੇ ਅਵਸ਼ੇਸ਼ਾਂ ਨਾਲ ਭਰਪੂਰ ਲੋਕ-ਸਮੂਹ ਦਾ ਉਹ ਗਿਆਨ, ਜਿਸ ਵਿਚ ਲੋਕ ਮਾਨਸ ਦੀ ਅਭਿਵਿਅਕਤੀ ਹੋਵੇ ਅਤੇ ਜਿਸ ਨੂੰ ਲੋਕ-ਸਮੂਹ ਪ੍ਰਵਾਨਗੀ ਦੇ ਕੇ ਪੀੜੀਓ-ਪੀੜੀ ਅੱਗੇ ਤੋਰੇ ਲੋਕਯਾਨ ਹੈ।"[6]

ਡਾ. ਭੁਪਿੰਦਰ ਸਿੰਘ ਖਹਿਰਾ 'ਲੋਕਯਾਨ' ਸ਼ਬਦ ਨੂੰ ਹਿੰਦੀ ਦੀ ਨਕਲ ਮੰਨਦੇ ਹਨ ਅਤੇ 'ਫੋਕਲੋਰ' ਲਈ ਪੰਜਾਬੀ ਵਿਚ 'ਲੋਕਧਾਰਾ' ਵਰਤਣ ਦੀ ਪ੍ਰੋੜਤਾ ਕਰਦੇ ਹਨ। ਡਾ. ਭੁਪਿੰਦਰ ਖਹਿਰਾ ਲਿਖਦੇ ਹਨ ਕਿ 'ਉਹ ਲੋਕ-ਸਮੂਹ ਜੋ ਸੰਗਠਿਤ ਵਰਤਾਰੇ, ਲੋਕ-ਕਲਾ, ਸਾਹਿਤ, ਧਰਮ ਵਿਸ਼ਵਾਸ ਅਤੇ ਗੀਤਾਂ ਦੀ ਵਿਲੱਖਣ ਜੁਗਤ ਵਿਚ ਸਿਰਜਣਾ ਕਰਦਾ ਹੈ ਉਹ ਹੀ 'ਫੋਕ' ਹੈ।[7]

ਡਾ. ਸਤੇਂਦਰ ਅਨੁਸਾਰ 'ਲੋਕਧਾਰਾ ਨੂੰ ਜਨਮ ਦੇਣ ਵਾਲਾ ਮੂਲ ਤੱਤ ਲੋਕਮਾਨਸ ਹੈ, ਜੋ ਆਪਣੇ ਇਤਿਹਾਸਕ ਅਤੇ ਭੂਗੋਲਿਕ ਚੌਗਿਰਦੇ ਵਿਚ ਵਿਕਸਿਤ ਹੁੰਦਾ ਰਹਿੰਦਾ ਹੈ ਅਤੇ ਕਿਤੇ ਵੀ ਆਪਣੇ ਰੂੜੀਗਤ ਤੱਤਾਂ ਤੇ ਸੀਮਾਵਾਂ ਦਾ ਤਿਆਗ ਨਹੀਂ ਕਰਦਾ।[8]

ਡਾ. ਜੋਗਿੰਦਰ ਸਿੰਘ ਕੈਰੋਂ ਲੋਕਧਾਰਾ ਨੂੰ ਪਰਿਭਾਸ਼ਤ ਕਰਦੇ ਲਿਖਦੇ ਹਨ ਕਿ 'ਲੋਕਧਾਰਾ

ਲੋਕ ਸਮੂਹ ਦੀ ਉਹ ਪਰੰਪਰਕ ਅਤੇ ਵਰਤਮਾਨ ਸਾਂਝੀ ਸਮੱਗਰੀ ਹੈ; ਜਿਹੜੀ ਮੌਖਿਕ, ਲਿਖਤ, ਵਿਹਾਰ ਅਤੇ ਕਾਰੋਬਾਰ ਰਾਹੀਂ, ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਪਹੁੰਚਦੀ ਹੈ; ਜਿਸ ਵਿਚ ਲੋਕ ਸਮੂਹ ਦੀਆਂ ਭਾਵਨਾਵਾਂ, ਲੋੜਾਂ, ਕਾਰਨਾਮੇ, ਦੁੱਖ, ਪੀੜਾਂ, ਖੁਸ਼ੀਆਂ-ਗਮੀਆਂ, ਹਾਸੇ-ਨਾਚ, ਵਹਿਮ-ਭਰਮ, ਵਿਸ਼ਵਾਸ ਅਤੇ ਵਰਤੋਂ ਦੇ ਸੰਦ ਆਦਿ ਸ਼ਾਮਿਲ ਹੁੰਦੇ ਹਨ ਜਿਸ ਵਿਚੋਂ ਕੋਈ ਸਮਾਜਿਕ ਜੀਵ ਆਪਣੇ ਸਭਿਆਚਾਰ ਦੀਆਂ ਮਨੌਤਾਂ ਤੇ ਵਰਜਣਾਵਾਂ ਸਿੱਖਦਾ ਹੋਇਆ, ਸਭਿਆਚਾਰਕ ਮੰਨਤਾਂ/ਵਿਸ਼ਵਾਸ ਸਮਾਜਕ ਸਮੂਹ ਨਾਲ ਇਕਸੁਰਤਾ ਬਿਠਾਉਂਦਾ ਹੈ; ਜਿਸ ਵਿਚ ਉਹ ਜੀਵਨ ਜਾਚ ਸਿੱਖਦਾ ਮਨੋਰੰਜਨ ਅਤੇ ਆਪਣੇ ਭਾਵਾਂ ਦਾ ਵਿਰੇਚਨ ਕਰਦਾ ਹੈ।"[9]

ਪੱਛਮੀ ਅਤੇ ਭਾਰਤੀ/ਪੰਜਾਬੀ ਵਿਦਵਾਨਾਂ ਦੁਆਰਾ ਲੋਕਧਾਰਾ ਨੂੰ ਵਿਭਿੰਨ ਪ੍ਰਸੰਗਾਂ ਅਤੇ ਦ੍ਰਿਸ਼ਟੀਆਂ ਨਾਲ ਸਮਝਣ ਅਤੇ ਪਰਿਭਾਸ਼ਤ ਕਰਨ ਦੀ ਕੋਸ਼ਿਸ਼ ਕੀਤੀ ਹੈ। ਵਧੇਰੇ ਵਿਦਵਾਨਾਂ ਨੇ ਇਸ ਨੂੰ ਪਰੰਪਰਾ ਨਾਲ ਜੁੜੇ ਹੋਏ ਇਕ ਅਜਿਹੇ ਵਰਤਾਰੇ ਵਜੋਂ ਪੇਸ਼ ਕੀਤਾ ਹੈ, ਜੋ ਮਨੁੱਖੀ ਜੀਵਨ ਦੇ ਆਰ-ਪਾਰ ਫੈਲਿਆ ਹੋਇਆ ਹੈ। ਇਨ੍ਹਾਂ ਵਿਦਵਾਨਾਂ ਨੇ ਪਰੰਪਰਾ ਨੂੰ ਕੇਂਦਰ ਵਿਚ ਰੱਖਦਿਆਂ ਮਨੁੱਖੀ ਜੀਵਨ ਨਾਲ ਜੁੜੇ ਹੋਏ ਸਭਿਆਚਾਰਕ ਵਿਹਾਰ ਦੀ ਵਿਆਖਿਆ ਕੀਤੀ ਹੈ। ਮੁੱਢਲੇ ਲੋਕਧਾਰਾ ਸ਼ਾਸਤਰੀਆਂ ਦੁਆਰਾ ਪਰੰਪਰਾ ਨੂੰ ਲੋਕਧਾਰਾ ਦਾ ਮਹੱਤਵਪੂਰਨ ਤੱਤ ਮੰਨਿਆ ਗਿਆ ਹੈ। ਜਾਰਜ ਐਮ ਫਾਸਟਰ ਕਹਿੰਦੇ ਹਨ; 'ਮੇਰੇ ਲਈ ਲੋਕਧਾਰਾ ਵਿਸ਼ੇਸ਼ ਅਰਥ ਰੱਖਦੀ ਹੈ। ਜਦੋਂ ਇਸ ਨੂੰ ਸਾਰੇ ਲੋਕਾਂ ਦੀਆਂ ਅਲਿਖਤ ਸਾਹਿਤਕ ਕਿਰਤਾਂ ਵਾਸਤੇ ਵਰਤਿਆ ਜਾਂਦਾ ਹੈ, ਭਾਵੇਂ ਇਹ ਮਿਥਾਂ, ਦੰਦ ਕਥਾਵਾਂ ਜਾਂ ਹੋਰ ਟੋਟਕੇ ਹੋਣ, ਮੈਂ ਤਾਂ ਇਸ ਵਿਚ ਬੁਝਾਰਤਾਂ, ਅਖਾਣ, ਲੋਕਗੀਤ, ਇਥੋਂ ਤਕ ਕਿ ਲੋਕ ਵਿਸ਼ਵਾਸ, ਹਰ ਕਿਸਮ ਦੇ ਵਹਿਮ ਭਰਮ, ਭਾਵੇਂ ਉਹ ਕਿਵੇਂ ਵੀ ਪੇਸ਼ ਕੀਤੇ ਗਏ ਹੋਣ, ਸਭ ਲੋਕਧਾਰਾ ਹੀ ਹੈ। ਜਿਉਂ ਜਿਉਂ ਇੰਡਸਟਰੀ ਅਤੇ ਟੈਕਨਾਲੋਜੀ ਵਧਦੀ ਜਾਵੇਗੀ ਅਤੇ ਲੋਕ ਸਭਿਅਕ ਹੁੰਦੇ ਜਾਣਗੇ, ਲੋਕਧਾਰਾ ਅਲੋਪ ਹੁੰਦੀ ਜਾਵੇਗੀ, ਇੰਜ ਲੋਕ ਸਭਿਆਚਾਰ ਦੀ ਹੋਂਦ ਅਮਰੀਕਾ, ਕਨੇਡਾ, ਇੰਗਲੈਂਡ ਅਤੇ ਜਰਮਨੀ ਵਰਗੇ ਦੇਸ਼ਾਂ ਵਿਚ ਖ਼ਤਮ ਹੋ ਜਾਵੇਗੀ।'[10] ਪ੍ਰੰਤੂ ਅਜੋਕੇ ਸਮੇਂ ਵਿਗਿਆਨਕ ਵਿਕਾਸ ਦੌਰਾਨ ਪਰੰਪਰਾ ਨਿਰੋਲ ਰੂੜੀਗਤ ਜਾਂ ਪੁਰਾਤਨ ਵਰਤਾਰਾ ਨਹੀਂ ਬਲਕਿ ਅਤੀਤ ਅਤੇ ਵਰਤਮਾਨ ਨਾਲ ਸੰਬਾਦੀ ਰਿਸ਼ਤੇ ਵਿੱਚ ਬੱਝਿਆ ਹੋਇਆ ਵਰਤਾਰਾ ਮੰਨਿਆ ਜਾਂਦਾ ਹੈ। ਲੋਕਧਾਰਾ ਵਿਚ ਜਦੋਂ ਅਸੀਂ ਆਧੁਨਿਕਤਾ ਦੀ ਗੱਲ ਕਰਦੇ ਤਾਂ ਉਸ ਆਧੁਨਿਕਤਾ ਦੀਆਂ ਜੜ੍ਹਾਂ ਵੀ ਪਰੰਪਰਾ ਅਤੇ ਆਧੁਨਿਕਤਾ ਦੇ ਸੰਬਾਦੀ ਰਿਸ਼ਤੇ ਵਿਚ ਨਿਹਿਤ ਹਨ। ਲੋਕਧਾਰਾਈ ਸਿਰਜਨਾਵਾਂ ਨੂੰ ਵਿਕਸਿਤ ਜਾਂ ਅਵਿਕਸਿਤ ਸਮਾਜਾਂ ਨਾਲ ਜੋੜ ਕੇ ਨਹੀਂ ਦੇਖਿਆ ਜਾ ਸਕਦਾ ਕਿਉਂਕਿ ਲੋਕਧਾਰਾ ਸਮੂਹਿਕ ਅਵਚੇਤਨ ਵਿਚੋਂ ਜਨਮ ਲੈਂਦੀ ਹੈ ਅਤੇ ਸਮੂਹਿਕ ਅਵਚੇਤਨ ਲੋਕਮਨ ਦਾ ਮੂਲ ਆਧਾਰ ਬਣਦਾ ਹੈ। ਆਧੁਨਿਕ ਸਮੇਂ ਵੀ ਮਨੁੱਖੀ ਮਨ ਪਹਿਲਾਂ ਜਿੰਨੀ ਤੀਬਰਤਾ ਨਾਲ ਹੀ ਸਿਰਜਨਾਵਾਂ ਕਰਨ ਦੇ ਸਮਰੱਥ ਹੈ। ਲੋਕਧਾਰਾ ਹਰੇਕ ਪੜਾਅ ਉਪਰ ਸਿਰਜੀ ਜਾਂਦੀ ਰਹੀ ਹੈ ਅਤੇ ਅੱਜ ਵੀ ਸਿਰਜੀ ਜਾ ਰਹੀ ਹੈ। ਵਿਗਿਆਨਕ ਵਿਕਾਸ ਅਤੇ ਤਕਨੀਕ ਦੇ ਪ੍ਰਚਲਨ ਹੋਣ ਨਾਲ ਲੋਕਧਾਰਾਈ ਸਿਰਜਨਾਵਾਂ ਨੇ ਰੂਪ ਬਦਲਿਆ ਹੈ ਨਾ ਕਿ ਕਿਸੇ ਕਿਸਮ ਦੀ ਖੜੋਤ ਪੈਦਾ ਹੋਈ ਹੈ। ਇਸ ਲਈ ਲੋਕਧਾਰਾ ਅਜਿਹਾ ਜੀਵੰਤ ਵਰਤਾਰਾ ਹੈ, ਜੋ ਵੱਖ-ਵੱਖ ਰੂਪਾਂ ਅਤੇ ਢੰਗਾਂ ਰਾਹੀਂ ਮਨੁੱਖੀ ਜੀਵਨ ਦੇ ਮਨੋਭਾਵਾਂ ਅਤੇ ਲੋੜਾਂ ਦੇ ਅਨੁਕੂਲ ਰੂਪ ਅਖ਼ਤਿਆਰ ਕਰਦਾ ਹੈ। ਇਸ ਲਈ ਲੋਕਧਾਰਾ ਨੂੰ ਪਰਿਭਾਸ਼ਤ

ਕਰਨ ਲਈ ਆਧੁਨਿਕ ਪਰਿਪੇਖ ਵਿੱਚ ਵੀ ਵਿਚਾਰਨ ਦੀ ਜ਼ਰੂਰਤ ਹੈ।

ਪੰਜਾਬੀ ਲੋਕਧਾਰਾ ਸੰਬੰਧੀ ਹੁਣ ਤੱਕ ਪ੍ਰਾਪਤ ਅਧਿਐਨਾਂ ਉਪਰ ਜੇਕਰ ਝਾਤ ਮਾਰੀ ਜਾਵੇ ਤਾਂ ਇਸ ਸੰਬੰਧੀ ਮੁੱਢਲਾ ਖੋਜ-ਕਾਰਜ ਅੰਗਰੇਜ਼ ਵਿਦਵਾਨਾਂ ਦੁਆਰਾ ਕੀਤਾ ਗਿਆ। ਪੰਜਾਬੀ ਲੋਕਧਾਰਾ ਦੇ ਅਧਿਐਨ ਕਾਰਜ ਵਿਚ ਪੱਛਮੀ ਵਿਦਵਾਨਾਂ ਵਿਚੋਂ ਆਰ.ਸੀ ਟੈਂਪਲ ਦਾ ਕਾਰਜ ਬਹੁਤ ਹੀ ਮਹੱਤਵਪੂਰਨ ਮੰਨਿਆ ਜਾਂਦਾ ਹੈ। ਉਸਨੇ ਪੰਜਾਬੀ ਦੰਤ ਕਥਾਵਾਂ ਅਧੀਨ ਸਵਾਂਗ, ਕਿੱਸੇ ਅਤੇ ਬਹੁਤ ਸਾਰੇ ਲੋਕ ਗੀਤ ਇਕੱਤਰ ਕੀਤੇ। ਇਹ ਸਾਰਾ ਖੋਜ-ਕਾਰਜ ਇਤਿਹਾਸਕ ਦ੍ਰਿਸ਼ਟੀ ਪੱਖੋਂ ਬਹੁਤ ਹੀ ਮਹੱਤਵਪੂਰਨ ਹੈ। ਇਸ ਖੋਜ-ਕਾਰਜ ਨੇ ਪੰਜਾਬੀ ਵਿਦਵਾਨਾਂ ਵਿਚ ਵੀ ਪੰਜਾਬੀ ਲੋਕਧਾਰਾ ਦੀ ਸਮੱਗਰੀ ਨੂੰ ਇਕੱਤਰ ਕਰਨ ਅਤੇ ਵਾਚਣ ਦੀ ਪ੍ਰਬਲ ਭਾਵਨਾ ਨੇ ਜਨਮ ਲਿਆ।

ਭਾਰਤ ਵਿਚ ਸਰ ਵਿਲੀਅਮ ਜੋਨਜ ਨੇ ਏਸ਼ੀਆਟਿਕ ਸੋਸਾਇਟੀ ਆਫ਼ ਬੰਗਾਲ ਦੀ ਸਥਾਪਨਾ ਕੀਤੀ। ਜਿਸਦੇ ਅੰਤਰਗਤ ਬਹੁਤ ਸਾਰੇ ਪੱਛਮੀ ਅਤੇ ਭਾਰਤੀ ਵਿਦਵਾਨਾਂ ਨੇ ਲੋਕਧਾਰਾ ਦੇ ਖੇਤਰ ਨਾਲ ਸੰਬੰਧਿਤ ਆਪਣੇ-ਆਪਣੇ ਖੋਜ-ਕਾਰਜਾਂ ਨਾਲ ਸੰਬੰਧਿਤ ਲੇਖ ਪ੍ਰਕਾਸ਼ਿਤ ਕਰਵਾਏ।

ਮਾਰਟਨ ਨੇ ਬੰਗਾਲੀ ਮੁਹਾਵਰਿਆਂ, ਜੇ.ਐਫ਼.ਮੈਜ਼ ਨੇ ਨੀਲਗਿਰੀ ਪਹਾੜੀਆਂ ਦੇ ਕਬੀਲਿਆਂ ਦੀ ਲੋਕਧਾਰਾਈ ਸਮੱਗਰੀ ਅਤੇ ਟੀ.ਸਟੀਲ ਨੇ ਬੋਧੀ ਦੰਤ ਕਥਾਵਾਂ ਨੂੰ ਇਕੱਤਰ ਕਰਕੇ ਪ੍ਰਕਾਸ਼ਿਤ ਕਰਵਾਇਆ।

ਚਾਰਲਸ ਸਵਿਨਰਟਨ ਨੇ ਰਾਜਾ ਰਸਾਲੂ ਅਤੇ ਰੁਮਾਂਸ ਨਾਲ ਸੰਬੰਧਿਤ ਲੋਕ ਕਹਾਣੀਆਂ/ਕਥਾਵਾਂ ਦਾ ਇਕੱਤਰੀਕਰਨ ਵੀ ਕੀਤਾ ਅਤੇ ਇਹਨਾਂ ਦੇ ਪ੍ਰਕਾਸ਼ਨ ਦਾ ਕਾਰਜ ਵੀ ਕੀਤਾ। ਜੇ.ਈ ਕ੍ਰਿਟਿਕ ਨੇ ਪੰਜਾਬੀ ਬੁਝਾਰਤਾਂ, ਫਲੋਰਾ ਐਨੀ ਸਟੀਲ ਨੇ ਪੰਜਾਬ ਦੀਆਂ ਲੋਕ ਕਹਾਣੀਆਂ ਬੇਕਰ ਰੋਬਰਟ ਨੇ ਅਖਾਣ ਅਤੇ ਮੁਹਾਵਰੇ ਅਤੇ ਫੈਡਰਿਕ ਚਾਰਲਸ ਨੇ ਲੋਕ ਗੀਤਾਂ ਅਤੇ ਅਖਾਣਾਂ ਦਾ ਖੋਜ-ਕਾਰਜ ਕੀਤਾ।

ਪੱਛਮੀ ਲੋਕਧਾਰਾ ਸ਼ਾਸਤਰੀਆਂ ਵੱਲੋਂ ਕੀਤਾ ਗਿਆ ਪੰਜਾਬੀ ਲੋਕਧਾਰਾ ਦਾ ਇਕੱਤਰੀਕਰਨ ਪੰਜਾਬੀ ਲੋਕਧਾਰਾ ਦੇ ਗਿਆਨ-ਸੰਜਮ ਨੂੰ ਸਥਾਪਿਤ ਕਰਨ ਦੀ ਸ਼ੁਰੂਆਤ ਰਿਹਾ। ਇਹਨਾਂ ਦੁਆਰਾ ਕੀਤੇ ਗਏ ਖੋਜ-ਕਾਰਜਾਂ ਨੇ ਅਜੋਕੇ ਪੰਜਾਬੀ ਲੋਕਧਾਰਾ ਗਿਆਨ ਸੰਜਮ ਨੂੰ ਸਥਾਪਿਤ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਅੰਗਰੇਜ਼ ਵਿਦਵਾਨਾਂ ਦੁਆਰਾ ਪੰਜਾਬੀ ਲੋਕਧਾਰਾ ਦੇ ਇਕੱਤਰੀਕਰਨ ਸੰਬੰਧੀ ਕੀਤਾ ਖੋਜ-ਕਾਰਜ ਪੰਜਾਬੀ ਲੋਕ ਮਾਨਸਿਕਤਾ ਨੂੰ ਸਮਝਣ ਦੇ ਏਜੰਡੇ ਵਜੋਂ ਕੀਤਾ ਗਿਆ ਪ੍ਰਤੀਤ ਹੁੰਦਾ ਹੈ। ਇਬਟਸਨ ਨੇ ਗਲੌਸਰੀ ਆਫ ਕਾਸਟ ਐਂਡ ਟਰਾਈਬ ਰਾਹੀਂ ਇਸ ਖਿੱਤੇ ਦੇ ਲੋਕਾਂ ਦੇ ਲੋਕ-ਜੀਵਨ, ਗੀਤਾਂ-ਰਸਮਾਂ, ਵਿਸ਼ਵਾਸਾਂ, ਪੂਜਾ-ਵਿਧੀਆਂ, ਜਾਤੀਗਤ ਅਤੇ ਨਸਲੀ ਵੇਰਵਿਆਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। ਇਹ ਕਾਰਜ ਅੰਗਰੇਜ਼ ਅਫਸਰਾਂ ਦੁਆਰਾ ਕੀਤੇ ਗਏ ਹਨ, ਜੋ ਸੱਤਾ ਧਿਰ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਕੀਤੇ ਗਏ ਕਾਰਜ ਪ੍ਰਤੀਤ ਹੁੰਦੇ ਹਨ ਪ੍ਰੰਤੂ ਪੰਜਾਬੀ ਲੋਕਧਾਰਾ ਚਿੰਤਨ ਲਈ ਇਹ ਇਕ ਸ਼ੁਰੂਆਤ ਅਤੇ ਮੂਲ ਆਧਾਰ ਬਣ ਜਾਂਦੇ ਹਨ।

ਪੱਛਮੀ ਵਿਦਵਾਨਾਂ ਦੁਆਰਾ ਕੀਤੇ ਉਪਰੋਕਤ ਕਾਰਜ ਤੋਂ ਪ੍ਰਭਾਵਿਤ ਹੋ ਕੇ ਪੰਜਾਬੀ

ਵਿਦਵਾਨਾਂ ਨੇ ਵੀ ਲੋਕਧਾਰਾ ਨੂੰ ਇਕ ਅਨੁਸ਼ਾਸਨ ਵਜੋਂ ਸਵੀਕਾਰ ਕੀਤਾ ਅਤੇ ਇਸਦੀ ਲੋਕਧਾਰਾਈ ਸਮੱਗਰੀ ਨੂੰ ਇਕੱਤਰ ਕਰਨ ਅਤੇ ਸਮਝਣ ਦੇ ਯਤਨ ਆਰੰਭ ਕੀਤੇ।

ਬਾਵਾ ਬੁੱਧ ਸਿੰਘ ਪੰਜਾਬੀ ਲੋਕਧਾਰਾ ਦੇ ਮੁੱਢਲੇ ਵਿਦਵਾਨਾਂ ਵਿਚੋਂ ਇਕ ਹੈ। ਉਸਨੇ ਰਾਜਾ ਰਸਾਲੂ ਬਾਬਤ ਕਥਾ ਕਹਾਣੀਆਂ ਅਤੇ ਗੀਤਾਂ ਨੂੰ ਸੰਗ੍ਰਹਿਤ ਕੀਤਾ। ਇਹ ਖੋਜ ਉਸਦੀ ਇਤਿਹਾਸਕ ਖੋਜ ਸੀ। ਪੰਜਾਬ ਦੇ ਇਸ ਲੋਕ ਨਾਇਕ ਨੂੰ ਉਸਨੇ ਇਤਿਹਾਸਕ ਅਤੇ ਪੁਰਾਣਿਕ ਵਾਰਾਂ ਦੇ ਹਵਾਲਿਆਂ ਨਾਲ ਜਾਣਨ ਦਾ ਯਤਨ ਕੀਤਾ ਅਤੇ ਇੱਛਰਾਂ ਨਾਲ ਵਿਆਹ ਦੀ ਗਾਥਾ ਬਾਰੇ ਵੀ ਚਾਨਣਾ ਪਾਇਆ। ਬਾਵਾ ਬੁੱਧ ਸਿੰਘ ਦੇ ਇਸ ਖੋਜ-ਕਾਰਜ ਤੋਂ ਇਕ ਗੱਲ ਤਾਂ ਇਹ ਸਪੱਸ਼ਟ ਹੋ ਜਾਂਦੀ ਹੈ ਕਿ ਲੋਕ ਨਾਇਕ ਦੇ ਸੰਕਲਪ ਪਿੱਛੇ ਇਤਿਹਾਸਕਤਾ ਕਾਰਜਸ਼ੀਲ ਰਹਿੰਦੀ ਹੈ, ਕਾਲਪਨਿਕ ਅੰਸ਼ ਸਮਾਂ ਪੈਣ 'ਤੇ ਸ਼ਾਮਿਲ ਹੁੰਦੇ ਹਨ। ਬਾਵਾ ਬੁੱਧ ਸਿੰਘ ਦਾ ਇਹ ਖੋਜ ਕਾਰਜ ਪੰਜਾਬੀ ਲੋਕਧਾਰਾ ਸ਼ਾਸਤਰੀਆਂ ਨੂੰ ਇਤਿਹਾਸਕ ਪਰੰਪਰਾ ਦਾ ਬੋਧ ਕਰਵਾਉਂਦਾ ਹੈ।

ਦਵਿੰਦਰ ਸਤਿਆਰਥੀ ਦੇ ਲੋਕ ਗੀਤਾਂ ਪ੍ਰਤੀ ਅਥਾਹ ਪ੍ਰੇਮ ਨੇ ਪੰਜਾਬੀ ਦੇ ਲੋਕ ਸਾਹਿਤ ਨੂੰ ਪ੍ਰਫੁੱਲਤ ਕੀਤਾ। ਉਸਨੇ ਗਿੱਧੇ ਦੇ ਲੋਕਗੀਤਾਂ ਦੇ ਇਕੱਤਰੀਕਰਨ ਦਾ ਕਾਰਜ ਕੀਤਾ। ਉਸਨੇ ਗਿੱਧੇ ਦੇ ਗੀਤਾਂ ਦਾ ਸਿਰਫ਼ ਇਕੱਤਰੀਕਰਨ ਹੀ ਨਹੀਂ ਕੀਤਾ ਬਲਕਿ ਵਿਭਿੰਨ ਕਬੀਲਿਆਂ ਦੀ ਨਾਚ ਪਰੰਪਰਾਵਾਂ ਅਤੇ ਇਤਿਹਾਸਕਤਾ ਬਾਰੇ ਵੀ ਦੱਸਿਆ। ਉਸਨੇ ਗਿੱਧੇ ਦੀਆਂ ਬੋਲੀਆਂ ਨੂੰ ਵਰਗੀਕ੍ਰਿਤ ਕਰਕੇ ਗਿੱਧੇ ਨੂੰ ਧਰਮ ਨਿਰਪੇਖ ਕਿਹਾ ਕਿਉਂਕਿ ਉਸ ਦੁਆਰਾ ਕੀਤੀ ਖੋਜ ਅਨੁਸਾਰ ਮੰਗਲਾਚਰਨ ਵਿਚ ਗੁਰੂਆਂ ਪੀਰਾਂ ਨੂੰ ਧਿਆਇਆ ਜਾਂਦਾ ਹੈ। ਲੋਕਗੀਤਾਂ ਦੇ ਇਕੱਤਰੀਕਰਨ ਦੀ ਤਕਨੀਕ ਬੜੀ ਸਿਰਜਣਾਤਮਕ ਅਤੇ ਮੌਲਿਕ ਹੈ। ਉਸਨੇ ਲੋਕਗੀਤਾਂ ਨੂੰ ਆਪਣੀ ਜ਼ਿੰਦਗੀ ਦੇ ਫ਼ਲਸਫ਼ੇ ਅਤੇ ਰਿਸ਼ਤਿਆਂ ਨਾਲ ਜੋੜ ਕੇ ਪੇਸ਼ ਕੀਤਾ ਹੈ। ਉਸਨੇ ਆਪਣੇ ਪਿੰਡ ਦੇ ਬੋਹੜ ਨੂੰ ਪਾਤਰ ਬਣਾ ਕੇ ਛੋਟੇ ਬੱਚਿਆਂ ਵੱਲੋਂ ਗਾਏ ਜਾਂਦੇ 'ਬਾਲ ਗੀਤਾਂ' ਬਾਰੇ ਖੋਜ-ਕਾਰਜ ਕੀਤਾ ਹੈ। ਦਵਿੰਦਰ ਸਤਿਆਰਥੀ ਦਾ ਖੋਜ ਕਾਰਜ ਪੰਜਾਬੀ ਲੋਕਧਾਰਾ ਦੇ ਇਤਿਹਾਸ ਵਿਚ ਇਕ ਉਪਯੋਗੀ ਕਾਰਜ ਹੈ ਜੋ ਲੋਕਗੀਤਾਂ ਦੇ ਵਿਭਿੰਨ ਭਾਵਾਂ ਦਾ ਸੁਹਜਾਤਮਕ ਪ੍ਰਗਟਾ ਹੈ।

ਹਰਜੀਤ ਸਿੰਘ ਨੇ ਦਵਿੰਦਰ ਸਤਿਆਰਥੀ ਦੇ ਖੋਜ ਕਾਰਜ ਤੋਂ ਪ੍ਰਭਾਵਿਤ ਹੋ ਕੇ ਬਾਰ ਦੇ ਇਲਾਕੇ ਦੇ ਜਾਂਗਲੀ ਲੋਕਾਂ ਦੇ ਗੀਤਾਂ ਦਾ ਇਕੱਤਰੀਕਰਨ ਕੀਤਾ ਹੈ। ਉਸਨੇ ਜਾਂਗਲੀ ਲੋਕਾਂ ਦੇ ਖਾਣ-ਪੀਣ, ਰਹਿਣ ਸਹਿਣ, ਰਸਮੋ-ਰਿਵਾਜ, ਸ਼ੌਂਕ, ਪਹਿਰਾਵਾ, ਲੋਕ ਨਾਚ ਅਤੇ ਲੋਕਧਾਰਾ ਦੀ ਸਮੱਗਰੀ ਦਾ ਵਿਸਤ੍ਰਿਤ ਵਰਣਨ ਵੀ ਦਿੱਤਾ ਹੈ। ਜਿਸ ਨਾਲ ਬਾਰ ਦੇ ਇਲਾਕੇ ਦੇ ਜਾਂਗਲੀ ਲੋਕਾਂ ਦੇ ਜੀਵਨ ਵਿਹਾਰ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ। ਉਸਨੇ ਇਕੱਤਰੀਕਰਨ ਪੂਰੀ ਵਿਗਿਆਨਕ ਵਿਧੀ ਨਾਲ ਕੀਤਾ। ਉਸਦਾ ਇਹ ਖੋਜ ਕਾਰਜ ਦਿਲਚਸਪ ਹੋਣ ਦੇ ਨਾਲ ਹੀ ਇਤਿਹਾਸਕ ਜਾਣਕਾਰੀ ਵੀ ਦਿੰਦਾ ਹੈ। ਕਿਉਂਕਿ ਉਸ ਨੇ "ਇਸ ਵਿਚ ਜਿਥੇ ਅੰਗ੍ਰੇਜ਼ਾਂ ਵਲੋਂ ਬਾਰ ਦੇ ਇਲਾਕੇ ਵਿਚ ਨਹਿਰਾਂ ਕੱਢਣ ਅਤੇ ਲੋਕਾਂ ਨੂੰ ਇਸ ਜਾਂਗਲੀਆਂ ਦੇ ਇਲਾਕੇ ਵਿਚ ਵਸਾਉਣ ਦੀ ਮਜ਼ਬੂਰੀ ਦਾ ਜ਼ਿਕਰ ਕੀਤਾ ਹੈ ਉਥੇ ਆਪ ਜਾਂਗਲੀ ਲੋਕਾਂ ਵਿਚ ਵਿਚਰ ਕੇ ਉਨ੍ਹਾਂ ਦੀ ਬੋਲੀ ਸਿਖ ਕੇ ਉਨ੍ਹਾਂ ਵਿਚ ਰਚਮਿਚ ਕੇ ਇਕੱਤਰ ਕੀਤੇ ਗਏ ਢੋਲੇ ਦੇ ਗੀਤਾਂ ਦਾ ਵਰਣਨ ਵੀ ਕੀਤਾ ਹੈ।"[11] ਹਰਜੀਤ ਸਿੰਘ ਦੇ ਖੋਜ-ਕਾਰਜ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਉਸਨੇ ਵਿਭਿੰਨ ਗੀਤਾਂ ਦੀਆਂ ਵੰਨਗੀਆਂ ਨਾਲ ਜਾਣ-ਪਛਾਣ ਵੀ ਕਰਵਾਈ ਹੈ।

ਅੰਮ੍ਰਿਤਾ ਪ੍ਰੀਤਮ ਪੰਜਾਬੀ ਲੋਕ ਸਾਹਿਤ ਵਿਚੋਂ ਗੀਤਾਂ 'ਤੇ ਕੰਮ ਕਰਨ ਵਾਲੀ ਪਹਿਲੀ ਪੀੜ੍ਹੀ ਦੀ ਪਹਿਲੀ ਇਸਤਰੀ ਹੈ। ਉਸਨੇ ਲੋਕਗੀਤਾਂ ਦੀ ਰੂਹ ਨੂੰ ਅਨੁਭਵ ਕੀਤਾ। ਲੋਕ ਗੀਤਾਂ ਦਾ ਕੇਂਦਰੀ ਧੁਰਾ ਉਸਨੇ ਔਰਤ ਨੂੰ ਦੱਸਿਆ ਅਤੇ ਔਰਤ ਨੂੰ ਉਸਨੇ ਇਹਨਾਂ ਗੀਤਾਂ ਦਾ ਸਿਰਜਕ ਕਿਹਾ। ਇਸ ਖੋਜ-ਕਾਰਜ ਦੀ ਵਿਸ਼ੇਸ਼ਤਾ ਇਹ ਰਹੀ ਕਿ ਉਸਨੇ ਇਹਨਾਂ ਨੂੰ ਸਿਰਫ਼ ਰੇਡਿਓ ਤੋਂ ਪ੍ਰਸਾਰਤ ਹੀ ਨਹੀਂ ਕਰਵਾਇਆ ਬਲਕਿ ਲੋਕ ਮਨਾਂ ਤੱਕ ਪੁਨਰ ਸੁਰਜੀਤ ਕਰਵਾਉਣ ਦਾ ਕਾਰਜ ਕੀਤਾ। ਉਸਨੇ ਲੋਕ ਗੀਤਾਂ ਬਾਰੇ ਟਿੱਪਣੀ ਕੀਤੀ ਕਿ ਲੋਕ ਗੀਤ ਲੋਕਾਂ ਦੀ ਆਪਣੀ ਆਵਾਜ਼ ਹੁੰਦੇ ਹਨ। ਅੰਮ੍ਰਿਤਾ ਪ੍ਰੀਤਮ ਦੇ ਗੀਤ ਸੰਗ੍ਰਿਹਾਂ ਵਿਚਲੇ ਗੀਤ ਸਾਂਝੇ ਪੰਜਾਬ ਦੇ ਗੀਤ ਹਨ। ਇਨ੍ਹਾਂ ਵਿਚ ਕਾਂਗੜੇ, ਸ਼ਿਮਲੇ ਅਤੇ ਹਰਿਆਣੇ ਦੇ ਲੋਕਗੀਤ ਸ਼ਾਮਿਲ ਹਨ। ਇਹਨਾਂ ਦਾ ਵਰਗੀਕਰਨ ਉਸਨੇ ਪਾਤਰਾਂ ਤੇ ਰਿਸ਼ਤਿਆਂ ਨੂੰ ਆਧਾਰ ਬਣਾ ਕੇ ਕੀਤਾ। ਲੋਕਗੀਤਾਂ ਨੂੰ ਇਕੱਤਰ ਕਰਨ ਦੇ ਮੁਸ਼ਕਿਲ ਕਾਰਜ ਨੂੰ ਨੇਪਰੇ ਚੜ੍ਹਾਉਣ ਬਾਰੇ ਉਹ ਲਿਖਦੀ ਹੈ ਕਿ ਇਕ ਮਰਦ ਲੇਖਕ, ਚਾਹੇ ਉਹ ਸਫ਼ਰੀ ਲੇਖਕ ਵੀ ਕਿਉਂ ਨਾ ਹੋਵੇ, ਇਸਤ੍ਰੀਆਂ ਕੋਲੋਂ ਗੀਤ ਇਕੱਠੇ ਨਹੀਂ ਕਰ ਸਕਦਾ। ਮੇਰੇ ਤਜ਼ਰਬੇ ਵਿਚ ਆਇਆ ਹੈ ਕਿ ਇਕ ਇਸਤਰੀ ਕੋਲੋਂ ਇਕ ਇਸਤਰੀ ਹੀ ਗੀਤ ਲੈ ਸਕਦੀ ਹੈ, ਤੇ ਉਹ ਵੀ ਬੜੀ ਸਬਰ ਭਰੀ ਮਿਹਨਤ ਨਾਲ।"[12]

ਸ਼ੇਰ ਸਿੰਘ ਸ਼ੇਰ ਨੇ ਬਾਰ ਦੇ ਢੋਲਿਆਂ ਦੇ ਗੀਤਾਂ ਦਾ ਇਕੱਤਰੀਕਰਨ ਕੀਤਾ। ਇਹ ਖੋਜ ਕਾਰਜ ਵੀ ਇਤਿਹਾਸਕ ਮਹੱਤਤਾ ਦਾ ਧਾਰਨੀ ਹੈ। ਪੰਜਾਬੀ ਲੋਕਗੀਤ 'ਢੋਲਾ' ਢੋਲ ਬਾਦਸ਼ਾਹ ਅਤੇ ਮਾਰਵਾਣੀ ਦੀ ਪ੍ਰੇਮ ਕਹਾਣੀ ਚੋਂ ਨਿਕਲਿਆ। ਹੌਲੀ-ਹੌਲੀ ਸਮਾਂ ਪੈਣ 'ਤੇ ਇਸ ਵਿਚ ਰੱਬੀ ਪ੍ਰੇਮ, ਸੂਫ਼ੀਆਨਾ ਰੰਗ, ਬੀਰ ਤੇ ਹਾਸ ਰੰਗ ਸ਼ਾਮਿਲ ਹੋ ਗਏ। ਇਹਨਾਂ ਢੋਲਿਆਂ ਵਿਚ ਪੰਜਾਬੀ ਦੇ ਐਸੇ ਅਨੇਕਾਂ ਸ਼ਬਦ ਮਿਲਦੇ ਹਨ ਜਿਹੜੇ ਕਿ ਸਿਰਫ਼ ਢੋਲਿਆਂ ਦੀ ਧਰਤੀ 'ਤੇ ਹੀ ਸਮਝੇ ਜਾਂਦੇ ਹਨ। ਇਹਨਾਂ ਸ਼ਬਦਾਂ ਦੇ ਅਰਥਾਂ ਨੂੰ ਇਸ ਖੋਜ-ਕਾਰਜ ਵਿਚ ਉਲੀਕਿਆ ਗਿਆ। ਜਿਸ ਨਾਲ ਪੰਜਾਬੀ ਲੋਕ ਸਾਹਿਤ ਜਗਤ ਵਿਚ ਅਰਥਾਵਾਲੀ ਪੱਖੋਂ ਹੋਰ ਵੀ ਵਾਧਾ ਹੋਇਆ ਹੈ।

ਡਾ. ਮਹਿੰਦਰ ਸਿੰਘ ਰੰਧਾਵਾ ਨੇ ਕਾਂਗੜਾ, ਕੁਲੂ ਤੇ ਹਰਿਆਣਾ ਦੇ ਲੋਕ ਗੀਤਾਂ ਦੇ ਸੰਗ੍ਰਿਹਾਂ ਨੂੰ ਪ੍ਰਕਾਸ਼ਿਤ ਕਰਵਾਇਆ। ਇਹਨਾਂ ਲੋਕ ਗੀਤਾਂ ਰਾਹੀਂ ਉਸਨੇ, ਉਸ ਖ਼ਾਸ ਇਲਾਕੇ ਦੀ ਭੂਗੋਲਿਕਤਾ, ਲੋਕ ਜੀਵਨ, ਪਹਿਰਾਵਾ, ਖ਼ੁਰਾਕ, ਗਹਿਣੇ, ਲੋਕ ਨਾਚ, ਲੋਕ ਮਨ ਦੇ ਵਿਭਿੰਨ ਵਲਵਲੇ, ਧਾਰਮਿਕ ਭਾਵਨਾਵਾਂ ਆਦਿ ਬਾਰੇ ਵਿਸਤ੍ਰਿਤ ਜਾਣਕਾਰੀ ਦਿੱਤੀ ਹੈ। ਡਾ. ਮਹਿੰਦਰ ਸਿੰਘ ਰੰਧਾਵਾ ਨੇ ਪੰਜਾਬੀ ਲੋਕ ਸਾਹਿਤ ਲਈ ਬਹੁਮੁੱਲਾ ਖੋਜ ਕਾਰਜ ਕੀਤਾ ਹੈ। ਇਸ ਖੋਜ ਕਾਰਜ ਤੋਂ ਅਧਿਐਨ ਅਧੀਨ ਲਿਆਂਦੇ ਗਏ ਇਲਾਕਿਆਂ ਦੀ ਸਭਿਆਚਾਰਕ ਪੜਚੋਲ ਹੋ ਜਾਂਦੀ ਹੈ। ਡਾ. ਮਹਿੰਦਰ ਸਿੰਘ ਰੰਧਾਵਾ ਅਤੇ ਦਵਿੰਦਰ ਸਤਿਆਰਥੀ ਨੇ 'ਪੰਜਾਬੀ ਲੋਕਗੀਤ' ਨਾਂ ਦੀ ਪੁਸਤਕ ਤਿਆਰ ਕੀਤੀ। ਇਸ ਵਿਚ ਦਵਿੰਦਰ ਸਤਿਆਰਥੀ ਨੇ 'ਫੋਕਲੋਰ' ਨੂੰ 'ਲੋਕ-ਵਾਰਤਾ' ਦੀ ਸੰਗਿਆ ਦਿੱਤੀ। ਉਸਨੇ ਕਿਹਾ ਕਿ 'ਲੋਕ-ਵਾਰਤਾ' ਦੀ ਮੌਖਿਕ ਪਰੰਪਰਾ ਰਾਹੀਂ ਕਿਸੇ ਵੀ ਜਾਤੀ ਦੇ ਚੇਤਨ, ਅਚੇਤਨ ਅਤੇ ਅਵਚੇਤਨ ਸੰਸਕਾਰਾਂ ਦਾ ਪ੍ਰਗਟਾ ਹੁੰਦਾ ਰਹਿੰਦਾ ਹੈ। ਮਹਿੰਦਰ ਸਿੰਘ ਰੰਧਾਵਾ ਵਲੋਂ ਕੀਤਾ ਗਿਆ ਖੋਜ-ਕਾਰਜ "ਪੰਜਾਬੀ ਲੋਕਧਾਰਾ ਦੇ ਪਿਛੋਕੜ ਵਿਚ ਕਿਰਿਆਸ਼ੀਲ ਪ੍ਰਤਿਕਰਮਾਂ ਅਤੇ ਲੋਕਧਾਰਾ ਦੇ ਅਧਿਐਨ ਵਿਚ ਹੋਏ ਯਤਨਾਂ ਬਾਰੇ ਵੀ ਜਾਣਕਾਰੀ ਦਿੰਦਾ ਹੈ।[13]

ਸੁਖਦੇਵ ਮਾਦਪੁਰੀ ਨੇ ਪਹਿਲੀ ਵਾਰ ਸਕੂਲੀ ਪਾੜ੍ਹਿਆਂ ਦੇ ਉਹਨਾਂ ਗੀਤਾਂ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕੀਤੀ ਜਿਹੜੇ ਬੱਚੇ ਸਕੂਲ ਦੇ ਸਮੇਂ ਦੌਰਾਨ ਅਕਸਰ ਗਾਉਂਦੇ ਹਨ। ਇਸ ਵਿਚ ਕੁਝ ਬੁਝਾਰਤਾਂ ਅਤੇ ਬਾਤਾਂ ਵੀ ਸ਼ਾਮਿਲ ਹਨ ਜੋ ਬੱਚਿਆਂ ਵਿਚ ਆਮ ਪ੍ਰਚਲਿਤ ਹਨ। ਸੁਖਦੇਵ ਮਾਦਪੁਰੀ ਨੇ ਪੰਜਾਬ ਦੇ ਜੱਟਾਂ ਦੀ ਲੋਕਧਾਰਾ ਤੇ ਸਭਿਆਚਾਰ ਦੇ 'ਤੇ ਖੋਜ-ਕਾਰਜ ਕਰਕੇ ਉਹਨਾਂ ਦੇ ਗੁਣਾਂ ਤੇ ਔਗੁਣਾਂ ਨੂੰ ਬਿਆਨ ਕੀਤਾ। ਉਸਨੇ ਪੇਂਡੂ ਭਾਈਚਾਰੇ ਬਾਰੇ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਪੰਜਾਬ ਦੇ ਮੇਲੇ, ਤਿਉਹਾਰ ਨਾਚ ਅਤੇ ਖੇਡਾਂ ਸਭ ਦੇ ਸਾਂਝੇ ਸਨ। ਉਸ ਦੇ ਵਿਚਾਰ ਅਨੁਸਾਰ ਪੰਜਾਬੀ ਲੋਕ ਸਾਹਿਤ ਮੁਖ ਤੌਰ 'ਤੇ ਕਿਸਾਨੀ ਜੀਵਨ ਨਾਲ ਹੀ ਸੰਬੰਧਤ ਹੈ। ਲੋਕਧਾਰਾ ਅਤੇ ਸਭਿਆਚਾਰ ਦੀ ਇਸ ਪੁਸਤਕ ਵਿਚ ਜਿਥੇ ਜੱਟਾਂ ਦੇ ਕਿਰਦਾਰ ਅਤੇ ਸੁਭਾਅ ਬਾਰੇ ਵੱਖ-ਵੱਖ ਲੋਕ ਸਾਹਿਤ ਰੂਪਾਂ ਵਿਚੋਂ ਉਘੜਦੇ ਗੁਣ ਔਗੁਣ ਦਿੱਤੇ ਗਏ ਹਨ ਉਥੇ ਵਾਹੀ ਖੇਤੀ ਨਾਲ ਸੰਬੰਧਿਤ ਅਖਾਣ, ਬੁਝਾਰਤਾਂ, ਲੋਕ ਗੀਤ, ਲੋਕ ਕਹਾਣੀਆਂ ਵੀ ਦਿੱਤੀਆਂ ਹਨ। ਇਹਨਾਂ ਵੰਨਗੀਆਂ ਵਿਚ ਕੁਝ ਆਮ ਪ੍ਰਚੱਲਿਤ ਅਤੇ ਕੁਝ ਨਵੀਂ ਸਾਮੱਗਰੀ ਵੀ ਇਕੱਤਰ ਕੀਤੀ ਗਈ ਹੈ। ਲੋਕਧਾਰਾ ਦੀ ਇਸ ਸਮੱਗਰੀ ਵਿਚੋਂ ਜੱਟਾਂ ਦਾ ਜੀਵਨ ਵਿਹਾਰ ਉਤੇ ਸੁਭਾਅ ਉਘੜਦਾ ਹੈ।

ਡਾ. ਨਾਹਰ ਸਿੰਘ ਨੇ ਪੰਜਾਬੀ ਲੋਕਗੀਤਾਂ ਉਪਰ ਨਿੱਠ ਕੇ ਕੰਮ ਕੀਤਾ। ਉਸਨੇ ਮਲਵਈ ਲੋਕਗੀਤਾਂ ਦੇ ਪ੍ਰਸੰਗ ਵਿਚ ਹੀ ਖੋਜ-ਕਾਰਜ ਕੀਤਾ ਹੈ ਪਰੰਤੂ ਉਸ ਦੁਆਰਾ ਦਿੱਤੀਆਂ ਹੋਈਆਂ ਧਾਰਨਾਵਾਂ ਸਮੁੱਚੇ ਪੰਜਾਬੀ ਲੋਕਗੀਤਾਂ ਦਾ ਆਧਾਰ ਬਣਦੀਆਂ ਹਨ। ਉਸਨੇ ਮਲਵਈ ਲੋਕਗੀਤਾਂ ਵਿਚੋਂ ਮਾਲਵੇ ਦੇ ਇਲਾਕਾਈ ਸਭਿਆਚਾਰ ਦੀ ਨਿਸ਼ਾਨਦੇਹੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਉਸਨੇ ਲੋਕ ਅਤੇ ਲੋਕ ਗੀਤਾਂ ਨੂੰ ਵੀ ਪਰਿਭਾਸ਼ਤ ਕੀਤਾ ਹੈ। ਪੰਜਾਬੀ ਲੋਕ ਨਾਚਾਂ ਬਾਰੇ ਵੀ ਕੁਝ ਮਹੱਤਵਪੂਰਨ ਧਾਰਨਾਵਾਂ ਪੇਸ਼ ਕੀਤੀਆਂ ਹਨ। ਉਸ ਵਲੋਂ ਮਲਵਈ ਖੇਤਰ ਵਿਚ ਕੀਤਾ ਗਿਆ ਖੋਜ-ਕਾਰਜ ਮਾਲਵੇ ਦੀ ਲੋਕਧਾਰਾ ਨੂੰ ਜਾਣਨ ਵਿਚ ਉਪਯੋਗੀ ਸਿੱਧ ਹੋਇਆ ਹੈ। ਉਸਨੇ ਮਲਵਈ ਮਰਦਾਂ ਅਤੇ ਤੀਵੀਆਂ ਦੀਆਂ ਬੋਲੀਆਂ 'ਤੇ ਚੋਖਾ ਕੰਮ ਕੀਤਾ ਹੈ।

ਭੁਪਿੰਦਰ ਸਿੰਘ ਸੂਦਨ ਪੁਣਛ ਦੇ ਇਲਾਕੇ ਦੀ ਲੋਕਧਾਰਾਈ ਅਤੇ ਸਭਿਆਚਾਰਕ ਵਿਸ਼ੇਸ਼ਤਾਵਾਂ ਨੂੰ ਸਾਹਮਣੇ ਲੈ ਕੇ ਆਇਆ। ਉਸਨੇ ਉਥੋਂ ਦੇ ਲੋਕ ਸੰਗੀਤ ਦੀ ਵੀ ਪੇਸ਼ਕਾਰੀ ਕੀਤੀ। ਉਸ ਦਾ ਖੋਜ-ਕਾਰਜ ਪੁਣਛ ਇਲਾਕੇ ਦੀ ਲੋਕਧਾਰਾਈ ਵਿਸ਼ੇਸ਼ਤਾਵਾਂ ਰੱਖਦਾ ਹੈ।

ਕੁਲਵੰਤ ਸਿੰਘ ਔਲਖ ਨੇ ਸੁਹਾਗ, ਘੋੜੀਆਂ ਅਤੇ ਲੋਕਗੀਤਾਂ ਦਾ ਮਾਝੇ ਦੇ ਖੇਤਰ ਦੇ ਸੰਦਰਭ ਵਿਚ ਇਕੱਤਰੀਕਰਨ ਕੀਤਾ ਅਤੇ ਇਹਨਾਂ ਵਿਧਾਵਾਂ ਦਾ ਖੇਤਰ ਵੀ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ। ਉਸਨੇ ਸਦਾਚਾਰਕ ਗੀਤਾਂ ਦਾ ਵੀ ਇਕੱਤਰੀਕਰਨ ਕੀਤਾ।

ਕਰਮਜੀਤ ਸਿੰਘ ਨੇ ਦੁਆਬੇ ਦੇ ਵੱਖੋ-ਵੱਖਰੇ ਖੇਤਰਾਂ ਨਾਲ ਸੰਬੰਧਿਤ ਲੋਕਗੀਤਾਂ ਦਾ ਇਕਤ੍ਰੀਕਰਨ ਕੀਤਾ। ਇਸ ਵਿਚ ਲੋਕਗੀਤਾਂ ਨੂੰ ਪਰਿਭਾਸ਼ਤ ਕਰਨ ਦੀ ਵੀ ਕੋਸ਼ਿਸ਼ ਕੀਤੀ ਗਈ ਹੈ। ਕਰਮਜੀਤ ਸਿੰਘ ਨੇ ਆਪਣਾ ਖੋਜ-ਕਾਰਜ ਦੁਆਬੇ ਦੀ ਧਰਤ ਤੱਕ ਸੀਮਿਤ ਰੱਖਿਆ। ਜਿਸ ਕਾਰਣ ਇਸ ਖੋਜ-ਕਾਰਜ ਦੀ ਇਤਿਹਾਸਕ ਮਹੱਤਤਾ ਵੱਧ ਜਾਂਦੀ ਹੈ।

ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਪੰਜਾਬੀ ਲੋਕਧਾਰਾ ਨੂੰ ਇਕ ਗਿਆਨ ਸੰਜਮ ਵਜੋਂ ਸਥਾਪਤ ਕਰਨ ਵਾਲੇ ਮੁੱਢਲੇ ਲੋਕਧਾਰਾ ਸ਼ਾਸਤਰੀਆਂ ਵਿਚੋਂ ਇਕ ਹੈ। ਉਸ ਦੁਆਰਾ ਕੀਤਾ ਗਿਆ ਸਮੁੱਚਾ ਖੋਜ-ਕਾਰਜ ਪੰਜਾਬੀ ਲੋਕਧਾਰਾ ਨੂੰ ਇਕ ਵਿਲੱਖਣ ਪਛਾਣ ਦਿੰਦਾ ਹੈ। ਉਸਨੇ

ਪੰਜਾਬੀ ਲੋਕਧਾਰਾ ਦੇ ਵਿਭਿੰਨ ਰੂਪਾਂ ਨੂੰ ਖੋਜਣ ਤੇ ਇਕੱਤਰੀਕਰਨ ਕਰਨ ਦਾ ਮਹੱਤਵਪੂਰਨ ਕਾਰਜ ਕੀਤਾ ਹੈ। ਉਸਨੇ ਲੋਕਧਾਰਾ ਅਤੇ ਲੋਕਧਾਰਾ ਨਾਲ ਜੁੜੇ ਵਿਭਿੰਨ ਪਹਿਲੂਆਂ ਉਤੇ ਵਿਸ਼ੇਸ਼ ਚਰਚਾ ਕੀਤੀ ਹੈ। ਉਹ ਲੋਕਧਾਰਾ ਅਤੇ ਸਾਹਿਤ ਦੇ ਡੂੰਘੇਰੇ ਸੰਬੰਧਾਂ ਉਪਰ ਵੀ ਚਰਚਾ ਕਰਦਾ ਹੈ। ਉਸ ਅਨੁਸਾਰ ਜੇਕਰ ਸਾਹਿਤ ਦਾ ਅਧਿਐਨ ਲੋਕਧਾਰਾਈ ਦ੍ਰਿਸ਼ਟੀ ਤੋਂ ਨਾ ਹੋਵੇ ਤਾਂ ਉਹ ਸਾਰਥਕ ਸਿੱਧ ਨਹੀਂ ਹੋ ਸਕਦਾ। ਉਸਨੇ ਪੰਜਾਬ ਦੇ ਮੱਧਕਾਲੀ ਸਾਹਿਤ ਨੂੰ ਲੋਕ ਰੂੜੀਆਂ ’ਤੇ ਪਲਿਆ ਹੋਇਆ ਦੱਸਿਆ। ਉਸਨੇ ਪੰਜਾਬੀ ਲੋਕਮਨ ਬਾਰੇ ਮੌਲਿਕ ਤੇ ਪ੍ਰਮਾਣਿਕ ਧਾਰਨਾਵਾਂ ਪੇਸ਼ ਕੀਤੀਆਂ ਹਨ। ਉਹ ਲੋਕਧਾਰਾਈ ਸਮੱਗਰੀ ਦਾ ਪੂਰੀ ਡੂੰਘਾਈ ਨਾਲ ਅਧਿਐਨ ਕਰਨ ਉਪਰੰਤ ਹੀ ਧਾਰਨਾਵਾਂ ਪ੍ਰਸਤੁਤ ਕਰਦਾ ਹੈ। ਉਹ ਪੰਜਾਬੀ ਲੋਕ ਪਰੰਪਰਾ ਵਿਚ ਆਦਿਮ ਕਾਵਿ ਪਰੰਪਰਾ ਦੇ ਅਵਸ਼ੇਸ਼ਾਂ ਨੂੰ ਸਵੀਕਾਰਦਾ ਹੈ। ਉਸਨੇ ਵਿਸ਼ਿਸ਼ਟ ਸਾਹਿਤ ਅਤੇ ਲੋਕ ਸਾਹਿਤ ਵਿਚ ਨਿਖੇੜੇ ਬਾਰੇ ਵੀ ਨਿੱਠ ਕੇ ਚਰਚਾ ਕੀਤੀ ਹੈ। ਉਸਨੇ ਲੋਕਧਰਮ ਦੇ ਪਿਛੋਕੜ ਨੂੰ ਵੀ ਉਲੀਕਣ ਦਾ ਕਾਰਜ ਬਾਖ਼ੂਬੀ ਨਿਭਾਇਆ। ਵਣਜਾਰਾ ਬੇਦੀ ਦੁਆਰਾ ਲੋਕਧਾਰਾ ਵਿਸ਼ਵਕੋਸ਼ ਦੇ ਰੂਪ ਵਿੱਚ ਕੀਤਾ ਕੰਮ ਮਹੱਤਵ ਦਾ ਧਾਰਨੀ ਹੈ। ਲੋਕਧਾਰਾਈ ਚਿੰਤਨ ਵਿੱਚ ਵਣਜਾਰਾ ਬੇਦੀ ਦੀ ਭੂਮਿਕਾ ਮੁੱਢਲੇ ਲੋਕਧਾਰਾ ਸ਼ਾਸਤਰੀ ਵਾਲੀ ਬਣ ਜਾਂਦੀ ਹੈ। ਉਸਨੇ ਲੋਕਧਾਰਾ ਚਿੰਤਨ ਨੂੰ ਅਕਾਦਮਿਕ ਅਧਾਰ ਪ੍ਰਦਾਨ ਕੀਤਾ ਹੈ।

ਡਾ. ਕਰਨੈਲ ਸਿੰਘ ਥਿੰਦ ਨੇ ਪਹਿਲੀ ਵਾਰ ‘ਲੋਕਯਾਨ’ ਸ਼ਬਦ ਨੂੰ ਪਰਿਭਾਸ਼ਤ ਕੀਤਾ ਅਤੇ ਮੱਧਕਾਲੀ ਲੋਕਧਾਰਾ ਦੀਆਂ ਵਿਭਿੰਨ ਵੰਨਗੀਆਂ ਦੇ ਖੇਤਰ ਨੂੰ ਵਿਗਿਆਨਕ ਢੰਗ ਨਾਲ ਨਿਸ਼ਚਿਤ ਕਰਨ ਦਾ ਯਤਨ ਕੀਤਾ। ਇਹ ਖੋਜ-ਕਾਰਜ ਪੰਜਾਬੀ ਲੋਕਧਾਰਾ ਦੇ ਅਧਿਐਨ ਦਾ ਆਧਾਰ ਹੈ। ਉਸਨੇ ਲੋਕਯਾਨ ਦੇ ਨਾਮਕਰਣ ਤੋਂ ਲੈ ਕੇ ਵਿਹਾਰਕ ਤੇ ਸਿਧਾਂਤਕ ਪੱਖਾਂ ਨੂੰ ਉਲੀਕਣ ਦੀ ਕੋਸ਼ਿਸ਼ ਕੀਤੀ ਹੈ। ਉਸਨੇ ਪੰਜਾਬੀ ਲੋਕਧਾਰਾ ਨੂੰ ਪਹਿਲੀ ਵਾਰ ਅਕਾਦਮਿਕ ਤੌਰ ’ਤੇ ਸਿਲੇਬਸ ਦਾ ਹਿੱਸਾ ਬਣਾਇਆ ਅਤੇ ਇਸ ਨੂੰ ਅਨੁਸ਼ਾਸਨ ਵਜੋਂ ਵਿਕਸਤ ਕਰਨ ਵਿੱਚ ਮੋਹਰੀ ਭੂਮਿਕਾ ਨਿਭਾਈ।

ਭੁਪਿੰਦਰ ਸਿੰਘ ਖਹਿਰਾ ਨੇ ਲੋਕਧਾਰਾ ਅਤੇ ਸਮੱਗਰੀ ਦੀ ਵਰਗਵੰਡ ਕਿਰਿਆਤਮਕ, ਪ੍ਰਦਰਸ਼ਿਤ ਅਤੇ ਅਖੰਡੀ ਰੂਪ ਵਿਚ ਕੀਤੀ ਹੈ। ਕਿਰਿਆਤਮਕ ਰੂਪ ਵਿਚ ਉਸਨੇ ਗੀਤਾਂ, ਰਸਮਾਂ, ਤਿੱਥ, ਤਿਉਹਾਰ, ਲੋਕ ਵਿਸ਼ਵਾਸਾਂ ਆਦਿ ਨੂੰ ਰੱਖਿਆ ਹੈ। ਪ੍ਰਦਰਸ਼ਿਤ ਰੂਪ ਵਿਚ ਸ਼ਿਲਪ ਕਲਾ, ਨੋਕ ਨਾਚ ਅਤੇ ਲੋਕ ਨਾਟ ਨੂੰ ਰੱਖਿਆ ਹੈ। ਅਖੰਡੀ ਰੂਪ ਵਿਚ ਉਸਨੇ ਉਪਭਾਸ਼ਾ ਅਤੇ ਲੋਕ ਸੰਗੀਤਕ ਧੁਨੀਆਂ ਨੂੰ ਰੱਖਿਆ ਹੈ, ਜੋ ਅਖੰਡੀ ਰੂਪ ਹੋਣ ਕਾਰਣ ਹੀ ਲੋਕ ਸਾਹਿਤ ਦੇ ਰੂਪ ਵਿਚ ਸਹਿਜ ਸੁਆਦ ਦਿੰਦੀਆਂ ਹਨ। ਲੋਕ ਕਾਵਿ ਬਾਰੇ ਵੀ ਉਸਨੇ ਵੱਖਰੀ ਕਿਸਮ ਦੀ ਵੰਡ ਕੀਤੀ ਹੈ। ਕੋਮਲ ਕਾਵਿ ਵਿਚ ਉਸਨੇ ਖ਼ੁਸ਼ੀ ਦੇ ਮੌਕਿਆਂ ਨਾਲ ਸੰਬੰਧਿਤ ਲੋਕ ਕਾਵਿ ਨੂੰ ਰੱਖਿਆ ਹੈ। ਜਨ ਸਾਧਾਰਨ ਦੇ ਵਿਭਿੰਨ ਚੌਖਟਿਆਂ ਦਾ ਵਰਣਨ ਕਰਨ ਵਾਲੇ ਕਾਵਿ ਨੂੰ ਉਸਨੇ ਨਖਸ਼ਕ ਕਾਵਿ ਵਿਚ ਰੱਖਿਆ ਹੈ। ਉਸਨੇ ਇਹ ਵੀ ਦੱਸਣ ਦਾ ਯਤਨ ਕੀਤਾ ਹੈ ਕਿ ਇਹ ਕਾਵਿ ਬੋਲੀ ਅਤੇ ਛੰਦ ਵਿਧਾਨ ਰੂਪਾਂ ਵਿਚ ਪ੍ਰਾਪਤ ਹੁੰਦਾ ਹੈ। ਲੋਕ ਵਿਸ਼ਵਾਸਾਂ ਅਧੀਨ ਉਸਨੇ ਜੰਤਰਾਂ ਨੂੰ ਪੇਸ਼ ਕੀਤਾ ਹੈ ਜੋ ਵਿਭਿੰਨ ਮਨੁੱਖੀ ਬਿਮਾਰੀਆਂ ਨੂੰ ਦੂਰ ਕਰਨ ਵਿਚ ਸਹਾਈ ਹੁੰਦੇ ਹਨ। ਭੁਪਿੰਦਰ ਸਿੰਘ ਖਹਿਰਾ ਨੇ ਲੋਕਧਾਰਾ ਨੂੰ ਭਾਸ਼ਾਈ ਸੰਰਚਨਾਵਾਂ ਨਾਲ ਜੋੜ ਕੇ ਅਧਿਐਨ ਵਿਸ਼ਲੇਸ਼ਣ ਕਰਨ ਦੀ ਕੋਸ਼ਿਸ਼

ਕੀਤੀ ਹੈ। ਉਹ ਲੋਕਧਾਰਾਈ ਵਰਤਾਰਿਆਂ ਅਤੇ ਵਸਤੂਆਂ ਦੇ ਚਿਹਨਾਂ ਮੁੱਲਾਂ ਰਾਹੀਂ ਲੋਕਧਾਰਾ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਹੈ।

ਡਾ. ਜੀਤ ਸਿੰਘ ਜੋਸ਼ੀ ਨੂੰ ਪੰਜਾਬੀ ਲੋਕਧਾਰਾ ਦੇ ਖੇਤਰ ਵਿਚ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਉਸਨੇ ਪਰਿਭਾਸ਼ਕ ਸ਼ਬਦਾਵਲੀ ਤੋਂ ਲੈ ਕੇ ਪ੍ਰਮਾਣਿਕ ਵਿਧੀਆਂ ਤੱਕ ਦੀਆਂ ਸਮੱਸਿਆਵਾਂ ਨੂੰ ਸਨਮੁਖ ਰੱਖਿਆ ਹੈ। ਲੋਕਧਾਰਾ ਦੇ ਸਿਧਾਂਤਕ ਪੱਖਾਂ ਨੂੰ ਬੜੀ ਹੀ ਸਰਲਤਾ ਨਾਲ ਸਪਸ਼ਟ ਕਰਨ ਦੇ ਨਾਲ-ਨਾਲ ਪੰਜਾਬੀ ਜਨ-ਜੀਵਨ ਵਿਚ ਇਹਨਾਂ ਦੀ ਸਥਿਤੀ ਨੂੰ ਵੀ ਸਪੱਸ਼ਟ ਕੀਤਾ ਹੈ। ਲੋਕਧਾਰਾ ਦੀਆਂ ਅਧਿਐਨ ਵਿਧੀਆਂ ਨਾਲ ਸੰਬੰਧਿਤ ਸਮੱਸਿਆਵਾਂ ਨੂੰ ਵੀ ਉਲੀਕਿਆ ਹੈ। ਕਲਾ ਤੇ ਲੋਕ ਕਲਾ ਦੇ ਸਿਧਾਂਤਕ ਪਰਿਪੇਖ, ਲੋਕ ਕਲਾ ਦੀ ਪ੍ਰਾਚੀਨਤਾ, ਘਰੇਲੂ ਸਾਜ-ਸਜਾਵਟ ਦੇ ਨਾਲ-ਨਾਲ ਲੋਕ ਰੂੜੀਆਂ ਦੀ ਮੁੱਢਲੀ ਜਾਣ-ਪਛਾਣ ਵੀ ਕਰਵਾਈ ਹੈ। ਲੋਕ ਵਰਗ ਦੀ ਵੰਡ ਕਰਦੇ ਹੋਏ ਇਸਨੂੰ ਪਿੱਤਰ ਪੂਜਾ, ਸਥਾਨਕ ਦੇਵਤੇ, ਲੋਕ ਵਿਸ਼ਵਾਸ, ਸ਼ਗਨ ਅਤੇ ਅਪਸ਼ਗਨ ਨਾਲ ਵੀ ਜੋੜਿਆ ਹੈ। ਲੋਕ ਮਨੋਰੰਜਨ, ਲੋਕ ਖੇਡਾਂ, ਲੋਕ ਸੰਗੀਤ ਅਤੇ ਪੰਜਾਬੀ ਪੇਂਡੂ ਸਭਿਆਚਾਰ ਦੇ ਪਛਾਣ ਚਿੰਨ੍ਹਾਂ ਬਾਰੇ ਵੀ ਭਰਪੂਰ ਜਾਣਕਾਰੀ ਦਿੱਤੀ ਹੈ। ਉਸਨੇ ਅਕਾਦਮਿਕ ਲੋੜਾਂ ਨੂੰ ਮੁੱਖ ਰੱਖਦਿਆਂ ਲੋਕਧਾਰਾ ਸੰਬੰਧੀ ਜਾਣਕਾਰੀ ਨੂੰ ਸੰਖੇਪ ਅਤੇ ਸਰਲਤਾ ਨਾਲ ਪੇਸ਼ ਕੀਤਾ ਹੈ।

ਕਿਰਪਾਲ ਕਜ਼ਾਕ ਨੇ ਕਬੀਲਾ ਸਭਿਆਚਾਰ ਨਾਲ ਸੰਬੰਧਿਤ ਪਹਿਲਾ ਖੋਜ-ਕਾਰਜ ਕੀਤਾ। ਉਸਦੇ ਖੋਜ ਕਾਰਜ ਵਿਚੋਂ ਗਾਡੀ ਲੁਹਾਰ ਕਬੀਲੇ ਬਾਰੇ ਵਿਸਤ੍ਰਿਤ ਰੂਪ ਵਿਚ ਜਾਣਕਾਰੀ ਮਿਲਦੀ ਹੈ। ਉਸਨੇ ਸ਼ਿਕਲੀਗਰ ਕਬੀਲੇ ਅਤੇ ਪੰਜਾਬੀ ਲੋਕ ਪਰੰਪਰਾ ਸੰਬੰਧੀ ਵੀ ਮਹੱਤਵਪੂਰਨ ਕਾਰਜ ਕੀਤਾ ਹੈ। ਲੋਕਧਾਰਾ ਵਿੱਚ ਕਬੀਲਿਆਂ ਨਾਲ ਸੰਬੰਧਿਤ ਕੰਮ ਇਸ ਤੋਂ ਪਹਿਲਾਂ ਸ਼ੇਰ ਸਿੰਘ ਸ਼ੇਰ ਦੁਆਰਾ ਵੀ ਕੀਤਾ ਗਿਆ ਪ੍ਰਾਪਤ ਹੁੰਦਾ ਹੈ। ਇਸੇ ਲੜੀ ਨੂੰ ਅੱਗੇ ਤੋਰਦਿਆਂ ਡਾ. ਦਰਿਆ ਨੇ ਕਬੀਲਿਆਂ ਸੰਬੰਧੀ ਖੋਜ-ਕਾਰਜ ਨੂੰ ਅਕਾਦਮਿਕ ਪੱਧਰ ਤੇ ਅਧਿਐਨ ਦਾ ਵਸਤੂ ਬਣਾਇਆ।

ਡਾ. ਜੋਗਿੰਦਰ ਸਿੰਘ ਕੈਰੋਂ ਦੀ ਲੋਕਧਾਰਾ ਚਿੰਤਨ ਵਿਚ ਅਹਿਮ ਭੂਮਿਕਾ ਬਣਦੀ ਹੈ। ਉਨ੍ਹਾਂ ਨੇ ਪੰਜਾਬੀ ਲੋਕਧਾਰਾ ਨੂੰ ਪੱਛਮੀ ਅਧਿਐਨ ਮਾਡਲਾਂ ਨਾਲ ਵਾਕਫ਼ ਹੀ ਨਹੀਂ ਕਰਵਾਇਆ, ਸਗੋਂ ਵਿਹਾਰਕ ਪੱਧਰ ਉੱਪਰ ਸੰਰਚਨਾਵਾਦੀ ਦ੍ਰਿਸ਼ਟੀ ਤੋਂ ਪਰੌਪ ਦੇ ਮਾਡਲ ਰਾਹੀਂ ਪੰਜਾਬੀ ਲੋਕ ਬਿਰਤਾਂਤ ਦਾ ਅਧਿਐਨ ਕਰਨ ਦੀ ਸ਼ੁਰੂਆਤ ਵੀ ਕੀਤੀ। ਇਹ ਕਾਰਜ ਪੰਜਾਬੀ ਲੋਕਧਾਰਾ ਚਿੰਤਨ ਨੂੰ ਪੱਛਮੀ ਅਧਿਐਨ ਦ੍ਰਿਸ਼ਟੀਆਂ ਦੀ ਮਦਦ ਨਾਲ ਸਮਝ ਕੇ ਸਾਰਥਕ ਸਿੱਟੇ ਕੱਢਣ ਵੱਲ ਵੀ ਪ੍ਰੇਰਿਤ ਕਰਦਾ ਹੈ। ਡਾ. ਕੈਰੋਂ ਨੇ ਇਸ ਖੇਤਰ ਵਿਚ ਹੋਰ ਮਹੱਤਵਪੂਰਨ ਪੁਸਤਕਾਂ, 'ਪੰਜਾਬੀ ਸਾਹਿਤ ਦਾ ਲੋਕਧਾਰਾਈ ਪਿਛੋਕੜ', 'ਪੰਜਾਬੀ ਲੋਕ ਕਹਾਣੀਆਂ ਦਾ ਸੰਰਚਨਾਤਮਕ ਅਧਿਐਨ ਅਤੇ ਵਰਗੀਕਰਨ', 'ਲੋਕਧਾਰਾ ਅਧਿਐਨ ਵਿਧੀਆਂ', ਅਤੇ 'ਪੰਜਾਬੀ ਲੋਕਧਾਰਾ ਅਧਿਐਨ' ਆਦਿ ਪੁਸਤਕਾਂ ਦੀ ਸਿਰਜਨਾ ਰਾਹੀਂ ਲੋਕਧਾਰਾ ਨੂੰ ਨਵੇਂ ਅਰਥਾਂ ਵਿਚ ਗ੍ਰਹਿਣ ਕਰਨ ਦੀ ਕੋਸ਼ਿਸ਼ ਕੀਤੀ ਹੈ। ਪੰਜਾਬੀ ਲੋਕਧਾਰਾ ਚਿੰਤਨ ਵਿਚ ਡਾ. ਜੋਗਿੰਦਰ ਸਿੰਘ ਕੈਰੋਂ ਦਾ ਯੋਗਦਾਨ ਲੋਕਧਾਰਾ ਅਧਿਐਨ ਨੂੰ ਨਵੀਆਂ ਦ੍ਰਿਸ਼ਟੀਆਂ ਅਤੇ ਅਧਿਐਨ ਮਾਡਲਾਂ ਨਾਲ ਵੀ ਜੋੜਦਾ ਹੈ।

ਡਾ. ਜਸਵਿੰਦਰ ਸਿੰਘ ਨੇ ਪੰਜਾਬੀ ਲੋਕਧਾਰਾ ਦੇ ਸਿਧਾਂਤਕ ਪੱਖਾਂ ਉੱਪਰ ਕੰਮ ਕਰਦਿਆਂ ਲੋਕ ਸਾਹਿਤ ਸ਼ਾਸਤਰ ਉਸਾਰਨ ਦਾ ਮਹੱਤਵਪੂਰਨ ਉਪਰਾਲਾ ਕੀਤਾ ਹੈ। ਉਸ ਸਭਿਆਚਾਰ ਦੇ ਨਕਸ਼ਾਂ ਨੂੰ ਪਛਾਣਦਾ ਹੋਇਆ ਪੰਜਾਬੀ ਲੋਕਧਾਰਾ ਬਾਰੇ ਅਹਿਮ ਜਾਣਕਾਰੀ ਪ੍ਰਦਾਨ ਕਰਦਾ ਹੈ।

ਡਾ. ਹਰਜੀਤ ਗਿੱਲ ਦੁਆਰਾ ਲੋਕਧਾਰਾ ਚਿੰਤਨ ਵਿੱਚ ਦਿੱਤੇ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ। ਉਸਨੇ ਪੱਛਮੀ ਗਿਆਨ ਸ਼ਾਸਤਰ ਦੀਆਂ ਵਿਧੀਆਂ ਖ਼ਾਸ ਕਰਕੇ ਚਿਹਨ ਵਿਗਿਆਨ ਦੀ ਮੱਦਦ ਨਾਲ ਪੰਜਾਬੀ ਲੋਕਧਾਰਾ ਨੂੰ ਸਮਝਣ ਦੀ ਪਿਰਤ ਪਾਈ।

ਪੰਜਾਬ ਤੋਂ ਬਾਹਰ ਵੀ ਪੰਜਾਬੀ ਲੋਕਧਾਰਾ ਅਧਿਐਨ ਦੇ ਹਵਾਲੇ ਮਿਲਦੇ ਹਨ। ਜੰਮੂ ਕਸ਼ਮੀਰ ਵਿੱਚ ਡਾ. ਸੁਸ਼ੀਲ ਸ਼ਰਮਾ ਨੇ ਪੰਜਾਬੀ ਲੋਕਧਾਰਾ ਸੰਬੰਧੀ ਮੁਲੱਵਾਨ ਕਾਰਜ ਕੀਤਾ ਹੈ। ਜੰਮੂ ਯੂਨੀਵਰਸਿਟੀ ਜੰਮੂ, ਕੁਰੂਕਸ਼ੇਤਰਾ ਯੂਨੀਵਰਸਿਟੀ ਕੁਰੂਕਸ਼ੇਤਰਾ, ਅਤੇ ਦਿੱਲੀ ਯੂਨੀਵਰਸਿਟੀ ਜੰਮੂ ਵਿੱਚ ਵੀ ਪੰਜਾਬੀ ਲੋਕਧਾਰਾ ਨੂੰ ਅਨੁਸ਼ਾਸਨ ਵਜੋਂ ਗ੍ਰਹਿਣ ਕਰਕੇ ਅਧਿਐਨ ਕਾਰਜ ਕਰਵਾਏ ਹਨ।

ਡਾ. ਗੁਰਮੀਤ ਸਿੰਘ ਨੇ ਲੋਕ ਧਰਮ ਦੇ ਅੰਤਰਗਤ ਲੋਕ ਚਿਕਿਤਸਾ ਨਾਲ ਸੰਬੰਧਿਤ ਜਾਣਕਾਰੀ ਭਰਪੂਰ ਖੋਜ-ਕਾਰਜ ਕੀਤਾ। ਉਸਨੇ ਲੋਕ ਚਿਕਿਤਸਾ ਸੰਬੰਧੀ ਖੇਤਰੀ ਕਾਰਜ ਕਰਕੇ ਲੋਕ ਚਿਕਿਤਸਾ ਦੀ ਵਿਗਿਆਨਕ ਅਤੇ ਸਭਿਆਚਾਰਕ ਜਾਣ-ਪਛਾਣ ਕਰਵਾਈ। ਡਾ. ਗੁਰਮੀਤ ਸਿੰਘ ਦੁਆਰਾ ਕੀਤੇ ਖੋਜ-ਕਾਰਜ ਤੋਂ ਇਹ ਅਹਿਮ ਤੱਥ ਸਾਹਮਣੇ ਆਉਂਦਾ ਹੈ ਕਿ ਲੋਕ ਚਿਕਿਤਸਾ ਦਾ ਵਡੇਰਾ ਭਾਗ ਲੋਕ ਧਰਮ ਅਤੇ ਵਿਸ਼ਵਾਸਾਂ ਉਪਰ ਅਧਾਰਿਤ ਹੈ।

ਡਾ. ਦਰਿਆ ਦਾ ਲੋਕਧਾਰਾਈ ਚਿੰਤਨ ਲੋਕਧਾਰਾ ਦੇ ਵਿਹਾਰਕ ਪੱਖ ਨਾਲ ਸੰਬੰਧਿਤ ਹੈ। ਡਾ. ਦਰਿਆ ਨੇ ਆਪਣਾ ਅਧਿਐਨ ਕਾਰਜ 'ਪੰਜਾਬ ਦੇ ਸਾਂਸੀ ਕਬੀਲੇ ਦਾ ਵਿਆਹ ਪ੍ਰਬੰਧ' ਨਾਲ ਸ਼ੁਰੂ ਕੀਤਾ। ਡਾ. ਦਰਿਆ ਕੋਲ ਕਬੀਲਾਈ ਸਮਾਜ ਦਾ ਗਹਿਰਾ ਅਨੁਭਵ ਹੈ ਜਿਸਨੂੰ ਉਹ ਲੋਕਧਾਰਾ ਵਿਗਿਆਨ ਦੀ ਸਹਾਇਤਾ ਨਾਲ ਅਧਿਐਨ ਦਾ ਵਸਤੂ ਬਣਾਉਂਦਾ ਹੈ। ਡਾ. ਦਰਿਆ ਦੀ ਪੁਸਤਕ 'ਪੰਜਾਬੀ ਲੋਕ-ਧਰਮ ਸਮਾਜ ਮਨੋਵਿਗਿਆਨਕ ਅਧਿਐਨ' ਲੋਕਧਾਰਾਈ ਚਿੰਤਨ ਵਿਚ ਨਵੀਆਂ ਪੈੜਾਂ ਸਿਰਜਦੀ ਹੈ। ਡਾ. ਦਰਿਆ ਦਾ ਸਮੁੱਚਾ ਲੋਕਧਾਰਾਈ ਚਿੰਤਨ ਤਾਰਕਿਕ ਸੋਝੀ ਨਾਲ ਹਰ ਪ੍ਰਕਾਰ ਦੇ ਵਹਿਮਾਂ-ਭਰਮਾਂ ਅਤੇ ਮਿੱਥਾਂ ਨੂੰ ਤੋੜਦਾ ਹੈ ਅਤੇ ਵਿਗਿਆਨਕ ਲੀਹਾਂ ਅਪਣਾਉਂਦਾ ਹੈ।

ਪੰਜਾਬੀ ਲੋਕਧਾਰਾ ਚਿੰਤਨ ਵੀਹਵੀਂ ਸਦੀ ਦੇ ਅਖੀਰਲੇ ਦਹਾਕੇ ਅਤੇ ਇਕਵੀਂ ਸਦੀ ਦੇ ਪਹਿਲੇ ਦੋ ਦਹਾਕਿਆਂ ਵਿਚ ਵਿਸਥਾਰ ਗ੍ਰਹਿਣ ਕਰਦਾ ਹੈ। ਇਸ ਸਮੇਂ ਦੌਰਾਨ ਵੱਖ-ਵੱਖ ਯੂਨੀਵਰਸਿਟੀਆਂ ਵਿਚ ਲੋਕਧਾਰਾ ਅਕਾਦਮਿਕਤਾ ਦਾ ਹਿੱਸਾ ਬਣਨ ਕਰਕੇ ਬਹੁਤ ਸਾਰਾ ਉਪਾਧੀ ਸਾਪੇਖ ਖੋਜ-ਕਾਰਜ ਵੀ ਹੋਂਦ ਵਿਚ ਆਉਂਦਾ ਹੈ। ਇਸ ਸਮੇਂ ਹੋਏ ਅਧਿਐਨ ਕਾਰਜਾਂ ਨੂੰ ਪ੍ਰਮੁੱਖ ਤੌਰ 'ਤੇ ਤਿੰਨ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲੇ ਹਿੱਸੇ ਵਿਚ ਸਾਹਿਤ ਨੂੰ ਲੋਕਧਾਰਾ ਦੇ ਪ੍ਰਸੰਗ ਤੋਂ ਸਮਝਣ ਦਾ ਇੱਕ ਪ੍ਰਮੁੱਖ ਵਰਗ ਬਣ ਜਾਂਦਾ ਹੈ।

ਸਾਹਿਤ ਚਿੰਤਕਾਂ ਅਤੇ ਲੋਕਧਾਰਾ ਦੇ ਵਿਗਿਆਨੀਆਂ ਨੇ ਸਾਹਿਤ ਨੂੰ ਲੋਕਧਾਰਾਈ ਦ੍ਰਿਸ਼ਟੀ ਤੋਂ ਦੇਖਣ ਦਾ ਇਕ ਅਨੁਸ਼ਾਸਨ ਬੱਧ ਉਪਰਾਲਾ ਕੀਤਾ ਹੈ। ਸਾਹਿਤ ਪ੍ਰਤੀ ਲੋਕਧਾਰਾਈ ਦ੍ਰਿਸ਼ਟੀ ਤੋਂ ਸਾਹਿਤ ਦੀਆਂ ਨਵੀਆਂ ਪਰਿਭਾਸ਼ਾਵਾਂ, ਅੰਤਰ-ਦ੍ਰਿਸ਼ਟੀਆਂ ਅਤੇ ਮੁੱਲਵਾਨ ਸਿੱਟੇ

ਪ੍ਰਾਪਤ ਹੋਏ ਹਨ ਇਸ ਪਹੁੰਚ ਅਨੁਸਾਰ ਸਾਹਿਤ ਨੂੰ ਕਿਸੇ ਸੰਬੰਧਿਤ ਮਨੁੱਖੀ ਸਮੂਹ ਦੀ ਲੋਕਧਾਰਾ ਨਾਲ ਅੰਤਰ ਸੰਬੰਧਿਤ ਕਰਕੇ ਸਮਝਣ ਅਤੇ ਅਧਿਐਨ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਹ ਅੰਤਰ ਅਨੁਸ਼ਾਸਨੀ ਪਹੁੰਚ ਵਿਧੀ ਹੈ, ਜਿਸ ਦੇ ਅੰਤਰਗਤ ਸਾਹਿਤ ਨੂੰ ਵਿਅਕਤੀ ਦੀ ਸਿਰਜਣਾਤਮਕ ਰਹਿਤਲ ਨਾਲ ਸਭਿਆਚਾਰਕ ਪਰੰਪਰਾਵਾਂ, ਲੋਕਧਾਰਾਈ ਅੰਸ਼ਾਂ, ਵੇਰਵਿਆਂ, ਵਿਸ਼ਵਾਸਾਂ ਆਦਿ ਸਭ ਨਾਲ ਅੰਤਰ ਸੰਬੰਧਿਤ ਕਰਕੇ ਸਮਝਣ ਦਾ ਯਤਨ ਕੀਤਾ ਜਾਂਦਾ ਹੈ।

ਮੱਧਕਾਲ ਦੀਆਂ ਪ੍ਰਮੁੱਖ ਕਾਵਿ ਧਾਰਾਵਾਂ ਸੂਫ਼ੀ ਕਾਵਿ, ਕਿੱਸਾ ਕਾਵਿ ਤੇ ਗੁਰਮਤਿ ਕਾਵਿ ਆਦਿ ਦੇ ਲੋਕਧਾਰਾਈ ਅਧਿਐਨ ਹੋਏ ਪ੍ਰਾਪਤ ਹੁੰਦੇ ਹਨ। ਗੁਰਮਤਿ ਕਾਵਿ ਵਿਚੋਂ ਗੁਰੂ ਨਾਨਕ ਬਾਣੀ ਨੂੰ ਆਧਾਰ ਬਣਾ ਕੇ ਲੋਕਧਾਰਾਈ ਅਧਿਐਨ ਹੋਇਆ ਮਿਲਦਾ ਹੈ। ਇਸ ਪ੍ਰਸੰਗ ਵਿੱਚ ਡਾ. ਸੁਰਜੀਤ ਪਾਤਰ ਦੁਆਰਾ ਨਾਨਕ ਬਾਣੀ ਵਿਚ ਲੋਕਧਾਰਾਈ ਸਮੱਗਰੀ ਦਾ ਰੂਪਾਂਤਰਨ ਅਤੇ ਡਾ. ਮਨਮੋਹਨ ਦੁਆਰਾ ਦਸਮ ਗ੍ਰੰਥ ਵਿਚ ਮਿੱਥ ਰੂਪਾਂਤਰਣ : ਰੂਪ ਤੇ ਅਰਥ ਦਾ ਚਿੰਨ੍ਹ ਵਿਗਿਆਨਕ ਵਿਸ਼ਲੇਸ਼ਣ ਆਦਿ ਮਹੱਤਵ ਦੇ ਧਾਰਨੀ ਹਨ। ਆਧੁਨਿਕ ਸਾਹਿਤਕ ਵਿਧਾਵਾਂ ਵਿਚ ਲੋਕਧਾਰਾਈ ਸਮੱਗਰੀ ਦੀ ਭਰਮਾਰ ਹੋਣ ਕਰਕੇ ਵਿਭਿੰਨ ਦ੍ਰਿਸ਼ਟੀਆਂ ਤੋਂ ਇਨ੍ਹਾਂ ਦਾ ਅਧਿਐਨ ਹੋ ਰਿਹਾ ਹੈ। ਇਨ੍ਹਾਂ ਦ੍ਰਿਸ਼ਟੀਆਂ ਵਿਚੋਂ ਲੋਕਧਾਰਾਈ ਅਧਿਐਨ ਵਿਧੀ ਅਹਿਮ ਵਿਧੀ ਹੈ। ਇਸ ਦ੍ਰਿਸ਼ਟੀ ਨੂੰ ਆਧਾਰ ਬਣਾ ਕੇ ਆਧੁਨਿਕ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ ਜਿਵੇਂ ਨਾਵਲ, ਨਾਟਕ, ਕਹਾਣੀ, ਕਵਿਤਾ ਆਦਿ ਦਾ ਅਧਿਐਨ ਹੋ ਰਿਹਾ ਹੈ। ਲੋਕਧਾਰਾਈ ਦ੍ਰਿਸ਼ਟੀ ਦੇ ਸੰਦਰਭ ਵਿਚ ਵੇਖਿਆ ਜਾਵੇ ਤਾਂ ਇਹ ਪਤਾ ਲੱਗਦਾ ਹੈ ਕਿ ਪੰਜਾਬੀ ਨਾਵਲ ਦਾ ਆਰੰਭ ਸਭਿਆਚਾਰਕ ਸੰਕਟ-ਸਥਿਤੀ ਵਿਚੋਂ ਹੋਇਆ ਹੈ। ਨਾਵਲ ਕਿਉਂਕਿ ਸਾਹਿਤ ਦਾ ਵੱਡੇ ਕੈਨਵੱਸ ਵਾਲਾ ਸਾਹਿਤ ਰੂਪ ਹੈ ਇਸ ਲਈ ਲੋਕਧਾਰਾ ਵੀ ਇਸ ਵਿਚ ਉਸੇ ਅਨੁਪਾਤ ਨਾਲ ਹੁੰਦੀ ਹੈ। ਪਦਾਰਥਵਾਦੀ ਉਦਯੋਗਿਕ ਯੁੱਗ ਵਿਚ ਲੋਕਧਾਰਾ ਦੇ ਪਰੰਪਰਾਗਤ ਜੀਵਨ ਸ਼ੈਲੀ ਤੇ ਲੋਕਧਾਰਾਈ ਵਿਸ਼ਵਾਸਾਂ ਨੂੰ ਢਾਹ ਵੀ ਲੱਗੀ ਹੈ। ਰੇਡੀਓ, ਟੀ.ਵੀ. ਸੂਚਨਾ ਤਕਨਾਲੋਜੀ, ਖਪਤ ਸਭਿਆਚਾਰ ਅਤੇ ਹਾਲੀਵੁੱਡ, ਬਾਲੀਵੁੱਡ ਨੇ ਲੋਕਮਨ ਦੇ ਨਾਇਕ ਦਾ ਰੂਪਾਂਤਰਣ ਵੀ ਕੀਤਾ ਹੈ। ਇਸ ਪ੍ਰਸੰਗ ਵਿੱਚ ਜਸਵੰਤ ਸਿੰਘ ਕੰਵਲ, ਸੁਰਿੰਦਰ ਸਿੰਘ ਨਰੂਲਾ, ਦਲੀਪ ਕੌਰ ਟਿਵਾਣਾ, ਗੁਰਦਿਆਲ ਸਿੰਘ ਵਰਗੇ ਨਾਵਲਕਾਰਾਂ ਦੇ ਨਾਵਲਾਂ ਦਾ ਲੋਕਧਾਰਾਈ ਅਧਿਐਨ ਹੋ ਚੁੱਕਾ ਹੈ।

ਸਾਹਿਤ ਦੀ ਅਹਿਮ ਵਿਧਾ ਕਹਾਣੀ ਉਪਰ ਵੀ ਵੱਡੀ ਮਾਤਰਾ ਵਿਚ ਹੋਇਆ ਖੋਜ-ਕਾਰਜ ਮਿਲਦਾ ਹੈ। ਲੇਖਕ ਕਹਾਣੀ ਵਿਚ ਲੋਕਧਾਰਾਈ ਤੱਤਾਂ ਦੀ ਵਰਤੋਂ ਕਰਦੇ ਹੋਏ ਉਨ੍ਹਾਂ ਦੇ ਪੱਖ ਜਾਂ ਵਿਰੋਧ ਵਿਚ ਨਹੀਂ ਜਾਂਦੇ, ਬਲਕਿ ਉਸ ਵਿਚੋਂ ਕਈ ਨਵੀਆਂ ਸੰਭਾਵਨਾਵਾਂ ਉਜਾਗਰ ਕਰਨ ਦੀ ਸਮਰੱਥਾ ਰੱਖਦੇ ਹਨ। ਪੰਜਾਬੀ ਕਹਾਣੀ ਵਿਚ ਲੋਕਧਾਰਾਈ ਤੱਤਾਂ ਦੀ ਵਰਤੋਂ ਪੁਨਰ ਵਿਆਖਿਆ ਦੀ ਦ੍ਰਿਸ਼ਟੀ ਤੋਂ, ਵਿਅੰਗ ਦੀ ਦ੍ਰਿਸ਼ਟੀ ਤੋਂ ਅਰਥ ਵਿਸਥਾਰ ਅਤੇ ਤ੍ਰਾਸਦ ਸਿਰਜਣ ਲਈ ਕੀਤੀ ਜਾਂਦੀ ਹੈ। ਕਹਾਣੀ ਦੇ ਖੇਤਰ ਵਿਚ ਕਰਤਾਰ ਸਿੰਘ ਦੁੱਗਲ, ਗੁਰਦਿਆਲ ਸਿੰਘ, ਦਲੀਪ ਕੌਰ ਟਿਵਾਣਾ, ਪ੍ਰੇਮ ਪ੍ਰਕਾਸ਼ ਤੇ ਜਸਬੀਰ ਭੁੱਲਰ ਆਦਿ ਵਰਗੇ ਕਹਾਣੀਕਾਰਾਂ ਦੀਆਂ ਕਹਾਣੀ ਦਾ ਲੋਕਧਾਰਾਈ ਅਧਿਐਨ ਹੋਇਆ ਹੈ। ਪੰਜਾਬੀ ਕਹਾਣੀ ਵਿਚ ਲੋਕਧਾਰਾ ਦੀ ਵਰਤੋਂ ਦੇ ਭਿੰਨ-ਭਿੰਨ ਪਾਸਾਰ ਹਨ ਅਤੇ ਇਹ ਲੇਖਕ ਤੇ ਨਿਰਭਰ ਕਰਦਾ ਹੈ ਕਿ ਉਸਨੇ ਲੋਕਧਾਰਾਈ ਤੱਤਾਂ ਦੀ ਵਰਤੋਂ ਕਿਸ ਦ੍ਰਿਸ਼ਟੀ ਤੋਂ ਕੀਤੀ ਹੈ। ਇਸੇ ਤਰ੍ਹਾਂ ਹੀ ਮੱਧਕਾਲੀ ਅਤੇ ਆਧੁਨਿਕ ਪੰਜਾਬੀ

ਕਵਿਤਾ ਵੀ ਲੋਕਧਾਰਾਈ ਅਧਿਐਨ ਵਿਧੀ ਨਾਲ ਅਧਿਐਨ ਦਾ ਆਧਾਰ ਬਣਦੀ ਹੈ।

ਦੂਸਰਾ ਪ੍ਰਮੁੱਖ ਪ੍ਰਵਰਗ ਖੇਤਰੀ ਖੋਜ ਕਾਰਜ ਅਧਾਰਿਤ ਕੀਤੇ ਅਧਿਐਨ ਦਾ ਬਣਦਾ ਹੈ। ਵਰਤਮਾਨ ਸਮੇਂ ਵਿਚ ਲੋਕਧਾਰਾ ਦੇ ਅਧਿਐਨ ਲਈ ਖੇਤਰੀ ਖੋਜ-ਕਾਰਜ ਵਿਧੀ ਸਹਾਈ ਸਿੱਧ ਹੋ ਰਹੀ ਹੈ। ਖੇਤਰੀ ਖੋਜ-ਕਾਰਜ ਨੂੰ ਆਧਾਰ ਬਣਾ ਕੇ ਵੱਖ-ਵੱਖ ਦ੍ਰਿਸ਼ਟੀਆਂ ਤੋਂ ਲੋਕਧਾਰਾ ਦਾ ਅਧਿਐਨ ਹੋ ਰਿਹਾ ਹੈ। ਇਨ੍ਹਾਂ ਦ੍ਰਿਸ਼ਟੀਆਂ ਵਿਚ ਸਮਾਜ ਸਭਿਆਚਾਰਕ ਅਧਿਐਨ, ਸਮਾਜ-ਮਨੋਵਿਗਿਆਨਕ, ਸਮਾਜ-ਸ਼ਾਸਤਰੀ, ਇਤਿਹਾਸਮੂਲਕ ਅਧਿਐਨ, ਸਭਿਆਚਾਰ ਮਾਨਵ-ਵਿਗਿਆਨਕ ਅਧਿਐਨ ਅਤੇ ਲੋਕਧਾਰਾਈ ਅਧਿਐਨ ਆਦਿ ਅਹਿਮ ਹਨ। ਪੰਜਾਬੀ ਦਰਵਾਜ਼ੇ, ਸ਼ਿਲਪਕਲਾ ਦੀ ਵੰਨਗੀ ਮੰਜੇ, ਪੰਜਾਬੀ ਲੋਕ ਕਲਾ ਸੰਦੂਕ, ਪੰਜਾਬੀ ਲੋਕ ਕਲਾ ਫੁਲਕਾਰੀ, ਲੋਕ ਪਹਿਰਾਵਾ, ਡਰਾਈਵਰਾਂ ਦੀ ਲੋਕਧਾਰਾ, ਜਗਰਾਤਾ, ਪੀਰ ਫ਼ਕੀਰਾਂ ਦੀ ਪੂਜਾ, ਲੋਕ ਸ਼ਸਤਰ ਆਦਿ ਸਮੱਗਰੀ ਦਾ ਸਮਾਜ ਸਭਿਆਚਾਰਕ ਦ੍ਰਿਸ਼ਟੀ ਤੋਂ ਅਧਿਐਨ ਹੋ ਚੁੱਕਾ ਹੈ। ਇਸੇ ਤਰ੍ਹਾਂ ਸਮਾਜ-ਮਨੋਵਿਗਿਆਨਕ ਅਧਿਐਨ ਦ੍ਰਿਸ਼ਟੀ ਰਾਹੀਂ ਪੰਜਾਬੀ ਲੋਕ ਖਿਡੌਣਿਆਂ ਅਤੇ ਲੋਕ ਧਰਮ ਦੇ ਅੰਤਰਗਤ ਵਰਤ ਆਦਿ ਦਾ ਅਧਿਐਨ ਵੀ ਹੋਇਆ ਹੈ।

ਪੰਜਾਬੀ ਸਮਾਜ ਦੇ ਮਹੱਤਵਪੂਰਨ ਹਿੱਸੇ ਕਬੀਲਿਆਂ ਦੇ ਜੀਵਨ ਸੰਬੰਧੀ ਵੀ ਇਕਵੀਂ ਸਦੀ ਵਿੱਚ ਅਕਾਦਮਿਕ ਪੱਧਰ 'ਤੇ ਖੋਜ-ਕਾਰਜ ਜ਼ੋਰ ਫੜ੍ਹਦੇ ਹਨ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿੱਚ ਡਾ. ਨਾਹਰ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਡਾ. ਮੋਹਨ ਤਿਆਗੀ ਅਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚੋਂ ਡਾ. ਦਰਿਆ ਦੀ ਨਿਗਰਾਨੀ ਹੇਠ ਵੱਖ-ਵੱਖ ਕਬੀਲਿਆਂ ਜਿਵੇਂ, ਬਾਜ਼ੀਗਰ, ਬੌਰੀਆ, ਮਰਾਸੀ, ਮਾਹਤਮ, ਗੁੱਜ਼ਰ ਆਦਿ ਕਬਲਿਆਂ ਦੀ ਲੋਕਧਾਰਾ ਦੇ ਅਧਿਐਨ ਪ੍ਰਾਪਤ ਹੁੰਦੇ ਹਨ।

ਤੀਸਰਾ ਪ੍ਰਮੁੱਖ ਵਰਗ ਇਕੱਤਰੀਕਰਨ ਲੋਕ ਸਾਹਿਤ ਅਧਿਐਨ ਨਾਲ ਸੰਬੰਧਿਤ ਹੈ। ਪੰਜਾਬੀ ਲੋਕਧਾਰਾਈ ਅਧਿਐਨ ਮੁੱਖ ਤੌਰ 'ਤੇ ਲੋਕ ਸਾਹਿਤ ਦੇ ਅਧਿਐਨ ਉਪਰ ਕੇਂਦਰਿਤ ਰਿਹਾ ਹੈ। ਵਰਤਮਾਨ ਸਮੇਂ ਵਿਚ ਲੋਕ ਸਾਹਿਤ ਦੀ ਸਮੱਗਰੀ ਨੂੰ ਆਧਾਰ ਬਣਾ ਕੇ ਵੱਖ-ਵੱਖ ਦ੍ਰਿਸ਼ਟੀਆਂ ਤੋਂ ਅਧਿਐਨ ਹੋ ਰਿਹਾ ਹੈ। ਇਨ੍ਹਾਂ ਦ੍ਰਿਸ਼ਟੀਆਂ ਵਿਚ ਮਨੋਵਿਸ਼ਲੇਸ਼ਣਾਤਮਕ, ਚਿਹਨ ਵਿਗਿਆਨਕ, ਸਮਾਜ-ਸ਼ਾਸਤਰੀ, ਸਭਿਆਚਾਰਕ ਮਾਨਵ-ਵਿਗਿਆਨਕ, ਸਬਾਲਟਰਨ ਤੇ ਤੁਲਨਾਤਮਕ ਆਦਿ ਪ੍ਰਮੁੱਖ ਹਨ। ਲੋਕ ਸਾਹਿਤ ਦੇ ਪ੍ਰਮੁੱਖ ਪ੍ਰਵਰਗਾਂ ਵਿਚ ਲੋਕ ਗੀਤ, ਲੋਕ ਕਹਾਣੀਆਂ, ਲੋਕ ਗਾਥਾ, ਅਖੌਤਾਂ, ਬੁਝਾਰਤਾਂ ਅਤੇ ਮੁਹਾਵਰੇ ਸ਼ਾਮਿਲ ਹਨ। ਲੋਕ ਸਾਹਿਤ ਦੇ ਅੰਤਰਗਤ ਲੋਕ ਕਾਵਿ ਦਾ ਅਧਿਐਨ ਲੋਕ ਬਿਰਤਾਂਤ ਦੇ ਮੁਕਾਬਲੇ ਵਧੇਰੇ ਮਾਤਰਾ ਵਿਚ ਹੋਇਆ ਹੈ। ਸਮੁੱਚੇ ਲੋਕ-ਕਾਵਿ ਰੂਪਾਂ ਨੂੰ ਲੈ ਕੇ ਸਮਾਜ ਸ਼ਾਸਤਰੀ ਅਤੇ ਤੁਲਨਾਤਮਕ ਦ੍ਰਿਸ਼ਟੀ ਤੋਂ ਅਧਿਐਨ ਹੋਇਆ ਮਿਲਦਾ ਹੈ।

ਲੋਕ-ਕਾਵਿ ਦੇ ਅੰਤਰਗਤ ਲੋਕ-ਗੀਤਾਂ ਉਪਰ ਵਧੇਰੇ ਖੋਜ-ਕਾਰਜ ਹੋਇਆ ਹੈ। ਲੋਕ ਗੀਤਾਂ ਉਪਰ ਪੰਜਾਬੀ ਲੋਕ ਗੀਤਾਂ ਵਿਚ ਰਿਸ਼ਤਾ-ਨਾਤਾ ਪ੍ਰਣਾਲੀ, ਮਲਵਈ ਲੋਕ ਗੀਤਾਂ ਦਾ ਚਿਹਨ ਵਿਗਿਆਨਕ ਅਧਿਐਨ, ਪੰਜਾਬੀ ਲੋਕ ਗੀਤਾਂ ਦਾ ਸਮਾਜ ਮਨੋਵਿਗਿਆਨਕ ਅਧਿਐਨ, ਪੰਜਾਬੀ ਲੋਕ ਗੀਤਾਂ ਦਾ ਸਮਾਜ-ਸ਼ਾਸਤਰੀ ਪਰਿਪੇਖ, ਪੰਜਾਬੀ ਦੇ ਲੋਕ ਗੀਤਾਂ ਅਤੇ ਪ੍ਰਚਲਿਤ ਗੀਤਾਂ ਦਾ ਤੁਲਨਾਤਮਕ ਅਧਿਐਨ, ਮਾਝੇ ਅਤੇ ਮਾਲਵੇ ਦੇ ਲੋਕ ਗੀਤਾਂ ਦਾ ਤੁਲਨਾਤਮਕ

ਅਧਿਐਨ, ਮਾਝੇ ਦੇ ਲੋਕ ਗੀਤਾਂ ਦਾ ਸਬਾਲਟਰਨ ਦੇ ਸੰਦਰਭ ਵਿਚ ਅਧਿਐਨ ਆਦਿ ਪ੍ਰਮੁੱਖ ਖੋਜ-ਕਾਰਜ ਹੋਏ ਹਨ। ਲੋਕ-ਕਾਵਿ ਦੀ ਵੰਨਗੀ ਬੁਝਾਰਤ ਦਾ ਮਨੋਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਤੋਂ ਅਧਿਐਨ ਹੋਇਆ ਹੈ। ਜਿਸ ਵਿਚ ਮਨੋਵਿਸ਼ੇਲਸ਼ਣ ਵਿਧੀ ਨਾਲ ਮਨੁੱਖੀ ਵਿਹਾਰ ਦੇ ਗੁੰਝਲਦਾਰ ਵਰਤਾਰੇ ਦੇ ਅਨੇਕ ਛਿਪੇ ਪੱਖਾਂ ਦਾ ਵਿਗਿਆਨਕ ਢੰਗ ਨਾਲ ਅਧਿਐਨ ਕੀਤਾ ਹੈ।

ਉਪਰੋਕਤ ਵਿਚਾਰ ਚਰਚਾ ਤੋਂ ਬਾਅਦ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਲੋਕਧਾਰਾ ਚਿੰਤਨ ਅੰਗਰੇਜ਼ਾਂ ਦੁਆਰਾ ਸ਼ੁਰੂਆਤ ਕਰਨ ਤੋਂ ਬਾਅਦ ਵਿਭਿੰਨ ਪੜਾਵਾਂ ਵਿੱਚੋਂ ਸਫ਼ਰ ਕਰਦਾ ਹੋਇਆ ਵਰਤਮਾਨ ਸਮੇਂ ਵਿਗਿਆਨਕ ਲੀਹਾਂ ਨੂੰ ਅਪਣਾ ਰਿਹਾ ਹੈ। ਪੰਜਾਬੀ ਲੋਕਧਾਰਾ ਚਿੰਤਨ ਦੇ ਅੰਤਰਗਤ ਜ਼ਿਆਦਾਤਰ ਕਾਰਜ ਲੋਕਧਾਰਾਈ ਸਮੱਗਰੀ ਦੇ ਇਕੱਤਰੀਕਰਨ ਤੇ ਹੀ ਕੇਂਦਰਿਤ ਰਿਹਾ ਹੈ, ਪਰੰਤੂ ਵੀਹਵੀਂ ਸਦੀ ਦੇ ਅੰਤ ਅਤੇ ਇਕਵੀਂ ਸਦੀ ਦੇ ਸ਼ੁਰੂ ਵਿੱਚ ਇਸ ਚਿੰਤਨ ਨੇ ਅਕਾਦਮਿਕ ਰੂਪ ਅਖ਼ਤਿਆਰ ਕਰਕੇ ਪੱਛਮੀ ਅਧਿਐਨ ਵਿਧੀਆਂ ਨੂੰ ਪੰਜਾਬੀ ਲੋਕਧਾਰਾ ਸਮਝਣ ਲਈ ਇਸਤੇਮਾਲ ਕੀਤਾ ਹੈ। ਵਰਤਮਾਨ ਸਮੇਂ ਪੰਜਾਬੀ ਲੋਕਧਾਰਾ ਦਾ ਅਧਿਐਨ ਯੂਨੀਵਰਸਿਟੀਆਂ ਦੇ ਕੁਝ ਵਿਭਾਗਾਂ ਤੱਕ ਹੀ ਸੀਮਤ ਹੁੰਦਾ ਦਿਖਾਈ ਦੇ ਰਿਹਾ ਹੈ।

## ਹਵਾਲੇ ਅਤੇ ਟਿੱਪਣੀਆਂ


1. Richard M. Dorson (edit). Peasant Customs and savage Myths, (Vol. 1.) Routledge and Kegan Pual, London, 1968. P.231.

Y.M. Sokolov, Russian Folklore, Wildside Press, U.S.A., 1950 P-7

Archer Taylor, Folklore and the student of Literature. Study of Folk-lore. P. 34.

Dictionary of folklore, Mythology and Legends P-401-02

# ਸਮਕਾਲ ਵਿਚ ਪੱਤਰਕਾਰੀ

–ਸੁਕੀਰਤ

ਪੱਤਰਕਾਰੀ ਦਾ ਕਸਬ ਓਨਾ ਹੀ ਪੁਰਾਣਾ ਹੈ ਜਿੰਨੀ ਮਨੁਖ ਵਿਚ ਆਪਣੇ ਚੌਗਿਰਦੇ ਵਿਚ ਹੋ ਵਾਪਰ ਰਹੇ ਬਾਰੇ ਜਾਨਣ ਦੀ ਜਿਗਿਆਸਾ। ਇਕ ਥਾਂ ਤੋਂ ਦੂਜੀ ਥਾਂ ਦੀ ਖਬਰ ਜੇ ਸਦੀਆਂ ਬੱਧੀ ਮੌਖਿਕ ਰੂਪ ਵਿਚ ਲੋਕਾਈ ਤਕ ਪੁਜਦੀ ਰਹੀ ਤਾਂ ਇਸਨੂੰ ਬਝਵੇਂ ਢੰਗ ਨਾਲ ਪੇਸ਼ ਕਰਨ ਦੀ ਪਿਰਤ ਉਦੋਂ ਪਈ ਜਦੋਂ ਪਹਿਲੋਂ ਕਾਗਜ਼, ਤੇ ਮਗਰੋਂ ਛਾਪੇਖਾਨੇ ਈਜਾਦ ਹੋਏ। ਕਾਗਜ਼ ਦੀ ਵਰਤੋਂ ਰਾਹੀਂ ਜਾਣਕਾਰੀ ਨੂੰ ਦੂਰ–ਨੇੜੇ ਤੀਕ ਪੁਜਦਿਆਂ ਕਰਨ ਦਾ ਲੰਮਾ ਇਤਿਹਾਸ ਹੈ। ਤਕਰੀਬਨ ਇਹ ਹਜ਼ਾਰ ਸਾਲ ਤੀਕ ਅਖਬਾਰ (ਇਸ ਸ਼ਬਦ ਦੀ ਜੜ੍ਹ ਵਿਚ ਖਬਰ ਹੈ) ਹੀ ਪੱਤਰਕਾਰੀ (ਇਸ ਸ਼ਬਦ ਦੀ ਜੜ੍ਹ ਵਿਚ ਪੱਤਰਾ ਜਾਂ ਕਾਗਜ਼ ਮੌਜੂਦ ਹੈ) ਦਾ ਸਾਧਨ ਬਣੇ ਰਹੇ।

ਪਰ ਵੀਹਵੀਂ ਸਦੀ ਦੇ ਮੁਢ ਤੋਂ, ਵਿਗਿਆਨ ਦੀਆਂ ਨਵੀਆਂ ਕਾਢਾਂ ਨਾਲ ਪੱਤਰਕਾਰੀ ਨੂੰ ਪਹਿਲੋਂ ਰੇਡੀਓ ਅਤੇ ਪਿਛੋਂ ਜਾ ਕੇ ਟੈਲੀਵੀਯਨ ਵਰਗੇ ਨਵੇਂ ਸਾਧਨ ਮਿਲੇ। ਅਤੇ ਇੱਕੀਵੀ ਸਦੀ ਵਿਚ, ਇੰਟਰਨੈਟ ਦੀ ਆਮਦ ਨਾਲ ਪੱਤਰਕਾਰੀ ਵਿਚ ਤਕਨੀਕੀ ਇਨਕਲਾਬ ਹੀ ਆ ਗਿਆ ਹੈ। ਨਾ ਸਿਰਫ਼ ਨਵੀਂ ਡਿਜੀਟਲ ਤਕਨਾਲੋਜੀ ਨਾਲ ਖਬਰਾਂ/ ਤਸਵੀਰਾਂ ਨੂੰ ਅਖ ਝਪਕਣ ਲਈ ਲੋੜੀਂਦੇ ਸਮੇਂ ਵਿਚ ਹੀ ਇਕ ਥਾਂ ਤੋਂ ਤੋਂ ਦੂਜੀ ਥਾਂ ਨਿਜੀ ਫੋਨਾਂ/ ਸਕ੍ਰੀਨਾਂ ਰਾਹੀਂ ਪੁਚਾਇਆ ਜਾ ਸਕਣ ਲੱਗਾ, ਸਗੋਂ ਰਵਾਇਤੀ ਅਖਬਾਰੀ ਪੱਤਰਕਾਰੀ ਵਿਚ ਵੀ ਇਹ ਕਾਢਾਂ ਮੂਲ ਤਬਦੀਲੀਆਂ ਲਿਆ ਰਹੀਆਂ ਹਨ। ਸਾਡੇ ਸਮਿਆਂ ਵਿਚ ਖਬਰ ਪੁਚਾਉਣ ਦੇ ਏਨੇ ਸਾਰੇ ਸਾਧਨਾਂ ਦੇ ਹੋਂਦ ਵਿਚ ਆ ਜਾਣ ਨਾਲ ਮੀਡੀਆ ( ਜਾਂ ਮਾਧਿਅਮ/ਜ਼ਰੀਆ) ਸ਼ਬਦ ਆਮ ਵਰਤਿਆ ਜਾਣ ਲਗ ਪਿਆ ਹੈ। ਮੋਟੇ ਤੌਰ ਤੇ ਇਸ ਸਮੇਂ ਖਬਰਾਂ ਦਾ ਸੰਚਾਰ ਅਤੇ ਵਿਸ਼ਲੇਸ਼ਣ ( ਯਾਨੀ ਪੱਤਰਕਾਰੀ) ਇਨ੍ਹਾਂ ਚਾਰ ਮਾਧਿਅਮਾਂ ਰਾਹੀਂ ਹੋ ਰਹੀ ਹੈ: ਛਪਦਾ ( ਪ੍ਰਿੰਟ) ਮੀਡੀਆ, ਰੇਡੀਓ, ਟੈਲੀਵੀਯਨ ਤੇ ਅਸਲੋਂ ਇਸ ਸਦੀ ਦੀ ਪੈਦਾਵਾਰ, ਡਿਜੀਟਲ ਮੀਡੀਆ। ਭਾਂਵੇਂ ਇਨ੍ਹਾਂ ਸਾਰੇ ਮਾਧਿਅਮਾਂ ਦੀਆਂ ਆਪੋ ਆਪਣੀਆਂ ਖਾਸੀਅਤਾਂ ਹਨ, ਅਤੇ ਆਪੋ ਆਪਣਾ ਘਟਦਾ–ਵਧਦਾ ਪਰਭਾਵ ਹੈ, ਸਮਕਾਲ ਵਿਚ ਪੱਤਰਕਾਰੀ ਨੂੰ ਦਰਪੇਸ਼ ਸਮੱਸਿਆਵਾਂ, ਉਸਦੀਆਂ ਚੁਣੌਤੀਆਂ ਨੂੰ ਸਮਝਣ ਲਈ ਇਨ੍ਹਾਂ ਸਾਰੇ ਮਾਧਿਅਮਾਂ ਲਈ ਸਾਂਝਾ ਵਰਤਿਆ ਜਾਂਦਾ ਸ਼ਬਦ 'ਮੀਡੀਆ' ਵਧੇਰੇ ਕਾਰਗਰ ਹੈ।

ਪੱਤਰਕਾਰੀ ਆਪਣੇ ਮੁਢਲੇ ਦਿਨਾਂ ਤੋਂ ਹੀ ਦੋ ਕਿਸਮ ਦੀ ਰਹੀ ਹੈ: ਨਿਜੀ ਮਲਕੀਅਤ ਹੇਠ ਜਾਂ ਸਰਕਾਰੀ ਨਿਗਰਾਨੀ ਅਤੇ ਮਾਲਕੀ ਤਹਿਤ। ਭਾਂਵੇਂ ਅਸਿਧੇ ਤੌਰ ਉਤੇ ਨਿਜੀ ਮਲਕੀਅਤ ਵਾਲੇ ਮੀਡੀਏ ਉਤੇ ਵੀ ਸਰਕਾਰ ਦੀ ਘਟ ਜਾਂ ਵਧ ਦਖਲਅੰਦਾਜ਼ੀ ਹਮੇਸ਼ਾ ਰਹਿੰਦੀ ਹੈ। ਇਕ ਤਾਂ ਸਰਕਾਰ ਵੱਲੋਂ ਮੀਡੀਆ ਲਈ ਤੈਅ ਕੀਤੀਆਂ ਹਦਾਂ ਰਾਹੀਂ ਅਤੇ ਦੂਜੇ ਸਰਕਾਰੀ ਇਸ਼ਤਿਹਾਰੀ ਆਮਦਨ ਦੇ ਵਸੀਲਿਆਂ ਨੂੰ ਵਧਾ ਜਾਂ ਘਟਾ ਕੇ ਮੀਡੀਆ ਉਤੇ ਦਬਾਅ ਪਾਉਣ ਦੇ ਤਰੀਕਿਆਂ ਰਾਹੀਂ। ਜੇ ਨਿਜੀ ਮਾਲਕੀ ਹੇਠਲੇ ਮੀਡੀਏ ਦਾ ਟੀਚਾ ਵਧ ਤੋਂ ਵਧ ਮੁਨਾਫ਼ਾ ਕਮਾਉਣਾ ਹੈ ਤਾਂ ਸਰਕਾਰ ਦਾ ਮੰਤਵ ਆਪਣੇ ਦਬਦਬੇ ਅਤੇ ਵਿਚਾਰਧਾਰਾ ਨੂੰ ਵਧ ਤੋਂ ਵਧ ਕਾਇਮ ਰਖਣਾ ਅਤੇ ਫੈਲਾਉਣਾ ਹੈ। ਏਸੇ ਕਾਰਨ ਇਨ੍ਹਾਂ ਦੋ ਹਦਬੰਦੀਆਂ ਵਿਚਕਾਰ ਝੂਲਦਾ ਮੀਡੀਆ ਪੂਰੀ ਤਰ੍ਹਾਂ

ਸੁਤੰਤਰ ਕਦੇ ਵੀ ਨਹੀਂ ਹੁੰਦਾ, ਸਰਕਾਰੀ ਜਾਂ ਨਿਜੀ ਮਾਲਕੀ ਦੇ ਜ਼ਾਬਤਿਆਂ ਅੰਦਰ ਰਹਿ ਕੇ ਹੀ ਕੰਮ ਕਰਦਾ ਹੈ।

ਹੁਣ ਦੇਖਦੇ ਹਾਂ ਕਿ ਸਮਕਾਲ ਵਿਚ ਮੀਡੀਏ ਵਿਚ ਕੀ ਤਬਦੀਲੀਆਂ ਆਈਆਂ ਹਨ ਅਤੇ ਇਸਨੂੰ ਕਿਨ੍ਹਾਂ ਜ਼ਾਬਤਿਆਂ ਅਤੇ ਕਿਸ ਕਿਸਮ ਦੀਆਂ ਨਵੀਆਂ ਸਮੱਸਿਆਵਾਂ ਨਾਲ ਸਿੱਝਣਾ ਪੈ ਰਿਹਾ ਹੈ ।

ਰਵਾਇਤੀ ਪੱਤਰਕਾਰੀ ਯਾਨੀ ਛਪਣ ਵਾਲੇ ਮੀਡੀਏ : ਅਖਬਾਰਾਂ, ਰਿਸਾਲਿਆਂ ਆਦਿ ਦੀ ਕੁਲ ਗਿਣਤੀ ਭਾਂਵੇਂ ਨਾ ਵੀ ਘਟੀ ਹੋਵੇ, ਪਿਛਲੇ ਕੁਝ ਸਾਲਾਂ ਵਿਚ ਇਨ੍ਹਾਂ ਦੀ ਵੁਕਤ ਅਤੇ ਅਸ਼ਾਇਤ ਤੇਜ਼ੀ ਨਾਲ ਘਟੇ ਹਨ। ਇਸਦਾ ਮੁਖ ਕਾਰਨ ਡਿਜੀਟਲ ਮੀਡੀਏ ਦਾ ਤੇਜ਼ੀ ਨਾਲ ਹੋਇਆ ਪਸਾਰ ਹੈ। ਜੇ ਵੀਹਵੀਂ ਸਦੀ ਵਿਚ ਅਖਬਾਰਾਂ ਨੂੰ ਰੇਡੀਓ ਅਤੇ ਟੈਲੀਵੀਯਨ ਵਰਗੀਆਂ ਈਜਾਦਾਂ ਨਾਲ ਆਪਣਾ ਖੇਤਰ ਵੰਡਾਉਣਾ ਪਿਆ ਤਾਂ ਪਿਛਲੇ ਵੀਹ ਸਾਲਾਂ ਵਿਚ ਇੰਟਰਨੈਟ ਦੇ ਇਨਕਲਾਬੀ ਫੈਲਾਅ ਕਾਰਨ ਛਪਣ ਮੀਡੀਏ ਦਾ ਪਰਭਾਵ-ਖੇਤਰ ਅਤੇ ਪਹੁੰਚ ਤੇਜ਼ੀ ਨਾਲ ਸੁੰਗੜੇ ਹਨ।

ਨਵੀਂਆਂ ਤਕਨੀਕਾਂ ਨੇ ਇਹ ਸੰਭਵ ਕਰ ਦਿਤਾ ਹੈ ਕਿ ਖਬਰ ਦੀ ਜਾਣਕਾਰੀ ਲਈ ਨਾ ਅਗਲੀ ਸਵੇਰ ਦਾ ਇੰਤਜ਼ਾਰ ਕਰਨਾ ਪੈਂਦਾ ਹੈ ਤੇ ਨਾ ਹੀ ਕਿਸੇ ਰੇਡੀਓ ਜਾਂ ਟੈਲੀਵਿਯਨ ਦੇ ਖਬਰਨਾਮੇ ਦੇ ਮਿੱਥੇ ਸਮੇਂ ਦਾ। ਚੰਗੇ ਮੋਬਾਈਲ ਫੋਨ ਅਤੇ ਇੰਟਰਨੈਟ ਦੀ ਸਹੂਲਤ ਨਾਲ ਲੈਸ ਕੋਈ ਵੀ ਜਣਾ ਪਤਰਕਾਰ ਦਾ ਬਾਣਾ ਪਹਿਨ ਕੇ ਆਪਣੇ ਸਾਹਮਣੇ ਹੋਈ ਵਾਪਰੀ ਨੂੰ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਬੈਠੇ ਪਾਠਕ/ਦਰਸ਼ਕ ਨਾਲ ਫੌਰਨ ਸਾਂਝਿਆਂ ਕਰ ਸਕਦਾ ਹੈ। ਇਸ ਤੱਥ ਨੇ ਮੀਡੀਏ ਵਿਚ ਇਕ ਹੋਰ ਕਿਸਮ ਦੀ ਤਕਸੀਮ ਨੂੰ ਜਨਮ ਦਿਤਾ ਹੈ: ਹੁਣ ਮੋਟੇ ਤੌਰ ਤੇ ਮੀਡੀਏ ਨੂੰ ਮੁਖ ਧਾਰਾ ਅਤੇ ਸਮਾਜਕ (ਸੋਸ਼ਲ) ਮੀਡੀਏ ਵਿਚ ਵੀ ਵੰਡਿਆ ਜਾ ਸਕਦਾ ਹੈ। ਤਕਨੀਕੀ ਸਾਧਨਾਂ ਦੇ ਸਸਤੇ ਹੋ ਜਾਣ, ਅਤੇ ਉਨ੍ਹਾਂ ਦੀ ਵਰਤੋਂ ਵੀ ਹੌਲੇ ਹੌਲੇ ਸੌਖੇਰੀ ਹੋ ਜਾਣ ਕਾਰਨ ਇਕ ਨਵੀਂ ਕਿਸਮ ਦੇ ਸਵੈ-ਨਿਰਭਰ 'ਪੱਤਰਕਾਰਾਂ' ਦੀ ਆਮਦ ਹੋਈ ਹੈ ਜਿਸ ਨਾਲ ਸੋਸ਼ਲ ਜਾਂ ਸਮਾਜਕ ਮੀਡੀਆ ਦਾ ਜਨਮ ਹੋਇਆ ਹੈ। ਹੁਣ ਲਿਖਣ ਦੀ ਥੋੜੀ ਬਹੁਤ ਵੀ ਮੁਹਾਰਤ ਰਖਣ ਵਾਲਾ, ਅਤੇ ਸਮਾਰਟ ਫੋਨ ਵਰਗੇ ਸਰਲ ਤਕਨੀਕੀ ਸਾਧਨ ਵਰਤ ਸਕਣ ਵਾਲਾ ਹਰ ਜਣਾ ਖਬਰ ਬਣਾ ਵੀ ਸਕਦਾ ਹੈ, ਵਾਪਰੇ ਨੂੰ ਕੈਮਰੇ ਜਾਂ ਵੀਡੀਓ ਵਿਚ ਕੈਦ ਵੀ ਕਰ ਸਕਦਾ ਹੈ ਅਤੇ ਫੇਸਬੁਕ, ਟਵਿਟਰ ਜਾਂ ਨਿਜੀ ਬਲੌਗ ਰਾਹੀਂ ਉਸਨੂੰ ਦੂਰ ਦੂਰ ਤਕ ਨਸ਼ਰ ਵੀ ਕਰ ਸਕਦਾ ਹੈ। ਇੰਟਰਨੈਟ ਦੀ ਆਮਦ ਨੇ ਨਾ ਸਮੇਂ ਦੀਆਂ ਸੀਮਾਵਾਂ ਰਹਿਣ ਦਿਤੀਆਂ ਹਨ, ਨਾ ਜੁਗਰਾਫ਼ੀਏ ਦੀਆਂ ਵਲਗਣਾਂ। ਕਿਸੇ ਦੁਰੇਡਲੇ ਪਿੰਡ ਵਿਚ ਵਾਪਰੀ ਨਿਕੀ ਜਿਹੀ ਘਟਨਾ ਵੀ ਮਿਨਟਾਂ ਵਿਚ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਬੈਠੇ ਪਾਠਕ ਜਾਂ ਵਾਚਕ ਤਕ ਪਹੁੰਚ ਜਾਂਦੀ ਹੈ।

ਇੰਟਰਨੈਟ ਦੀ ਵਰਤੋਂ ਵਿਚ ਮੁਹਾਰਤ ਰਖਣ ਵਾਲੀਆਂ ਅਗਲੇਰੀਆਂ ਪੀੜ੍ਹੀਆਂ ਇਸ ਕਿਸਮ ਦੇ ਡਿਜੀਟਲ ਮੀਡੀਏ ਦੀ ਵਰਤੋਂ ਮੁਖ-ਧਾਰਾ ਦੇ ਮੀਡੀਏ ਨਾਲੋਂ ਕਿਤੇ ਵਧ ਕਰਦੀਆਂ ਹਨ। ਵਧੀਆ ਫੋਨ ਨਾਲ ਲੈਸ ਹੋਣ ਦਾ ਅਰਥ ਸਮੁਚੇ ਮੀਡੀਏ ਨੂੰ ਹਰ ਵੇਲੇ, ਹਰ ਥਾਂ ਆਪਣੇ ਬੋਝੇ ਵਿਚ ਲੈ ਕੇ ਤੁਰਨ ਦੇ ਬਰਾਬਰ ਹੈ। ਨਾ ਸਿਰਫ਼ ਤੁਸੀ ਕਿਸੇ ਵੀ ਵੇਲੇ ਲੋੜੀਂਦੇ ਜਾਂ ਆਪਣੀ ਪਸੰਦ ਦੇ ਮੀਡੀਏ ( ਅਖਬਾਰ, ਬਲੌਗ, ਟਵਿਟਰ ਆਦਿ) ਉਤੇ ਨਜ਼ਰ ਮਾਰ ਸਕਦੇ ਹੋ, ਬਲਕਿ

ਇਹ ਪਹੁੰਚ ਤਕਰੀਬਨ ਮੁਫਤ ਹੀ ਹੈ। ਇਸ ਤਬਦੀਲੀ ਨੂੰ ਦੇਖਦੇ ਹੋਏ ਰਵਾਇਤੀ ਅਖਬਾਰ ਅਤੇ ਟੀਵੀ ਚੈਨਲ ਵੀ ਆਪਣੇ ਵੈਬ-ਐਡੀਸ਼ਨ ਕਢਣ ਲਈ ਮਜਬੂਰ ਹੋਏ ਹਨ। ਬਹੁਤ ਸਾਰੇ ਖਬਰ-ਵਿਸ਼ਲੇਸ਼ਕੀ ਰਿਸਾਲੇ ( ਮਿਸਾਲ ਦੇ ਤੌਰ ਤੇ ਅਮਰੀਕਾ ਦਾ 'ਨਿਊਜ਼ਵੀਕ') ਤਾਂ ਹੁਣ ਛਪਦੇ ਹੀ ਨਹੀਂ, ਉਨ੍ਹਾਂ ਦੇ ਸਿਰਫ਼ ਵੈਬ ਐਡੀਸ਼ਨ ਹੀ ਮੌਜੂਦ ਹਨ। ਵਿਕਸਤ ਦੇਸਾਂ ਵਿਚ ਕਈ ਅਖਬਾਰਾਂ ਦੀ ਵੈਬ-ਅਸ਼ਾਇਤ ਉਨ੍ਹਾਂ ਦੀਆਂ ਛਪਣ ਵਾਲੀਆਂ ਐਡੀਸ਼ਨਾਂ ਤੋਂ ਅੱਗੇ ਲੰਘ ਗਈ ਹੈ, ਅਤੇ ਭਾਰਤ ਵਿਚ ਵੀ ਇਹ ਝੁਕਾਅ ਤੇਜ਼ੀ ਨਾਲ ਫੈਲ ਰਿਹਾ ਹੈ।

ਛਪਣ ਮੀਡੀਆ ਦੇ ਇਸ 'ਵੈਬੀਕਰਣ' ਦੇ ਕਈ ਪਹਿਲੂ ਹਨ, ਜੋ ਸਿਰਫ਼ ਵਿਚਾਰਨ ਯੋਗ ਹੀ ਨਹੀਂ, ਉਸ ਵਿਚ ਸਿਫ਼ਤੀ ਤਬਦੀਲੀਆਂ ਲਿਆਣ ਦਾ ਕਾਰਨ ਵੀ ਬਣ ਰਹੇ ਹਨ। ਅਜੇ ਤੀਕ ਵੈਬ ਰਾਹੀਂ ਪਰਚਿਆਂ (ਜਾਂ ਖਬਰਾਂ) ਤਕ ਪਹੁੰਚ ਤਕਰੀਬਨ ਮੁਫ਼ਤ ਹੈ। ਬਹੁਤ ਘਟ ਅਖਬਾਰਾਂ ਹਨ ਜਿਨ੍ਹਾਂ ਨੂੰ ਨੈਟ ਉਤੇ ਪੜ੍ਹਨ ਲਈ ਚੰਦਾ ਤਾਰਨਾ ਪੈਂਦਾ ਹੈ। ਇਸ ਕਾਰਨ ਅਖਬਾਰਾਂ ਦੀ ਅਸ਼ਾਇਤ ਸਾਰੀ ਦੁਨੀਆ ਵਿਚ ਘਟੀ ਹੈ, ਅਤੇ ਜ਼ਾਹਰੀ ਤੌਰ 'ਤੇ ਇਸ ਨਾਲ ਜੁੜੀ ਇਸ਼ਤਿਹਾਰੀ ਆਮਦਨ ਵੀ।ਇਕੱਲੇ ਬਰਤਾਨੀਆ ਵਿਚ 2005 ਤੋਂ ਲੈ ਕੇ ਹੁਣ ਤਕ 200 ਤੋਂ ਵਧ ਅਖਬਾਰਾਂ ਬੰਦ ਹੋਈਆਂ ਹਨ। ਜਿਹੜੀਆਂ ਛਪ ਰਹੀਆਂ ਹਨ, ਉਨ੍ਹਾਂ ਅੰਦਰ ਵੀ ਕੰਮ ਕਰਨ ਵਾਲੇ ਪੱਤਰਕਾਰਾਂ ਦੀ ਗਿਣਤੀ ਅੱਧੀ ਰਹਿ ਗਈ ਹੈ। ਨਾ ਸਿਰਫ਼ ਘਟਦੀ ਆਮਦਨ ਕਾਰਨ ਅਖਬਾਰਾਂ ਏਨੇ ਲੋਕਾਂ ਨੂੰ ਪੱਕੀ ਨੌਕਰੀ ਉਤੇ ਰਖਣ ਤੋਂ ਅਸਮਰਥਾ ਜ਼ਾਹਰ ਕਰਦੀਆਂ ਹਨ, ਬਲਕਿ ਹੁਣ ਕੁਝ-ਵਕਤੀ ਪਤਰ-ਪ੍ਰੇਰਕਾਂ ਉਤੇ ਵੀ ਬਹੁਤਾ ਨਿਰਭਰ ਕਰਨ ਲਗ ਪਈਆਂ ਹਨ ਜਿਨ੍ਹਾਂ ਨੂੰ ਆਪਣੇ ਇਲਾਕੇ ਤੋਂ ਖਬਰ ਭੇਜਣ ਲਈ ਕਿਸੇ ਦਫ਼ਤਰ ਦੀ ਥਾਂ ਸਿਰਫ਼ ਚੰਗੇ ਕੈਮਰੇ ਨਾਲ ਲੈਸ ਸਿਰਫ਼ ਇਕ ਸਮਾਰਟ ਫੋਨ ਦੀ ਹੀ ਲੋੜ ਹੁੰਦੀ ਹੈ।

ਸਦੀਆਂ ਤੋਂ ਛਪਣ ਮੀਡੀਆ ਹੀ ਹੁਣੇ ਵਾਪਰੀਆਂ ਘਟਨਾਵਾਂ, ਉਨ੍ਹਾਂ ਬਾਰੇ ਵਿਸਤ੍ਰਤ ਜਾਣਕਾਰੀ ਦੇਣ ਅਤੇ ਰਾਜਸੀ ਵਿਸ਼ਲੇਸ਼ਣ ਦਾ ਸਰੋਤ ਰਿਹਾ ਹੈ। ਪਰ ਪਿਛਲੇ ਦੋ ਦਹਾਕਿਆਂ ਵਿਚ ਆਏ ਇਸ 'ਡਿਜੀਟਲ ਇਨਕਲਾਬ' ਨੇ ਰਵਾਇਤੀ ਪੱਤਰਕਾਰੀ ਦੀ ਭੂਮਿਕਾ ਅਤੇ ਹੋਂਦ ਬਾਰੇ ਗੰਭੀਰ ਸਵਾਲ ਖੜੇ ਕਰ ਦਿਤੇ ਹਨ।

ਸਭ ਤੋਂ ਪਹਿਲਾਂ ਆਰਥਕ ਪਹਿਲੂ ਵਲ ਝਾਤ ਮਾਰੀਏ। ਅਖਬਾਰਾਂ (ਅਤੇ ਪਿਛੋਂ ਜਾ ਕੇ ਗੈਰ-ਸਰਕਾਰੀ ਟੈਲੀਵੀਯਨ ਚੈਨਲ ਵੀ) ਆਪਣੀ ਹੋਂਦ ਲਈ ਹਮੇਸ਼ਾ ਇਸ਼ਤਿਹਾਰਾਂ ਅਤੇ ਪਾਠਕਾਂ ਦੀ ਗਿਣਤੀ , ਯਾਨੀ ਚੰਦਿਆਂ ਉਤੇ ਨਿਰਭਰ ਰਹੇ ਹਨ। ਹੌਲੀ ਹੌਲੀ ਕੁਲ ਆਮਦਨ ਵਿਚ ਚੰਦਿਆਂ ਦੀ ਭੂਮਿਕਾ ਘਟਦੀ ਗਈ ਅਤੇ ਇਸ਼ਤਿਹਾਰੀ ਆਮਦਨ ਪਰਧਾਨ ਹੋ ਗਈ। ਇਸ ਸਮੇਂ ਬਹੁਤੇ ਅਖਬਾਰਾਂ ਦੀ ਆਮਦਨ ਦਾ ਤਕਰੀਬਨ ਸੌ ਫ਼ੀਸਦੀ ਸਰੋਤ ਇਸ਼ਤਿਹਾਰ ਹੀ ਹਨ। ਚੰਦੇ ਤਾਂ ਮਸਾਂ ਛਪਾਈ ਅਤੇ ਕਾਗਜ਼ ਦਾ ਖਰਚ ਹੀ ਕੱਢਦੇ ਹਨ , ਅਤੇ ਬਹੁਤੀ ਵਾਰ ਉਹ ਵੀ ਨਹੀਂ ਕੱਢ ਸਕਦੇ। ਇੰਟਰਨੈਟ ਉਤੇ ਮੁਫ਼ਤ ਖਬਰਾਂ ਪੜ੍ਹ ਸਕਣ ਦੇ ਇਸ ਦੌਰ ਵਿਚ ਪਾਠਕ ਤਾਂ ਘਟੇ ਹੀ ਹਨ, ਜਿਹੜੇ ਬਚੇ ਵੀ ਹਨ ਉਹ ਚੰਦਿਆਂ ਵਿਚ ਵਾਧੇ ਤੋਂ ਕੰਨੀ ਕਤਰਾਉਂਦੇ ਹਨ। ਦੂਜੇ ਸ਼ਬਦਾਂ ਵਿਚ ਅਖਬਾਰਾਂ ਦੀ ਇਸ਼ਤਿਹਾਰੀ ਆਮਦਨ ਉਨ੍ਹਾਂ ਦੇ ਪਾਠਕਾਂ ਨੂੰ ਵੀ 'ਸਬਸਿਡੀ' ਦੁਆਂਦੀ ਹੈ, ਜਾਂ ਕਹਿ ਲਵੋ ਚੰਦਿਆਂ ਨੂੰ ਵਧਣ ਤੋਂ ਰੋਕਣ ਵਿਚ ਸਹਾਈ ਹੁੰਦੀ ਹੈ। ਪਰ ਇਸਦਾ ਦੂਜਾ ਪਹਿਲੂ ਇਹ ਵੀ ਹੈ ਕਿ ਇਸ਼ਤਿਹਾਰ ਵੀ ਓਸੇ ਅਖਬਾਰ ਨੂੰ ਮਿਲਦੇ ਹਨ ਜਿਸਦੀ ਅਸ਼ਾਇਤ ਵਧ ਹੋਵੇ। ਘਟਦੇ ਪਾਠਕਾਂ ਦੇ ਦੌਰ ਵਿਚ ਕੰਪਨੀਆਂ ਅਖਬਾਰਾਂ ਦੀ ਇਸ਼ਤਿਹਾਰੀ ਪਹੁੰਚ ਨੂੰ ਘਟਦਿਆਂ

ਵੇਖ ਕੇ, ਅਤੇ ਡਿਜੀਟਲ ਵਸੀਲਿਆਂ ਦੀ ਵੁਕਤ ਨੂੰ ਵਧਦਿਆਂ ਦੇਖ, ਆਪਣੇ ਇਸ਼ਤਿਹਾਰਾਂ ਦੀ ਗਿਣਤੀ ਵੀ ਘਟਾ ਦੇਂਦੀਆਂ ਹਨ ਜੋ ਅਖਬਾਰਾਂ ਦੀ ਆਮਦਨ ਉਤੇ ਸਿਧਾ ਵਾਰ ਹੈ।

ਇਸਦੇ ਨਤੀਜੇ ਵਜੋਂ ਪਿਛਲੇ ਕੁਝ ਸਮੇਂ ਦੌਰਾਨ ਅਖਬਾਰਾਂ ਦਾ ਤੇਜ਼ੀ ਨਾਲ ਕਾਰਪੋਰੇਟੀਕਰਣ ਹੋਇਆ ਹੈ। ਜੇ ਪਹਿਲਾਂ ਬਹੁਤੇ ਅਖਬਾਰਾਂ ਨੂੰ ਮੀਡੀਆ ਨਾਲ ਜੁੜੇ ਟਰਸਟ ਚਲਾਂਦੇ ਸਨ, ਤਾਂ ਅਜ ਬਹੁਤੇ ਅਖਬਾਰ ਕੁਝ ਵੱਡੇ ਕਾਰਪੋਰੇਟ ਘਰਾਣਿਆਂ ਦੇ ਸਿਧੇ ਜਾਂ ਅਸਿਧੇ ਕੰਟਰੋਲ ਹੇਠ ਹਨ। ਭਾਰੇ ਬੋਝਿਆਂ ਵਾਲੇ ਇਹ ਕਾਰਪੋਰੇਟ ਘਰਾਣੇ ਘਾਟਾ ਸਹਿ ਕੇ ਵੀ ਅਖਬਾਰ ਚਲਾ ਸਕਦੇ ਹਨ ਕਿਉਂਕਿ ਉਨ੍ਹਾਂ ਦਾ ਅਸਲ ਮਕਸਦ ਆਪਣੇ ਵਪਾਰਕ ਹਿਤਾਂ ਦਾ ਪਰਚਾਰ ਅਤੇ ਪਸਾਰ ਕਰਨਾ ਹੁੰਦਾ ਹੈ। ਕਿਉਂਕਿ ਇਨ੍ਹਾਂ ਕਾਰਪੋਰੇਟਾਂ ਨੇ ਸਰਕਾਰ ਕੋਲੋਂ ਵਧ ਤੋਂ ਵਧ ਸਹੂਲਤਾਂ ਲੈਣੀਆਂ ਹੁੰਦੀਆਂ ਹਨ, ਇਨ੍ਹਾਂ ਦੇ ਕੰਟਰੋਲ ਹੇਠਲੇ ਅਖਬਾਰ ( ਜਾਂ ਟੀ ਵੀ ਚੈਨਲ) ਵੇਲੇ ਦੀ ਸਰਕਾਰ ਨੂੰ ਖੁਸ਼ ਕਰਨ ਲਈ ਓਸੇ ਦੀਆਂ ਨੀਤੀਆਂ ਪਰਸਾਰਦੇ ਅਤੇ ਓਸੇ ਦੇ ਗੁਣ ਗਾਂਦੇ ਹਨ। ਪੂੰਜੀਵਾਦ ਦੇ ਕਾਰਪੋਟੀਕਰਨ ਦੇ ਇਸ ਦੌਰ ਵਿਚ ਇਹ ਵਰਤਾਰਾ ਸਾਰੀ ਦੁਨੀਆ ਵਿਚ ਦੇਖਿਆ ਜਾ ਸਕਦਾ ਹੈ, ਪਰ ਭਾਰਤ ਵਿਚ ਮੋਦੀ ਸਰਕਾਰ ਦੀ ਆਮਦ ਤੋਂ ਬਾਅਦ ਇਸ ਦਾ ਨੰਗਾ ਚਿਟਾ ਨਾਚ ਨਜ਼ਰੀਂ ਆ ਰਿਹਾ ਹੈ। ਬਹੁਤੇ ਅਖਬਾਰਾਂ/ ਚੈਨਲਾਂ ਨੇ ਸੁਤੰਤਰ ਸੋਚਣੀ ਦਾ ਪੇਤਲਾ ਜਿਹਾ ਭਰਮ ਵੀ ਲਾਹ ਸੁਟਿਆ ਹੈ ਅਤੇ ਸਿਰਫ਼ ਸਰਕਾਰੀ ਗੁਣਗਾਣ ਦਾ ਸਾਧਨ ਬਣ ਕੇ ਰਹਿ ਗਏ ਹਨ।

ਇਸ ਵਰਤਾਰੇ ਨੇ ਨਾ ਸਿਰਫ਼ ਸੋਸ਼ਲ ਮੀਡੀਏ ਦੀ ਵੁਕਤ ਨੂੰ ਵਧਾਇਆ ਹੈ, ਬਲਕਿ ਸਿਰਫ਼ ਵੈਬ ਉਤੇ ਹੀ ਪੜ੍ਹੇ ਜਾ ਸਕਣ ਵਾਲੇ ਪਰਚਿਆਂ ਜਾਂ ਅਖਬਾਰਾਂ ਨੂੰ ਵੀ ਜਨਮ ਦਿਤਾ ਹੈ। ਮੁਖਧਾਰਾ ਦੇ ਮੀਡੀਏ ਦੀ ਘਟਦੀ ਸਾਖ ਕਾਰਨ ਜਾਗਰੂਕ ਪਾਠਕ ਉਨ੍ਹਾਂ ਵੈਬ-ਪਰਚਿਆਂ ਜਾਂ ਬਲੌਗਾਂ ਵਲ ਵਧੇਰੇ ਧਿਆਨ ਦੇਣ ਲਗ ਪਏ ਹਨ ਜੋ ਸਰਕਾਰੀ ਜਾਂ ਕਾਰਪੋਰੇਟੀ ਦਖਲ-ਅੰਦਾਜ਼ੀ ਤੋਂ ਤਕਰੀਬਨ ਮੁਕਤ ਹਨ। ਘਟੋ-ਘਟ ਹਾਲ ਦੀ ਘੜੀ ਉਨ੍ਹਾਂ ਉਤੇ ਸਰਕਾਰੀ ਦਬਾਅ ਦਾ ਸ਼ਿਕੰਜਾ ਉਵੇਂ ਨਹੀਂ ਦਿਸਦਾ ਜਿਵੇਂ ਮੁਖਧਾਰਾ ਦੇ ਮੀਡੀਏ ਉਤੇ ਦਿਸਦਾ ਹੈ। ਭਾਰਤ ਦੇ ਸੰਦਰਭ ਵਿਚ ਹੀ ਦੇਖੀਏ ਤਾਂ ਵਾਇਰ, ਸਿਟੀਜ਼ਨ, ਸਕ੍ਰੌਲ, ਕੁਇੰਟ ਵਰਗੇ ਰੋਜ਼ ਨਵਿਆਏ ਜਾਣ ਵਾਲੇ ਵੈਬ-ਪਰਚੇ ਪਿਛਲੇ ਕੁਝ ਸਮੇਂ ਵਿਚ ਤੇਜ਼ੀ ਨਾਲ ਮਕਬੂਲ ਹੋਏ ਹਨ। ਉਹ ਖਬਰਾਂ ਜਾਂ ਮਸਲੇ ਜਿਨ੍ਹਾਂ ਨੂੰ ਮੁਖਧਾਰਾ ਦਾ ਮੀਡੀਆ ਦਬਾ ਦੇਂਦਾ ਹੈ ਜਾਂ ਅਣਡਿੱਠ ਕਰਦਾ ਹੈ, ਇਹੋ ਜਿਹੇ ਵੈਬ ਪਰਚੇ ਹੀ ਪਾਠਕਾਂ ਤਕ ਪੁਚਾਉਂਦੇ ਹਨ। ਕਸ਼ਮੀਰ ਦੀਆਂ ਹਾਲੀਆ ਘਟਨਾਵਾਂ ਇਸਦੀ ਜੀਂਦੀ ਜਾਗਦੀ ਮਿਸਾਲ ਹਨ। ਮੁਖਧਾਰਾ ਦਾ ਮੀਡੀਆ ਦੇਸ਼ਭਗਤੀ ਦੀ ਚਾਸ਼ਨੀ ਵਿਚ ਵਲ੍ਹੇਟ ਕੇ 'ਕਸ਼ਮੀਰ ਵਿਚ ਸਭ ਅੱਛਾ ਹੋ ਰਿਹਾ ਹੈ' ਨਾਂ ਦੀ ਝੂਠੀ ਮਠਿਆਈ ਪਰੋਸ ਰਿਹਾ ਹੈ ਪਰ ਇਹ ਭਾਰਤ ਦਾ ਵੈਬ ਮੀਡੀਆ ਹੀ ਹੈ ਜੋ ਹੋ ਰਹੀਆਂ ਜ਼ਿਆਦਤੀਆਂ ਦੀ ਸਹੀ ਤਸਵੀਰ ਹੀ ਪੇਸ਼ ਕਰਨ ਦੀ ਕੋਸ਼ਿਸ਼ ਹੀ ਨਹੀਂ ਕਰ ਰਿਹਾ, ਇਸ ਡਿਕਟੇਟਰਾਨਾ ਫੈਸਲੇ ਨੂੰ ਖੁਲ੍ਹ ਕੇ ਨਿੰਦ-ਪੜਚੋਲ ਵੀ ਰਿਹਾ ਹੈ। ਏਸੇ ਦਾ ਫੈਲਾਅ ਫੇਸਬੁਕ ਅਤੇ ਟਵਿਟਰ ਇਤਿਆਦ ਵਰਗਾ ਸੋਸ਼ਲ ਮੀਡੀਆ ਹੈ, ਜਿੱਥੇ ਕਸ਼ਮੀਰ ਤੋਂ ਆਣ ਵਾਲੀਆਂ ਕਨਸੋਆਂ ਨੂੰ ਥਾਂ ਦਿਤੀ ਜਾ ਰਹੀ ਹੈ।

ਨਤੀਜਨ, ਰੋਜ਼ਾਨਾ ਘਟਨਾਵਾਂ ਬਾਰੇ ਖਬਰਾਂ ਅਤੇ ਉਨ੍ਹਾਂ ਦੇ ਵਿਸ਼ਲੇਸ਼ਣ ਨੂੰ ਲੋਕਾਂ ਤਕ ਪੁਚਾਣ ਦੇ ਅਧਿਕਾਰ ਉਤੇ ਹੁਣ ਇਕੱਲੇ ਮੁਖਧਾਰਾ ਦੇ ਮੀਡੀਏ ਦਾ ਗਲਬਾ ਨਹੀਂ ਰਿਹਾ ਅਤੇ ਇਸ ਗੈਰ-ਰਵਾਇਤੀ ਮੀਡੀਏ ਨੇ ਆਪਣੀ ਸਾਖ ਅਤੇ ਪਹੁੰਚ ਵਿਚ ਚੋਖਾ ਵਾਧਾ ਕਰ ਲਿਆ ਹੈ

ਅਤੇ ਮੁਖ ਧਾਰਾ ਮੀਡੀਏ ਦਾ ਤਾਕਤਵਰ ਬਦਲ ਬਣਦਾ ਜਾ ਰਿਹਾ ਹੈ। ਇਸ ਬਦਲ ਦੀ ਹੋਂਦ ਸ਼ੁਭ ਸ਼ਗਣ ਹੈ ਕਿਉਂਕਿ ਆਪਣੀ ਸੀਮਤ ਪਹੁੰਚ ਦੇ ਬਾਵਜੂਦ ਉਹ ਮੁਖਧਾਰਾ ਦੇ ਮੀਡੀਏ ਨੂੰ ਵਧੇਰੇ ਸੰਤੁਲਤ ਪਹੁੰਚ ਬਣਾਉਣ ਵਾਲੇ ਰਾਹ ਵਲ ਧਕਦਾ ਹੈ।

ਏਸੇ ਤਰ੍ਹਾਂ ਸੋਸ਼ਲ ਮੀਡੀਏ ਦਾ ਤੇਜ਼ੀ ਨਾਲ ਫੈਲਾਅ ਵੀ ਸਮੁਚੇ ਤੌਰ ਤੇ ਚੰਗਾ ਹੀ ਹੈ ਕਿਉਂਕਿ ਇਸ ਰਾਹੀਂ ਕੋਈ ਵੀ ਜਾਗਰੂਕ ਮਨੁਖ ਆਪਣੇ ਖੇਤਰ ਦੀ ਨਿਕੀ ਤੋਂ ਨਿਕੀ ਸਮੱਸਿਆ ਨੂੰ ਵੀ ਪ੍ਰਤੀਬਿੰਬਤ ਕਰ ਸਕਦਾ ਹੈ ਅਤੇ ਆਪਣੇ ਇਲਾਕੇ ਵਿਚ ਹੋ-ਵਾਪਰ ਰਹੇ ਨੂੰ ਨੇੜਿਓਂ ਵਾਚ ਕੇ ਨਸ਼ਰ ਕਰ ਸਕਦਾ ਹੈ। ਇਸ ਸੰਭਾਵਨਾ ਨੇ 'ਨਾਗਰਿਕ ਪੱਤਰਕਾਰ' ਜਾਂ ਸਿਟੀਜ਼ਨ ਜਰਨਲਿਸਟ ਦੀ ਨਵੀਂ ਸ਼੍ਰੇਣੀ ਪੈਦਾ ਕੀਤੀ ਹੈ, ਜੋ ਕਸਬੀ ਪੱਤਰਕਾਰ ਨਾ ਹੁੰਦੇ ਹੋਏ ਵੀ ਖਬਰਾਂ ਦੇ ਪਰਸਾਰ ਦੀ ਜ਼ਿੰਮੇਵਾਰੀ ਨਿਭਾ ਰਹੇ ਹਨ। ਇਹ ਲੋਕ ਮੁਖਧਾਰਾ ਦੇ ਮੀਡੀਏ ਦੀ ਪਹੁੰਚ ਨੂੰ ਮੋਕਲਿਆਂ ਕਰਨ ਵਿਚ ਵੀ ਸਹਾਈ ਹੁੰਦੇ ਹਨ। ਹੁਣ ਮੁਖ ਧਾਰਾ ਦੇ ਮੀਡੀਏ ਨਾਲ ਜੁੜੇ ਪੱਤਰਕਾਰ ਵੀ ਟਵਿਟਰ ਅਤੇ ਫੇਸਬੁਕ ਦੀ ਸੂਹ ਰਖਦੇ ਹਨ ਅਤੇ ਆਪਣੀਆਂ ਖਬਰਾਂ ਲਈ ਆਧਾਰ ਇਨ੍ਹਾਂ ਥਾਂਵਾਂ ਤੋਂ ਚੁਕਦੇ ਹਨ। ਭਾਰਤੀ ਸੰਦਰਭ ਵਿਚ ਇਸਦੀ ਮਿਸਾਲ ਇਹ ਹੈ ਕਿ ਜਦੋਂ ਹਾਲੀਆ ਮਾਬ ਲਿੰਚਿੰਗ ਦੀਆਂ ਘਟਨਾਵਾਂ ਨੂੰ ਵੇਲੇ ਦੀ ਸਰਕਾਰ ਦਬਣ ਲੁਕਾਉਣ ਵਿਚ ਰੁਝੀ ਹੋਈ ਸੀ ਤਾਂ ਸਥਾਨਕ ਤੌਰ ਤੇ ਮੋਬਾਈਲ ਫੋਨਾਂ ਰਾਹੀਂ ਖਿਚੇ ਨੌਸਿਖੀਆ ਵੀਡੀਓ ਇਨ੍ਹਾਂ ਮਾਮਲਿਆਂ ਬਾਰੇ ਸਚਾਈ ਦੀ ਤਹਿ ਤਕ ਪਹੁੰਚਣ ਵਿਚ ਸਹਾਈ ਹੋਏ। ਇਸ ਨਾਲ ਮੀਡੀਆ ਕੰਪਨੀਆਂ ਨੂੰ ਹੀ ਮਦਦ ਨਹੀਂ ਮਿਲਦੀ ਬਲਕਿ ਸਮੁਚੇ ਤੌਰ ਤੇ ਸਮਾਜਕ ਫਾਇਦਾ ਵੀ ਹੁੰਦਾ ਹੈ। ਉਹ ਅਹਿਮ ਘਟਨਾਵਾਂ ਜਾਂ ਖਬਰਾਂ ਜੋ ਅਣਡਿਠ ਰਹਿ ਜਾਣੀਆਂ ਸਨ, ਇਨ੍ਹਾਂ 'ਨਾਗਰਿਕ ਪੱਤਰਕਾਰਾਂ' ਦੀ ਬਦੌਲਤ ਆਮ ਲੋਕਾਂ ਤਕ ਪਹੁੰਚ ਜਾਂਦੀਆਂ ਹਨ। ਅਜੋਕੇ ਸਮਿਆਂ ਵਿਚ ਜਦੋਂ ਤਕਰੀਬਨ ਹਰ ਜਣਾ ਆਪਣੇ ਫੋਨ ਦੀ ਬਦੌਲਤ ਫੌਰਨ ਕੈਮਰਾਮੈਨ ਦਾ ਰੂਪ ਧਾਰਨ ਕਰ ਸਕਦਾ ਹੈ, ਮੁਖ ਧਾਰਾ ਦੇ ਮੀਡੀਏ ਨੂੰ ਵੀ ਉਨ੍ਹਾਂ ਘਟਨਾਵਾਂ ਦੇ ਵੀਡੀਓ ਕਲਿਪ ਮਿਲ ਜਾਂਦੇ ਹਨ ਜਿਥੇ ਉਨ੍ਹਾਂ ਦੇ ਨੁਮਾਇੰਦੇ ਮੌਜੂਦ ਨਹੀਂ ਸਨ ਜਾਂ ਮਾਮਲੇ ਦੀ ਅਣਕਿਆਸੀ ਵਾਪਰਨੀ ਕਾਰਨ ਮੌਜੂਦ ਹੋ ਨਹੀਂ ਸਕਦੇ। ਹੁਣ ਬੀ ਬੀ ਸੀ ਵਰਗੀਆਂ ਵੱਡੀਆਂ ਅਤੇ ਸਰਬਪੱਖੀ ਪਹੁੰਚ ਰਖਣ ਵਾਲੀਆਂ ਸੰਸਥਾਵਾਂ ਵੀ ਕੁਦਰਤੀ ਬਿਪਤਾਵਾਂ ਜਾਂ ਦੁਰੇਡਲੀਆਂ ਦੁਰਘਟਨਾਵਾਂ ਦਾ ਦ੍ਰਿਸ਼ਗਤ ਬਿਓਰਾ ਦੇਣ ਜਾਂ ਅੱਖੀਂ ਡਿਠਾ ਹਾਲ ਬਿਆਨਣ ਲਈ ਆਪਣੇ ਸਰੋਤਿਆਂ ਅਤੇ ਦਰਸ਼ਕਾਂ ਨੂੰ ਵੀ ਜਾਣਕਾਰੀ ਭੇਜਣ ਦਾ ਸੱਦਾ ਦੇਣ ਲਗ ਪਈਆਂ ਹਨ।

ਸੋਸ਼ਲ ਮੀਡੀਏ ਜਾਂ 'ਨਾਗਰਿਕ ਪੱਤਰਕਾਰਾਂ' ਦੀ ਇਸ ਵਧਦੀ ਵੁਕਤ ਨਾਲ ਇਕ ਸਮਸਿਆ ਵੀ ਪੈਦਾ ਹੁੰਦੀ ਹੈ ਕਿ ਕਈ ਵਾਰ ਗਲਤ ਜਾਂ ਝੂਠੀਆਂ ਖਬਰਾਂ ਵੀ ਪਰਸਾਰੀਆਂ ਜਾਂਦੀਆਂ ਹਾਂ: ਤਜਰਬੇ ਦੀ ਘਾਟ ਕਾਰਨ ਵੀ, ਤੇ ਜਾਣਬੁਝ ਕੇ ਵੀ। ਸੋਸ਼ਲ ਮੀਡੀਏ ਉਤੇ ਤਾਂ ਕਿਸੇ ਕਿਸਮ ਦਾ ਸੰਪਾਦਕੀ ਜ਼ਾਬਤਾ ਹੁੰਦਾ ਹੀ ਨਹੀਂ, ਪਰ ਇਹੋ ਜਿਹੀਆਂ ਤਥ ਤੋੜਵੀਆਂ ਖਬਰਾਂ ਕਈ ਵਾਰ ਮੁਖ ਧਾਰਾ ਜਾਂ ਵੈਬ ਮੀਡੀਆ ਦੀਆਂ ਤ੍ਰੇੜਾਂ ਵਿਚੋਂ ਕਿਰ ਕੇ ਨਸ਼ਰ ਹੋ ਜਾਂਦੀਆਂ ਹਨ। ਇਸਲਈ ਇਨ੍ਹਾਂ ਖਬਰਾਂ ਦੀ ਸਚਾਈ ਬਾਰੇ ਚੌਕਸੀ ਵਰਤਣੀ ਹੋਰ ਵੀ ਲਾਜ਼ਮੀ ਹੋ ਜਾਂਦੀ ਹੈ, ਪਰ ਇਹ ਕੰਮ ਤਾਂ ਉਂਜ ਵੀ ਕਿਸੇ ਭਰੋਸੇਯੋਗ ਅਖਬਾਰ ਨੂੰ ਕਰਨਾ ਚਾਹੀਦਾ ਹੀ ਹੈ, ਭਾਂਵੇਂ ਖਬਰ ਦਾ ਸਰੋਤ ਉਸਦਾ ਆਪਣਾ ਪੱਤਰ-ਪ੍ਰੇਰਕ ਹੀ ਕਿਉਂ ਨਾ ਹੋਵੇ। ਨਕਲੀ ਖਬਰ ਜਾਂ ਫ਼ੇਕ ਨਿਊਜ਼ ਦਾ ਸਰੋਤ ਸਿਰਫ਼ ਸੋਸ਼ਲ ਮੀਡੀਆ ਹੀ ਨਹੀਂ ਹੁੰਦਾ, ਅਜੋਕੇ ਦੌਰ ਵਿਚ ਸਰਕਾਰਾਂ ਵੀ

ਆਪਣੇ ਪ੍ਰਾਪੇਗੰਡੇ ਨੂੰ ਨਕਲੀ ਖਬਰ ਬਣਾ ਕੇ ਪੇਸ਼ ਕਰਨ ਵਿਚ ਮਾਹਰ ਹੋ ਚੁਕੀਆਂ ਹਨ। ਵਿਰੋਧੀ ਧਿਰਾਂ ਨੂੰ ਹੇਠਾਂ ਲਾਉਣ ਲਈ ਜਾਂ ਵੋਟਰਾਂ ਦੀਆਂ ਭਾਵਨਾਵਾਂ ਭੜਕਾਉਣ ਲਈ ਰਾਜਸੀ ਧਿਰਾਂ ਅਤੇ ਸਰਕਾਰਾਂ ਵੀ ਮਨਘੜਤ ਇਲਜ਼ਾਮ ਜਾਂ ਫੋਕੇ ਦਮਗਜੇ ਨਕਲੀ ਜਾਂ ਵਧਾ ਚੜ੍ਹਾ ਕੇ ਬਣਾਈ ਗਈ ਖਬਰ ਦੇ ਰੂਪ ਵਿਚ ਪੇਸ਼ ਕਰਦੇ ਹਨ। ਏਥੇ ਆ ਕੇ ਪ੍ਰਾਪੇਗੰਡਾ ਅਸਲੋਂ ਨਕਲੀ ਖਬਰ ਦਾ ਰੂਪ ਧਾਰ ਲੈਂਦਾ ਹੈ। ਪਿਛਲੇ ਕੁਝ ਸਾਲਾਂ ਵਿਚ ਇਸਦੀਆਂ ਉਘੜਵੀਆਂ ਮਿਸਾਲਾਂ ਅਮਰੀਕਾ ਦੀਆਂ ਪਿਛਲੀਆਂ ਚੋਣਾਂ ਵਿਚ ਟਰੰਪ ਦੀ ਧਿਰ ਵਲੋਂ ਵਿਰੋਧੀਆਂ ਬਾਰੇ ਘੜੀਆਂ ਖਬਰਾਂ ਅਤੇ ਇਸ ਸਾਲ ਭਾਰਤੀ ਚੋਣਾਂ ਤੋਂ ਪਹਿਲਾਂ ਬਾਲਕੋਟ ਹਮਲੇ ਬਾਰੇ ਵਧਾ ਚੜ੍ਹਾ ਕੇ ਪੇਸ਼ ਕੀਤਾ ਗਿਆ ਪ੍ਰਾਪੇਗੰਡਾ ਹੈ, ਜਿਨ੍ਹਾਂ ਦਾ ਸਰੋਤ ਸੋਸ਼ਲ ਮੀਡੀਆ ਨਹੀਂ ਸਗੋਂ ਖੁਦ ਅਖਾਉਤੀ ਜ਼ਿੰਮੇਵਾਰ ਧਿਰਾਂ ਸਨ। ਅਤੇ ਇਹੋ ਜਿਹਾ ਸਰਕਾਰੀ ਪ੍ਰਾਪੇਗੰਡਾ ਸਹਿਜੇ ਹੀ ਨਕਲੀ ਖਬਰ ਦੀ ਸ਼੍ਰੇਣੀ ਵਿਚ ਰਖਿਆ ਜਾ ਸਕਦਾ ਹੈ।


ਇਨ੍ਹਾਂ ਤੇਜ਼ੀ ਨਾਲ ਆਈਆਂ ਤਬਦੀਲੀਆਂ, ਇਨ੍ਹਾਂ ਇਨਕਲਾਬੀ ਕਾਢਾਂ ਦੇ ਦੌਰ ਵਿਚ ਸਮਕਾਲੀ ਪੱਤਰਕਾਰੀ ਕਿਸ ਮੋੜ ਤੇ ਆਣ ਖੜੋਤੀ ਹੈ?

ਇਹ ਸਹੀ ਹੈ ਕਿ ਸਥਾਨਕ ਅਖਬਾਰਾਂ ਬੰਦ ਹੋ ਰਹੀਆਂ ਹਨ, ਵੱਡੀਆਂ ਅਖਬਾਰਾਂ ਦੇ ਆਮਦਨ ਸਰੋਤ ਘਟਦੇ ਜਾਣ ਕਾਰਨ ਉਨ੍ਹਾਂ ਦਾ ਕਾਰਪੋਰੇਟੀਕਰਣ ਹੋ ਰਿਹਾ ਜਾਂ ਉਹ ਸਰਕਾਰ ਦਾ ਧੂਤੂ ਬਣਨ ਲਈ ਮਜਬੂਰ ਹੋ ਰਹੀਆਂ ਹਨ। ਅਜੋਕਾ ਪਾਠਕ ਇਕ ਪਾਸੇ ਤਾਂ ਖਬਰਾਂ ਤਕ ਫੌਰਨ ਪਹੁੰਚ ਚਾਹੁੰਦਾ ਹੈ: ਚਾਹੁੰਦਾ ਹੈ ਕਿ ਖਬਰਾਂ ਹੀ ਨਹੀਂ, ਉਨ੍ਹਾਂ ਦਾ ਵਿਸ਼ਲੇਸ਼ਣ, ਕਿਤਾਬਾਂ ਦੀ ਸਮੀਖਿਆ, ਫਿਲਮਾਂ ਦੀ ਪੜਚੋਲ, ਦੁਨੀਆ ਬਾਰੇ ਜਾਣਕਾਰੀ ਇਕ ਬਟਨ ਦੱਬਿਆਂ ਹੀ ਉਸਦੇ ਸਾਹਮਣੇ ਹਾਜ਼ਰ ਹੋਵੇ। ਉਹ ਛਪੀ ਅਖਬਾਰ ਲਈ ਨਾ ਤਾਂ ਅਗਲੀ ਸਵੇਰ ਦਾ ਇੰਤਜ਼ਾਰ ਕਰਨਾ ਪਸੰਦ ਕਰਦਾ ਹੈ, ਅਤੇ ਨਾ ਹੀ ਵਧ ਰਹੇ ਚੰਦੇ ਦੇ ਕੇ ਰਾਜ਼ੀ ਹੈ। ਇਸ ਲਈ ਕੁਝਨਾ ਦਾ ਖਿਆਲ ਹੈ ਕਿ ਪੱਤਰਕਾਰੀ ਮਰ ਰਹੀ ਹੈ।

ਪਰ ਇਹ ਇਕਵਾਗੀ ਨਿਰਾਸ਼ਾਵਾਦੀ ਸੋਚ ਹੈ। ਮਨੁਖ ਅੰਦਰ ਆਪਣੇ ਆਲੇ ਦੁਆਲੇ ਹੀ ਨਹੀਂ, ਆਪਣੇ ਤੋਂ ਦੂਰ ਵਾਪਰ ਰਹੀਆਂ ਘਟਨਾਵਾਂ ਬਾਰੇ ਜਾਨਣ ਦੀ ਜਿਗਿਆਸਾ ਕਦੀਮੀ ਹੈ। ਅਸੀ ਹਮੇਸ਼ਾ ਜਾਨਣਾ ਚਾਹੁੰਦੇ ਹਾਂ ਕਿ ਮੁਲਕ ਵਿਚ ਕਿਹੋ ਜਿਹੀ ਸਿਆਸਤ ਹੋ ਰਹੀ ਹੈ, ਦੁਨੀਆ ਦੇ ਕਿਸ ਕੋਨੇ ਵਿਚ ਜੰਗ ਜਾਰੀ ਹੈ, ਕਿਥੇ ਹੜ ਆਏ ਹਨ, ਤੇ ਕਿਹੜੀ ਥਾਂ ਭੁਚਾਲ ਦੀ ਮਾਰ ਹੇਠ ਹੈ। ਏਸ ਲਈ ਸਾਡਾ ਤਜਰਬਾ ਇਹ ਕਹਿੰਦਾ ਹੈ ਕਿ ਪੱਤਰਕਾਰੀ ਰੂਪ ਬਦਲ ਸਕਦੀ ਹੈ, ਮਰ ਨਹੀਂ ਸਕਦੀ। ਇਹ ਸ਼ਾਇਦ ਛਪਣ ਮੀਡੀਆ ਤੋਂ ਡਿਜੀਟਲ ਮੀਡੀਆ ਵਲ ਮੋੜ ਕਟਣ ਦੇ ਆਪਣੇ ਪੀੜਦਾਇਕ ਦੌਰ ਵਿਚੋਂ ਲੰਘ ਰਹੀ ਹੈ। ਫਿਲਮਾਂ ਦੀ ਆਮਦ ਨਾਲ ਨਾਟਕ ਨਹੀਂ ਮਰਿਆ, ਟੈਲੀਵੀਯਨ ਦੀ ਆਮਦ ਨਾਲ ਫਿਲਮਾਂ ਦਾ ਖਾਤਮਾ ਨਹੀਂ ਹੋਇਆ, ਵੈਬ ਟੀ ਵੀ ਆਣ ਨਾਲ ਰਵਾਇਤੀ ਟੈਲੀਵਿਯਨ ਨਹੀਂ ਲੋਪ ਹੋਇਆ ਅਤੇ ਰੇਡੀਓ ਪ੍ਰਸਾਰਣ ਦਾ ਵੀ ਅੰਤ ਨਹੀਂ ਹੋਇਆ, ਉਹ ਐਫ਼ ਐਮ ਚੈਨਲਾਂ ਰਾਹੀਂ ਘਰਾਂ ਦੀਆਂ ਗੁੱਠਾਂ ਵਿਚੋਂ ਨਿਕਲ ਕੇ ਕਾਰਾਂ ਦੇ ਡੈਸ਼ਬੋਰਡਾਂ ਤੇ ਆਣ ਬਿਰਾਜਿਆ ਹੈ।

ਇਸ ਲਈ ਸਮਕਾਲੀ ਪੱਤਰਕਾਰੀ ਵੀ ਇਕ ਨਵਾਂ ਜਨਮ ਲੈਣ ਦੀ ਪ੍ਰਕਿਰਿਆ ਵਿਚੋਂ ਲੰਘ ਰਹੀ ਹੈ। ਜੇ ਆਮਦਨ ਦੇ ਸਰੋਤ ਘਟੇ ਹਨ ਤਾਂ ਡੂੰਘੀ ਅਤੇ ਹਰ ਥਾਂ ਤਕ ਪਹੁੰਚ ਕਰ ਸਕਣ ਵਾਲੀ ਪਤਰਕਾਰੀ ਨੂੰ ਸਸਤਾ ਬਣਾ ਸਕਣ ਵਾਲੀਆਂ ਤਕਨੀਕਾਂ ਨੇ ਵੀ ਜਨਮ ਲਿਆ ਹੈ।

ਵਿਸ਼ਲੇਸ਼ਕੀ ਪੱਤਰਕਾਰਾਂ ਜਾਂ ਕਾਲਮ ਨਵੀਸਾਂ ਕੋਲ ਇੰਟਰਨੈਟ ਰਾਹੀਂ ਹਰ ਵੇਲੇ ਸੰਦਰਭ ਪੁਸਤਕਾਲੇ ਮੌਜੂਦ ਰਹਿੰਦੇ ਹਨ, ਆਪਣੇ ਤੱਥਾਂ ਦੀ ਪੁਸ਼ਟੀ ਲਈ ਉਨ੍ਹਾਂ ਨੂੰ ਪੋਥੇ ਫਰੋਲਣ ਉਤੇ ਵਕਤ ਜ਼ਾਇਆ ਕਰਨ ਦੀ ਲੋੜ ਨਹੀਂ ਰਹੀ। ਇਨ੍ਹਾਂ ਸਾਰੀਆਂ ਨਵੀਆਂ ਸੰਭਾਵਨਾਵਾਂ ਨੂੰ ਸੂਤ ਕਰਨ, ਉਨ੍ਹਾਂ ਨੂੰ ਵਰਤਣਾ ਸਿਖਣ ਦੀ ਲੋੜ ਹੈ। ਪੱਤਰਕਾਰਾਂ ਦੀਆਂ ਅਗਲੀਆਂ ਪੀੜ੍ਹੀਆਂ ਇਸ ਕੰਮ ਵਿਚ ਜੁਟੀਆਂ ਵੀ ਹੋਈਆਂ ਹਨ। ਸੰਭਵ ਹੈ ਕਿ ਜਿਸ ਡਿਜੀਟਲ ਮੀਡੀਆ ਨੂੰ ਅਜ ਅਸੀ ਮੁਖ ਧਾਰਾ ਦੇ ਛਪਣ ਮੀਡੀਆ ਦੇ ਬਦਲ ਵਜੋਂ ਜਾਣਦੇ ਹਾਂ, ਭਵਿਖ ਵਿਚ ਭਾਰੂ ਹੋ ਜਾਵੇ। ਪਰ ਇਹ ਸਭ ਅਜੇ ਭਵਿਖ ਦੀ ਕੁਖ ਵਿਚ ਹੈ। ਤੇਜ਼ੀ ਨਾਲ ਹੋ ਰਹੀਆਂ ਤਕਨੀਕੀ ਕਾਢਾਂ ਅਤੇ ਤਬਦੀਲੀਆਂ ਦੇ ਇਸ ਦੌਰ ਵਿਚ ਕਿਸੇ ਪੱਕ ਨਾਲ ਇਹ ਕਹਿਣਾ ਔਖਾ ਹੈ ਕਿ ਭਵਿਖ ਵਿਚ ਪੱਤਰਕਾਰੀ ਦਾ ਰੂਪ ਕੀ ਹੋਵੇਗਾ। ਪਰ ਇਕ ਗਲ ਪੱਕ ਨਾਲ ਕਹੀ ਜਾ ਸਕਦੀ ਹੈ ਕਿ ਜਦੋਂ ਤਕ ਮਨੁਖ ਵਿਚ ਜਾਨਣ ਸਮਝਣ ਦੀ ਬਿਰਤੀ ਕਾਇਮ ਹੈ, ਪੱਤਰਕਾਰੀ ਦੀ ਵੁਕਤ ਵੀ ਬਣੀ ਰਹੇਗੀ। ਰੂਪ ਭਾਂਵੇਂ ਇਸਦਾ ਹੌਲੀ ਹੌਲੀ ਬਦਲ ਜਾਵੇ।




ਡਾ. ਰਜਨੀਸ਼ ਬਹਾਦਰ ਸਿੰਘ ਪੰਜਾਬੀ ਆਲੋਚਕਾਂ ਦੀ ਉਸ ਤਕਰੀਬਨ ਗੁਆਚ ਰਹੀ ਸ਼੍ਰੇਣੀ ਦਾ ਨੁਮਾਇੰਦਾ ਹੈ ਜੋ ਨਾ ਸਿਰਫ਼ ਸਿਧਾਂਤਕ ਸੂਝ ਦੇ ਧਨੀ ਹਨ, ਬਲਕਿ ਇਸ ਸੂਝ ਨੂੰ ਬਦਲਦੇ ਹਾਲਾਤ ਦੀ ਸਾਣ ਉਤੇ ਲਗਾਤਾਰ ਤਿੱਖਿਆਂ ਕਰਦੇ ਰਹਿਣ ਦੇ ਉਪਰਾਲੇ ਵਿਚ ਵੀ ਰਹਿੰਦੇ ਹਨ। ਆਪਣੇ ਇਨ੍ਹਾਂ ਗੁਣਾਂ ਕਾਰਨ ਹੀ ਇਹ ਸਾਡੀ ਬੋਲੀ ਦਾ ਉਹ ਆਲੋਚਕ ਹੈ ਜਿਸਦੀ ਨਾ ਤਾਂ ਕਦੇ ਦ੍ਰਿਸ਼ਟੀ ਧੁੰਦਲਾਈ ਹੈ ਅਤੇ ਨਾ ਹੀ ਕਦੇ ਉਸਦੇ ਵਿਚਾਰਾਂ ਵਿਚ ਖੜੋਤ ਦਾ ਅਹਿਸਾਸ ਹੋਇਆ ਹੈ। ਹਥਲੀ ਪੁਸਤਕ ਵਿਚ ਡਾ. ਰਜਨੀਸ਼ ਬਹਾਦਰ ਸਿੰਘ ਨੇ ਆਪਣੀ ਆਲੋਚਨਾਤਮਕ ਪ੍ਰਤਿਭਾ ਨੂੰ ਕਹਾਣੀ ਦੀ ਵਿਧਾ ਉਤੇ ਕੇਂਦਰਤ ਕਰਦੇ ਹੋਏ, ਜੇ ਇਕ ਪਾਸੇ ਪੰਜਾਬੀ ਕਹਾਣੀ ਦੀ ਸਮੁੱਚੀ ਇਤਿਹਾਸਕਾਰੀ ਪੇਸ਼ ਕੀਤੀ ਹੈ, ਤਾਂ ਦੂਜੇ ਪਾਸੇ ਇਸ ਦੀਆਂ ਵੱਖੋ-ਵੱਖ ਧਾਰਾਵਾਂ ਦੀ ਵੀ ਨਿਸ਼ਾਨਦੇਹੀ ਕੀਤੀ ਹੈ। ਕਹਾਣੀਆਂ ਵਿਚ ਪਾਤਰਾਂ ਦੀ ਖੁਦਮੁਖਤਾਰੀ ਦਾ ਨਿਵੇਕਲਾ ਪੈਮਾਨਾ ਸਿਰਜ ਕੇ ਉਸਨੇ ਸਾਡੇ ਸਾਹਿਤ ਦੇ ਮੰਨੇ ਕਹਾਣੀਕਾਰਾਂ ਦੀਆਂ ਪਰਮੰਨੀਆਂ ਕਹਾਣੀਆਂ ਦਾ ਵਿਸ਼ਲੇਸ਼ਣ ਵੀ ਕੀਤਾ ਹੈ। ਇਸ ਕਾਰਨ ਡਾ. ਰਜਨੀਸ਼ ਬਹਾਦਰ ਸਿੰਘ ਦੀ ਇਹ ਰਚਨਾ ਨਾ ਸਿਰਫ਼ ਪੰਜਾਬੀ ਕਹਾਣੀ ਦੇ ਖੋਜਾਰਥੀਆਂ, ਸਗੋਂ ਆਮ ਪਾਠਕਾਂ ਦੀ ਵੀ ਦਿਲਚਸਪੀ ਦਾ ਬਾਇਸ ਬਣਨ ਦੀ ਸਮਰੱਥਾ ਰੱਖਦੀ ਹੈ। -ਸੁਕੀਰਤ

ਪ੍ਰਕਾਸ਼ਕ: ਚੇਤਨਾ ਪ੍ਰਕਾਸ਼ਨ ਲੁਧਿਆਣਾ ਸਫੇ: 208 ਕੀਮਤ: 300/-

# ਅਨੁਵਾਦ ਦੀ ਰਾਜਨੀਤੀ ਦੇ ਸਮਕਾਲੀਨ ਮੁੱਦੇ

– ਜਸ ਮੰਡ

ਵਿਸ਼ਵੀਕਰਨ ਦੇ ਦੌਰ ਵਿਚ ਕਈ ਖੇਤਰਾਂ ਵਿਚ ਟਕਰਾਵੇਂ ਵਰਤਾਰੇ ਵੇਖਣ ਨੂੰ ਮਿਲੇ ਹਨ। ਇਕ ਪਾਸਿਓਂ ਸਾਰੀ ਦੁਨੀਆਂ ਦੇ ਇਕਹਰੇਪਨ ਉੱਤੇ ਜ਼ੋਰ ਦਿੱਤਾ ਗਿਆ ਹੈ, ਤੇ ਦੂਜੇ ਪਾਸਿਓਂ ਦੇਸ਼ਾਂ ਅਤੇ ਕੌਮਾਂ ਵਿਚਕਾਰ ਵਖਰੇਵਿਆਂ ਦੀ ਗੱਲ ਉੱਭਰ ਕੇ ਸਾਹਮਣੇ ਆਈ ਹੈ।ਜਾਣਕਾਰੀ, ਵਿਚਾਰਾਂ, ਲੋਕਾਂ ਅਤੇ ਵਸਤਾਂ ਦੇ ਆਦਾਨ ਪ੍ਰਦਾਨ ਦੇ ਮਾਮਲੇ ਵਿਚ ਸਾਰਾ ਵਿਸ਼ਵ ਇਕ ਪਿੰਡ ਵਾਂਗ ਪੇਸ਼ ਹੋਇਆ ਹੈ, ਪਰੰਤੂ ਧਰਮਾਂ, ਕੌਮੀਅਤਾਂ,ਸਭਿਆਚਾਰਾਂ ਅਤੇ ਭਾਸ਼ਾਵਾਂ ਵਿਚਕਾਰ ਟਕਰਾਅ ਦੀ ਸਥਿਤੀ ਬਣੀ ਹੈ। ਇਕ ਪਾਸਿਓਂ ਅੰਗਰੇਜ਼ੀ ਭਾਸ਼ਾ ਨੂੰ ਪੂਰੇ ਵਿਸ਼ਵ ਦੀ ਭਾਸ਼ਾ ਵਾਂਗ ਪੇਸ਼ ਕੀਤਾ ਗਿਆ ਹੈ, ਤੇ ਦੂਜੇ ਪਾਸਿਓਂ ਛੋਟੀਆਂ ਭਾਸ਼ਾਵਾਂ ਦੀ ਖ਼ੁਦਮੁਖਤਾਰੀ ਦੀ ਗੱਲ ਤੁਰੀ ਹੈ। ਇਸੇ ਦੌਰਾਨ ਵੱਖੋ-ਵੱਖਰੇ ਸਭਿਆਚਾਰਾਂ ਅਤੇ ਭਾਸ਼ਾਵਾਂ ਵਿਚਕਾਰ ਪੁਲ ਵਾਂਗ ਕੰਮ ਕਰਦੇ ਅਨੁਵਾਦ ਦੀ ਮਹੱਤਤਾ ਵੀ ਵਧੀ ਹੈ, ਅਤੇਅਨੁਵਾਦ ਦੀ ਰਾਜਨੀਤੀ ਦੇ ਮਸਲਿਆਂ ਬਾਰੇ ਸੰਵਾਦ ਵੀ ਤੁਰਿਆ ਹੈ।

ਪਹਿਲੀ ਗੱਲ ਪਹਿਲਾਂ ਮੁਕਾ ਲਈਏ! ਜੇ ਕਿਸੇ ਪਾਠਕ ਦੀ ਧਾਰਨਾ ਇਹ ਹੋਵੇ ਕਿ ਅਨੁਵਾਦ ਦਾ ਮਕਸਦ ਮੂਲ ਟੈਕਸਟ ਦੀ ਵਿਸ਼ੇ-ਵਸਤੂ ਨੂੰ ਹੂਬਹੂ ਅਨੁਵਾਦ-ਭਾਸ਼ਾ ਵਿਚ ਤਬਦੀਲ ਕਰਨਾ ਹੁੰਦਾ ਹੈ, ਤਾਂ ਇਹ ਠੀਕ ਧਾਰਨਾ ਨਹੀਂ ਹੈ। ਜਰਮਨ ਫਿਲਾਸਫਰ ਅਤੇ ਅਨੁਵਾਦ ਸਿਧਾਂਤਕਾਰ ਵਾਲਟਰ ਬੈਂਜਾਮਿਨ ਨੇ ਸੰਨ 1922 ਵਿਚ ਲਿਖਿਆ ਸੀ ਕਿ ਜਿਹੜਾ ਅਨੁਵਾਦ ਮੂਲ ਟੈਕਸਟ ਦੇ ਕੇਵਲ ਵਿਸ਼ੇ-ਵਸਤੂ ਜਾਂ ਜਾਣਕਾਰੀ ਨੂੰ ਅਨੁਵਾਦ-ਭਾਸ਼ਾ ਵਿਚ ਪੁਚਾਣ ਤੱਕ ਸੀਮਤ ਰਹਿੰਦਾ ਹੈ, ਉਹ ਘਟੀਆ ਅਨੁਵਾਦ ਹੈ। ਉਸਦੇ ਅਨੁਸਾਰ ਅਨੁਵਾਦ ਨੂੰ ਸਭਿਆਚਾਰਾਂ ਦੇ ਆਦਾਨ ਪ੍ਰਦਾਨ ਦੇ ਸਾਧਨ ਵਾਂਗ ਕੰਮ ਕਰਨਾ ਚਾਹੀਦਾ ਹੈ। ਇਕ ਕਵੀ ਜਾਂ ਨਾਵਲਕਾਰ ਵਾਂਗ ਤਰਜਮਾਕਾਰ ਦੀ ਆਪਣੀ ਆਜ਼ਾਦ ਹੋਂਦ ਹੁੰਦੀ ਹੈ। ਰਚਨਾਤਮਕ ਲੇਖਕ ਵਾਂਗ ਅਨੁਵਾਦਕ ਵੀ ਰਚਨਾਤਮਕ ਕਾਰਜ ਕਰਦਾ ਹੈ। ਬੈਂਜਾਮਿਨ ਦੀ ਏਸ ਗੱਲ ਨਾਲ ਸਾਰੇ ਅਨੁਵਾਦ ਮਾਹਰਾਂ ਦੀ ਸਹਿਮਤੀ ਹੈ।

ਫਰਾਂਸੀਸੀ ਦਾਰਸ਼ਨਿਕ ਏਟੀਐਨ ਬਾਲੀਬਾਰ ਮੁਤਾਬਕ ਅਨੁਵਾਦ ਦੀ ਰਾਜਨੀਤੀ ਕੇਵਲ ਇਸ ਵਿਚ ਨਹੀਂ ਕਿ ਦੂਜੀ ਭਾਸ਼ਾ ਦੇ ਲੋਕਾਂ ਤੱਕ ਕਿਹੜੇ ਮੂਲ ਵਿਸ਼ੇ-ਵਸਤੂ ਨੂੰ ਪੁਚਾਇਆ ਜਾਂਦਾ ਹੈ, ਬਲਕਿ ਇਸ ਵਿਚ ਹੈ ਕਿ ਉਸਨੂੰ ਕਿਵੇਂ ਪੁਚਾਇਆ ਜਾਂਦਾ ਹੈ, ਅਤੇ ਇਸ ਪ੍ਰਕਿਰਿਆ ਦੌਰਾਨ ਮੂਲ ਟੈਕਸਟ ਦੇ ਖਿੱਤੇ ਅਤੇ ਅਨੁਵਾਦ ਟੈਕਸਟ ਦੇ ਖਿੱਤੇ ਵਿਚਕਾਰ ਕਿਸ ਤਰ੍ਹਾਂ ਦੇ ਸੰਬੰਧ ਉਸਾਰੇ ਜਾਂਦੇ ਹਨ। ਫਰਾਂਸੀਸੀ ਅਨੁਵਾਦਕ ਫਿਲਾਸਫਰ ਅੰਤੁਆਨ ਬੇਰਮੈਨ ਦਾ ਕਹਿਣਾ ਹੈ ਕਿ ਭੈੜਾ ਅਨੁਵਾਦ ਉਹ ਨਹੀਂ ਹੁੰਦਾ, ਜਿਸ ਦੌਰਾਨ ਮੂਲ ਟੈਕਸਟ ਦੇ ਅਰਥ ਗੁਆਚ ਜਾਣ, ਬਲਕਿ ਉਹ ਹੁੰਦਾ ਹੈ ਜਿਸ ਵਿਚ ਮੂਲ ਟੈਕਸਟ ਦਾ ਉਹ ਓਪਰਾਪੁਣਾ ਜਾਂ ਅਣਜਾਣਪੁਣਾ ਹੀ ਗੁਆਚ ਜਾਵੇ, ਜਿਹੜਾ ਅਨੁਵਾਦ ਸਭਿਆਚਾਰ ਨਾਲ ਅਸਲੋਂ ਮੇਲ ਨਹੀਂ ਖਾਂਦਾ। ਬੇਰਮੈਨ ਅਨੁਸਾਰ ਜਿਹੜਾ ਅਨੁਵਾਦ ਸੰਚਾਰ ਦੀਆਂ ਮੁਸ਼ਕਲਾਂ ਦਾ ਬਹਾਨਾ ਲਾ ਕੇ ਮੂਲ ਰਚਨਾ ਦੇ ਓਪਰੇਪਣ ਨੂੰ ਫੜਨ ਵਿਚ ਨਕਾਮ ਰਹਿੰਦਾ ਹੈ, ਉਹ ਘਟੀਆ ਅਨੁਵਾਦ ਹੈ। ਅਮਰੀਕਾ ਦਾ ਅਨੁਵਾਦ ਮਾਹਰ ਲਾਰੈਂਸ ਵੇਨੂਟੀ ਤਾਂ ਅਨੁਵਾਦ ਦੀ ਉਸ ਪ੍ਰਕਿਰਿਆ ਨੂੰ ਅਨੁਵਾਦ ਦੀ ਹਿੰਸਾ ਆਖਣ ਤੱਕ ਜਾਂਦਾ

ਹੈ, ਜਿਸ ਪ੍ਰਕਿਰਿਆ ਦੌਰਾਨ ਮੂਲ ਟੈਕਸਟ ਦੇ ਭਾਸ਼ਾਈ ਅਤੇ ਸਭਿਆਚਾਰਕ ਤਾਣੇ-ਬਾਣੇ ਦੇ ਅਨੁਵਾਦ-ਟੈਕਸਟ ਵਿਚ ਜਬਰਨ ਮਾਅਨੇ ਕੱਢੇ ਜਾਂਦੇ ਹਨ।

ਹਰ ਮੂਲ ਰਚਨਾ ਦਾ ਇਕ ਦ੍ਰਿਸ਼ਟੀਕੋਣ ਹੁੰਦਾ ਹੈ। ਰਚਣਹਾਰਾ ਇਕ ਵਿਸ਼ੇਸ਼ ਪੁਜ਼ੀਸ਼ਨ ਲੈ ਕੇ ਰਚਨਾ ਰਚਦਾ ਹੈ। ਆਪਣੇ ਵਿਚਾਰਾਂ, ਅਨੁਭਵਾਂ ਅਤੇ ਅਹਿਸਾਸਾਂ ਨੂੰ ਪ੍ਰਗਟ ਕਰਨ ਵੇਲੇ ਰਚੇਤਾ ਦੀ ਵਿਚਾਰਧਾਰਾ ਉਸਦੇ ਨਾਲ-ਨਾਲ ਚਲਦੀ ਹੈ।ਅਨੁਵਾਦ ਦੀ ਚੋਣ ਪਿੱਛੇ ਕੋਈ ਨਾ ਕੋਈ ਮੰਤਵ ਹੁੰਦਾ ਹੈ। ਇਹੋ ਮੰਤਵ ਅਨੁਵਾਦ ਨੂੰ ਰਾਜਨੀਤਕ ਕਾਰਜ ਬਣਾਉਂਦਾ ਹੈ। ਇੰਝ ਇਕ ਮੂਲ ਟੈਕਸਟ ਨੂੰ ਅਨੁਵਾਦ ਲਈ ਚੁਣਨ ਵੇਲੇ ਤੋਂ ਹੀ ਅਨੁਵਾਦ ਦੀ ਰਾਜਨੀਤੀ ਦਾ ਆਰੰਭ ਹੋ ਜਾਂਦਾ ਹੈ।

ਅਨੁਵਾਦਕ ਮੂਲ-ਭਾਸ਼ਾ ਵਿਚ ਜੰਮੀ ਹੋਈ ਟੈਕਸਟ ਨੂੰ ਪਿਘਲਾ ਕੇ ਅਨੁਵਾਦ-ਭਾਸ਼ਾ ਵਿਚ ਮੁੜ ਜਮਾਉਣ ਦਾ ਕੰਮ ਕਰਦਾ ਹੈ। ਇਸ ਪ੍ਰਕਿਰਿਆ ਦੌਰਾਨ ਵੱਡੀ ਦਖਲਅੰਦਾਜ਼ੀ ਦੀ ਗੁੰਜਾਇਸ਼ ਬਣੀ ਰਹਿੰਦੀ ਹੈ। ਅਨੁਵਾਦਕ ਜਾਂ ਉਸਦੇ ਸਰਪ੍ਰਸਤਾਂ ਦੀ ਵਿਚਾਰਧਾਰਾ ਸਿੱਧੇ ਜਾਂ ਅਸਿੱਧੇ ਰੂਪ ਵਿਚ ਦਖਲ ਦੇਂਦੀ ਹੈ। ਇਹ ਵਿਚਾਰਧਾਰਾ ਰਾਜਨੀਤਕ ਵੀ ਹੋ ਸਕਦੀ ਹੈ, ਅਤੇ ਧਾਰਮਕ ਜਾਂ ਸਮਾਜਕ-ਸਭਿਆਚਾਰਕ ਵੀ। ਜਦੋਂ ਕਿਸੇ ਸਰਕਾਰ ਦੀ ਕੋਈ ਵਿਸ਼ੇਸ਼ ਵਿਚਾਰਧਾਰਾ ਨਿਰਧਾਰਤ ਹੋਵੇ, ਉਦੋਂ ਕਿਸੇ ਹੋਰ ਵਿਚਾਰਧਾਰਾ ਨੂੰ ਪ੍ਰਚਾਰਨ ਵਾਲੀ ਪੁਸਤਕ ਦੇ ਅਨੁਵਾਦ ਉੱਤੇ ਰੋਕ ਲਗਦੀ ਵੇਖੀ ਗਈ ਹੈ। ਸੋਵੀਅਤ ਯੂਨੀਅਨ ਵਿਚ ਹਿਟਲਰ ਦੀ ਪੁਸਤਕ ਮਾਈਨ ਕਾਂਫ ਦੇ ਅਨੁਵਾਦ ਉੱਤੇ ਰੋਕ ਲਾਈ ਹੋਈ ਸੀ। ਜਦੋਂ ਕਿਸੇ ਦੇਸ਼ ਵਿਚ ਇਕ ਵਿਸ਼ੇਸ਼ ਧਰਮ ਨੂੰ ਰਾਜ ਧਰਮ ਐਲਾਨਿਆ ਗਿਆ ਹੋਵੇ, ਉਦੋਂ ਓਸ ਧਰਮ ਦੇ ਖਿਲਾਫ ਜਾਂਦੀ ਟੈਕਸਟ, ਜਾਂ ਕਿਸੇ ਹੋਰ ਧਰਮ ਨੂੰ ਪ੍ਰਚਾਰਨ ਵਾਲੀ ਟੈਕਸਟ ਉੱਤੇ ਰੋਕ ਲਾ ਦਿੱਤੀ ਜਾਂਦੀ ਹੈ। ਪਿਛਲੇ ਸਮੇਂ ਦੌਰਾਨ ਕਈ ਇਸਲਾਮਕ ਦੇਸ਼ਾਂ ਨੇ ਸਲਮਾਨ ਰੁਸ਼ਦੀ ਦੀਆਂ ਕਿਤਾਬਾਂ ਉੱਤੇ ਰੋਕ ਲਾਈ। ਪਿੱਛੇ ਜਿਹੇ ਰੂਸ ਵਿਚ ਗੀਤਾ ਉੱਤੇ ਰੋਕ ਲਾਉਣ ਦੀ ਖਬਰ ਵੀ ਆਈ ਸੀ। ਆਪਣੇ ਧਰਮ ਨੂੰ ਫੈਲਾਣ ਲਈ ਵੀ ਅਨੁਵਾਦ ਕਰਵਾਏ ਜਾਂਦੇ ਹਨ। ਭਾਰਤ ਵਿਚ ਬਰਤਾਨਵੀ ਸਾਮਰਾਜੀਆਂ ਨੇ ਮੂਲ ਵਸਨੀਕਾਂ ਦੀ ਭਾਸ਼ਾ, ਲਿਪੀ, ਵਿਆਕਰਣ ਆਦਿ ਵਿਕਸਤ ਕੀਤੀ, ਅਤੇ ਫੇਰ ਬਾਈਬਲ ਦਾ ਅਨੁਵਾਦ ਉਨ੍ਹਾਂ ਤੱਕ ਪੁਚਾਇਆ। ਅਨੁਵਾਦ ਦਾ ਆਰਥਕ ਪੱਖ ਵੀ ਵੱਡੇ ਦਖਲ ਦਾ ਕਾਰਨ ਬਣਦਾ ਹੈ। ਅਨੁਵਾਦ ਦਾ ਖਰਚਾ ਭਰਨ ਵਾਲਾ ਸ਼ਖਸ ਜਾਂ ਸੰਸਥਾ ਅਨੁਵਾਦ ਦੀ ਸੇਧ ਨੂੰ ਨਿਰਧਾਰਤ ਕਰਨ ਵਿਚ ਵੱਡੀ ਭੂਮਿਕਾ ਨਿਭਾਉਂਦੇ ਹਨ। ਜਦੋਂ ਕੋਈ ਪ੍ਰਕਾਸ਼ਕ ਕਿਸੇ ਕਿਰਤ ਦਾ ਤਰਜਮਾ ਕਰਵਾਉਂਦਾ ਹੈ, ਤਾਂ ਉਸਦੇ ਸਾਹਮਣੇ ਵੱਡਾ ਮਕਸਦ ਉਸ ਕਿਰਤ ਨੂੰ ਵੇਚ ਕੇ ਪੈਸੇ ਕਮਾਉਣ ਦਾ ਹੁੰਦਾ ਹੈ। ਕਈ ਹਾਲਤਾਂ ਵਿਚ ਬਜ਼ਾਰ ਦੀਆਂ ਮਜਬੂਰੀਆਂ ਕਾਰਨ ਕਿਸੇ ਟੈਕਸਟ ਨੂੰ ਪੂਰਾ ਨਾ ਛਾਪ ਕੇ ਉਸਦਾ ਛੋਟਾ ਰੂਪ ਛਾਪਿਆ ਜਾਂਦਾ ਹੈ।

ਮੂਲ-ਭਾਸ਼ਾ ਅਤੇ ਅਨੁਵਾਦ-ਭਾਸ਼ਾ ਦੇ ਰੁਤਬੇ ਵਿਚ ਫਰਕ, ਅਤੇ ਲੇਖਕ ਅਤੇ ਅਨੁਵਾਦਕ ਦੇ ਰੁਤਬੇ ਵਿਚ ਫਰਕ ਦਾ ਅਨੁਵਾਦ ਉੱਤੇ ਜ਼ਿਕਰਯੋਗ ਪ੍ਰਭਾਵ ਪੈਂਦਾ ਹੈ। ਭਾਰਤ ਵਿਚ ਬਰਤਾਨਵੀ ਬਸਤੀਵਾਦੀਆਂ ਵਲੋਂ ਅਨੁਵਾਦ ਦਾ ਕੰਮ ਕਰਨ ਕਰਾਣ ਵੇਲੇ ਰੁਤਬੇ ਦਾ ਇਹ ਫਰਕ ਪ੍ਰਤੱਖ ਤੌਰ ਉੱਤੇ ਸਾਹਮਣੇ ਆਇਆ। ਪੂਰਬ ਦੀਆਂ ਲਿਖਤਾਂ ਨੂੰ ਜਦੋਂ ਯੋਰਪੀ ਭਾਸ਼ਾਂਵਾਂ ਵਿਚ ਅਨੁਵਾਦ ਕੀਤਾ ਗਿਆ, ਤਾਂ ਜਾਣ ਬੁੱਝ ਕੇ ਉਨ੍ਹਾਂ ਲਿਖਤਾਂ ਨੂੰ ਚੁਣਿਆ ਗਿਆ, ਜਿਨ੍ਹਾਂ ਨਾਲ ਪੂਰਬ ਦੇ ਸਾਹਿਤ ਨੂੰ ਨੀਵੇਂ ਦਰਜ਼ੇ ਦਾ ਵਿਖਾਇਆ ਜਾ ਸਕੇ, ਅਤੇ ਪੂਰਬ ਤੇ ਪੱਛਮ

ਵਿਚ ਸਖਤ ਦੁਵਰਗੀਕਰਣ ਪੈਦਾ ਕੀਤਾ ਜਾਵੇ। ਅਧੁਨਿਕ ਅਤੇ ਪ੍ਰਾਚੀਨ, ਸਭਿਅ ਅਤੇ ਜਾਂਗਲੀ, ਵਿਵੇਕ ਅਤੇ ਵਲਵਲੇ, ਆਦਿ ਵਾਲਾ ਇਹੋ ਦੁਵਰਗੀਕਰਣ ਅਜੇ ਤੱਕ ਪੂਰਬ ਅਤੇ ਪੱਛਮ ਵਿਚਕਾਰ ਫਰਕ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ। ਪੱਛਮ ਨੂੰ ਉਚੇਰਾ ਅਤੇ ਪੂਰਬ ਨੂੰ ਹੀਣ ਵਿਖਾਣ ਦੇ ਮਕਸਦ ਨਾਲ ਜਾਣਬੁੱਝ ਕੇ ਉਨ੍ਹਾਂ ਹੀ ਕਿਰਤਾਂ ਦਾ ਅਨੁਵਾਦ ਕੀਤਾ ਗਿਆ, ਜਿਨ੍ਹਾਂ ਨੂੰ ਪੱਛਮ ਦੇ ਲੋਕਾਂ ਦੀਆਂ ਨਜ਼ਰਾਂ ਵਿਚ ਘਟੀਆ ਵਿਖਾਇਆ ਜਾ ਸਕੇ। ਸੰਨ 1835 ਵਿਚ ਗਵਰਨਰ ਜਨਰਲ ਲਾਰਡ ਵਿਲੀਅਮ ਬੈਂਟਿਕ ਨੂੰ ਭੇਜੇ 'ਮਿਨਟ ਔਨ ਐਜੂਕੇਸ਼ਨ' ਵਿਚ ਲਾਰਡ ਥਾਮਸ ਮਕਾਲੇ ਨੇ ਲਿਖਿਆ ਸੀ ਕਿ ਉਸਨੂੰ ਸੰਸਕ੍ਰਿਤ ਜਾਂ ਫਾਰਸੀ ਤਾਂ ਨਹੀਂ ਆਉਂਦੀ, ਪਰੰਤੂ ਅੰਗਰੇਜ਼ੀ ਵਿਚ ਪੜ੍ਹੇ ਤਰਜਮੇ ਤੋਂ ਉਸਦਾ ਮੁਲਾਂਕਣ ਇਹ ਹੈ ਕਿ "ਭਾਰਤ ਅਤੇ ਅਰਬ ਦਾ ਸਾਰਾ ਮੂਲ ਸਾਹਿਤ ਯੋਰਪ ਦੀ ਕਿਸੇ ਚੰਗੀ ਲਾਇਬਰੇਰੀ ਦੇ ਇਕ ਰਖਨੇ ਦੇ ਤੁੱਲ ਵੀ ਨਹੀਂ।"

ਅਨੁਵਾਦ ਦੌਰਾਨ ਲਿੰਗ-ਭੇਦ ਦੀ ਰਾਜਨੀਤੀ ਦਾ ਸਵਾਲ ਵੀ ਖੜ੍ਹਾ ਹੁੰਦਾ ਹੈ।ਅਸਲੀਅਤ ਇਹ ਹੈ ਕਿ ਦੁਨੀਆਂ ਦੀਆਂ ਸਾਰੀਆਂ ਭਾਸ਼ਾਵਾਂ ਦੀ ਸੁਰ ਮਰਦਾਵੀਂ ਹੈ।ਅੰਗਰੇਜ਼ੀ ਵਿਚ ਕਹਿੰਦੇ ਹਨ ਕਿ ਮੇਨਸਟਰੀਮ ਭਾਸ਼ਾ ਅਸਲ ਵਿਚ ਮੇਲਸਟਰੀਮ ਭਾਸ਼ਾ ਹੈ।ਨਾਰੀਵਾਦੀ ਅਨੁਵਾਦਕ ਇਸ ਅਸਾਵੇਂਪਨ ਦੇ ਖਿਲਾਫ ਮਿਸ਼ਨ ਲੈ ਕੇ ਚੱਲੀਆਂ। ਗਾਇਤਰੀ ਚਕਰਵਰਤੀ ਸਪੀਵਾਕ ਅਨੁਵਾਦ ਨੂੰ ਇਸਤਰੀ ਏਕੇ ਦੇ ਹਥਿਆਰ ਵਾਂਗ ਵੇਖਦੀ ਹੈ। ਉਸਦੇ ਅਨੁਸਾਰ ਅਨੁਵਾਦ ਦੂਜਿਆਂ ਅਤੇ ਆਪਣੇ-ਆਪ ਨੂੰ ਸਮਝਣ ਦਾ ਇਕ ਜ਼ਰੀਆ ਹੈ। ਉਹ ਆਖਦੀ ਹੈ ਕਿਉਸਦੀ ਅਨੁਵਾਦ ਪ੍ਰਕਿਰਿਆ ਇਕ ਰਾਜਨੀਤਕ ਐਕਟਿਵਿਟੀ ਹੈ, ਜਿਸਦਾ ਨਿਸ਼ਾਨਾ ਭਾਸ਼ਾ ਨੂੰ ਨਾਰੀ ਲਈ ਬੁਲਵਾਉਣਾ ਹੈ।

ਜਦੋਂ ਮੂਲ ਟੈਕਸਟ ਹਾਸ਼ੀਆਗਤ ਤਬਕੇ ਨਾਲ ਸੰਬੰਧਤ ਹੋਵੇ, ਉਦੋਂ ਅਨੁਵਾਦ ਦੀ ਰਾਜਨੀਤੀ ਹੋਰ ਵੀ ਉੱਘੜ ਕੇ ਸਾਹਮਣੇ ਆਉਂਦੀ ਹੈ। ਦੱਬਿਆਂ-ਕੁਚਲਿਆਂ ਦੀਆਂ ਸਭਿਆਚਾਰਕ ਪੇਚੀਦਗੀਆਂ ਅਤੇ ਹਾਸ਼ੀਆਗ੍ਰਸਤੀ ਦੇ ਰੂਪਾਂ, ਜਿਨ੍ਹਾਂ ਦੇ ਭਾਰ ਥੱਲੇ ਉਹ ਦੱਬੇ ਹੋਏ ਹਨ, ਬਾਹਰਲਿਆਂ (ਅਨੁਵਾਦਕਾਂ ਸਮੇਤ) ਵਲੋਂ ਪੂਰੀ ਤਰ੍ਹਾਂ ਹੰਡਾਉਣੇ ਸੰਭਵ ਨਹੀਂ ਹਨ, ਇਸਲਈ (ਕਈ ਵਾਰ ਜਾਣਬੁੱਝ ਕੇ, ਤੇ ਕਈ ਵਾਰ ਅਣਜਾਣਪੁਣੇ ਵਿਚ) ਮੂਲ ਟੈਕਸਟ ਨਾਲ ਹਿੰਸਾ ਪ੍ਰਤੱਖ ਦਿਸਦੀ ਹੈ। ਮਿਸਾਲ ਦੇ ਤੌਰ ਉੱਤੇ ਸੀ.ਕੇ.ਜਾਨੂ ਦੀ ਸਵੈਜੀਵਨੀ 'ਮਦਰ ਫਾਰੈਸਟ' ਅਤੇ ਨਾਲਿਨੀ ਜਮੀਲਾ ਦੀ ਪੁਸਤਕ 'ਆਟੋਬਾਇਓਗਰਾਫੀ ਆਫ ਏ ਸੈਕਸ ਵਰਕਰ' ਦੇ ਅੰਗਰੇਜ਼ੀ ਅਨੁਵਾਦਾਂ ਵਿਚ ਉਨ੍ਹਾਂ ਦੇ ਜੀਵਨ ਸਾਡੇ ਸਾਹਮਣੇਇਕ ਵਿਚਿੱਤਰ ਸ਼ੈਅ ਬਣ ਕੇ ਪੇਸ਼ ਹੁੰਦੇ ਹਨ। ਇਨ੍ਹਾਂ ਸਵੈ-ਜੀਵਨੀਆਂ ਦੀ ਮੂਲ ਟੈਕਸਟ ਵਿਚ ਹਾਜ਼ਰ ਉਨ੍ਹਾਂ ਦਾ ਰੋਹ ਤੁਹਾਨੂੰ ਅੰਗਰੇਜ਼ੀ ਦੇ ਅਨੁਵਾਦਾਂ ਵਿਚ ਮਹਿਸੂਸ ਨਹੀਂ ਹੁੰਦਾ। ਇਸਦੇ ਉਲਟ ਆਦਿਵਾਦੀ ਸਭਿਆਚਾਰ ਅਤੇ ਵਿਰਸੇ ਨੂੰ ਬਜ਼ਾਰ ਦੀ ਵਸਤ ਵਾਂਗ ਪੇਸ਼ ਕਰਨ ਦੀ ਕੋਸ਼ਿਸ਼ ਦਿਸਦੀ ਹੈ।

ਕਿਸੇ ਟੈਕਸਟ ਦੀ ਅਣ-ਅਨੁਵਾਦਤਾ ਵੀ ਉਸਦੇ ਅਨੁਵਾਦ ਦੀ ਰਾਜਨੀਤੀ ਦਾ ਕਾਰਨ ਬਣਦੀ ਹੈ। ਮਿਸਾਲ ਦੇ ਤੌਰ ਉੱਤੇ ਪੰਜਾਬੀ ਦੇ ਸੰਬੋਧਨ ਸ਼ਬਦਾਂ 'ਤੂੰ', 'ਤੁਸੀਂ' ਅਤੇ 'ਆਪ' ਵਿਚ ਜਿਹੜਾ ਫਰਕ ਹੈ, ਉਹ ਅੰਗਰੇਜ਼ੀ ਦਾ 'ਯੂ' ਵਰਤਣ ਨਾਲ ਨਹੀਂ ਦਿਸਦਾ। ਇੰਝ ਹੀ ਪੰਜਾਬੀ ਵਿਚ ਸ਼ਬਦ 'ਉਹ' ਇਕ ਵਿਅਕਤੀ ਨੂੰ ਇੱਜ਼ਤ ਨਾਲ ਸੰਬੋਧਨ ਕਰਨ ਲਈ ਬਹੁਵਚਨ ਵਾਂਗ ਵੀ ਵਰਤਿਆ ਜਾਂਦਾ ਹੈ। ਅੰਗਰੇਜ਼ੀ ਦੇ ਸ਼ਬਦ 'ਹੀ' (He) ਵਿਚੋਂ ਇਹ ਫਰਕ ਨਹੀਂ ਦਿਸਦਾ।

'ਦਾਦੀ' ਅਤੇ 'ਨਾਨੀ' ਦਾ ਫਰਕ 'ਗਰੈਂਡਮਦਰ' ਵਰਤਣ ਨਾਲ ਨਹੀਂ ਪਤਾ ਲਗਦਾ। ਭੂਆ, ਮਾਸੀ, ਚਾਚੀ, ਤਾਈ, ਮਾਮੀ ਲਈ ਅੰਗਰੇਜ਼ੀ ਵਿਚ ਕੇਵਲ 'ਆਂਟ' ਸ਼ਬਦ ਹੈ। ਦਦੇਸ, ਮਮੇਸ, ਫਫੇਸ, ਮਸੇਸ, ਪਤੀਸ, ਆਦਿ ਲਈ ਤਾਂ ਕੋਈ ਲਫਜ਼ ਹੈ ਹੀ ਨਹੀਂ। ਪੰਜਾਬੀ ਵਿਚ ਭਾਊ, ਭਰਾ, ਵੀਰ, ਬਾਈ, ਭਰਾਜੀ, ਭਾਪਾਜੀ, ਆਦਿ ਲਫਜ਼ ਵਰਤਣ ਨਾਲ ਪਾਤਰ ਦੇ ਖਿੱਤੇ ਅਤੇ ਪਿਛੋਕੜ ਬਾਰੇ ਜਿਹੜੀ ਜਾਣਕਾਰੀ ਮਿਲਦੀ ਹੈ, ਉਹ 'ਬ੍ਰਦਰ' ਸ਼ਬਦ ਵਿਚੋਂ ਨਹੀਂ ਮਿਲੇਗੀ। ਇਕ-ਇਕ ਸ਼ਬਦ ਦੇ ਅਨੁਵਾਦ ਵਿਚ ਦਿਸਦੀ ਇਹ ਸਮਸਿਆ ਫਿਕਰਿਆਂ ਵਿਚ ਹੋਰ ਵੀ ਉੱਘੜ ਕੇ ਸਾਹਮਣੇ ਆਉਂਦੀ ਹੈ। ਮਿਸਾਲ ਵਜੋਂ ਇਹ ਫਿਕਰਾ ਵੇਖੋ: "ਪਰਮਵੀਰ ਸੰਧੂ ਆਪਣੇ ਸੀਰੀ ਦੇ ਘਰ ਬੈਠਾ ਹੁੱਕੇ ਦੇ ਘੁੱਟ ਲਾ ਰਿਹਾ ਸੀ"। ਅੰਗਰੇਜ਼ੀ ਵਿਚ ਇਸਦਾ ਤਰਜਮਾ ਹੋਵੇਗਾ:Sitting in the house of his agricultural helper, Paramvir Sandhu was smoking a hukkah. ਪੰਜਾਬੀ ਦੀ ਟੈਕਸਟ ਵਿਚ ਪਈ ਬਹੁਤ ਸਾਰੀ ਜਾਣਕਾਰੀ ਅੰਗਰੇਜ਼ੀ ਦੀ ਟੈਕਸਟ ਵਿਚੋਂ ਗੈਰਹਾਜ਼ਰ ਲੱਭੇਗੀ। ਜਿਵੇਂ ਇਹ ਕਿ ਪੰਜਾਬੀਆਂ ਦੇ ਨਾਂਅ ਤੋਂ ਆਮ ਤੌਰ ਉੱਤੇ ਜਾਤੀ ਦੀ ਪਛਾਣ ਹੋ ਜਾਂਦੀ ਹੈ। ਕਿ ਪਰਮਵੀਰ ਸੰਧੂ ਜੱਟ ਹੈ। ਕਿ ਉਹ ਸਿੱਖ ਹੈ। ਕਿ ਭਾਰਤੀ ਪੰਜਾਬ ਦੇ ਜ਼ਿਆਦਾਤਰ ਜੱਟ, ਸਿੱਖ ਧਰਮ ਨਾਲ ਸੰਬੰਧਤ ਹਨ। ਕਿ ਭਾਵੇਂ ਸਿੱਖ ਧਰਮ ਜਾਤ-ਪਾਤ ਨੂੰ ਨਹੀਂ ਮੰਨਦਾ, ਪਰੰਤੂ ਜ਼ਮੀਨੀ ਸਤਰ ਉੱਤੇ ਇਸਤੋਂ ਕੋਈ ਵੀ ਇਨਕਾਰੀ ਨਹੀਂ। ਕਿ ਜਾਤੀ ਪ੍ਰਥਾ ਦੀ ਪੌੜੀ ਉੱਤੇ ਪੰਜਾਬ ਦੇ ਜੱਟ ਆਪਣੇ ਆਪ ਨੂੰ ਸਿਖਰਲੇ ਪੌਡੇ ਉੱਤੇ ਰਖਦੇ ਹਨ। ਕਿ ਜੱਟ ਸਿੱਖਾਂ ਵਿਚ ਹੁੱਕਾ, ਸਿਗਰਟ ਪੀਣ ਨੂੰ ਬੁਰਾ ਮਨਾਂਦੇ ਹਨ, ਹਾਲਾਂਕਿ ਹੋਰ ਜਾਤੀਆਂ ਦੇ ਸਿੱਖਾਂ ਵਿਚ ਅਜਿਹੀ ਮਨਾਹੀ ਵਾਲੀ ਗੱਲ ਨਹੀਂ। ਜਿੰਨੇ ਲੱਛਣ ਅਸੀਂ ਪਰਮਵੀਰ ਸੰਧੂ ਦੇ ਗਿਣਾਏ ਹਨ, ਓਨੇ ਹੀ ਸੀਰੀ ਦੇ ਵੀ ਗਿਣਾਏ ਜਾ ਸਕਦੇ ਹਨ, ਜਿਹੜੇ ਉਸਦੀ ਜਾਤੀ ਅਤੇ ਸਮਾਜਕ ਰੁਤਬੇ ਦੀ ਨਾਬਰਾਬਰੀ ਨਾਲ ਸੰਬੰਧਤ ਹਨ। ਇੰਞ ਪਰਮਵੀਰ ਸੰਧੂ ਹੁੱਕਾ ਪੀਂਦਾ ਹੈ, ਅਤੇ ਉਹ ਵੀ ਆਪਣੇ ਸੀਰੀ ਨਾਲ ਬਹਿ ਕੇ, ਇਸਦਾ ਮਤਲਬ ਓਨਾ ਚਿਰ ਸਮਝ ਨਹੀਂ ਆ ਸਕਦਾ, ਜਿੰਨਾ ਚਿਰ ਉਸਦੇ ਪਿੱਛੇ ਮੌਜੂਦ ਪੂਰੇ ਸਭਿਆਚਾਰ ਨੂੰ ਨਹੀਂ ਸਮਝਿਆ ਜਾਂਦਾ।

ਮੂਲ ਭਾਸ਼ਾ ਅਤੇ ਅਨੁਵਾਦ ਭਾਸ਼ਾ ਦੇ ਸਭਿਆਚਾਰਾਂ ਵਿਚ ਫਰਕ ਕਈ ਵਾਰ ਏਨੇ ਉਘੜਵੇਂ ਹੁੰਦੇ ਹਨ, ਕਿ ਅਨੁਵਾਦ ਭਾਸ਼ਾ ਵਾਲੇ ਸਮਾਜ ਜਾਂ ਸਰਕਾਰਾਂ ਉਨ੍ਹਾਂ ਨੂੰ ਕਬੂਲ ਨਹੀਂ ਕਰਦੀਆਂ। ਕਈ ਵਾਰ ਅਨੁਵਾਦ ਉੱਤੇ ਰੋਕ ਲਈ ਅਸ਼ਲੀਲਤਾ ਜਾਂ ਅਨੈਤਿਕਤਾ ਨੂੰ ਆਧਾਰ ਬਣਾਇਆ ਜਾਂਦਾ ਹੈ। ਜਦੋਂ ਜਾਪਾਨ ਵਿਚ ਡੀ.ਐਚ. ਲਾਰੈਂਸ ਦੇ ਨਾਵਲ ਲੇਡੀ ਚੈਟਰਲੀਜ਼ ਲਵਰ ਦਾ ਪੂਰਾ ਅਨੁਵਾਦ ਛਪਿਆ ਗਿਆ, ਤਾਂ ਉਹਦੇ ਉੱਤੇ ਕਈ ਸਾਲਾਂ ਤੱਕ ਅਸ਼ਲੀਲਤਾ ਦਾ ਮੁਕੱਦਮਾ ਚੱਲਿਆ। ਕਈ ਵਾਰ ਅਨੁਵਾਦ ਉੱਤੇ ਨਹੀਂ ਬਲਕਿ ਅਨੁਵਾਦਕ ਉੱਤੇ ਹੀ ਪਾਬੰਦੀ ਲਾ ਦਿੱਤੀ ਜਾਂਦੀ ਹੈ। ਫਾਸ਼ਿਸਟ ਇਟਲੀ ਵਿਚ ਥੋਮਸ ਮਾਨ ਅਤੇ ਆਂਦਰੇ ਗਾਈਡ ਦੇ ਅਨੁਵਾਦਾਂ ਉੱਤੇ ਇਸਲਈ ਪਾਬੰਦੀ ਲਾ ਦਿੱਤੀ ਗਈ ਸੀ, ਕਿਉਂਕਿ ਹਾਕਮਾਂ ਦਾ ਖਿਆਲ ਸੀ ਕਿ ਉਹ ਦੋਵੇਂ ਯਹੂਦੀ ਸਨ। ਕਈ ਵਾਰ ਟੈਕਸਟ ਨਹੀਂ, ਬਲਕਿ ਪੂਰੇ ਦੇ ਪੂਰੇ ਯਾਨਰ ਉੱਤੇ ਹੀ ਪਾਬੰਦੀ ਲਾ ਦਿੱਤੀ ਜਾਂਦੀ ਹੈ। ਨਾਜ਼ੀ ਜਰਮਨੀ ਵਿਚ ਜਸੂਸੀ ਨਾਵਲਾਂ ਦੇ ਅਨੁਵਾਦ ਉੱਤੇ ਇਹ ਕਹਿ ਕੇ ਰੋਕ ਲਾਈ ਗਈ ਸੀ ਕਿ ਇਸ ਯਾਨਰ ਰਾਹੀਂ ਸਮਾਜ ਵਿਰੋਧੀ ਵਰਤਾਓ ਫੈਲਦਾ ਹੈ। ਸਰਕਾਰਾਂ ਦੀਆਂ ਕਿਸੇ ਵਿਸ਼ੇਸ਼ ਭਾਸ਼ਾ ਨੂੰ ਪ੍ਰਫੁੱਲਤ ਕਰਨ ਦੀਆਂਨੀਤੀਆਂ ਵੀ ਅਨੁਵਾਦ ਦੀ ਰਾਜਨੀਤੀ ਦਾ ਰੁਖ ਤੈਅ ਕਰਦੀਆਂ ਹਨ।

ਇਤਿਹਾਸਕ ਤੌਰ ਉੱਤੇ ਅਨੁਵਾਦ ਦੀ ਰਾਜਨੀਤੀ ਰਾਹੀਂ ਸਮਾਜਾਂ ਜਾਂ ਨਿਜ਼ਾਮਾਂ ਵਿਚ ਵੱਡੀਆਂ ਤਬਦੀਲੀਆਂ ਵੇਖਣ ਨੂੰ ਮਿਲੀਆਂ ਹਨ। ਮਿਸਾਲ ਦੇ ਤੌਰ ਉੱਤੇ ਭਗਤੀ ਲਹਿਰ ਤੋਂ ਪਹਿਲਾਂ ਭਾਰਤ ਵਿਚ ਰੂਹਾਨੀਅਤ ਦੀ ਭਾਸ਼ਾ ਸੰਸਕ੍ਰਿਤ ਸੀ। ਇਹ ਧਾਰਮਕ ਗਰੰਥਾਂ ਨੂੰ ਆਮ ਲੋਕਾਂ ਦੀ ਪਹੁੰਚ ਤੋਂ ਪਰ੍ਹੇ ਰੱਖਣ ਅਤੇ ਰੂਹਾਨੀਅਤ ਉੱਤੇ ਬ੍ਰਾਹਮਣਾਂ ਦੇ ਕਬਜ਼ੇ ਦਾ ਵੱਡਾ ਕਾਰਨ ਸੀ। ਜਦੋਂ ਧਾਰਮਕ ਗਰੰਥਾਂ ਦਾ ਅਨੁਵਾਦ ਲੋਕਾਂ ਦੀ ਭਾਸ਼ਾ ਵਿਚ ਕੀਤਾ ਗਿਆ, ਤਾਂ ਇਸ ਨਾਲ ਹਿੰਦੂ ਧਰਮ ਉੱਤੇ ਬ੍ਰਾਹਮਣਾਂ ਦੀ ਜਕੜ ਢਿੱਲੀ ਹੋਈ ਅਤੇ ਰੂਹਾਨੀਅਤ ਦਾ ਜਮਹੂਰੀਕਰਨ ਹੋਇਆ। ਬਰਤਾਨਵੀ ਮਿਸ਼ਨਰੀਆਂ ਵਲੋਂ ਬਾਈਬਲ ਅਤੇ ਈਸਾਈ ਮੱਤ ਨਾਲ ਸੰਬੰਧਤ ਸਾਹਿਤ ਦੇ ਤਰਜਮੇ ਨੇ ਭਾਰਤ ਵਿਚ ਈਸਾਈ ਮੱਤ ਫੈਲਾਣ ਦਾ ਰਾਹ ਮੋਕਲ਼ਾ ਕੀਤਾ। ਸੋਵੀਅਤ ਯੂਨੀਅਨ ਦੇ ਸਾਹਿਤ ਦੇ ਤਰਜਮੇ ਨੇ ਭਾਰਤ ਵਿਚ ਪ੍ਰਗਤੀਵਾਦੀ ਅਤੇ ਸੋਵੀਅਤ ਨਿਜ਼ਾਮ ਦੇ ਹਾਮੀਆਂ ਦੇ ਪੂਰਾਂ ਦੇ ਪੂਰ ਪੈਦਾ ਕੀਤੇ। ਉਸੇ ਸਮੇਂ ਦੌਰਾਨ ਹਿੰਦੀ ਫਿਲਮਾਂ ਦਾ ਵੱਡੀ ਤਾਦਾਦ ਵਿਚ ਰੂਸੀ ਵਿਚ ਤਰਜਮਾ ਕੀਤਾ ਗਿਆ। ਇਸ ਨੇ ਦੋਵਾਂ ਦੇਸ਼ਾਂ ਦੇ ਲੋਕਾਂ ਵਿਚਕਾਰ ਨੇੜਤਾ ਵਧਾਉਣ ਦਾ ਕੰਮ ਕੀਤਾ।

ਪਿਛਲੇ ਕੁਝ ਦਹਾਕਿਆਂ ਦੌਰਾਨ ਅਨੁਵਾਦ ਦੀ ਰਾਜਨੀਤੀ ਨੂੰ ਜਿਹੜੇ ਵਰਤਾਰਿਆਂ ਨੇ ਪ੍ਰਭਾਵਤ ਕੀਤਾ ਹੈ, ਉਨ੍ਹਾਂ ਵਿਚੋਂ ਇਕ ਹੈ ਵਿਸ਼ਵੀਕਰਨ। ਵਿਸ਼ਵੀਕਰਨ ਦੇ ਯੁਗ ਵਿਚ ਇਕ ਪਾਸਿਓਂ ਸਭਿਆਚਾਰ ਦੇ ਇਕਸਾਰੀਕਰਣ ਦੀਆਂ ਕੋਸ਼ਿਸ਼ਾਂ ਨੇ ਜ਼ੋਰ ਫੜਿਆ, ਤੇ ਦੂਜੇ ਪਾਸਿਓਂ ਅੰਗਰੇਜ਼ੀ ਨੂੰ ਇਕ ਵਿਸ਼ਵ ਭਾਸ਼ਾ ਵਾਂਗ ਪੇਸ਼ ਕੀਤਾ ਗਿਆ। ਨਤੀਜੇ ਵਜੋਂ ਨਸਲ-ਕੇਂਦਰਤ ਅਤੇ ਅੰਗਰੇਜ਼ੀ-ਚੌਧਰ ਵਾਲੇ ਅਨੁਵਾਦ ਦੇ ਰੁਝਾਨ ਵੇਖਣ ਨੂੰ ਮਿਲੇ। ਵਿਸ਼ਵੀਕਰਨ ਦੇ ਦੂਜੇ ਦੌਰ ਵਿਚ, ਵਿਸ਼ੇਸ਼ ਕਰਕੇ ਸੋਵੀਅਤ ਯੂਨੀਅਨ ਅਤੇ ਸਮਾਜਵਾਦੀ ਗੁੱਟ ਦੇ ਟੁੱਟਣ ਤੋਂ ਬਾਅਦ, ਬਹੁਤ ਸਾਰੇ ਦੇਸ਼ਾਂ ਵਿਚ ਸੱਜ-ਪਿਛਾਕੜ ਸਰਕਾਰਾਂ ਹੋਂਦ ਵਿਚ ਆਈਆਂ। ਕਈ ਦੇਸ਼ਾਂ ਵਿਚ ਜਮਹੂਰੀ ਢੰਗ ਨਾਲ ਚੁਣੇ ਸਰਕਾਰਾਂ ਦੇ ਮੁਖੀ ਤਾਨਾਸ਼ਾਹੀ ਦੇ ਰਸਤੇ ਤੁਰ ਪਏ। ਇਨ੍ਹਾਂ ਤਾਨਾਸ਼ਾਹਾਂ ਨੇ ਮੀਡੀਏ ਅਤੇ ਪ੍ਰਕਾਸ਼ਨ ਉੱਤੇ ਅਜਿਹੀਆਂ ਦਿਖ-ਅਦਿਖ ਪਾਬੰਦੀਆਂ ਲਾਈਆਂ, ਜਿਹੜੀਆਂ ਪਹਿਲਾਂ ਕਦੇ ਵੇਖਣ ਨੂੰ ਨਹੀਂ ਸਨ ਮਿਲੀਆਂ। ਇਨ੍ਹਾਂ ਪਾਬੰਦੀਆਂ ਨੇ ਅਨੁਵਾਦ ਦੀ ਰਾਜਨੀਤੀ ਨੂੰ ਵੀ ਸੱਜ-ਪਿਛਾਕੜ ਵੱਲ ਧੱਕਿਆ ਹੈ। ਬਾਹਰ ਨੂੰ ਫੈਲਣ ਦੀ ਬਜਾਏ ਸਾਡਾ ਸੰਸਾਰ ਸਗੋਂ ਅੰਦਰ ਨੂੰ ਸੁੰਗੜਨ ਲੱਗਾ ਹੈ। ਬਾਹਰਲੀ ਮੂਲ ਟੈਕਸਟ ਵਿਚ ਪਿਆ ਸਭਿਆਚਾਰ ਸਾਡੇ ਲਈ ਓਪਰਾ ਬਣਦਾ ਜਾ ਰਿਹਾ ਹੈ। ਖੁੱਲ੍ਹਦਿਲੀ ਅਤੇ ਪ੍ਰਾਹੁਣਚਾਰੀ ਗੁਆਚਦੀ ਜਾ ਰਹੀ ਹੈ। ਚੰਗੇ ਅਨੁਵਾਦ ਦੇ ਜ਼ਰੂਰੀ ਅੰਗ, ਜਿਵੇਂ ਮੋਕਲ਼ਾਪਨ, ਸੰਵਾਦ ਅਤੇ ਵਿਕੇਂਦਰੀਕਰਣ ਨੂੰ ਢਾਅ ਲੱਗੀ ਹੈ। ਇਹ ਸਾਰੇ ਲੱਛਣ ਭਾਰਤ ਵਿਚ ਮੋਦੀ-ਸ਼ਾਹ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਵਿਚ ਵੀ ਵੇਖਣ ਨੂੰ ਮਿਲੇ ਹਨ। ਇਸ ਸਰਕਾਰ ਨੇ ਸ਼ਰੇਆਮ ਹਿੰਦੂ ਧਰਮ ਨਾਲ ਸੰਬੰਧਤ ਟੈਕਸਟ ਅਤੇ ਲੇਖਕਾਂ ਨੂੰ ਬਾਕੀ ਧਰਮਾਂ ਦੇ ਮੁਕਾਬਲੇ ਵਧੇਰੇ ਹੱਲਾਸ਼ੇਰੀ ਦੇਣ ਦਾ ਕੰਮ ਕੀਤਾ ਹੈ। ਇਸ ਪ੍ਰਕਿਰਿਆ ਦੌਰਾਨ ਤਰਕ ਅਤੇ ਨਿਆਂ ਨੂੰ ਲਾਂਭੇ ਰੱਖਿਆ ਗਿਆ ਹੈ। ਨਾਲ ਹੀ ਹਿੰਦੀ ਭਾਸ਼ਾ ਨੂੰ ਬਾਕੀ ਭਾਸ਼ਾਵਾਂ ਉੱਤੇ ਸਰਦਾਰੀ ਦਾ ਰੁਤਬਾ ਦੇਣ ਦਿਵਾਣ ਲਈ ਵੀ ਕੋਸ਼ਿਸ਼ਾਂ ਆਰੰਭੀਆਂ ਗਈਆਂ ਹਨ। ਇਨ੍ਹਾਂ ਹਾਲਤਾਂ ਦੇ ਮੱਦੇਨਜ਼ਰ ਭਾਰਤ ਸਮੇਤ ਸਾਰੀ ਦੁਨੀਆਂ ਦੇ ਅਗਾਂਹਵਧੂ ਲੋਕਾਂ ਨੂੰ ਅਨੁਵਾਦ ਦੇ ਜਮਹੂਰੀਕਰਣ ਅਤੇ ਮੋਕਲ਼ੇਪਣ ਲਈ ਇਕਜੁਟ ਹੋ ਕੇ ਲੜਾਈ ਲੜਨੀ ਹੋਵੇਗੀ।

✲✲✲

# 21ਵੀਂ ਸਦੀ ਦੇ ਦੂਜੇ ਦਹਾਕੇ ਦੇ ਪੀਐੱਚ. ਡੀ. ਖੋਜ ਕਾਰਜ ਵਿਚ ਸਮਕਾਲੀਨਤਾ

*(ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸੰਦਰਭ ਵਿਚ)*

*–ਡਾ. ਰਮਿੰਦਰ ਕੌਰ*
*–ਸ਼ਰਨਜੀਤ ਕੌਰ*

ਸਾਹਿਤ ਨੂੰ ਅਕਸਰ ਦ੍ਰਿਸ਼ਟਮਾਨ ਯਥਾਰਥ ਦਾ ਪ੍ਰਤੀਰੂਪ ਸਵੀਕਾਰਿਆ ਜਾਂਦਾ ਹੈ। ਕਿਸੇ ਸਮਾਜ ਜਾਂ ਸਮੂਹ ਦੀ ਜੇਕਰ ਇਤਿਹਾਸਕ ਵਿਕਾਸਗਤੀ ਨੂੰ ਸਮਝਣਾ ਹੋਵੇ ਤਾਂ ਸਾਹਿਤ ਉਸਦਾ ਵਿਸ਼ੇਸ਼ ਮਾਧਿਅਮ ਵੀ ਬਣਦਾ ਹੈ, ਕਾਰਨ, ਸ਼ਾਇਦ ਇਸਦੇ ਸਮਿਅਕ ਪ੍ਰਤੀਬਿੰਬਣ ਵਿਚ ਦਰਕਾਰ ਹੈ। ਬ੍ਰਹਿਮੰਡਕ ਸੁਹਜ ਨੂੰ ਦੇਖਦਿਆਂ ਅਸੀਂ ਇਸ ਸੱਚ ਨੂੰ ਪੂਰਨ ਭਾਂਤ ਪ੍ਰਤੱਖ ਦੇਖਦੇ ਹਾਂ ਕਿ ਹਰ ਸੂਖ਼ਮ ਸਥੂਲ ਵਸਤ ਦੋਹਰੇ ਸੰਬੰਧਾਂ ਵਿਚ ਬੱਝੀ ਹੋਈ ਹੈ ਅਰਥਾਤ ਸਿੱਕੇ ਦੇ ਦੋ ਪਾਸਿਆਂ ਵਾਂਗ ਹਰ ਚੀਜ਼ ਦੀ ਆਪਣੀ ਪੁੱਠ–ਸਿੱਧ ਤੇ ਆਪਣੀ ਦਵੰਦਾਤਮਕਤਾ ਹੈ। ਇਸੇ ਮੂਜਬ ਜਦ ਸਾਹਿਤ ਸਿਰਜਣ ਪ੍ਰਕਿਰਿਆ ਦੀ ਦੂਜੀ ਧਿਰ ਦੀ ਗੱਲ ਕਰਦੇ ਹਾਂ ਤਾਂ ਇਸ ਸਿਰਜਣਾਤਮਕ ਸਫ਼ਰ ਦਾ ਸਹੀ ਮੁੱਲ ਪਾਉਣ ਜਾਂ ਇਸਨੂੰ ਤਰਕ ਦੀ ਕਸੌਟੀ 'ਤੇ ਪਰਖ਼ਣ ਦੀ ਵਿਧੀ ਤਥਾ 'ਆਲੋਚਨਾ' ਦਾ ਜ਼ਿਕਰ ਅਚੇਤ ਹੀ ਮਨ ਵਿਚ ਆ ਜਾਂਦਾ ਹੈ। ਆਲੋਚਨਾ ਕਾਰਜ ਕਿਸੇ ਕ੍ਰਿਤ ਵਿਚਲੇ ਹਰ ਸੂਖ਼ਮ ਤੋਂ ਸੂਖ਼ਮਤਰ ਪਹਿਲੂ ਦੇ ਪ੍ਰਿਜ਼ਮ ਵਿਚੋਂ ਝਾਕਦਿਆਂ ਉਸ ਅੰਦਰ ਵਿਦਮਾਨ ਕਥਾ ਸੰਦਰਭ ਤੇ ਕਥਾ ਪ੍ਰਸੰਗ ਭਾਵ ਕੱਥ ਤੋਂ ਵੱਥ ਅਧਾਰਤ ਸਮਾਜਕ ਨਕਸ਼ੇ ਦੀ ਪਛਾਣ ਕਰਦਾ ਹੈ। ਸਾਹਿਤ ਵਿਚ ਅਭਿਵਿਅਕਤ ਸਮਾਜਿਕ ਨਕਸ਼ ਨੁਹਾਰ ਕਿੰਨੀ ਕੁ ਯਥਾਰਥਕ ਤੇ ਪ੍ਰਮਾਣਿਕ ਹੈ, ਇਸ ਦਾ ਜਾਇਜ਼ਾ ਆਲੋਚਨਾ ਦੇ ਪੈਮਾਨੇ ਵਿਚੋਂ ਹੀ ਸੰਭਵ ਹੈ।

ਆਲੋਚਨਾ ਕਾਰਜ ਵਿਭਿੰਨ ਸ਼ਾਖਾਵਾਂ ਤਹਿਤ ਕਾਰਜਸ਼ੀਲ ਹੈ। ਮਸਲਨ ਕਾਲਜ, ਯੂਨੀਵਰਸਿਟੀਆਂ ਵਿਚ ਸਿਲੇਬਸ ਵਜੋਂ ਵਿਚਾਰੀਆਂ ਜਾਂਦੀਆਂ ਕਿਰਤਾਂ ਦਾ ਵਿਹਾਰਕੀ ਅਧਿਐਨ, ਐਮ.ਫਿਲ ਤੇ ਪੀਐੱਚ.ਡੀ. ਪੱਧਰ ਦਾ ਮਹੀਨ ਖੋਜ ਕਾਰਜ ਅਤੇ ਪੁਸਤਕ ਰੂਪ ਵਿਚ ਮਿਲਦੀ ਆਲੋਚਨਾਤਮਕ ਸਮੱਗਰੀ। ਇਹ ਸਮੂਹ ਆਲੋਚਨਾਤਮਕ ਪ੍ਰਕਿਰਿਆ ਦੇ ਬਹੁਕੋਣੀ ਚਿੰਤਨ ਵਿਚੋਂ ਸਮੇਂ ਦੇ ਸੱਚ ਨੂੰ ਤਲਾਸ਼ਣ ਦਾ ਪ੍ਰਯਤਨ ਕਰਦੀ ਹੈ। ਹੱਥਲੇ ਪਰਚੇ ਦਾ ਮਕਸਦ ਵੀ ਵਰਤਮਾਨ ਵਿਚ ਚੱਲ ਰਹੇ ਖੋਜ ਕਾਰਜ ਦੀ ਤਹਿ ਹੇਠੋਂ ਸਮਕਾਲੀਨਤਾ ਦੇ ਸੰਦਰਭ ਨੂੰ ਵਾਚਣਾ ਹੈ। ਜਿਸ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਚੱਲ ਰਹੇ ਪੰਜਾਬੀ ਦੇ ਪੀਐੱਚ.ਡੀ. ਪੱਧਰ ਦੇ ਬਹੁ–ਵਿਧਾਵੀ ਖੋਜ ਪ੍ਰਬੰਧਾਂ ਨੂੰ ਆਪਣੀ ਆਧਾਰ ਸਮੱਗਰੀ ਵਜੋਂ ਨਿਰਧਾਰਿਤ ਕੀਤਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ ਚੱਲ ਰਹੀ ਪੀਐੱਚ.ਡੀ. ਪੱਧਰ ਦੀ ਖੋਜ/ਆਲੋਚਨਾ ਉੱਪਰ ਜੇਕਰ ਸਰਸਰੀ ਝਾਤ ਮਾਰੀਏ ਤਾਂ 2011 ਤੋਂ ਲੈ ਕੇ ਹੁਣ ਤੱਕ ਲਗਭਗ 100 ਦੇ ਲਗਭਗ ਖੋਜ ਪ੍ਰਬੰਧ ਸਾਹਮਣੇ ਆਉਂਦੇ ਹਨ ਜੋ ਸਾਹਿਤ ਦੀਆਂ ਵਿਭਿੰਨ ਵੰਨਗੀਆਂ ਜਿਵੇਂ ਕਵਿਤਾ, ਨਾਟਕ, ਨਾਵਲ, ਕਹਾਣੀ, ਪ੍ਰਵਾਸੀ ਸਾਹਿਤ, ਭਾਸ਼ਾ ਵਿਗਿਆਨ ਅਤੇ ਆਲੋਚਨਾ ਕਾਰਜ ਨੂੰ ਵਿਧਾਵੀ ਚੌਖਟੇ ਵਜੋਂ ਅਪਣਾਉਂਦਿਆਂ ਕਿਤੇ ਨਾ

ਕਿਤੇ ਸਿਨਫ਼ ਦੀ ਵਿਕਾਸਗਤੀ ਦਾ ਮਰਕਜ਼ ਵੀ ਬਣਦੇ ਹਨ।

ਪਰਚੇ ਦੇ ਮੂਲ ਮਕਸਦ ਤਹਿਤ ਪਰਚੇ ਦਾ ਆਧਾਰ ਕੁਝ ਕੁ ਖੋਜ ਪ੍ਰਬੰਧ ਬਣਾਏ ਗਏ ਹਨ ਅਤੇ ਮੁੱਖ ਕੇਂਦਰ ਬਿੰਦੂ ਵਰਤਮਾਨ ਖੋਜ ਕਾਰਜ ਵਿਚੋਂ ਰੂਪਮਾਨ ਹੁੰਦੀ ਸਮਕਾਲੀਨਤਾ ਦੀ ਥਾਹ ਪਾਉਣਾ ਹੈ। ਕੀ ਇਹ ਖੋਜ ਕਾਰਜ ਸਮਕਾਲੀਨ ਸਮੇਂ ਨੂੰ ਪੂਰੀ ਆਲੋਚਨਾਤਮਕ ਸ਼ਿੱਦਤ ਨਾਲ ਪੇਸ਼ ਕਰ ਪਾ ਰਿਹਾ ਹੈ ਜਾਂ ਸਮੇਂ ਦੇ ਸੱਚ ਨੂੰ ਬਿਆਨ ਕਰਦਿਆਂ ਇਸ ਅੰਦਰਲੀ ਆਲੋਚਨਾ ਪੱਧਤੀ ਮਿਆਰੀਕਰਨ ਦੀ ਕਸੌਟੀ 'ਤੇ ਖ਼ਰੀ ਉਤਰਦੀ ਹੈ? ਇਨ੍ਹਾਂ ਪ੍ਰਸ਼ਨਾਂ ਦਾ ਜਵਾਬ ਖੋਜਣਾ ਸਾਡੇ ਪਰਚੇ ਦੀ ਮੂਲ ਸੁਰ ਵਿਚ ਸੁਭਾਵਿਕ ਹੀ ਸ਼ਾਮਿਲ ਹੋ ਜਾਂਦਾ ਹੈ।

ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਦੀ ਪੰਜਾਬੀ ਕਵਿਤਾ : ਉੱਤਰ-ਨਾਰੀਵਾਦੀ ਪਰਿਪੇਖ ਵਿਚ ਪ੍ਰਵੀਨ ਕੁਮਾਰ 20ਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਸਾਹਮਣੇ ਆਈ ਵਿਚਾਰਧਾਰਾ ਉੱਤਰ-ਨਾਰੀਵਾਦ ਸੰਦਰਭ ਤੋਂ ਵਰਤਮਾਨ ਔਰਤ ਦੀ ਦਸ਼ਾ ਤੇ ਦਿਸ਼ਾ ਨੂੰ ਸਮਝਣ ਦਾ ਪ੍ਰਯਤਨ ਕਰਦਾ ਨਜ਼ਰ ਆ ਰਿਹਾ ਹੈ। ਅੱਜ ਦੀ ਔਰਤ ਆਪਣੀ ਹੋਂਦ, ਆਪਣੇ ਅਸਤਿੱਤਵ ਪ੍ਰਤੀ ਸੁਚੇਤ ਹੈ। ਉਹ ਮਰਦ ਦੇ ਮੁਕਾਬਲਤਨ ਬਰਾਬਰਤਾ ਦੀ ਮੰਗ ਨਾਲੋਂ ਆਪਣੀਆਂ ਵਿਲੱਖਣ ਵਿਸ਼ੇਸ਼ਤਾਈਆਂ ਵਜੋਂ ਸਥਾਪਿਤ ਹੋਣ ਵੱਲ ਰੁਚਿਤ ਹੈ। ਉਸ ਅੰਦਰ ਸਥਾਪਿਤ ਕਦਰਾਂ ਪ੍ਰਤੀ ਉਲਾਰ ਬਿਰਤੀ ਨਹੀਂ ਸਗੋਂ ਉਸਦਾ ਚੇਤੰਨ ਪੱਧਰ ਸਮੂਹ ਕੀਮਤਾਂ ਵਿਚਲੇ ਤਾਰਕਿਕ-ਅਤਾਰਕਿਕ ਪਾੜੇ ਦੇ ਵਿਵੇਚਨੀ ਜ਼ਾਇਜ਼ੇ ਵੱਲ ਇੱਛੁਕ ਹੈ। ਉਹ ਪਰਿਵਾਰ, ਮਰਦ, ਔਲਾਦ ਦੀ ਅਹਿਮੀਅਤ ਨੂੰ ਸਵੀਕਾਰਦੀ ਤਾਂ ਹੈ ਪਰੰਤੂ ਆਪਣੀ ਹੋਂਦ ਦਾ ਮਨਫ਼ੀਕਰਨ ਜਾਂ ਦੂਜੈਲਤਾ ਉਸਨੂੰ ਪ੍ਰਵਾਨ ਨਹੀਂ । ਉਸ ਅੰਦਰ ਪ੍ਰੰਪਰਕ ਨਿਰਭਰਤਾ ਵਾਲੀ ਸਥਿਤੀ ਆਲੋਪ ਹੈ, ਉਹ ਆਤਮ ਨਿਰਭਰ ਹੋ ਸ੍ਵੈ ਅਭਿਮਾਨ ਦੀ ਹਾਮੀ ਭਰਦੀ ਹੈ। ਵਰਤਮਾਨ ਔਰਤ ਦਾ ਅਜਿਹਾ ਬਿੰਬ ਇਸ ਖੋਜ ਕਾਰਜ ਦੀ ਜ਼ੁਬਾਨੀ ਪ੍ਰਤੱਖ ਰੂਪ ਵਿਚ ਦੇਖਿਆ ਜਾ ਸਕਦਾ ਹੈ।

ਇੱਕੀਵੀਂ ਸਦੀ ਦੇ ਪਹਿਲੇ ਦਹਾਕੇ ਦਾ ਪੰਜਾਬੀ ਨਾਵਲ : ਸਮਾਜ-ਮਨੋਵਿਗਿਆਨਕ ਅਧਿਐਨ (ਮਿੱਤਰ ਸੈਨ ਮੀਤ, ਇੰਦਰ ਸਿੰਘ ਖਾਮੋਸ਼, ਬਲਦੇਵ ਸਿੰਘ, ਕੇਵਲ ਕਲੋਟੀ ਅਤੇ ਮਨਮੋਹਨ ਬਾਵਾ ਦੇ ਵਿਸ਼ੇਸ਼ ਸੰਦਰਭ ਵਿਚ) ਮਲਕੀਤ ਸਿੰਘ ਦੁਆਰਾ ਸਮਕਾਲੀਨਤਾ ਨਾਲ ਸਿੱਧੇ ਤੌਰ 'ਤੇ ਸੰਬੰਧ ਰੱਖਦਾ ਖੋਜ ਕਾਰਜ ਸਾਹਮਣੇ ਆਉਂਦਾ ਹੈ, ਜਿਸ ਵਿਚ ਮਲਕੀਤ ਵਰਤਮਾਨ ਦੌਰ ਦੀ ਰਾਜ ਸੱਤਾ ਅਤੇ ਵਿਅਕਤੀ ਵਿਚਲੇ ਅੰਤਰ-ਵਿਰੋਧਾਂ ਦੀ ਨਿਸ਼ਾਨਦੇਹੀ ਕਰਦਾ ਹੈ। ਸੱਤਾ ਦੀ ਸਾਧਾਰਨ ਵਿਅਕਤੀ ਦੇ ਜੀਵਨ ਵਿਚ ਕਿਸ ਪ੍ਰਕਾਰ ਦੀ ਕਾਰਜਸ਼ੀਲਤਾ ਹੈ, ਇਸ ਆਲੋਚਨਾ ਕਾਰਜ ਵਿਚੋਂ ਇਸਦੀ ਸਪੱਸ਼ਟ ਤਸਵੀਰ ਦੇਖੀ ਜਾ ਸਕਦੀ ਹੈ। ਪੂੰਜੀਵਾਦ ਦੀ ਜੜ੍ਹਾਂ ਆਪਣੀ ਘਾਤਕ ਪ੍ਰਤੀਕਿਰਿਆ ਨਾਲ ਕਿਰਸਾਨ ਨੂੰ ਦੁਖਦ ਹਨੇਰਿਆਂ ਵਿਚ ਕਿਸ ਤਰ੍ਹਾਂ ਧੱਕਾ ਦੇ ਰਹੀਆਂ ਹਨ, ਇਸ ਆਲੋਚਨਾ ਕਾਰਜ ਦੀ ਜ਼ੁਬਾਨੀ ਸਾਫ਼ ਦੇਖਿਆ ਜਾ ਸਕਦਾ ਹੈ। ਇਸ ਵਿਚੋਂ ਬੇਰੁਜ਼ਗਾਰੀ, ਆਤੰਕਵਾਦ, ਕਿਸਾਨ ਖ਼ੁਦਕੁਸ਼ੀ, ਜਾਤੀਵਾਦ ਇਤਿਆਦਿ ਮਸਲੇ ਸਿਰ ਚੁੱਕਦੇ ਹਨ।

ਉਤਰੀ ਅਮਰੀਕਾ ਦਾ ਪੰਜਾਬੀ ਨਾਵਲ : ਸਮਾਜ-ਸ਼ਾਸਤਰੀ ਅਧਿਐਨ ਰੁਪਿੰਦਰਜੀਤ ਕੌਰ ਦੁਆਰਾ ਕੀਤੇ ਖੋਜ ਕਾਰਜ ਵਿਚ ਉੱਤਰੀ ਅਮਰੀਕਾ ਦੇ ਸੰਦਰਭ ਵਿਚ ਸਮੇਂ ਦੇ ਸਮਾਜ ਪ੍ਰਤੀ ਹੇਰਵੇ ਦੀ ਸੁਰ ਪਰ ਚੇਤੰਨਤਾ ਵੱਸ ਨਵੀਂ ਸਥਾਨਿਕਤਾ ਨਾਲ ਜੁੜੇ ਰਹਿਣ ਦੀ ਅੰਤਰਕਿਰਿਆ ਨੂੰ ਬੇਪਰਦ ਕੀਤਾ ਗਿਆ ਹੈ। ਪ੍ਰਵਾਸ ਧਾਰਨ ਕਰਨ ਪਿੱਛੇ ਕਾਰਨ ਬੇਅੰਤ ਹਨ

ਪਰ ਵਿਸ਼ੇਸ ਤੌਰ 'ਤੇ 'ਆਰਥਿਕਤਾ' ਹਰ ਮਸਲੇ ਦੇ ਕੇਂਦਰ ਵਿਚ ਰਹਿੰਦੀ ਹੈ। ਫਲਸਰੂਪ ਮਨੁੱਖ ਜਾਂ ਪ੍ਰਵਾਸੀ ਮਨ ਇੱਛਿਤ ਜਾਂ ਅਣਇੱਛਿਤ ਤੌਰ 'ਤੇ ਆਰਥਿਕ ਉਧਾਰ ਲਈ ਨਵੀਂ ਸਥਾਨਿਕਤਾ ਨਾਲ ਜੁੜਨ ਦਾ ਹਰ ਸੰਭਵ ਯਤਨ ਕਰਦਾ ਰਹਿੰਦਾ ਹੈ। ਅਜਿਹੀ ਮਨੋਸੰਰਚਨਾ ਵਿਚੋਂ ਸੁਭਾਵਿਕ ਹੀ ਤਣਾਉ ਦਾ ਜਨਮ ਹੁੰਦਾ ਹੈ। ਉਸਦੀ ਜਾਤੀਗਤ ਹਉਂ ਉਸਦੇ ਅਜਿਹੇ ਦਵੰਦ ਵਿਚ ਪਿਸਦੀ ਨਜ਼ਰ ਆਉਂਦੀ ਹੈ। ਆਰਥਿਕਤਾ ਦੇ ਮਸਲੇ ਨਾਲ ਨਜਿੱਠਣ ਲਈ ਪ੍ਰਵਾਸੀ ਮੁਲਕ ਵਿਚ ਆ ਕੇ ਕਦਰਾਂ ਤੇ ਰਿਸ਼ਤੇ ਆਮ ਤੌਰ 'ਤੇ ਭੰਜਨ ਪ੍ਰਕਿਰਿਆ ਵਿਚ ਪਏ ਦ੍ਰਿਸ਼ਟੀਗੋਚਰ ਹੁੰਦੇ ਹਨ। ਚੇਤੰਨਤਾ ਵਸ ਔਰਤ ਆਪਣੀ ਸਮਾਜਿਕ ਸਥਿਤੀ ਦੇ ਸੁਧਾਰ ਲਈ ਸੰਘਰਸ਼ਸ਼ੀਲ ਹੈ। ਅੰਤਰ ਸਭਿਆਚਾਰਕ ਸੰਵਾਦ ਵਿਚੋਂ ਦਵੰਦਾਤਮਕ ਸੰਕਟ ਉਭਰ ਰਿਹਾ ਹੈ। ਲਾਲਸਾ, ਆਕਰਸ਼ਣ, ਕਰੂਰਤਾ, ਟਕਰਾਅ ਤੇ ਤਨਾਅ ਦੀ ਸਥਿਤੀ ਨਾਲ ਭਿੜਦਿਆਂ ਸਥਾਨਿਕ ਸਾਂਝ ਬਰਕਰਾਰ ਰੱਖਣ ਦੀ ਸੁਚੇਤਤਾ ਹਰ ਪ੍ਰਵਾਸੀ ਮਨੋਸੰਸਾਰ ਦਾ ਅਹਿਮ ਹਿੱਸਾ ਹੈ ਜੋ ਸਮਕਾਲੀਨ ਸਮੇਂ ਹਰ ਕੌਮ, ਹਰ ਧਰਤ ਦਾ ਸੱਚ ਬਣਿਆ ਹੋਇਆ ਹੈ ਅਤੇ ਇਸ ਯਥਾਰਥ ਨੂੰ ਇਸ ਆਲੋਚਨਾ ਕਾਰਜ ਵਿਚ ਉਘਾੜਨ ਦਾ ਸਫ਼ਲ ਪ੍ਰਯਤਨ ਕੀਤਾ ਗਿਆ ਹੈ।

ਇਕਬਾਲ ਕੌਰ ਦੁਆਰਾ ਪੰਜਾਬੀ ਕਹਾਣੀ ਵਿਚ ਕਿਸਾਨੀ ਜੀਵਨ : ਸਮਾਜ-ਸਭਿਆਚਾਰਕ ਅਧਿਐਨ (ਸੰਤ ਸਿੰਘ ਸੇਖੋਂ, ਕੁਲਵੰਤ ਸਿੰਘ ਵਿਰਕ ਤੇ ਵਰਿਆਮ ਸਿੰਘ ਸੰਧੂ ਦੇ ਵਿਸ਼ੇਸ਼ ਸੰਦਰਭ ਵਿਚ) ਨਾਮਕ ਆਲੋਚਨਾ ਕਾਰਜ ਸਮਕਾਲੀਨ ਸਮੇਂ ਦੀ ਕਿਸਾਨੀ ਨਾਲ ਦਸਤਪੰਜਾ ਲੈਂਦਾ ਹੈ। ਖੇਤੀਬਾੜੀ ਕਿਉਂਕਿ ਪੁਰਾਤਨ ਸਮੇਂ ਤੋਂ ਹੀ ਭਾਰਤ/ਪੰਜਾਬ ਵਾਸੀਆਂ ਦਾ ਮੁੱਖ ਧੰਦਾ ਰਹੀ ਹੈ। ਜ਼ਿਆਦਾਤਰ ਜਨਸੰਖਿਆ ਦੀ ਆਰਥਿਕਤਾ ਦਾ ਆਧਾਰ ਖੇਤੀਬਾੜੀ ਹੀ ਹੈ। ਇਸ ਲਈ ਇਹ ਧੰਦਾ ਭਾਰਤੀ ਸਮਾਜ ਸਭਿਆਚਾਰ ਵਿਚ ਵਿਸ਼ੇਸ਼ ਧਿਆਨ ਦੇ ਕੇਂਦਰ ਰਿਹਾ ਹੈ। ਸਮਾਜਿਕ ਤੇ ਸਾਹਿਤਕ ਦੋਹਾਂ ਖੇਤਰਾਂ ਵਿਚ ਪੂੰਜੀਵਾਦ ਦੇ ਪ੍ਰਭਾਵ ਕਾਰਨ ਕਿਸਾਨੀ ਪਰਿਵਰਤਨ ਜਾਂ ਰੂਪਾਂਤਰਣ ਦੇ ਰਾਹ ਪੈਂਦੀ ਹੈ। ਹਰ ਇਨਕਲਾਬ ਦੇ ਭਰਮ ਵਿਚੋਂ ਉਪਜਿਆ ਕਿਸਾਨੀ ਸੰਕਟ, ਉਚੇਚੇ ਪੱਧਰ 'ਤੇ ਸਭ ਦਾ ਧਿਆਨ ਇਸ ਪਾਸੇ ਖਿੱਚਦਾ ਹੈ। ਮਸ਼ੀਨੀਕਰਣ ਤੇ ਪਰਵਾਸੀ ਕਾਮਾ ਵਰਗ ਕਿਰਤ ਕਰਨ ਵਰਗੀਆਂ ਕਦਰਾਂ ਨੂੰ ਸੱਟਾ ਲਾਉਂਦੇ ਹਨ। ਮੁਨਾਫ਼ਾਖੋਰੀ ਦੀ ਦੌੜ ਕਾਰਨ ਵਧਦੀ ਮਹਿੰਗਾਈ, ਵਧਦੇ ਰੋਜ਼ਾਨਾ ਖ਼ਰਚ ਤੇ ਕਿਸਾਨੀ ਦਾ ਕੰਗਾਲੀਕਰਨ, ਆਤਮ ਹੱਤਿਆਵਾਂ ਦਾ ਬਾਇਸ ਬਣਦਾ ਹੈ। ਜ਼ਮੀਨ ਦੀ ਕੀਮਤਾਂ ਦੇ ਵਧਣ ਕਾਰਨ ਜ਼ਮੀਨ ਮੰਡੀ ਦਾ ਰੂਪ ਧਾਰਨ ਕਰ ਜਾਂਦੀ ਹੈ। ਕਰਜ਼ੇ ਦੀ ਮਾਰ ਪਰਵਾਸ ਧਾਰਨ ਕਰਨ ਦੀ ਉਲਾਰਤਾ ਨੂੰ ਜਨਮ ਦਿੰਦੀ ਹੈ।

ਕਿਸਾਨੀ ਦੇ ਨਾਲ-ਨਾਲ ਸਮਾਜ ਸਭਿਆਚਾਰ ਵਿਚ ਸੰਗਠਿਤ ਭਾਈਚਾਰੇ ਦੇ ਟੁੱਟਦੇ ਗਲਪ ਬਿੰਬ ਦੀ ਪ੍ਰੋੜਤਾ ਵੀ ਇਸ ਆਲੋਚਨਾ ਕਾਰਜ ਦੀ ਵਸਤ ਬਣਦੀ ਹੈ। ਸੀਰੀ ਤੇ ਮਾਲਕ ਦੇ ਆਪਸੀ ਸੰਬੰਧਾਂ ਵਿਚ ਫੇਰ ਬਦਲ ਵਾਪਰਿਆ ਹੈ। ਸਮਾਜ ਦਾ ਅਹਿਮ ਅੰਗ/ ਔਰਤ ਨਵੇਂ ਦਿਸਹੱਦਿਆਂ ਦੀ ਤਲਾਸ਼ ਵੱਲ ਰੁਚਿਤ ਹੈ। ਸਰੀਰਕ ਖੁੱਲ੍ਹਾਂ ਵੱਲ ਉਲਾਰ ਅੱਜ ਦੀ ਔਰਤ ਮਰਯਾਦਵੀ ਚੌਖਟੇ ਨੂੰ ਕਿਤੇ-ਨਾ-ਕਿਤੇ ਤਲਾਂਜਲੀ ਦੇਣ ਦੀ ਜੁਅੱਰਤ ਵੀ ਰੱਖਦੀ ਹੈ ਪਰੰਤੂ ਇਹ ਔਰਤ ਕੇਵਲ ਸ਼ਹਿਰੀ ਜੀਵਨ ਦਾ ਹਿੱਸਾ ਹੀ ਹੈ, ਕਿਸਾਨੀ ਜੀਵਨ ਜੀਉਂਦੀ ਔਰਤ ਅੱਜ ਵੀ ਉਨਾਂ ਜੰਜੀਰਾਂ ਨੂੰ ਹੰਢਾ ਰਹੀ ਹੈ ਜੋ ਉਸਦੇ ਪੈਰਾਂ ਨੂੰ ਬੰਨ੍ਹ ਰੱਖਣ ਦੀਆਂ ਹਾਮੀ ਹਨ ਪਰ ਅੱਜ ਦੇ ਸਮੇਂ ਦਾ ਨਵਾਂ ਸੱਚ ਇਹ ਹੈ ਕਿ ਔਰਤ ਖੁੱਲ੍ਹੇ ਰੂਪ ਵਿਚ ਨਾ ਸਹੀ ਪਰ ਅੰਦਰਖਾਤੇ ਹਰ ਖੁੱਲ੍ਹ

ਨੂੰ ਮਾਨਣ ਵੱਲ ਇੱਛਿਤ ਰਹਿੰਦੀ ਹੈ ਤੇ ਮੌਕੇ ਮੁਤਾਬਕ ਆਪਣੀ ਇੱਛਾ ਨੂੰ ਪੂਰਾ ਵੀ ਕਰਦੀ ਹੈ। ਆਰਥਿਕ ਨਿਮਨਤਾ ਦੀ ਸ਼ਿਕਾਰ ਔਰਤ ਹੁਣ ਮਜਬੂਰੀ ਵੱਸ ਨਹੀਂ, ਬਲਕਿ ਆਪਣੇ ਇੱਛਾਪੂਰਤੀ ਵੱਸ ਇੱਛਿਤ ਤੌਰ 'ਤੇ ਮਰਯਾਦਾ ਭੰਜਨ ਵੱਲ ਮੋੜਾ ਕਟਦੀ ਹੈ। ਕਿਸਾਨੀ ਵਿਚਲਾ ਸੰਕਟ ਜੱਟ ਹਉਂ ਨੂੰ ਸੱਟ ਮਾਰਦਾ ਜੱਟ ਜਾਤ ਨੂੰ ਵੀ ਲਾਚਾਰੀ ਵਸ ਮਜਦੂਰੀ ਵੱਲ ਪ੍ਰੇਰਿਤ ਕਰ ਰਿਹਾ ਹੈ। ਉਕਤ ਸਮੂਹ ਵਰਤਾਰੇ ਅੱਜ ਦੇ ਸਮੇਂ ਦਾ ਕਠੋਰ ਸੱਚ ਹਨ ਜੋ ਇਸ ਖੋਜ ਕਾਰਜ ਵਿਚ ਝਲਕਦੇ ਸਪੱਸ਼ਟ ਦਿਖਾਈ ਦਿੰਦੇ ਹਨ।

ਚਲੰਤ ਸਮਾਂ ਅਜਿਹਾ ਸਮਾਂ ਹੈ ਜਿਥੇ ਬਾਹਰੀ ਵਰਤਾਰੇ ਆਪਣੀ ਪਰਿਭਾਸ਼ਾ ਬਦਲ ਰਹੇ ਹਨ ਉਥੇ ਮਨੁੱਖ ਦੇ ਅੰਦਰਲਾ ਸੰਸਾਰ ਵੀ ਵਿਭਿੰਨ ਨਵੀਆਂ ਚੁਣੌਤੀਆਂ ਦੇ ਦਰਪੇਸ਼ ਹੈ। ਉਸਦੀ ਮਨੋਸੰਰਚਨਾ ਵਿਚ ਅਸੰਤੁਲਿਤਾ ਦਾ ਸੰਤਾਪ ਹੈ। ਸਮੇਂ ਦੇ ਅਜਿਹੇ ਸੱਚ ਦੀ ਤਰਜ਼ਮਾਨੀ ਪਲਵਿੰਦਰ ਕੌਰ ਦੁਆਰਾ ਕੀਤਾ ਗਿਆ ਆਲੋਚਨਾ ਕਾਰਜ ਸੋਹਣ ਸਿੰਘ ਸੀਤਲ ਦੇ ਨਾਵਲ : ਸਮਾਜ ਮਨੋਵਿਸ਼ਲੇਸ਼ਣਾਤਮਕ ਅਧਿਐਨ ਪੇਸ਼ ਕਰਦਾ ਹੈ। ਇਸ ਅੰਦਰ ਕਰਤਾ ਨੇ ਮਨੁੱਖੀ ਮਾਨਸਿਕਤਾ ਨੂੰ ਸਮਾਜ, ਪਰਿਵਾਰ ਤੇ ਸੰਸਥਾ ਦੇ ਸੰਦਰਭ ਵਿਚ ਵਿਚਾਰਿਆ ਹੈ। ਅੱਜ ਦੇ ਸਮਾਜਿਕ ਸੱਚ ਵਿਚ ਔਰਤ ਮੰਡੀ ਦੀ ਵਸਤ ਦਾ ਰੋਲ ਨਿਭਾ ਰਹੀ ਹੈ। ਹਾਲਾਂਕਿ ਇਹ ਸੱਚ ਹਰ ਔਰਤ ਦਾ ਸੱਚ ਨਹੀਂ ਹੋ ਸਕਦਾ ਪਰ ਬਹੁ-ਗਿਣਤੀ ਅਜਿਹੀ ਤ੍ਰਾਸਦੀ ਦਾ ਸ਼ਿਕਾਰ ਹੈ। ਖ਼ਾਹਿਸ਼ਾਂ ਦਾ ਦਮਨ ਤੇ ਅਣਇੱਛਤ ਤੌਰ 'ਤੇ ਲਏ ਫ਼ੈਸਲੇ ਉਸਨੂੰ ਮਾਨਸਿਕ ਪੱਧਰ 'ਤੇ ਖੰਡਿਤ ਕਰਦੇ ਹਨ। ਮਨੁੱਖ ਦਾ ਚਰਿੱਤਰ ਅਨੇਕ ਪ੍ਰਕਾਰ ਦੇ ਅੰਤਰ-ਵਿਰੋਧਾਂ ਅਤੇ ਵਿਰੋਧਾਭਾਸ ਨਾਲ ਗ੍ਰਸਤ ਹੈ। ਇੱਛਿਤ ਤੇ ਅਣਇੱਛਤ ਦਾ ਦਵੰਦ ਵਿਡੰਬਨਾ ਨੂੰ ਜਨਮ ਦੇ ਰਿਹਾ ਹੈ। ਨਿਰੰਤਰ ਪ੍ਰਤੀਕੂਲ ਪ੍ਰਸਥਿਤੀਆਂ ਨਾਲ ਖਹਿੰਦਿਆਂ ਵਿਅਕਤੀ ਆਪਣੇ ਆਵੇਗਾਂ ਵਿਚਲਾ ਤਵਾਂਜ਼ਨ ਗੁਆ ਬੈਠਾ ਹੈ, ਫਲਸਰੂਪ ਕਈ ਤਰ੍ਹਾਂ ਦੇ ਬਨਾਵਟੀ ਮੌਖਟੇ ਉਸਦਾ ਸੱਚ ਬਣ ਗਏ ਹਨ। ਅਤੀਤ ਦੀਆਂ ਅਭੁੱਲ ਵਲਗਣਾਂ ਵਿਚੋਂ ਉਪਜੀਆਂ ਮਨੋਗੁੰਝਲਾਂ ਅਸਤਿੱਤਵੀ ਦੁਫੇੜ ਪੈਦਾ ਕਰ ਰਹੀਆਂ ਹਨ। ਵਿਆਹ ਸੰਸਥਾ ਨੂੰ ਅਜੋਕੀ ਮਨੁੱਖੀ ਮਾਨਸਿਕਤਾ ਨੇ ਕਈ ਨਾਮ ਦੇ ਦਿੱਤੇ ਹਨ ਜੋ ਉਸਦੇ ਨਿੱਜਵਾਦੀ ਸੁਭਾਅ ਦੇ ਪੂਰਕ ਹਨ। ਸਮਾਜਕ ਮਾਹੌਲ ਵਿਚਲੀ ਕੁੜੱਤਣ ਨੇ ਮਨੁੱਖ ਅੰਦਰ ਡਿਪਰੈਸ਼ਨ ਤੇ ਅਲਹਿਦਗੀ ਦੀ ਰੁਚੀ ਪੈਦਾ ਕਰ ਦਿੱਤੀ ਹੈ।

ਮਾਸ-ਕਲਚਰ ਦਾ ਪੰਜਾਬੀ ਸਭਿਆਚਾਰ 'ਤੇ ਪ੍ਰਭਾਵ : ਅੰਤਰ-ਅਨੁਸ਼ਾਸਨੀ ਅਧਿਐਨ ਖੋਜਾਰਥਣ ਪ੍ਰਭਜੀਤ ਕੌਰ ਦੁਆਰਾ ਮੁਕੰਮਲ ਆਲੋਚਨਾ ਕਾਰਜ ਵਰਤਮਾਨ ਦੀ ਵੱਡੀ ਸਮੱਸਿਆ ਨਾਲ ਵਾਬਸਤਾ ਹੈ। ਮਾਸ ਕਲਚਰ ਵਸਤਾਂ, ਮੰਡੀ ਤੇ ਪੈਸੇ ਦਾ ਸੁਮਿਸ਼ਰਣ ਹੈ। ਅਜੋਕੇ ਮਨੁੱਖ ਦੀ ਹੋੜ ਅਤੇ ਗੁਲਾਮ ਜ਼ਹਿਨੀਅਤ ਕਾਰਨ ਹਾਲਾਤ ਨਿਰੰਤਰ ਪੇਚੀਦਗੀ ਵੱਲ ਵਧ ਰਹੇ ਹਨ। ਮਾਸ ਕਲਚਰ ਪਿੱਛੇ ਕੰਮ ਕਰਦੀ ਮੁਨਾਫ਼ਾਖੋਰੀ ਦੀ ਮਾਨਸਿਕਤਾ ਤਹਿਤ ਯਥਾਰਥ ਪਰਵਰਤਿਤ ਹੁੰਦਾ ਮੁਹਾਂਦਰਾ ਪ੍ਰਸਥਿਤੀਆਂ ਦੀ ਕਰੂਰਤਾ ਵਿਚ ਨਿਰੰਤਰ ਵਾਧਾ ਕਰ ਰਿਹਾ ਹੈ। ਮਾਸ ਕਲਚਰ ਦੀ ਹਰਮਨ ਪਿਆਰਤਾ ਪਿੱਛੇ ਮੀਡੀਆ ਵਿਸ਼ੇਸ਼ ਤੌਰ 'ਤੇ ਭੂਮਿਕਾ ਨਿਭਾ ਰਿਹਾ ਹੈ। ਬਾਜ਼ਾਰੀ ਰੁਚੀਆਂ ਕਾਰਨ ਮੀਡੀਏ ਦੇ ਰੂਪਾਂਤਰਿਤ ਪ੍ਰਾਪੇਗੰਡੇ ਵਿਚੋਂ ਸੱਚ 'ਰਲਾਅ' ਦਾ ਮਿਲਗੋਬਾ ਬਣ ਕੇ ਪੇਸ਼ ਹੋ ਰਿਹਾ ਹੈ। ਖਪਤਕਾਰੀ ਰੁਝਾਣ ਤਹਿਤ ਵਸਤਾਂ ਦੀ ਖਰੀਦਦਾਰੀ ਦੇ 'ਲੁਭਾਵਨੇ ਢੰਗ' ਅਪਣਾ ਲਏ ਗਏ ਹਨ। ਔਰਤ ਮੰਡੀ ਦੇ ਅਕੀਦਿਆਂ ਵਿਚ ਵਿਸ਼ੇਸ਼ ਕੇਂਦਰ ਬਣੀ ਹੋਈ ਹੈ। ਬਾਲ ਮਾਨਸਿਕਤਾ ਨੂੰ ਆਕਸ਼ਕ ਵਿਗਿਆਪਨਾਂ ਰਾਹੀਂ ਭਰਮਾਇਆ ਜਾ ਰਿਹਾ ਹੈ। ਵਿਭਿੰਨ ਪ੍ਰਕਾਰ

ਦੀਆਂ ਆਡੀਓ ਵੀਡੀਓ ਗੇਮਜ਼ ਦਾ ਪ੍ਰਚਲਨ ਮਾਨਸਿਕ ਵਿਗਾੜ ਨੂੰ ਜਨਮ ਦੇ ਰਿਹਾ ਹੈ। ਖਾਣ-ਪੀਣ, ਵਸਤ-ਵਿਹਾਰ, ਬੋਲੀ, ਸ਼ੈਲੀ ਪ੍ਰਤੀ ਲੋਕਾਂ ਦੀ ਮਾਨਸਿਕਤਾ ਰੂਪਾਂਤਰਿਤ ਹੋ ਰਹੀ ਹੈ। ਬਸਤੀਵਾਦ ਤੇ ਉਤਰ ਬਸਤੀਵਾਦ ਦੇ ਪ੍ਰਭਾਵ ਸਦਕਾ ਸਭਿਆਚਾਰਾਂ ਵਿਚਲੀ 'ਖਾਲਸ' ਹੋਣ ਦੀ ਪ੍ਰਵਿਰਤੀ ਮਨਫ਼ੀ ਹੋ ਬਹੁ ਸਭਿਆਚਾਰਾਂ ਦੇ ਮਿਸ਼ਰਣ ਵਿਚ ਤਬਦੀਲ ਹੋ ਰਹੇ ਹਨ। ਰਸਮਾਂ-ਰੀਤਾਂ ਦੇ ਸਥਾਪਿਤ ਪੈਟਰਨ ਰੂਪ ਬਦਲ ਰਹੇ ਹਨ। ਵਿਦਿਅਕ ਢਾਂਚਾ ਵੀ ਬਹੁਤ ਕਰਕੇ ਨਿਘਾਰਾਤਮਕ ਪ੍ਰਭਾਵ ਹੀ ਪੇਸ਼ ਕਰ ਰਿਹਾ ਹੈ। ਗਲੈਮਰ ਦੀ ਹੋੜ ਜੀਵਨ ਤੌਰ ਵਿਚੋਂ ਸੰਤੁਲਨ ਦੇ ਤਵਾਜ਼ਨ ਨੂੰ ਡਾਵਾਂਡੋਲ ਕਰ ਰਹੀ ਹੈ। ਸੋ ਸਮੂਹ ਗੁੰਝਲਾਂ ਨੂੰ ਹਥਲਾ ਖੋਜ ਕਾਰਜ ਬਾਰੀਕਬੀਨੀ ਨਾਲ ਚਿਤਰਦਾ ਹੈ।

ਇਸ ਤੋਂ ਇਲਾਵਾ ਪੰਜਾਬੀ ਕਹਾਣੀ ਵਿਚ ਪਰਿਵਾਰ ਵਿਗਠਨ ਦੀ ਸਮੱਸਿਆ ਤੁਲਨਾਮਤਕ ਅਧਿਐਨ (ਜਸਵਿੰਦਰ ਸਿੰਘ, ਤਲਵਿੰਦਰ ਸਿੰਘ ਅਤੇ ਬਲਬੀਰ ਪਰਵਾਨਾ ਦੇ ਸੰਦਰਭ ਵਿਚ) ਜੋ ਕਿ ਖੋਜਾਰਥਣ ਰਾਜਬੀਰ ਕੌਰ ਦੁਆਰਾ ਮੁਕੰਮਲ ਕੀਤਾ ਗਿਆ ਹੈ, ਸਾਹਮਣੇ ਆਉਂਦਾ ਹੈ। ਚਲੰਤ ਸਮਾਂ ਪਰਿਵਾਰ ਵਿਗਠਨ ਦੀ ਸਮੱਸਿਆ ਨਾਲ ਜੂਝ ਰਿਹਾ ਹੈ। ਮੁੱਢਲੀ ਇਕਾਈ ਵਜੋਂ ਜਾਣਿਆ ਜਾਂਦਾ 'ਪਰਿਵਾਰ' ਜਾਂ ਪਰਿਵਾਰ ਸੰਸਥਾ ਅੱਜ ਦੇ ਦੌਰ ਵਿਚ ਆਪਣੀ ਪ੍ਰਮਾਣਿਕਤਾ ਤੋਂ ਲਾਂਭੇ ਹੋ ਰਿਹਾ ਹੈ। ਸੰਯੁਕਤ ਪਰਿਵਾਰ ਦੀ ਧਾਰਨਾ ਟੁੱਟ ਕੇ ਇਕਹਿਰੇ ਪਰਿਵਾਰ ਵਿਚ ਰੂਪਾਂਤਰਿਤ ਹੋ ਚੁੱਕੀ ਹੈ ਤੇ ਓਸ ਇਕਹਿਰੇ ਪਰਿਵਾਰ ਵਿਚ ਸੰਤੁਲਨ ਨਾ-ਮਾਤਰ ਰੂਪ ਵਿਚ ਹੀ ਵੇਖਣ ਨੂੰ ਮਿਲਦਾ ਹੈ। ਸਮੇਂ ਦੀ ਇਸ ਹਕੀਕਤ ਨੂੰ ਇਹ ਖੋਜ ਕਾਰਜ ਸਪੱਸ਼ਟਤਾ ਸਹਿਤ ਉਜਾਗਰ ਕਰਦਾ ਹੈ। ਪਰਿਵਾਰ ਦੀ ਮੂਲ ਧਿਰ ਆਦਮੀ ਤੇ ਔਰਤ/ਪਤੀ-ਪਤਨੀ ਦੇ ਰਿਸ਼ਤੇ ਵਿਚ ਸਹਿਜ ਗੈਰਹਾਜ਼ਿਰ ਹੈ। ਪਤਨੀ ਬਹੁਤੀ ਵਾਰ ਪਤੀ 'ਤੇ ਹਾਵੀ ਹੈ। ਕਾਰਨ ਸ਼ਾਇਦ ਉਸਦੀ ਸਵੈਨਿਰਭਰਤਾ ਜਾਂ ਚੇਤਨਤਾ ਵਿਚ ਦਰਕਾਰ ਹੈ। ਸਮੇਂ ਦੇ ਇਸ ਸੱਚ ਨੂੰ ਇਸ ਆਲੋਚਨਾ ਕਾਰਜ ਵਿਚੋਂ ਪ੍ਰਤੱਖ ਦੇਖਿਆ ਜਾ ਸਕਦਾ ਹੈ। ਕੁਲ ਮਿਲਾ ਕੇ ਇਸ ਖੋਜ ਕਾਰਜ ਵਿਚੋਂ ਅਜੋਕੇ ਸਮੇਂ ਵਿਚ ਟੁੱਟਦੇ ਪਰਿਵਾਰਾਂ ਦੀ ਦਾਸਤਾਨ ਨੂੰ ਵਿਸਥਾਰਤਾ ਸਹਿਤ ਸਮਝਿਆ ਜਾ ਸਕਦਾ ਹੈ। ਅਵਿਸ਼ਵਾਸ, ਵਿਚਾਰਾਤਮਕ ਅਣਜੋੜਤਾ, ਈਰਖਾਲੂ ਭਾਵ, ਸਰੀਰਕ ਅਸੰਤੁਸ਼ਟੀ, ਆਰਥਿਕ ਆਧਾਰ, ਔਰਤ ਦੀ ਆਤਮ ਨਿਰਭਰਤਾ, ਵਿਆਹ ਬਾਹਰੇ ਪ੍ਰੇਮ ਸੰਬੰਧ ਇਤਿਆਦਿ ਜਿਹੇ ਮੁੱਖ ਕਾਰਨਾਂ ਨੂੰ ਵਿਆਹ ਸੰਸਥਾ ਦੇ ਟੁੱਟਣ ਪਿੱਛੇ ਕਾਰਜਸ਼ੀਲ ਦਿਖਾਉਂਦਿਆਂ ਇਨ੍ਹਾਂ ਦੇ ਮਾਰੂ ਪ੍ਰਭਾਵਾਂ ਜਾਂ ਭਵਿੱਖਤ ਸੰਕਟ ਵੱਲ ਇਸ਼ਾਰਾ ਕੀਤਾ ਗਿਆ ਹੈ। ਪਰਿਵਾਰ ਦੀ ਮੁੱਢਲੀ, ਜੀਵ ਵਿਗਿਆਨਕ, ਮਨੋਵਿਗਿਆਨਕ, ਸਮਾਜਕ ਤੇ ਆਰਥਿਕ ਭੂਮਿਕਾ ਨੂੰ ਸਮਝਦਿਆਂ ਪਰਿਵਰਤਿਤ ਵਿਧਾਨ ਤਹਿਤ ਪਰਿਵਾਰ ਦੇ ਬਦਲੇ ਮੁਹਾਂਦਰੇ ਨੂੰ ਬੇਪਰਦ ਕੀਤਾ ਗਿਆ ਹੈ।

ਇਸ ਤੋਂ ਅੱਗੇ ਮੇਘਾ ਸਲਵਾਨ ਦਾ ਖੋਜ ਕਾਰਜ ਪ੍ਰਬੰਧ 1990 ਤੋਂ ਬਾਅਦ ਦੀ ਪੰਜਾਬੀ ਕਹਾਣੀ : ਸਮਾਜਕ, ਮਨੋਵਿਗਿਆਨਕ ਅਧਿਐਨ (ਜਿੰਦਰ, ਤਲਵਿੰਦਰ ਸਿੰਘ ਅਤੇ ਸੁਖਜੀਤ ਦੇ ਸੰਦਰਭ ਵਿਚ) ਵਰਤਮਾਨ ਦਾ ਦਰਪਣ ਬਣਦਾ ਨਜ਼ਰ ਆਉਂਦਾ ਹੈ। ਇਸ ਖੋਜ ਪ੍ਰਬੰਧ ਵਿਚ ਖੋਜਾਰਥਣ ਨਿਰਧਾਰਿਤ ਕਹਾਣੀਕਾਰਾਂ ਦੇ ਜ਼ਾਵੀਏ ਤੋਂ ਸਮੇਂ ਦੇ ਸੱਚ ਨੂੰ ਫੜ੍ਹਨ ਦੀ ਕੋਸ਼ਿਸ਼ ਕਰਦੀ ਹੈ। ਨਿਰਸੰਦੇਹ ਵਿਅਕਤੀ ਅਤੇ ਸਮਾਜ ਦਾ ਆਪਸੀ ਦਵੰਦਾਤਮਕ ਰਿਸ਼ਤਾ 1990 ਤੋਂ ਬਾਅਦ ਦੀ ਕਹਾਣੀ ਵਿਚ ਫੋਕਸ 'ਤੇ ਰਹਿੰਦਾ ਹੈ ਅਤੇ ਸਮਾਜਕ-ਮਨੋਵਿਗਿਆਨਕ ਚੌਗਿਰਦੇ ਦੀ ਅੰਤਰਕਿਰਿਆਤਮਕਤਾ ਕਹਾਣੀ ਦੇ ਵਸਤੂ ਸੰਸਾਰ ਦਾ ਸੁਭਾਵਕ ਅੰਗ ਬਣਦੀ

ਦ੍ਰਿਸ਼ਟੀਗੋਚਰ ਹੁੰਦੀ ਹੈ। ਹਥਲਾ ਕਾਰਜ ਇਸੇ ਨੁਕਤੇ ਦੀ ਪੁਖ਼ਤਗੀ ਕਰਦਾ ਦੇਖਿਆ ਜਾ ਸਕਦਾ ਹੈ। ਸਮਿਅਕ ਜਟਿਲਤਾ ਦੇ ਮੱਦੇਨਜ਼ਰ ਮਨੁੱਖੀ ਸ਼ਖ਼ਸੀਅਤ ਵਿਚ ਵੀ ਵਿਭਿੰਨ ਪ੍ਰਕਾਰ ਦੀਆਂ ਗੁੰਝਲਾਂ ਦਾ ਪਰਿਵੇਸ਼ ਹੋ ਰਿਹਾ ਹੈ। ਜਿਸ ਨੂੰ ਇਹ ਖੋਜ ਕਾਰਜ ਸਪੱਸ਼ਟਤਾ ਨਾਲ ਬਿਆਨ ਕਰਦਾ ਹੈ। ਅੱਜ ਦੇ ਮਨੁੱਖ ਦੀ ਤਨਾਉਗ੍ਰਸਤ ਮਾਨਸਿਕਤਾ ਅਤੇ ਖੰਡਤ ਵਿਵੇਕ ਨੂੰ ਕਹਾਣੀ ਦੀਆਂ ਟੁਕਾਂ ਜ਼ਰੀਏ ਪੁਸ਼ਟੀ ਪ੍ਰਦਾਨ ਕੀਤੀ ਗਈ ਹੈ। ਇਸ ਖੋਜ ਕਾਰਜ ਵਿਚੋਂ ਪ੍ਰਸਤੁਤ ਹੁੰਦਾ ਸਮਕਾਲੀਨ ਸੰਸਾਰ ਕਿਤੇ ਵੀ ਸਹਿਜਤਾ ਜਾਂ ਸੰਤੁਲਨ ਦਾ ਧਾਰਣੀ ਨਹੀਂ ਬਲਕਿ ਅਸੰਤੁਸ਼ਟਤਾ ਦਾ ਸੰਤਾਪ ਸਹੇੜ ਰਿਹਾ ਹੈ। ਅਜੋਕਾ ਸਮਾਜ-ਸਭਿਆਚਾਰ ਆਪਣੀ ਹੋਂਦ ਪ੍ਰਤੀ ਖ਼ਦਸ਼ਾ ਹੰਢਾ ਰਿਹਾ ਹੈ ਅਤੇ ਹੋਂਦ ਸਥਾਪਤੀ ਲਈ ਹਰ ਜਾਇਜ਼-ਨਜਾਇਜ਼ ਹੱਥਕੰਡੇ ਅਪਣਾਉਣ ਲਈ ਤਿਆਰ ਰਹਿੰਦਾ ਹੈ। ਖਪਤ ਸਭਿਆਚਾਰ ਅਤੇ ਬਜ਼ਾਰੀਕਰਨ ਦੇ ਰੁਝਾਣ ਕਾਰਨ ਮਾਨਵੀਂ ਸਾਂਝਾਂ ਸੰਕਟਕਾਲੀਨ ਸਥਿਤੀਆਂ ਨਾਲ ਲਬਰੇਜ਼ ਹਨ। ਦਲਿਤ ਪਾੜਾ ਚੇਤਨਤਾ ਦੀ ਪੌੜੀ ਚੜ੍ਹਦਿਆਂ ਵੀ ਉਵੇਂ ਹੀ ਬਰਕਰਾਰ ਹੈ। ਕਾਮ ਪ੍ਰਵਿਰਤੀ ਭਾਰੂ ਨਜ਼ਰ ਆ ਰਹੀ ਹੈ। ਔਰਤ-ਮਰਦ ਸੰਬੰਧਾਂ ਪਿੱਛੇ ਕੰਮ ਕਰਦੀ ਮਾਨਸਿਕਤਾ ਵਧੇਰੇ ਕਰਕੇ ਵੇਗ ਦੀ ਵਾਹਕ ਹੈ ਨਾ ਕਿ ਸੰਤੁਲਨ ਦੀ। ਤਰੱਕੀ ਦੀ ਪੌੜੀ ਚੜ੍ਹਦਿਆਂ ਔਰਤ ਦੀ ਨਵੀਨ ਮਨੋਘਾੜਤ ਵਿਚੋਂ ਉਪਜਦੀ ਮਰਦਾਵੀਂ ਹਉਂ ਅਤੇ ਪਰਪਰਕ ਔਰਤ ਦਾ ਬਿੰਬ, ਦੋਵੇਂ ਰੂਪ ਦੇਖੇ ਜਾ ਸਕਦੇ ਹਨ। ਸਮਕਾਲੀ ਸਮਾਜ ਵਿਚਲਾ ਪਾਖੰਡਵਾਦੀ-ਆਡੰਬਰ ਅਤੇ ਧਰਮ ਦਾ ਹੋਇਆ ਰੂਪਾਂਤਰਣ ਸਮਕਾਲ ਨੂੰ ਪ੍ਰਾਚੀਨ ਨਾਲੋਂ ਨਿਖੇੜਦਾ ਨਜ਼ਰ ਆਉਂਦਾ ਹੈ। ਸਮੁੱਚੇ ਰੂਪ ਵਿਚ ਇਹ ਖੋਜ ਕਾਰਜ ਸਮਕਾਲੀ ਸਮਾਜ ਦੇ ਅਣਮਨੁੱਖੀ ਵਿਵਹਾਰ ਨੂੰ ਚਿਤਰਣ ਦਾ ਪੁਰਜ਼ੋਰ ਯਤਨ ਕਰਦਾ ਕਿਹਾ ਜਾ ਸਕਦਾ ਹੈ।

ਵਿਸ਼ਵੀਕਰਨ ਦੇ ਪ੍ਰਸੰਗ ਵਿਚ ਇੱਕੀਵੀਂ ਸਦੀ ਦੀ ਪੰਜਾਬੀ ਕਹਾਣੀ ਜੋ ਕਿ ਅਮਨਦੀਪ ਕੌਰ ਦੁਆਰਾ ਪ੍ਰਤੱਖ ਹੀ ਵਰਤਮਾਨ ਸਮੇਂ ਦਾ ਹਾਮੀ ਹੈ ਅਤੇ ਵਿਸ਼ਵੀਕਰਨ ਦੀ ਆਮਦ ਤਹਿਤ ਬਦਲਦੀ ਸਮੁੱਚੀ ਜੀਵਨ-ਨੁਹਾਰ ਨੂੰ ਪਰਖ਼ਦਾ ਹੈ। ਰਿਸ਼ਤਿਆਂ ਦੀ ਗਰਾਮਰ ਵਿਚ ਵਾਪਰਦੇ ਹੇਰ-ਫੇਰ, ਬਜ਼ਾਰ ਜਾਂ ਮੰਡੀ ਕਾਰਨ ਕਿਸਾਨੀ ਉੱਪਰ ਮੰਡਰਾਉਂਦਾ ਸੰਕਟ, ਹਾਸ਼ੀਆਗਤ ਸ਼੍ਰੇਣੀਆਂ ਦਾ ਸਮਾਜ-ਮਨੋਵਿਗਿਆਨ ਅਤੇ ਰਹਿਣ-ਸਹਿਣ ਦੇ ਬਦਲਦੇ ਮਾਪਦੰਡਾਂ ਨੂੰ ਵੱਖ-ਵੱਖ ਕਹਾਣੀਆਂ ਵਿਚਲੇ ਹਵਾਲਿਆਂ ਨਾਲ ਸਮਝਾਉਣ ਦਾ ਯਤਨ ਕਰਦਾ ਹੈ। ਸੰਚਾਰ ਸਾਧਨਾਂ ਅਤੇ ਮਹਾਂਨਗਰੀ ਜੀਵਨ ਦੀ ਭਰਮਾਰ ਕਾਰਨ ਖਾਰਜ ਜਾਂ ਮਨਫ਼ੀ ਹੁੰਦੀਆਂ ਕਦਰਾਂ-ਕੀਮਤਾਂ ਤਹਿਤ ਹਰ ਰਿਸ਼ਤੇ ਜਾਂ ਹਰ ਵਰਤਾਰੇ ਦੀ ਪਰਿਵਰਤਿਤ ਹੁੰਦੀ ਪਰਿਭਾਸ਼ਾ ਨੂੰ ਪਕੜਨ ਲਈ ਗਹਿਨਤਾ ਵਿਚ ਉਤਰਦਾ ਹੈ। ਰਹਿਣ-ਸਹਿਣ ਦੇ ਅਕੀਦੇ, ਸੰਚਾਰ ਤਕਨਾਲੌਜੀ ਦੀ ਹੋਂਦ ਕਾਰਨ ਰੂਪਾਂਤਰਿਤ ਰੂਪ ਵਿਚ ਸਾਹਮਣੇ ਆ ਰਹੇ ਹਨ। ਸੰਚਾਰ ਤਕਨਾਲੌਜੀ ਦੇ ਕਾਰਨ ਜੀਵਨ ਸੁਖਦਤਾ ਦੀ ਪੌੜੀ ਚੜ੍ਹ ਰਿਹਾ ਹੈ ਪਰੰਤੂ ਅਸੰਤੁਲਿਤ ਅਤੇ ਓਪਰੀ ਸੋਚ ਦੀ ਪੁੱਠ ਕਾਰਨ ਕਦਰਾਂ 'ਤੇ ਡੂੰਘੀ ਮਾਰ ਵੀ ਵੱਜੀ ਹੈ। ਵਿਸ਼ਵੀਕਰਨ ਦੇ ਅਜਿਹੇ ਪ੍ਰਕੋਪ ਨੂੰ ਚਿਤਰਦਿਆਂ ਆਲੋਚਨਾ ਪੱਧਤੀ ਦੀ ਸ਼ਰਤ ਅਨੁਸਾਰ ਇਸਦੇ ਸਕਾਰਾਤਮਕ ਪਹਿਲੂਆਂ ਨੂੰ ਵੀ ਖੋਜਾਰਥਣ ਚਿੰਤਨ ਦੇ ਘੇਰੇ ਵਿਚ ਲਿਆਉਂਦੀ ਹੈ ਜਿਸ ਅਧੀਨ ਸੁਚੇਤਤਾ ਅਤੇ ਤਰਕ ਜੀਵਨ ਦਾ ਅਹਿਮ ਅੰਗ ਬਣਿਆ ਹੈ ਅਤੇ ਭਰਮ ਬਿਰਤੀ ਨੂੰ ਸੱਟ ਵੱਜੀ ਹੈ। ਕੁੱਲ ਮਿਲਾ ਕੇ ਚਲੰਤ ਸਮੇਂ ਨੂੰ ਸਮਗ੍ਰਤਾ ਦੇ ਪ੍ਰਿਜ਼ਮ ਵਿਚੋਂ ਦੇਖਦਿਆਂ ਇਹ ਆਲੋਚਨਾ ਕਾਰਜ ਵਰਤਮਾਨ ਯਥਾਰਥ ਦੇ ਪ੍ਰਵਰਤਨੀ ਕਾਰਨ-

ਕਾਰਜ ਨੂੰ ਚੇਤੰਨ ਪੱਧਰ 'ਤੇ ਸਮਝਣ ਦਾ ਬਾਇਸ ਬਣਦਾ ਹੈ। ਨਿਰਸੰਦੇਹ ਸਮੇਂ ਦਾ ਚਲੰਤ ਰੁਝਾਨ ਇਸ ਖੋਜ ਪ੍ਰਬੰਧ ਵਿਚੋਂ ਅਵੱਸ਼ ਸਮਝਿਆ ਜਾ ਸਕਦਾ ਹੈ।

ਪਲਵਿੰਦਰ ਕੌਰ ਦਾ ਆਲੋਚਨਾ ਕਾਰਜ ਬਸਤੀਵਾਦ ਦੇ ਸੰਦਰਭ ਵਿਚ ਪੰਜਾਬੀ ਨਾਵਲ ਦਾ ਅਧਿਐਨ (ਪੰਜਾਹਵਿਆਂ ਤੱਕ ਦੇ ਕਾਲ-ਖੰਡ ਦੇ ਸੰਦਰਭ ਵਿਚ) ਬਸਤੀਵਾਦੀ ਪ੍ਰਚਲਤ ਦਾ ਵਿਸਤ੍ਰਿਤ ਵੇਰਵਾ ਪੇਸ਼ ਕਰਦਾ ਹੈ। ਬਸਤੀਵਾਦ ਸਮੂਹ ਖੇਤਰਾਂ ਵਿਚ ਬਸਤੀਕਾਰਾਂ ਦੇ ਪ੍ਰਭਾਵ ਅਧੀਨ ਵਾਪਰੀ ਤਬਦੀਲੀ ਦਾ ਹੀ ਨਾਂ ਹੈ। ਮੁਨਾਫ਼ੇ ਦੀ ਹੋੜ ਕਾਰਨ ਭਾਰਤੀ ਪ੍ਰੰਪਰਕ ਨੀਤੀਆਂ ਖੇਤੀਬਾੜੀ ਦਾ ਬਾਇਸ ਬਣਦੀ ਹੈ। ਭਾਰਤੀ ਜਨਾਂ ਦੇ ਮੁੱਖ ਧੰਦੇ ਖੇਤੀਬਾੜੀ ਵਿਚ ਲਾਗੂ ਕੀਤੀਆਂ ਗਈਆਂ ਨੀਤੀਆਂ ਖੇਤੀਬਾੜੀ ਆਧਾਰਿਤ ਆਰਥਿਕਤਾ ਨੂੰ ਡੂੰਘੀ ਸੱਟ ਮਾਰਦੀਆਂ ਹਨ। ਨਿਮਨ ਕਿਸਾਨੀ ਦਾ ਸੰਤਾਪ, ਕਾਸ਼ਤਕਾਰੀ ਤੇ ਲਾਗਤ ਵਿਚ ਲਗਾਤਾਰ ਹੁੰਦੇ ਘਾਟੇ ਨਿਮਨ ਕਿਸਾਨ ਦਾ ਲੱਕ ਤੋੜਦੇ ਹਨ। ਸਾਹੂਕਾਰਾਂ ਦੀ ਨਵੀਂ ਸ਼੍ਰੇਣੀ ਹੋਂਦ ਧਾਰਦੀ ਹੈ। ਭਾਰਤ ਉਪਰ ਮੰਡਰਾਉਂਦੇ ਕਰਜੇ ਦੇ ਬੱਦਲ ਉਸਨੂੰ ਦੂਜੇ ਦੇਸ਼ਾਂ ਦੀ ਕੂਟਨੀਤੀ ਨੂੰ ਸਮਝਣ ਤੋਂ ਅਸਮਰੱਥ ਕਰਦੇ ਹਨ। ਨਤੀਜਨ ਪੱਛਮੀ ਕੰਪਨੀਆਂ ਪੂਰਬੀ ਦੇਸ਼ ਵਿਚ ਆਪਣੀ ਧਾਕ ਜਮ੍ਹਾਂ ਗੁਲਾਮ ਜ਼ਹਿਨੀਅਤ ਪੈਦਾ ਕਰਦੀਆਂ ਹਨ। ਸਮਾਜ ਸਭਿਆਚਾਰਕ ਸੰਦਰਭ ਵਿਚ ਰੂਪਾਂਤਰਣ ਦੀ ਲਗਾਤਾਰ ਵਾਪਰਦੀ ਪ੍ਰਕਿਰਿਆ ਬਸਤੀਵਾਦੀ ਪ੍ਰਭਾਵਾਂ ਦੀ ਅਮਿੱਟ ਛਾਪ ਦੀ ਵਾਹਰ ਬਣਦੀ ਹੈ। ਸਾਹਿਤਕ ਖੇਤਰ ਵਿਚ ਈਸਾਈ ਮਿਸ਼ਨਰੀਆਂ ਦੇ ਪ੍ਰਤੀਕਰਮ ਵਜੋਂ ਮੌਲਿਕ ਰਚਨਾਵਾਂ ਦੀ ਪਿਰਤ ਪਈ ਅਤੇ ਸੰਸਕ੍ਰਿਤੀ ਵੱਲ ਪਰਤਣ ਦੀ ਚੇਤਨਾ ਦਾ ਪਸਾਰ ਵੀ ਹੋਇਆ। ਉਤਰ ਬਸਤੀਵਾਦ ਬੌਧਿਕਤਾ ਦਾ ਰੁਝਾਣ ਪ੍ਰਫੁਲਿਤ ਕਰਦਾ ਹੈ। ਪਰੰਤੂ ਇਸ ਨਵ ਬਸਤੀਵਾਦ ਤਹਿਤ ਬਸਤੀਵਾਦ ਗੁਲਾਮ ਜ਼ਹਿਨੀਅਤ ਤੇ ਚੇਤਨਤਾ ਦੇ ਸੁਮੇਲ ਵਿਚ ਇੱਛਿਤ ਤੌਰ 'ਤੇ ਆਪਣਾ ਸ਼ਿਕਜਾ ਜਾਰੀ ਰੱਖਦਾ ਹੈ। ਰਿਸ਼ਤਿਆਂ ਦੀਆਂ ਬਦਲਦੀਆਂ ਸਮੀਕਰਣਾਂ, ਸ੍ਵੈ ਕੇਂਦਰੀਕਰਨ ਦੀ ਧੁਨ, ਮੁਨਾਫ਼ਾ ਬਿਰਤੀ, ਬਾਹਰੀ ਦਿਖਾਵੇ ਦੀ ਭਰਮਾਰ, ਸਟੇਟਸ ਸਿੰਬਲ ਵੱਲ ਉਲਾਰਤਾ, ਪ੍ਰੰਪਰਕ ਕਿੱਤਿਆਂ ਵਲੋਂ ਬੇਮੁਖੀ, ਇਤਿਆਦਿ ਪਹਿਲੂਆਂ ਨੂੰ ਖੋਜਾਰਥਣ ਨੇ ਸਾਕਾਰ ਕੀਤਾ ਹੈ। ਵਿਦਿਅਕ ਢਾਂਚੇ ਅਤੇ ਰੁਜ਼ਗਾਰ ਵਸੀਲਿਆਂ ਦਾ ਨਵਾਂ ਮੁਹਾਂਦਰਾ ਜ਼ਿਆਦਾਤਰ ਸੁਪਨਿਆਂ ਦੀ ਪੂਰਤੀ ਅਸਮਰੱਥਾਵਾਨ ਬਣਦਾ ਨਜ਼ਰ ਆ ਰਿਹਾ ਹੈ। ਸਮਸਤ ਵਰਤਾਰੇ ਦੀ ਤਸਵੀਰ ਸਮਕਾਲੀਨ ਸੱਚ ਬਣ ਕੇ ਇਸ ਖੋਜ ਕਾਰਜ ਵਿਚੋਂ ਪੇਸ਼ ਹੋ ਰਹੀ ਹੈ।

ਸੋ ਇਸ ਤਰ੍ਹਾਂ ਉਪਰੋਕਤ ਜਿੰਨੇ ਵੀ ਖੋਜ ਕਾਰਜ ਸਾਡੇ ਵਿਵੇਚਨ ਦਾ ਕੇਂਦਰ ਰਹੇ ਹਨ, ਉਹ ਕਿਸੇ-ਨਾ-ਕਿਸੇ ਪੱਖ ਤੋਂ ਸਮਕਾਲੀਨ ਸਮੇਂ ਦਾ ਦਸਤਾਵੇਜ਼ ਬਣ ਕੇ ਉਭਰ ਰਹੇ ਹਨ। ਸਮੇਂ ਦੀਆਂ ਤਲਖ਼ ਹਕੀਕਤਾਂ ਨਾਲ ਵਾਬਸਤਾ ਸਾਡਾ ਅਜੋਕਾ ਸਾਹਿਤ, ਸਾਹਿਤ ਆਲੋਚਨਾ ਦੇ ਮਾਧਿਅਮ ਰਾਹੀਂ ਵਧੇਰੇ ਗਹਿਨਤਾ ਤੇ ਪੁਖ਼ਤਗੀ ਨਾਲ ਰੂਪਮਾਨ ਹੁੰਦਾ ਹੈ। ਸਮੂਹ ਖੋਜ-ਕਾਰਜ ਬਹੁਤ ਹੱਦ ਤੱਕ ਸਮੇਂ ਦੇ ਸੱਚ ਦਾ ਬਿਆਨ ਹਨ, ਇਨ੍ਹਾਂ ਅੰਦਰਲੀ ਆਲੋਚਨਾਤਮਕ ਪੱਧਤੀ ਦੇ ਵਿਧਾਨ ਮੁਜ਼ਬ ਵਰਤਮਾਨ ਸਮੇਂ ਦਾ ਹਰ ਸੱਚ ਆਪਣੇ ਕਾਰਨ-ਕਾਰਜ ਦੇ ਪ੍ਰਕਾਰਜ ਵਿਚ ਰੂਪਮਾਨ ਹੋ ਰਿਹਾ ਹੈ। ਕਿਹਾ ਜਾ ਸਕਦਾ ਹੈ ਕਿ ਸਾਡੀ ਅਜੋਕੀ ਆਲੋਚਨਾ ਪ੍ਰਣਾਲੀ ਸਮਕਾਲੀਨਤਾ ਦੀ ਵਾਹਕ ਹੋਣ ਦੇ ਨਾਲ-ਨਾਲ ਸਮੂਹ ਕਰੂਪਤਾਵਾਂ ਦੇ ਸਮਾਧਾਨ ਦੀਆਂ ਅਪ੍ਰੋਖ ਸੰਭਾਵਨਾਵਾਂ ਉਜਾਗਰ ਵੱਲ ਰੁਚਿਤ ਹੈ।

✲✲✲

# ਮੌਜੂਦਾ ਦੌਰ ਵਿਚ ਭਾਰਤੀ ਸਿਨੇਮਾ

– ਕੁਲਵਿੰਦਰ

ਸੰਨ 2014 ਦੀਆਂ ਲੋਕਸਭਾ ਚੋਣਾਂ ਵਿਚ ਭਾਰਤੀ ਜਨਤਾ ਪਾਰਟੀ ਸੱਤਾ ਵਿਚ ਆਈ। ਇਸ ਦੇ ਸੱਤਾ ਵਿਚ ਆਉਣ ਤੋਂ ਬਾਅਦ 'ਸੰਘ ਪਰਿਵਾਰ' ਨੇ ਵੱਖ ਵੱਖ ਸੰਸਥਾਵਾਂ ਤੇ ਆਪਣੇ ਹਮਲਿਆਂ ਨੂੰ ਤੇਜ ਕਰ ਦਿੱਤਾ। ਇਸ ਵੱਲੋਂ ਲੰਮੇ ਸਮੇਂ ਤੋਂ ਕੀਤੇ ਇਨ ਾਂ ਹਮਲਿਆਂ ਨੂੰ ਇੱਕ ਤਰ ਾਂ ਨਾਲ਼ ਕਾਨੂੰਨੀ ਵੈਧਤਾ ਮਿਲ਼ ਗਈ। ਸਿਨੇਮਾ ਦੀ ਵਿਆਪਕ ਪਹੁੰਚ ਕਰਕੇ ਇਸ ਨੇ ਇਸ ਨੂੰ ਕੰਟਰੋਲ ਕਰਨ ਦੀਆਂ ਕੋਸ਼ਿਸ਼ਾਂ ਸ਼ੁਰੂ ਕਰ ਦਿੱਤੀਆਂ ਹਨ। ਇਸ ਦੀ ਸ਼ੁਰੂਆਤ ਫ਼ਿਲਮ ਸੰਸਥਾਨ ਪੂਨੇ ਅਤੇ ਸੈਂਸਰ ਬੋਰਡ ਵਿਚ ਆਪਣੀ ਸੋਚ ਦੇ ਬੰਦੇ ਫਿੱਟ ਕਰਕੇ ਕੀਤੀ ਗਈ। ਆਪਣੀ ਸੋਚ ਨਾਲ਼ ਮੇਚ ਨਾ ਆਉਂਦੀਆਂ ਫ਼ਿਲਮਾਂ ਦੇ ਖ਼ਿਲਾਫ਼ ਵਿਰੋਧ ਨੂੰ ਤਿੱਖਾ ਕੀਤਾ ਗਿਆ। ਇਸ ਦੇ ਨਾਲ਼ ਹੀ ਵਿਰੋਧ ਵਿਚ ਬੋਲਣ ਵਾਲੀਆਂ ਫ਼ਿਲਮੀ ਸ਼ਖਸੀਅਤਾਂ ਦੀ 'ਟ੍ਰੋਲਿੰਗ' ਸ਼ੁਰੂ ਕੀਤੀ ਗਈ। ਨਤੀਜੇ ਵਜੋਂ ਕਈ ਨਾਮੀ ਹਸਤੀਆਂ ਨੂੰ ਉਹ ਆਪਣੇ ਕੰਟਰੋਲ ਵਿਚ ਲਿਆਉਣ ਵਿਚ ਸਫ਼ਲ ਹੋ ਗਏ। ਇਸ ਦੀ ਸਿਖ਼ਰਲੀ ਮਿਸਾਲ 'ਦੰਗਲ' ਫ਼ਿਲਮ ਦੇ ਨਾਇਕ ਆਮਿਰ ਖਾਨ ਨੂੰ ਸੰਘ ਦੇ ਮੁਖੀ ਤੋਂ ਦੁਆਇਆ ਸਨਮਾਨ ਹੈ। ਇੱਕ ਤੋਂ ਬਾਅਦ ਇੱਕ ਕਈ ਅਜਿਹੀਆਂ ਫ਼ਿਲਮਾਂ ਬਣਨੀਆਂ ਸ਼ੁਰੂ ਹੋਈਆਂ ਜੋ ਸੱਤਾਧਾਰੀ ਧਿਰ ਦੀ ਅੰਨੀ ਹਮਾਇਤ ਅਤੇ ਵਿਰੋਧੀਆਂ ਦਾ ਅੰਨਾ ਵਿਰੋਧ ਕਦੀਆਂ ਸਨ।

ਅਜਿਹੀ ਹਾਲਤ ਵਿਚ ਕਈ ਤਰ ਾਂ ਦੇ ਸੁਆਲਾਂ ਦਾ ਉੱਠਣਾ ਲਾਜਮੀ ਹੈ ਕਿ ਕੀ ਮੌਜੂਦਾ ਭਾਰਤੀ ਸਿਨੇਮਾ ਇਸ ਦੀ ਵਭਿੰਨਤਾ ਨੂੰ ਪ੍ਰਗਟਾ ਰਿਹਾ ਹੈ? ਕੀ ਭਾਰਤੀ ਸਿਨੇਮਾ ਅਜੌਕੇ ਦੌਰ ਵਿਚ ਸਿਰਫ਼ ਇੱਕੋ ਵਿਚਾਰਧਾਰਾ ਦਾ ਪ੍ਰਚਾਰਕ ਬਣ ਗਿਆ ਹੈ? ਕੀ ਕੌਮਾਂ, ਖੇਤਰਾਂ, ਭਾਸ਼ਾਵਾਂ, ਜਾਤਾਂ ਅਤੇ ਜਮਾਤਾਂ ਵਿਚ ਵੰਡੇ ਕਿਸੇ ਦੇਸ਼ ਵਿਚ ਅਜਿਹ ਸੰਭਵ ਵੀ ਹੈ ਕਿ ਸਿਨੇਮਾ ਕਿਸੇ ਇੱਕ ਵਿਚਾਰਧਾਰਾ ਦਾ ਹੋ ਕੇ ਰਹਿ ਜਾਵੇ?

ਇਨ ਾਂ ਸੁਆਲਾਂ ਦੇ ਜੁਆਬ ਜਾਣਨ ਤੋਂ ਪਹਿਲਾਂ ਭਾਰਤ ਵਿਚ ਸਿਨੇਮੇ ਦੇ ਇਤਿਹਾਸਕ ਵਿਕਾਸ ਬਾਰੇ ਜਾਣਨਾ ਦਿਲਚਸਪ ਰਹੇਗਾ।

ਭਾਰਤੀ ਸਿਨੇਮਾ ਦਾ ਇਤਿਹਾਸਕ ਵਿਕਾਸ

ਸਿਨੇਮਾ ਇਤਿਹਾਸ ਦੇ ਇੱਕ ਅਜਿਹੇ ਦੌਰ ਵਿਚ ਦਾਖ਼ਲ ਹੁੰਦਾ ਹੈ ਜਦ ਸਰਮਾਏਦਾਰੀ ਆਪਣੇ ਸਿਖ਼ਰਲੇ ਪੜਾਅ ਸਾਮਰਾਜ ਵਿਚ ਦਾਖ਼ਲ ਹੋ ਚੁੱਕੀ ਸੀ। ਲੂਮੀਏ ਭਾਰਾਵਾਂ ਨੇ ਪੈਰਿਸ ਵਿਚ 22 ਮਾਰਚ 1895 ਨੂੰ ਪਹਿਲੀ ਵਾਰ ਫ਼ਿਲਮ ਨੂੰ ਪਰਦੇ 'ਤੇ ਪੇਸ਼ ਕੀਤਾ। ਅਗਲੇ ਸਾਲ ਪੂਰੀ ਦੁਨੀਆਂ ਵਿਚ ਇਸ ਦੀ ਧੂਮ ਮਚ ਗਈ। 7 ਜੁਲਾਈ 1896 ਨੂੰ ਬੰਬਈ ਦੇ ਵਾਟਸਨ ਹੋਟਲ ਵਿਚ ਹੋਏ ਪਰਦਰਸ਼ਨ ਨਾਲ਼ ਭਾਰਤ ਵਿਚ ਫ਼ਿਲਮਾਂ ਦੀ ਆਮਦ ਹੋਈ।

ਸੁਰੂ ਵਿਚ ਫ਼ਿਲਮਾਂ ਖਾਮੋਸ਼ ਹੁੰਦੀਆਂ ਸਨ। ਥੋੜ੍ਹੀ ਦੇਰ ਬਾਅਦ ਉਨ੍ਹਾਂ ਫ਼ਿਲਮਾਂ ਦੇ ਪਰਦਰਸ਼ਨ ਦੇ ਨਾਲ਼ ਨਾਲ਼ ਕਥਾਕਾਰ ਅਤੇ ਸਾਜ਼ਾ ਦੀ ਵਰਤੋਂ ਹੋਣ ਲੱਗੀ। ਫ਼ਿਲਮਾਂ ਦੀ ਖਾਮੋਸ਼ੀ ਦਾ ਫਾਇਦਾ ਇਹ ਸੀ ਕਿ ਇਨ੍ਹਾਂ ਦਾ ਬਾਜ਼ਾਰ ਸਾਰੀ ਦੁਨੀਆਂ ਸੀ। ਇੱਕ ਤਰ ਾਂ ਨਾਲ਼ ਇਹ ਫ਼ਿਲਮਾਂ ਸਾਮਰਾਜੀ ਹਿੱਤਾਂ ਨੂੰ ਪੂਰਦੀਆਂ ਸਨ। 6 ਅਕਤੂਬਰ 1927 ਨੂੰ 'ਜਾਜ਼ ਸਿੰਗਰ' ਨਾਲ਼ ਬੋਲਦੀਆਂ ਫ਼ਿਲਮਾਂ ਬਣਨ ਦੀ ਸ਼ੁਰੂਆਤ ਹੋਈ। ਇਸ ਨਾਲ਼ ਫ਼ਿਲਮਾਂ ਦੇ ਇੱਕ ਨਵੇਂ ਦੌਰ ਦੀ ਸ਼ੁਰੂਆਤ ਹੋਈ। ਫ਼ਿਲਮਾਂ

ਦਾ ਦਾਇਰਾ ਸਾਪੇਖਕ ਰੂਪ ਵਿਚ ਸੁੰਗੜਿਆ ਪਰ ਨਿਰਪੇਖ ਤੌਰ ’ਤੇ ਵਧਿਆ। 14 ਮਾਰਚ, 1931 ਨੂੰ ਪਹਿਲੀ ਬੋਲਦੀ ਫ਼ਿਲਮ ‘ਆਲਮ ਆਰਾ’ ਨਾਲ਼ ਭਾਰਤ ਵਿਚ ਵੀ ਬੋਲਦੀਆਂ ਫ਼ਿਲਮਾਂ ਦੇ ਯੁੱਗ ਦੀ ਸ਼ੁਰੂਆਤ ਹੋਈ। ਭਾਰਤ ਜਿਹੇ ਬਹੁਕੌਮੀ ਅਤੇ ਬਹੁਭਾਸ਼ੀ ਦੇਸ਼ ਲਈ ਬੋਲਦੀਆਂ ਫ਼ਿਲਮਾਂ ਦੇ ਭਾਰਤੀ ਸੱਭਿਆਚਾਰ ਲਈ ਨਵੇਂ ਰਾਹ ਖੋਲ ਦਿੱਤੇ। ਕੌਮੀ ਫ਼ਿਲਮ ਪੁਰਾਲੇਖ ਪੂਨੇ ਦੇ ਸਾਬਕਾ ਨਿਰਦੇਸ਼ਕ ਪੀ. ਕੇ. ਨਾਇਰ ਅਨੁਸਾਰ ਸੰਸਾਰ ਭਰ ਵਿਚ ਜਿਥੇ ਆਵਾਜ਼ ਨੇ ਫ਼ਿਲਮਾਂ ਨੂੰ ਜ਼ੁਬਾਨ ਦਿੱਤੀ, ਉਥੇ ਭਾਰਤੀ ਸਿਨੇਮਾ ਨੂੰ ਬਹੁਤ ਸਾਰੀਆਂ ਜ਼ੁਬਾਨਾਂ ਦਿੱਤੀਆਂ। ਭਾਰਤ ਵਿਚ ਬਹੁਤ ਥਾਵਾਂ ’ਤੇ ਵੱਖ ਵੱਖ ਭਾਰਤੀ ਭਾਸ਼ਾਵਾਂ ਵਿਚ ਫ਼ਿਲਮਾਂ ਬਣਨ ਲੱਗੀਆਂ। ਲਾਹੌਰ, ਕਲਕੱਤਾ ਅਤੇ ਬੰਬਈ ਫ਼ਿਲਮਾਂ ਬਨਾਉਣ ਦੇ ਤਿੰਨ ਪ੍ਰਮੁੱਖ ਕੇਂਦਰਾਂ ਵੱਜੋਂ ਉਭਰੇ।

ਭਾਰਤ ਦੀ ਕੌਮੀ ਮੁਕਤੀ ਲਹਿਰ ਦੀ ਲੀਡਰਸ਼ਿਪ ਵਿਚ ਸਿਨੇਮੇ ਦੀ ਮਾਰਕ ਸ਼ਕਤੀ ਨੂੰ ਸਮਝਣ ਵਾਲ਼ੇ ਕੁਝ ਲੋਕ ਵੀ ਸਨ। ਏਸੇ ਲਈ ਭਾਰਤ ਵਿਚ ਚੱਲ ਰਹੀ ਇਸ ਲਹਿਰ ਤੋਂ ਸਿਨੇਮਾ ਵੀ ਅਛੂਤਾ ਨਾ ਰਹਿ ਸਕਿਆ। ਇਸ ਦੇ ਸਿੱਧੇ ਅਤੇ ਅਸਿੱਧੇ ਪ੍ਰਭਾਵ ਸਦਕਾ ਕਈ ਫ਼ਿਲਮਾਂ ਬਣੀਆਂ। ਅਜਿਹੀਆਂ ਹੀ ਕੁਝ ਕੁ ਫ਼ਿਲਮਾਂ ਹਨ – ‘ਭਗਤ ਵਿਧੁਰ’ (1921), ‘ਸਵਕਾਰੀ ਪਾਸ਼’ (1925), ‘ਮਜ਼ਦੂਰ’(1934), ‘ਅਛੂਤ ਕੰਨਿਆ’(1936) , ‘ਨੀਚਾ ਨਗਰ’ (1946), ‘ਧਰਤੀ ਕੇ ਲਾਲ’ (1946)। ਇਹ ਸੂਚੀ ਬੜੀ ਲੰਮੀ ਹੈ। ਇਸ ਦੌਰ ਵਿਚ ਕਲਕੱਤੇ ਦੇ ਨਿਊ ਥਿਏਟਰ ਅਤੇ ਪੂਨੇ ਦੇ ਪ੍ਰਭਾਤ ਸਟੂਡੀਓ ਸਮਾਜ ਸੁਧਾਰਕ ਫ਼ਿਲਮਾਂ ਬਣਾਉਣ ਲਈ ਪ੍ਰਸਿੱਧ ਸਨ। ਕਲਕੱਤਾ ਥਿਏਟਰ ਦੀਆਂ ਫ਼ਿਲਮਾਂ ਬੰਗਾਲੀ ਅਤੇ ਹਿੰਦੀ ਵਿਚ ਅਤੇ ਪ੍ਰਭਾਤ ਸਟੂਡੀਓ ਦੀਆਂ ਫ਼ਿਲਮਾਂ ਮਰਾਠੀ ਅਤੇ ਹਿੰਦੀ ਵਿਚ ਬਣਦੀਆਂ ਸਨ। ਇਨ ਾਂ ਦੀਆਂ ਫ਼ਿਲਮਾਂ ਭਾਰਤ ਦੀ ਵੱਡੀ ਆਬਾਦੀ ਤੱਕ ਪਹੁੰਚ ਸੀ। ਇਸ ਦੌਰ ਵਿਚ ਬਹੁਤ ਸਾਰੀਆਂ ਹੋਰਨਾਂ ਭਾਰਤੀ ਭਾਸ਼ਾਵਾਂ ਵਿਚ ਫ਼ਿਲਮਾਂ ਬਣੀਆਂ।

ਦੂਜੀ ਸੰਸਾਰ ਜੰਗ ਤੋਂ ਬਾਅਦ ਵੱਡੀ ਮਿਕਦਾਰ ਵਿਚ ਜਮ ਾਂ ਹੋਏ ਕਾਲੇ ਧਨ ਦੀ ਆਮਦ ਫ਼ਿਲਮ ਵਿਚ ਵੀ ਹੋਈ ਜਿਸ ਨਾਲ਼ ਸਟੂਡੀਓ ਸਿਸਟਮ ਤਬਾਹ ਹੋ ਗਿਆ। ਇਸ ਦੀ ਥਾਂ ਸਟਾਰ ਸਿਸਟਮ ਦੀ ਉਤਪਤੀ ਹੋਈ।

ਆਪਣੀ ਗੱਲ ਨੂੰ ਸੰਖੇਪ ਕਰਨ ਲਈ ਏਨਾ ਕਹਿਣਾ ਹੀ ਕਾਫੀ ਹੈ ਕਿ ਭਾਵੇਂ 1947 ਤੋਂ ਬਾਅਦ ਦੇ ਭਾਰਤੀ ਸਿਨੇਮੇ ਨੇ ਮੋਟੇ ਤੌਰ ’ਤੇ ਭਾਰਤੀ ਸਿਨੇਮਾ ਨੇ ਭਾਰਤ ਦੀਆਂ ਹਾਕਮ ਜਮਾਤਾਂ ਦੀ ਸੇਵਾ ਹੀ ਕੀਤੀ ਹੈ ਪਰ ਏਨਾ ਕਹਿਣ ਦੇ ਬਾਵਜੂਦ ਸ਼ਾਇਦ ਹੀ ਕੋਈ ਅਜਿਹੀ ਸਮਾਜਕ ਤੇ ਸਿਆਸੀ ਲਹਿਰ ਹੋਵੇ ਜਿਸ ਨੇ ਸਿਨੇਮਾ ’ਤੇ ਸਿੱਧੇ ਅਸਿੱਧੇ ਰੂਪ ਵਿਚ ਇਸ ਨੂੰ ਪ੍ਰਭਾਵਤ ਨਾ ਕੀਤਾ ਹੋਵੇ।

ਕੀ ਭਾਰਤੀ ਸਿਨੇਮਾ ਸਿਰਫ਼ ਹਿੰਦੀ ਫ਼ਿਲਮਾਂ ਤੱਕ ਹੀ ਸੀਮਤ ਹੈ?

ਸਿਨੇਮਾ ’ਤੇ ਚਰਚਾ ਕਰਦਿਆਂ ਕਈ ਵਾਰ ਭਾਰਤੀ ਸਿਨੇਮਾ ਨੂੰ ਸਿਰਫ਼ ਬੰਬਈਆ ਹਿੰਦੀ ਸਿਨੇਮਾ ਤੱਕ ਹੀ ਸੀਮਤ ਕਰ ਦਿੱਤਾ ਜਾਂਦਾ ਹੈ। ਜਦ ਕਿ ਹਕੀਕਤ ਇਹ ਹੈ ਕਿ ਬੰਬਈ ਵਿਚ ਬਣੀਆਂ ਹਿੰਦੀ ਫ਼ਿਲਮਾਂ ਸਮੁੱਚ ਦਾ ਸਿਰਫ਼ ਇੱਕ ਹਿੱਸਾ ਹੀ ਬਣਦੀਆਂ ਹਨ। ਭਾਰਤ ਸਰਕਾਰ ਦੇ ਅੰਕੜਿਆਂ ਅਨੁਸਾਰ 2013-14 ਵਿਚ ਬਣੀਆਂ ਕੁੱਲ 1966 ਫ਼ਿਲਮਾਂ ’ਚੋਂ ਹਿੰਦੀ ਫ਼ਿਲਮਾਂ ਦੀ ਗਿਣਤੀ ਸਿਰਫ਼ 263 ਹੀ ਸੀ। ਇਸ ਦੇ ਮੁਕਾਬਲੇ ਤੇਲਗੂ ਵਿਚ 349 ਅਤੇ ਤਮਿਲ ਵਿਚ 326 ਫ਼ਿਲਮਾਂ ਬਣੀਆਂ ਸਨ। ਇਸ ਸਾਲ 36 ਭਾਸ਼ਾਵਾਂ ਵਿਚ ਫ਼ਿਲਮਾਂ ਬਣੀਆਂ। ਜੇ ਫ਼ਿਲਮਾਂ

ਦੀ ਕਮਾਈ ਦੇ ਹਿਸਾਬ ਨਾਲ਼ ਗੱਲ ਕਰਨੀ ਹੋਵੇ ਤਾਂ ਇਥੇ ਵੀ ਹਿੰਦੀ ਫ਼ਿਲਮਾਂ ਦੀ ਕਮਾਈ 43 % ਹੀ ਹੈ। ਜੇ ਤਮਿਲ ਤੇ ਤੇਲਗੂ ਫ਼ਿਲਮਾਂ ਕੀ ਕਮਾਈ ਨੂੰ ਮਿਲਾ ਦਿੱਤਾ ਜਾਵੇ ਤਾਂ ਇਨ ੍ਹਾਂ ਦਾ ਸੰਯੁਕਤ ਹਿੱਸਾ 36% ਬਣਦਾ ਹੈ। ਇਨ ੍ਹਾਂ ਦੋਵਾਂ ਭਾਸ਼ਾਵਾਂ ਵਿਚ ਬਣਨ ਵਾਲੀਆਂ ਕਈ ਫ਼ਿਲਮਾਂ ਨਾਲ਼ ਨਾਲ਼ ਹਿੰਦੀ ਵਿਚ ਵੀ ਬਣਾਈਆਂ ਜਾ ਰਹੀਆਂ ਹਨ। ਇਸ ਤਰ ੍ਹਾਂ ਨਾਲ਼ ਹਿੰਦੀ ਸਿਨੇਮਾ ਭਾਰਤ ਦਾ ਬਹੁਗਿਣਤੀ ਸਿਨੇਮਾ ਨਹੀਂ ਹੈ। ਭਾਰਤ ਦੇ ਜ਼ਿਆਦਾਤਰ ਖੇਤਰੀ ਭਾਸ਼ਾਵਾਂ ਦੇ ਸਿਨੇਮੇ ਦੇ ਵਿਸ਼ੇ ਹਿੰਦੀ ਸਿਨੇਮਾ ਵਿਚ ਉਠਾਏ ਗਏ ਵਿਸ਼ਿਆਂ ਨਾਲ਼ੋਂ ਜ਼ਿਆਦਾ ਯਥਾਰਥਕ ਰਹੇ ਹਨ। ਖੇਤਰੀ ਭਾਸ਼ਾ ਦਾ ਸਿਨੇਮਾ ਅੱਜ ਨਾ ਸਿਰਫ਼ ਹਿੰਦੀ ਫ਼ਿਲਮਾਂ ਨੂੰ ਵੱਡੀ ਪੱਧਰ 'ਤੇ ਟੱਕਰ ਦੇ ਰਿਹਾ ਹੈ। ਵਿਸ਼ਿਆਂ ਪੱਖੋਂ ਵੀ ਖੇਤਰੀ ਭਾਸ਼ਾਵਾਂ ਦਾ ਸਿਨੇਮਾ ਇੱਕ ਖਾਸ ਤਰ੍ਹਾਂ ਦੀ ਫਾਸੀਵਾਦੀ ਸੋਚ ਤੋਂ ਨਾ ਸਿਰਫ਼ ਆਪ ਹੀ ਨਾਬਰ ਹੈ ਸਗੋਂ ਉਹ ਹਿੰਦੀ ਸਿਨੇਮਾ 'ਤੇ ਇੱਕ ਪ੍ਰਤੀਭਾਰ (Counter-weight) ਵੀ ਬਣ ਰਿਹਾ ਹੈ। ਸੋ ਭਾਰਤੀ ਸਿਨੇਮਾ ਦੇ ਮੁਲੰਕਣ ਕਰਦਿਆਂ ਸਾਨੂੰ ਖੇਤਰੀ ਭਾਸ਼ਾਵਾਂ ਵਿਚ ਬਣੇ ਸਿਨੇਮੇ ਨੂੰ ਵੀ ਜਹਿਨ 'ਚ ਰੱਖਣਾ ਹੋਵੇਗਾ।

ਇਸ ਤੋਂ ਇਲਾਵਾ ਹਿੰਦੀ ਫ਼ਿਲਮਾਂ ਦੀ ਜੇ ਗੱਲ ਕੀਤੀ ਜਾਵੇ ਤਾਂ ਇਥੇ ਵੀ ਕੋਈ ਇੱਕ ਤਰ ੍ਹਾਂ ਦੀਆਂ ਫ਼ਿਲਮਾਂ ਨਹੀਂ ਬਣ ਰਹੀਆਂ। ਮੌਜੂਦਾ ਸੱਤਾਧਾਰੀ ਜਮਾਤ ਦੀਆਂ ਆਪਣੀਆਂ ਵਿਰੋਧਤਾਈਆਂ ਹਨ। ਸੱਤਾਧਾਰੀ ਧਿਰ ਦੇ ਕਲਾਕਾਰ ਸਮਾਜੀ ਵਿਰੋਧਤਾਈਆਂ ਨੂੰ ਘਟਾਉਣ, ਧੁੰਦਲਾ ਕਰਨਾ ਜਾਂ ਨਕਲੀ ਹੱਲ ਦੱਸ ਕੇ ਹੱਲ ਕਰਨ ਦੀ ਕੋਸ਼ਿਸ਼ ਕਰਦੇ ਹਨ। ਅਜਿਹਾ ਕਰਦੇ ਹੋਏ ਕਈ ਵਾਰ ਉਹ ਆਪਣੀਆਂ ਮਿੱਥੀਆਂ ਹੋਈਆਂ ਹੱਥਾਂ ਤੋਂ ਅਗਾਂਹ ਵੀ ਚਲੇ ਜਾਂਦੇ ਹਨ। ਦੂਜੇ ਪਾਸੇ ਅਜਿਹੇ ਵੀ ਫ਼ਿਲਮਕਾਰ ਹਨ ਜੋ ਇਨ ੍ਹਾਂ ਹੀ ਵਿਰੋਧਤਾਈਆਂ ਵੱਲ ਲੋਕਪੱਖੀ ਨਜ਼ਰੀਏ ਤੋਂ ਫ਼ਿਲਮਾਂ ਬਣਾਉਂਦੇ ਹਨ।

ਫਾਸ਼ੀ ਵਿਚਾਰਧਾਰਾ ਨੂੰ ਚੁਣੌਤੀ ਦਿੰਦਾ ਭਾਰਤੀ ਸਿਨੇਮਾ

ਇਥੇ ਪਿਛਲੇ ਦਹਾਕੇ ਦੀਆਂ ਕੁਝ ਅਜਿਹੀਆਂ ਫ਼ਿਲਮਾਂ ਬਾਰੇ ਚਰਚਾ ਕਰਨੀ ਵੀ ਸਾਰਥਕ ਰਹੇਗੀ ਜਿਨ੍ਹਾਂ ਨੇ ਪਿਛਲੇ ਦੌਰ ਵਿਚ ਭਾਰਤ ਵਿਚ 'ਸੰਘ ਪਰਿਵਾਰ' ਦੇ ਇੱਕੋ ਸੱਭਿਆਚਾਰ ਨੂੰ ਥੋਪਣ ਦੀਆਂ ਕੋਸ਼ਿਸ਼ਾਂ ਨੂੰ ਚਨੌਤੀ ਦਿੱਤੀ ਹੈ। ਇਨ ੍ਹਾਂ ਫ਼ਿਲਮਾਂ ਵੱਲੋਂ ਲਈਆਂ ਗਈਆਂ ਪੁਜ਼ੀਸ਼ਨਾਂ ਨਾਲ਼ ਸਾਡੀ ਸਹਿਮਤੀ ਹੋਣੀ ਜ਼ਰੂਰੀ ਨਹੀਂ ਹੈ।

ਗੁਰਵਿੰਦਰ ਸਿੰਘ ਨਿਰਦੇਸ਼ਤ ਪੰਜਾਬੀ ਫ਼ਿਲਮ 'ਅੰਨੇ ਘੋੜੇ ਦਾ ਦਾਨ' (2011)ਗੁਰਦਿਆਲ ਸਿੰਘ ਦੇ ਏਸੇ ਨਾਵਲ 'ਤੇ ਅਧਾਰਤ ਹੈ। ਫ਼ਿਲਮ ਦਾ ਨਾਇਕ ਮੇਲੂ ਬਠਿੰਡੇ ਵਿਚ ਰਿਕਸ਼ਾ ਚਲਾਉਂਦਾ ਹੈ। ਉਸ ਦਾ ਬਾਕੀ ਟੱਬਰ ਪਿੰਡ ਵਿਚ ਰਹਿੰਦਾ ਹੈ। ਜ਼ਮੀਨ ਮਾਲਕ ਆਪਣੀ ਜ਼ਮੀਨ ਫੈਕਟਰੀ ਲਗਾਉਣ ਲਈ ਵੇਚ ਦਿੰਦਾ ਹੈ। ਉਸ ਜ਼ਮੀਨ 'ਤੇ ਬਣੇ ਮਜ਼ਦੂਰਾਂ ਦੇ ਘਰਾਂ ਨੂੰ ਢਾਹ ਦਿੰਦਾ ਹੈ। ਓਧਰ ਰਿਕਸ਼ੇ ਵਾਲ਼ਿਆਂ ਦੇ ਪਰਦਰਸ਼ਨ 'ਤੇ ਲਾਠੀਚਾਰਜ ਕਰ ਦਿੱਤਾ ਜਾਂਦਾ ਹੈ। ਪਿੰਡ ਵਿਚ ਖੇਤ ਮਜ਼ਦੂਰਾਂ ਅਤੇ ਸ਼ਹਿਰ ਵਿਚ ਰਿਕਸ਼ਾ ਮਜ਼ਦੂਰ ਲੜਦੇ ਹਨ ਪਰ ਹਾਲੇ ਉਨ੍ਹਾਂ ਨੂੰ ਆਪਣਾ ਕੋਈ ਭਵਿੱਖ ਨਜ਼ਰ ਨਹੀਂ ਆਉਂਦਾ। "ਚੌਥੀ ਕੂਟ" (2015) ਰਾਹੀਂ ਗੁਰਵਿੰਦਰ ਨੇ ਪੰਜਾਬੀ ਸਿਨੇਮਾ ਲਈ ਕਈ ਸੰਭਾਵਨਾ ਪੈਦਾ ਕੀਤੀਆਂ ਹਨ।

ਬੈਡਬਰਟਾ ਪੇਨ ਨਿਰਦੇਸ਼ਤ ਹਿੰਦੀ ਫ਼ਿਲਮ "ਚਿਟਗਾਓਂ" (2012) ਵਿਚ 1930 ਦੀ ਕੌਮੀ ਆਜ਼ਾਦੀ ਦੇ ਸੰਘਰਸ਼ ਦੀ ਚਿਟਗਾਓਂ ਘਟਨਾ 'ਤੇ ਅਧਾਰਤ ਹੈ ਜਿੱਥੇ ਇਨਕਲਾਬੀਆਂ ਨੇ ਕਈ ਦਿਨ ਪੂਰੇ ਸ਼ਹਿਰ 'ਤੇ ਕਬਜ਼ਾ ਕਰ ਲਿਆ ਸੀ। ਫ਼ਿਲਮ ਦਾ ਖ਼ੂਬਸੂਰਤ ਫ਼ਿਲਮਾਂਕਣ, ਚੁਸਤ

ਪਟਕਥਾ ਅਤੇ ਵਧੀਆ ਅਦਾਕਾਰੀ ਦਰਸ਼ਕਾਂ ਨੂੰ ਬੰਨੀ ਰੱਖਦੀ ਹੈ। ਲੋਕ ਸਰੋਕਾਰਾਂ ਨਾਲ਼ ਪ੍ਰਤੀਬੱਧ ਨਿਰਦੇਸ਼ਕ ਦੀ ਸੂਝ ਇੱਥੋਂ ਨਜ਼ਰ ਆਉਂਦੀ ਹੈ ਕਿ ਫ਼ਿਲਮ ਵਿਚ ਉਸ ਨੇ ਚਿਟਗਾਓਂ ਦੀ ਘਟਨਾ ਤੋਂ ਦੋ ਕੁ ਦਹਾਕੇ ਬਾਅਦ ਦੀ ਤਿਭਾਗਾ ਲਹਿਰ ਨਾਲ਼ ਜੋੜਿਆ ਗਿਆ ਹੈ।

ਮਰਾਠੀ ਭਾਸ਼ਾ ਦੀ ਫ਼ਿਲਮ ਫੰਡਰੀ (2013) ਨਾਗਰਾਜ ਮੰਜੁਲੇ ਨਿਰਦੇਸ਼ਤ ਫ਼ਿਲਮ ਹੈ। ਫ਼ਿਲਮ ਵਿਚ ਇੱਕ ਨੀਵੀਂ ਜਾਤ ਦੇ ਮੁੰਡੇ ਜਾਬਿਆ ਉੱਚੀ ਜਾਤੀ ਦੀ ਕੁੜੀ ਨਾਲ਼ ਪ੍ਰੇਮ ਦੇ ਸੁਪਨੇ ਲੈਂਦਾ ਹੈ। ਪਰ ਸਮਾਜਕ ਯਥਾਰਥ ਨਾਲ਼ ਟਕਰਾਅ ਵਿਚ ਉਸ ਦਾ ਸੁਪਨਾ ਤਿੜਕਦਾ ਹੈ। ਫ਼ਿਲਮ ਸਮਾਜ ਸੁਧਾਰਕਾਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਜਾਤ ਦੀ ਬੁਰਾਈ 'ਤੇ ਸੱਟ ਮਾਰਦੀ ਹੈ।

ਚੇਤੰਨਿਆ ਤਾਮਹਾਨੇ ਨਿਰਦੇਸ਼ਤ ਮਰਾਠੀ ਫ਼ਿਲਮ "ਕੋਰਟ" (2014) ਇੱਕ ਦਲਿਤ ਕਾਰਕੁੰਨ ਦੇ ਅਦਾਲਤ ਵਿਚ ਚੱਲੇ ਮੁਕਦਮੇ ਰਾਹੀਂ ਭਾਰਤੀ ਨਿਆ ਪ੍ਰਬੰਧ ਉਤੇ ਚੋਟ ਕਰਦੀ ਹੈ। ਫ਼ਿਲਮ ਦਾ ਨਾਇਕ ਇੱਕ ਬਜ਼ੁਰਗ ਲੋਕ ਪੱਖੀ ਗਾਇਕ ਨਰਾਇਣ ਕਾਮਲੇ ਹੈ। ਉਸ ਦੇ ਇਨਕਲਾਬੀ ਗੀਤ ਅਤੇ ਲੋਕਾਂ ਨੂੰ ਚੇਤੰਨ ਕਰਨ ਦੀਆਂ ਹੋਰ ਸਰਗਰਮੀਆਂ ਸੱਤਾ ਨੂੰ ਰੜਕਦੀਆਂ ਹਨ। ਗਟਰ ਦੀ ਸਫ਼ਾਈ ਦੌਰਾਨ ਇੱਕ ਮਜ਼ਦੂਰ ਵਾਸੂਦੇਵ ਪਾਵਾਰ ਦੀ ਗੈਸ ਚੜ ਨ ਨਾਲ਼ ਮੌਤ ਹੋ ਜਾਂਦੀ ਹੈ। ਪੁਲੀਸ ਇਸ ਨੂੰ ਆਤਮਹੱਤਿਆ ਦਾ ਕੇਸ ਬਣਾ ਦਿੰਦੀ ਹੈ। ਇਸ ਆਤਮਹੱਤਿਆ ਲਈ ਉਸਕਾਉਣ ਲਈ ਇੱਕ ਗੀਤ ਨੂੰ ਜ਼ੁੰਮੇਵਾਰ ਮੰਨ ਕੇ ਪੁਲੀਸ ਨਰਾਇਣ ਕਾਮਲੇ ਨੂੰ ਗ੍ਰਿਫ਼ਤਾਰ ਕਰ ਲੈਂਦੀ ਹੈ। ਫ਼ਿਲਮ ਇਸ ਸਿਆਸੀ ਕਾਰਕੁੰਨ ਦੀ ਜਮਾਨਤ ਲਈ ਸੰਘਰਸ਼ ਦੀ ਗਾਥਾ ਹੈ। ਫ਼ਿਲਮ ਦੇ ਅੰਤ ਵਿਚ ਜਦ ਇਸ ਕੇਸ ਚੋਂ ਨਰਾਇਣ ਕਾਮਲੇ ਨੂੰ ਜਮਾਨਤ ਮਿਲ਼ ਜਾਂਦੀ ਹੈ ਤਾਂ ਬਾਹਰ ਆਉਣ 'ਤੇ ਉਸ ਨੂੰ ਦੋਬਾਰਾ ਕਿਸੇ ਹੋਰ ਕੇਸ ਵਿਚ ਮੁੜ ਗ੍ਰਿਫਤਾਰ ਕਰ ਲਿਆ ਜਾਂਦਾ ਹੈ।

ਵਿਜੈ ਰਾਜ ਨਿਰਦੇਸ਼ਤ ਹਿੰਦੀ ਫ਼ਿਲਮ "ਕਿਆ ਦਿੱਲੀ ਕਿਆ ਲਾਹੌਰ" (2014) ਦੀ। 1947 ਦੀ ਵੰਡ ਦੇ ਪਿਛੋਕੜ ਵਿਚ ਬਣੀ ਇਹ ਫ਼ਿਲਮ ਵਰਤਮਾਨ ਦੌਰ ਨੂੰ ਸੰਬੋਧਤ ਹੁੰਦੀ ਫ਼ਿਲਮ ਹੈ। ਫ਼ਿਲਮ ਦੇ ਪਾਤਰ ਅਤੇ ਘਟਨਾਵਾਂ ਭਾਵੇਂ 1947 ਤੋਂ ਫੌਰਨ ਬਾਅਦ ਦੇ ਦੌਰ ਨਾਲ਼ ਸਬੰਧਤ ਹਨ ਪਰ ਫ਼ਿਲਮ ਵਿਚ ਉਠਾਏ ਮੁੱਦੇ ਮੌਜੂਦਾ ਦੌਰ ਦੇ ਹਨ। ਫ਼ਿਲਮ ਧਰਮ ਅਤੇ ਦੇਸ਼ ਤੋਂ ਉਪਰ ਉਠਕੇ ਮਨੱਖਤਾ ਦਾ ਸੰਦੇਸ਼ ਦਿੰਦੀ ਹੈ। ਭਾਵੇਂ ਫ਼ਿਲਮ ਮੁੱਦਿਆਂ ਦੇ ਅਤੀਸਾਧਾਰਨੀਕਰਨ ਦੀ ਵੀ ਸ਼ਿਕਾਰ ਹੈ ਪਰ ਇਸ ਦੌਰ ਵਿਚ ਅਜਿਹੇ ਵਿਸ਼ੇ ਤੇ ਫ਼ਿਲਮ ਬਣਨਾ ਆਪਣੇ ਆਪ ਵਿਚ ਹੀ ਬਹੁਤ ਮਹੱਤਵਪੂਰਨ ਹੈ।

ਅਜਿਹੀ ਹੀ ਇੱਕ ਹੋਰ ਡਿਕਸਨ ਛਾਰਾ ਦੀ ਹਿੰਦੀ ਫ਼ਿਲਮ 'ਸਮੀਰ' (2017) ਹੈ। ਆਮ ਲੋਕਾਂ ਦੇ ਧਾਰਮਿਕ ਵੱਖਰੇਵਿਆਂ ਨੂੰ ਸੱਤਾ ਦੁਆਰਾ ਆਪਣੇ ਹਿੱਤਾਂ ਲਈ ਵਰਤਣ ਨੂੰ ਪੇਸ਼ ਕਰਦੀ ਹੈ। ਫ਼ਿਲਮ ਹੈਦਰਾਬਾਦ ਬੰਬ ਧਮਾਕਿਆਂ ਤੋਂ ਬਾਅਦ ਅਹਿਮਦਾਬਾਦ ਵਿਚ ਦੋਸ਼ੀ ਯਾਸੀਨ ਦਰਜੀ ਦੀ ਏ.ਟੀ.ਐੱਸ ਵੱਲੋਂ ਤਲਾਸ਼ ਤੋਂ ਬਾਅਦ ਸ਼ੁਰੂ ਹੁੰਦੀ ਹੈ। ਏ.ਟੀ.ਐੱਸ ਉਸ ਨਾਲ਼ ਰਹਿ ਰਹੇ ਸਮੀਰ ਨੂੰ ਗ੍ਰਿਫ਼ਤਾਰ ਕਰ ਲੈਂਦੀ ਹੈ। ਬਾਅਦ ਵਿਚ ਸਮੀਰ ਦੇ ਨਿਰਦੋਸ਼ ਹੋਣ ਦਾ ਪਤਾ ਲੱਗਦਾ ਹੈ। ਪਰ ਏ.ਟੀ.ਐੱਸ ਨਿਰਦੋਸ਼ ਸਮੀਰ 'ਤੇ ਦਬਾਅ ਪਾ ਕੇ ਉਸ ਨੂੰ ਯਾਸੀਨ ਤੱਕ ਪਹੁੰਚਣ ਲਈ ਵਰਤਦੀ ਹੈ। 'ਸਮੀਰ' ਵਿਚ ਅੱਤਵਾਦ ਪਿਛਲੇ ਕਾਰਨਾਂ ਨੂੰ ਗੁਜਰਾਤ ਦੇ ਪਿਛੋਕੜ ਵਿਚ ਤਲਾਸ਼ਣ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਤੋਂ ਇਲਾਵਾ ਏਸੇ ਦੌਰ ਦੀਆਂ ਦੋ ਹੋਰ ਫ਼ਿਲਮਾਂ ਅਕਸ਼ੈ ਕੁਮਾਰ ਦੀ "ਓ.ਐੱਮ.ਜੀ." (2012) ਅਤੇ ਆਮਿਰ ਖ਼ਾਨ ਦੀ "ਪੀ.ਕੇ." (2014) ਵੀ ਕੁਝ ਨਾ ਕੁਝ ਹਿੰਦੂ ਧਰਮ ਦੀਆਂ

ਕੁਰੀਤੀਆਂ 'ਤੇ ਸੱਟ ਮਾਰਦੀਆਂ ਹਨ।

ਹਿੰਦੀ ਸਿਨੇਮਾ ਦੇ ਫਾਸੀ ਵਹਿਣ ਦੇ ਉਲ਼ਟ ਤਰ ਰਿਹਾ ਪੰਜਾਬੀ ਸਿਨੇਮਾ

ਪਾਠਕਾਂ ਦੀ ਦਿਲਚਸਪੀ ਲਈ ਇਥੇ ਪੰਜਾਬੀ ਸਿਨੇਮਾ ਬਾਰੇ ਸੰਖੇਪ ਚਰਚਾ ਕਰਨੀ ਠੀਕ ਰਹੇਗੀ। ਕਦੇ ਪੰਜਾਬੀ ਸਿਨੇਮਾ ਦਾ ਪੱਧਰ ਹਿੰਦੀ ਫ਼ਿਲਮਾਂ ਦੇ ਮੁਕਾਬਲੇ ਹੇਠਲਾ ਮੰਨਿਆ ਜਾਂਦਾ ਸੀ। ਇਸ ਦੇ ਜ਼ਿਆਦਾ ਦਰਸ਼ਕ ਪੇਂਡੂ ਘੱਟ ਪੜੇ ਲਿਖੇ ਲੋਕ ਹੁੰਦੇ ਸਨ। ਪੜ੍ਹਿ ਆ ਲਿਖਿਆ ਅਤੇ ਸ਼ਹਿਰੀ ਤਬਕਾ ਪੰਜਾਬੀ ਫ਼ਿਲਮਾਂ ਵੱਲ ਮੂੰਹ ਨਹੀਂ ਸੀ ਕਰਦਾ।ਪਰ ਅੱਜ ਹਾਲਤ ਉਹ ਨਹੀਂ ਹੈ।21 ਵੀਂ ਸਦੀ ਵਿਚ ਪੰਜਾਬੀ ਸਿਨੇਮੇ ਨੇ ਪੜੇ ਲਿਖੇ ਅਤੇ ਸ਼ਹਿਰੀ ਜਮਾਤ ਨੂੰ ਵੀ ਆਪਣੇ ਵੱਲ ਖਿੱਚਿਆ ਹੈ। ਅੱਜ ਪੰਜਾਬੀ ਸਿਨੇਮਾ ਵਿਚ ਵਿਸ਼ਿਆਂ ਅਤੇ ਤਕਨੀਕ ਪੱਖੋਂ ਵੀ ਨਵੇਂ ਨਵੇਂ ਤਜਰਬੇ ਕੀਤੇ ਜਾ ਰਹੇ ਹਨ। ਗੁਰਵਿੰਦਰ ਦੀਆਂ ਫ਼ਿਲਮਾਂ ਦਾ ਜ਼ਿਕਰ ਉਪਰ ਕੀਤਾ ਹੀ ਜਾ ਚੁੱਕਿਆ ਹੈ। ਇਨ੍ਹਾਂ ਸਮਿਆਂ ਵਿਚ ਹੀ "ਸਰਦਾਰ ਮੁਹੰਮਦ", "ਲਾਹੌਰੀਏ" ਅਤੇ "ਚੱਲ ਮੇਰਾ ਪੁੱਤ" ਜਿਹੀਆਂ ਫ਼ਿਲਮਾਂ ਬਣੀਆਂ ਹਨ ਜੋ ਨਫ਼ਰਤ ਦੀ ਥਾਂ ਪੰਜਾਬੀਆਂ ਦੀ ਆਪਸੀ ਸਾਂਝ ਦੀ ਬਾਤ ਪਾਉਂਦੀਆਂ ਹਨ। ਸੰਸਾਰੀਕਰਨ ਨਾਲ਼ ਹੋਏ ਪਰਵਾਸ ਕਾਰਨ ਭਾਰਤ ਤੇ ਪਕਿਸਤਾਨ ਦੇ ਕਲਾਕਾਰ ਰਲ਼ ਕੇ ਫ਼ਿਲਮਾਂ ਬਣਾ ਰਹੇ ਹਨ। ਪੰਜਾਬੀ ਸਿਨੇਮਾ ਦੇ ਵਿਸ਼ਿਆਂ 'ਚੋਂ 'ਸੰਘ ਪਰਿਵਾਰ' ਦੁਆਰਾ ਪ੍ਰਚਾਰਿਆ ਜਾਂਦਾ ਨਫ਼ਰਤ ਦਾ ਫਲਸਫਾ ਗਾਇਬ ਹੈ। ਇਹ ਫ਼ਿਲਮਾਂ ਦੋ ਨਫ਼ਰਤ ਦੀ ਥਾਂ ਆਪਸੀ ਪਿਆਰ ਦਾ ਸੰਦੇਸ਼ ਦੇ ਰਹੀਆਂ ਹਨ।

ਬਿਨਾਂ ਸ਼ੱਕ ਇਨ੍ਹਾਂ ਫ਼ਿਲਮਾਂ ਵਿਚ ਕੁਝ ਘਾਟਾਂ ਵੀ ਹਨ ਪਰ ਦੇਸ਼ ਦੇ ਮੌਜੂਦਾ ਮਹੌਲ ਵਿਚ ਅਜਿਹੀਆਂ ਫ਼ਿਲਮਾਂ ਦਾ ਬਣਨਾ ਆਪਣੇ ਆਪ ਵਿਚ ਬਹੁਤ ਮਹੱਤਵਪੂਰਨ ਹੈ।

ਬਦਲਵੇਂ ਸਿਨੇਮਾ ਦੀ ਸਿਰਜਣਾ ਲਈ ਯਤਨ

ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਨਵੀਂ ਤਕਨੀਕ ਕਾਰਨ ਸਿਨੇਮਾ ਦੇ ਬਦਲਵੇਂ ਮਾਡਲ ਸਿਰਜਣ ਲਈ ਵੱਡੀ ਪੱਧਰ 'ਤੇ ਕੋਸ਼ਿਸ਼ਾਂ ਹੋ ਰਹੀਆਂ ਹਨ। ਸਾਰੇ ਭਾਰਤ ਵਿਚ ਸੈਂਕੜੇ ਫ਼ਿਲਮਕਾਰ ਵੱਖ ਵੱਖ ਭਾਸ਼ਾਵਾਂ ਵਿਚ ਦਸਤਾਵੇਜ਼ੀ ਫ਼ਿਲਮਾਂ ਬਣਾ ਰਹੇ ਹਨ। ਇਸ ਤੋਂ ਇਲਾਵਾ ਕਥਾ ਫ਼ਿਲਮਾਂ ਵਿਚ ਵੀ ਕਈ ਕੋਸ਼ਿਸ਼ਾਂ ਹੋ ਰਹੀਆਂ ਹਨ। ਇਨ੍ਹਾਂ ਵਿਚ ਮਹਾਂਰਾਸ਼ਟਰ ਦੀ ਸੰਸਥਾ "ਇਕਤਾਰਾ ਕੁਲੈਕਟਿਵ" ਦਾ ਨਾਂ ਜਿਕਰਯੋਗ ਹੈ। ਇਸ ਗਰੁੱਪ ਦੁਆਰਾ ਬਣਾਈ ਗਈ ਫ਼ਿਲਮ "ਤਰੂਪ" ਚਰਚਿਤ ਰਹੀ ਹੈ। ਪੰਜਾਬੀ ਫ਼ਿਲਮ ਨਿਰਦੇਸ਼ਕ ਰਾਜੀਵ ਨੇ ਆਪਣੀ ਫ਼ਿਲਮ "ਚੰਮ" ਦੀ ਵੀ ਵਪਾਰਕ ਰਲੀਜ਼ ਨਹੀਂ ਕੀਤੀ। ਇਸ ਫ਼ਿਲਮ ਦੇ ਹੁਣ ਤੱਕ 300 ਤੋਂ ਜ਼ਿਆਦਾ ਸ਼ੋਅ ਕੀਤੇ ਜਾ ਚੁੱਕੇ ਹਨ ਜਿਨ ਾਂ ਵਿਚ ਲੱਖ ਤੋਂ ਜ਼ਿਆਦਾ ਦਰਸ਼ਕ ਇਸ ਫ਼ਿਲਮ ਨੂੰ ਦੇਖ ਚੁੱਕੇ ਹਨ। ਇਸ ਤੋਂ ਉਤਸ਼ਾਹਤ ਰਜੀਵ ਨੇ ਆਪਣੀ ਅਗਲੀ ਫ਼ਿਲਮ "ਸੀਰੀ" ਦੇ ਪ੍ਰਦਰਸ਼ਨ ਲਈ ਵੀ ਇਹੀ ਰਾਹ ਚੁਣਿਆ ਹੈ। ਇਨ ਾਂ ਤੋਂ ਇਲਾਵਾ ਭਾਰਤ ਵਿਚ ਦਰਜਣਾ ਅਜਿਹੀਆਂ ਸੰਸਥਾਵਾਂ ਹਨ ਜੋ ਦਸਤਾਵੇਜ਼ੀ ਅਤੇ ਫੀਚਰ ਫ਼ਿਲਮਾਂ ਦਿਖਾ ਰਹੀਆਂ ਹਨ।

ਕੀ ਭਾਰਤੀ ਸਿਨੇਮਾ ਨੂੰ ਇੱਕੋ ਰੰਗਾ ਬਣਾਇਆ ਜਾ ਸਕਦਾ ਹੈ?

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਹਾਲੀਵੱਡ ਦੀਆਂ ਫ਼ਿਲਮਾਂ ਨੇ ਸਾਰੀ ਦੁਨੀਆਂ ਦੇ ਫ਼ਿਲਮ ਬਾਜ਼ਾਰਾਂ ਵਿਚ ਆਪਣੀ ਪੈਠ ਬਣਾਈ ਹੈ। ਲਤੀਨੀ ਅਮਰੀਕਾ ਦੇ ਸਿਨੇਮੇ ਨੂੰ ਤਾਂ ਇੱਕ ਦੌਰ ਵਿਚ ਇਸ ਨੇ ਲਗਭਗ ਨੁਕਰੇ ਹੀ ਲਾ ਦਿੱਤਾ ਸੀ। ਹਾਲੀਵੁੱਡ ਦੀਆਂ ਫ਼ਿਲਮਾਂ ਦੇ ਬਾਵਜੂਦ ਜੇ ਭਾਰਤੀ ਸਿਨੇਮਾ ਬਚਿਆ ਰਿਹਾ ਹੈ ਤਾਂ ਉਸ ਪਿੱਛੇ ਭਾਰਤ ਦੀ ਸੱਭਿਆਚਾਰਕ ਵੰਨ-ਸੁਵੰਨਤਾ

ਹੀ ਹੈ।


ਇਹ ਵੀ ਇੱਕ ਸੱਚਾਈ ਹੈ ਕਿ ਪੇਸ਼ ਕੀਤੀ ਗਈ ਫ਼ਿਲਮ ਨੂੰ ਦਰਸ਼ਕ 'ਭਗਤਾਂ' ਵਾਂਗ ਨਹੀਂ ਸਗੋਂ ਚੇਤਨ ਦਰਸ਼ਕਾਂ ਵਾਂਗ ਦੇਖਦੇ ਹਨ। ਇਹੀ ਕਾਰਨ ਹੈ ਕਿ 'ਸੰਘ ਪਰਿਵਾਰ' ਦੀ ਲੰਮੇ ਸਮੇਂ ਤੋਂ ਹਿੰਦੀ ਫ਼ਿਲਮਾਂ ਦੇ 'ਖ਼ਾਨਾਂ' ਨਾਇਕਾਂ – ਆਮਿਰ ਖ਼ਾਨ, ਸ਼ਾਹਰੁਖ ਖ਼ਾਨ ਅਤੇ ਸਲਮਾਨ ਖ਼ਾਨ, ਦੀਆਂ ਫ਼ਿਲਮਾਂ ਦੇ ਬਾਈਕਾਟ ਕਰਨ ਦੇ ਸੱਦੇ ਕਾਮਯਾਬ ਨਹੀਂ ਹੋਏ।

ਅੰਤ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਹਿੰਦੀ ਫ਼ਿਲਮਾਂ ਵਿਚ 'ਸੰਘ ਪਰਿਵਾਰ' ਵੱਲੋਂ ਪ੍ਰਚਾਰੀ ਜਾਂਦੀ ਵਿਚਾਰਧਾਰਾ ਦਾ ਪ੍ਰਭਾਵ ਪਿਛਲੇ ਦੌਰ ਵਿਚ ਵਧਿਆ ਹੈ ਪਰ ਸਮੁੱਚੇ ਤੌਰ ਭਾਰਤੀ ਸਿਨੇਮਾ 'ਤੇ ਅਜਿਹਾ ਪ੍ਰਭਾਵ ਨਹੀਂ ਪਿਆ। ਇਹ ਵੀ ਇੱਕ ਤੱਥ ਹੈ ਕਿ "ਉਰੀ – ਦਿ ਸਰਜੀਕਲ ਸਟਰਾਈਕ" ਜਿਹੀ ਸਫ਼ਲਤਾ "ਐਕਸੀਡੈਂਟਲ ਪ੍ਰਾਈਮ-ਮਨਿਸਟਰ ਨੂੰ ਨਹੀਂ ਮਿਲ਼ੀ। ਵਿਵੇਕ ਓਬਰਾਏ ਦੀ ਪੀ.ਐੱਮ. ਨਰਿੰਦਰ ਮੋਦੀ ਵੀ ਕੋਈ ਜਿਕਰਯੋਗ ਮਕਬੂਲੀਅਤ ਹਾਸਲ ਨਹੀਂ ਕਰ ਸਕੀ। ਭਾਰਤ ਦੀ ਵੰਨ-ਸੁਵੰਨਤਾ ਦੇ ਦੇਖਦਿਆਂ ਇਹ ਯਕੀਨ ਨਾਲ਼ ਕਿਹਾ ਜਾ ਸਕਦਾ ਹੈ ਕਿ ਭਾਰਤੀ ਸਿਨੇਮਾ ਵਿਚ ਸਿਰਫ਼ ਇੱਕੋਂ ਰੰਗ ਵਿਚ ਰੰਗਣਾ, ਇਸ ਵਿਚ ਵੱਖ ਵੱਖ ਸੱਭਿਆਚਾਰਾਂ ਅਤੇ ਵਿਚਾਰਾਂ ਦੇ ਪੇਸ਼ਕਾਰੀ ਨੂੰ ਖਤਮ ਕਰਕੇ ਸਿਰਫ਼ ਇੱਕੋ ਤਰ੍ਹਾਂ ਦੀ ਫਾਸੀ ਵਿਚਾਰਧਾਰਾ ਨੂੰ ਪ੍ਰਚਾਰਨਾ ਸਿਰਫ਼ 'ਅਸੰਭਵ ਹੀ ਨਹੀਂ, ਸਗੋਂ ਨਾਮੁਮਕਿਨ ਹੈ।

✲✲✲


ਪਰਵਾਨਾ ਦਾ ਚਿੰਤਨ ਨਿਰੰਤਰ ਸਮੁੱਚੀ ਟੈਕਸਟ ਵਿਚ ਗਤੀਸ਼ੀਲ ਰਹਿੰਦਾ ਹੈ। ਉਸ ਦੀ ਖ਼ੂਬੀ ਇਹ ਹੈ ਕਿ ਸਮੁੱਚੀ ਟੈਕਸਟ ਵਿੱਚ ਪਾਤਰੀ ਸਪੇਸ ਇੱਕ ਸੰਤੁਲਨ ਬਣਾ ਕੇ ਰੱਖਦਾ ਹੈ। ਪਰਵਾਨਾ ਦੀ ਵਿਚਾਰਧਾਰਾ ਦੀ ਵਾਹਕ ਸਮਾਜ ਦੀ ਇੱਕ ਛੋਟੀ ਜਿਹੀ ਧਿਰ ਬਣਦੀ ਹੈ। ਇਸ ਨਾਲ ਨਾਵਲ ਦੇ ਦੁਮੇਲਮੁੱਖੀ ਫੈਲਣ ਵਿੱਚ ਦਿੱਕਤ ਆਉਂਦੀ ਹੈ। ਪਰਵਾਨਾ ਦਾ ਇਹ ਨਾਵਲ ਉਸ ਦੇ ਬਾਕੀ ਨਾਵਲੀ ਜਗਤ ਦਾ ਹੀ ਵਿਸਥਾਰ ਹੈ ਪਰੰਤੂ ਸਮਕਾਲ ਦੀਆਂ ਜੜ੍ਹਾਂ ਦਾ ਮਿਥਿਹਾਸਕ ਟੈਕਸਟ ਤੱਕ ਫੈਲਾਅ ਇਸ ਨਾਵਲ ਦੀ ਵਿਲੱਖਣਤਾ ਹੈ।

–ਡਾ. ਪਰਮਜੀਤ ਕੌਰ ਸਿੱਧੂ




ਮੁੱਲ: 195 ਰੁ:, ਪੰਨੇ: 127 ਲੋਕ ਗੀਤ ਪ੍ਰਕਾਸ਼ਨ, ਮੁਹਾਲੀ

## ਪੁਸਤਕ ਪੜਚੋਲ

### ਚਿੱਕੜ

(ਨਾਵਲ)

ਬਲਬੀਰ ਕੌਰ ਸੰਘੇੜਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ

ਬਲਬੀਰ ਕੌਰ ਸੰਘੇੜਾ ਦਾ ਇਹ ਚੌਥਾ ਨਾਵਲ ਹੈ। ਗਲਪ ਦੇ ਖੇਤਰ ਵਿਚ ਉਨ੍ਹਾਂ ਨੇ ਚਾਰ ਕਹਾਣੀ ਸੰਗ੍ਰਿਹਾਂ ਦੀ ਸਿਰਜਣਕਾਰੀ ਵੀ ਕੀਤੀ ਹੈ। ਇਸ ਨਾਵਲ ਵਿਚ ਉਨ੍ਹਾਂ ਨੇ ਪਰਵਾਸੀਆਂ ਦੀ ਪੰਜਾਬ ਵਿਚਲੀ ਜਾਇਦਾਦ ਨੂੰ ਲੈ ਕੇ ਝਗੜਿਆਂ ਨੂੰ ਲਿਆ ਹੈ। ਇਸ ਨਾਵਲ ਦਾ ਪਲਾਟ ਸਿਮਰ, ਗੁਰਦਿਆਲ ਅਤੇ ਉਨ੍ਹਾਂ ਦੇ ਬਾਪ ਦੀ ਜਾਇਦਾਦ ਅਤੇ ਘਰ ਉੱਤੇ ਕਬਜੇ ਨਾਲ ਜੁੜੀਆਂ ਸਮੱਸਿਆਵਾਂ ਨੂੰ ਪੰਜਾਬ ਦੇ ਪ੍ਰਬੰਧਕੀ ਢਾਂਚੇ ਦੇ ਪ੍ਰਸੰਗ ਵਿਚ ਚਿਤਰਿਆ ਹੈ। ਇਸ ਵਿਚ ਟਕਰਾਅ ਰਜਨੀ ਹਿਮਾਚਲ ਤੋਂ ਆਈ ਔਰਤ ਅਤੇ ਸਿਮਰ ਦੇ ਪਰਿਵਾਰ ਵਿਚਕਾਰ ਹੈ। ਰਜਨੀ ਪੰਜਾਬ ਤੋਂ ਬਾਹਰ ਦੇ ਮਜ਼ਦੂਰ ਭਾਈਚਾਰੇ ਨਾਲ ਸੰਬੰਧਿਤ ਹੈ। ਉਹ ਸਿਮਰ ਅਤੇ ਗੁਰਦਿਆਲ ਦੇ ਵਿਰੋਧ ਵਿਚ ਖੜੀ ਹੈ। ਨਾਵਲਕਾਰਾ ਉਸ ਔਰਤ ਦੀ ਸ਼ਕਤੀ ਨੂੰ ਉਸ ਦੀ ਚਰਿਤਰਹੀਣਤਾ ਨਾਲ ਜੋੜਦੀ ਹੈ। ਉਹ ਭਾਂਡੇ ਮਾਂਜਣ ਵਾਲੀ ਔਰਤ ਹੈ। ਪਰੰਤੂ ਉਸ ਦੀ ਚਰਿਤਰਹੀਣਤਾ ਵੀ ਏਨੀ ਵੱਡੀ ਸ਼ਕਤੀ ਤਰਕਹੀਣ ਹੈ। ਉਹ ਪ੍ਰਤੀਨਿਧ ਪਾਤਰ ਨਹੀਂ ਹੋ ਸਕਦੀ। ਉਹ ਪੂਰੇ ਪ੍ਰਬੰਧਨ/ਢਾਂਚੇ ਉੱਤੇ ਵੀ ਭਾਰੂ ਪੈਂਦੀ ਹੈ। ਅਖੀਰ ਵਿਚ ਸਿਮਰ ਦੇ ਪਰਿਵਾਰ ਦੀ ਜਿੱਤ ਦਾ ਬਾਇਸ ਮੁਨੀਸ਼ ਕੁਮਾਰ ਹੇਠਲੇ ਦਰਜੇ ਦਾ ਪੁਲੀਸ ਅਧਿਕਾਰੀ ਬਣਦਾ ਹੈ। ਇਸ ਤਰ੍ਹਾਂ ਇਹ ਨਾਵਲ ਸਾਧਾਰਨ ਤੋਂ ਵੀ ਹੇਠਲੇ ਪੱਧਰ ਦਾ ਬਣ ਕੇ ਰਹਿ ਗਿਆ ਹੈ। ਅੰਤ ਭਲਾ ਸੋ ਭਲਾ, ਵਾਲੀ ਰੂੜੀ ਨਾਲ ਨਾਵਲ ਖ਼ਤਮ ਹੋ ਜਾਂਦਾ ਹੈ। ਨਾਵਲ ਵਿਚ ਕੁਝ ਇਤਿਹਾਸਕ ਉਹ ਤੱਥ ਹਨ ਜਿਹੜੇ ਬਹੁਤੇ ਲੋਕਾਂ ਦੀ ਚੇਤਨਾ ਦਾ ਹਿੱਸਾ ਹਨ। ਚਲੋ ਤਿੰਨ ਸੌ ਦੇ ਲਗਭਗ ਸਫਿਆਂ ਵਿਚ ਲਿਪਟੀ ਇਕ ਰਚਨਾ ਤਾਂ ਸਾਹਮਣੇ ਆਈ।

### ਹਾਦਸੇ

(ਨਾਵਲ)

ਹਰਜੀਤ ਅਟਵਾਲ, ਸੰਗਮ ਪਬਲੀਕੇਸ਼, ਸਮਾਣਾ

ਹਰਜੀਤ ਅਟਵਾਲ ਬਹੁਤਾ ਲਿਖਣ ਵਾਲਾ ਨਾਵਲਕਾਰ ਹੈ। ਵਨ ਵੇ ਤੋਂ ਲੈ ਕੇ 'ਹਾਦਸੇ' ਤਕ ਉਹ ਦਰਜਨ ਤੋਂ ਵੱਧ ਨਾਵਲਾਂ ਅਤੇ ਅੱਠ ਕਹਾਣੀ ਸੰਗ੍ਰਿਹਾਂ ਦਾ ਸਿਰਜਕ ਹੈ। ਉਸਨੇ ਪਰਵਾਸ ਦੇ ਮਸਲਿਆਂ ਨੂੰ ਵਿਸਥਾਰ ਵਿਚ ਚਿਤਰਿਆ ਹੈ। ਉਹ ਘਟਨਾਵਾਂ ਅਤੇ ਪਾਤਰਾਂ ਦਾ ਬਹੁਤ ਵੱਡਾ ਪਿੜ ਬੰਨਣ ਜਾਣਦਾ ਹੈ। ਇਸ ਵੱਡੇ ਪਿੜ ਕਾਰਨ ਵਿਸਥਾਰ ਉਸ ਦੀ ਸ਼ੈਲੀ ਬਣ ਗਈ ਹੈ ਜਿਹੜੀ ਗਹਿਰਾਈ ਦੇ ਰਾਹ ਦੀ ਰੁਕਾਵਟ ਬਣ ਜਾਂਦੀ ਹੈ। ਇਸੇ ਕਾਰਨ ਉਹ ਸਮਾਜਿਕ ਮਸਲਿਆਂ ਤੋਂ ਵਿਅਕਤੀ ਮਸਲਿਆਂ ਵੱਲ ਆ ਜਾਂਦਾ ਹੈ। 'ਜੇਠੂ' ਵਿਚੋਂ ਇਸ ਸੁੰਗੜਾ ਦਾ ਆਭਾਸ ਹੁੰਦਾ ਹੈ। ਹਥਲਾ ਨਾਵਲ ਰਾਵਲ ਚੁਹਾਨ ਅਤੇ ਮੇਘਨਾ ਸਿੰਘ ਦੇ ਦੁਆਲੇ ਘੁੰਮਦਾ ਹੈ। ਵਿਚਕਾਰ ਰੇਵਤੀ ਅਤੇ ਸੁਧਾ ਚੌਧਰੀ ਹਨ। ਇਹ ਨਾਵਲ ਮਨੁੱਖੀ ਸੰਵੇਦਨਾ ਦੇ ਵਿਹਾਰ ਦੀਆਂ ਗਹਿਰਾਈਆਂ ਨੂੰ ਸੰਬੋਧਨ ਹੁੰਦਾ ਹੈ। ਇਸ ਵਿਚ ਸੰਵੇਦਨਾ ਅਤੇ ਘਟਨਾਵਾਂ ਦਾ ਅਜੀਬੋ-ਗਰੀਬ ਸੰਘਰਸ਼ ਚਲਦਾ ਹੈ। ਰਾਵਲ ਸੁਚੇਤ ਰੂਪ ਵਿਚ ਪਰਿਵਾਰਕ ਸਬੰਧਾਂ ਪ੍ਰਤੀ ਸੁਚੇਤ ਹੈ ਪ੍ਰੰਤੂ ਇਹਨਾਂ ਸੁਚੇਤ ਪਰਤਾਂ ਪਿੱਛੇ ਇਕ ਕਲਪਿਤ ਤ੍ਰਿਸ਼ਨਾ ਹੈ। ਇਸ ਕਸ਼ਮਕਸ਼ ਨੂੰ ਏਨੀ ਸ਼ਿੱਦਤ

ਨਾਲ ਪੇਸ਼ ਕਰਨ ਵਾਲਾ ਉਹ ਨਿਵੇਕਲਾ ਨਾਵਲਕਾਰ ਹੈ। ਇਸ ਨਾਵਲ ਦੀ ਸ਼ੈਲੀ ਉਸ ਦੇ ਬਾਕੀ ਨਾਵਲਾਂ ਤੋਂ ਉਲਟ ਸੰਗਿਠਤ ਹੈ। ਇਸ ਵਿਚਲੀਆਂ ਸੂਖਮ ਪਰਤਾਂ ਦੀ ਸੂਝ ਉਹ ਪਾਠਕ ਉੱਤੇ ਛੱਡ ਦਿੰਦਾ ਹੈ। ਮਸਲਾ ਸਿਰਫ਼ ਇਹ ਹੈ ਕਿ ਉਹ ਦੁਰਾਲੇ ਵਿਚੋਂ ਫਰਾਲਾ ਹੀ ਚਿਤਰੀ ਜਾਂਦਾ ਹੈ। ਹਰਿਆਣਾ ਦੇ ਅੰਬਾਲਾ ਜ਼ਿਲ੍ਹਾ ਸਤਲੁਜ ਤੋਂ ਜਮਨਾ ਦੇ ਵਿਚਕਾਰ ਫੈਲਿਆ ਹੋਇਆ ਹੈ। ਪਰ ਲੇਖਕ ਅਤੇ ਨਾਵਲ ਚੁਹਾਨ ਦੇ ਵਿਹਾਰ ਦਾ ਫਰਕ ਮਿਟਾਉਣ ਲਈ ਉਸ ਖਿੱਤੇ ਦੇ ਸਮਾਜਿਕ ਤਾਣੇ-ਬਾਣੇ ਦੀ ਸਮਝ ਬਹੁਤ ਔਖੀ ਹੈ। ਪਰ ਯਤਨ ਬਹੁਤ ਕਾਰਗਰ ਹੈ। ਹਰਜੀਤ ਇਸ ਨਾਵਲ ਰਾਹੀਂ ਸਵੈ-ਸਿਰਜਤ ਖੋਲ ਤੋਂ ਬਾਹਰ ਆਉਂਦਾ ਹੈ।

ਇਕ ਕੁੜੀ ਇਕੱਲੀ

(ਕਹਾਣੀ ਸੰਗ੍ਰਹਿ)

ਵੀਨਾ ਵਰਮਾ, ਆਰਸੀ ਪਬਲੀਸਰਜ

ਵੀਨਾ ਵਰਮਾ ਪੰਜਾਬੀ ਕਲਾ-ਜਗਤ ਵੀ ਉੱਘੀ ਕਹਾਣੀਕਾਰ ਹੈ। ਇਹ ਉਸਦਾ ਚੌਥਾ ਕਹਾਣੀ ਸੰਗ੍ਰਹਿ ਹੈ। ਵੀਨਾ ਔਰਤ ਦੀ ਪੀੜਾ ਨੂੰ ਜੁਬਾਨ ਦਿੰਦੀ ਹੈ। ਉਸ ਦੀਆਂ ਔਰਤ ਪਾਤਰ ਵਿਪਰੀਤ ਸਥਿਤੀਆਂ 'ਚੋਂ ਗੁਜ਼ਰਦੀਆਂ ਹੋਈਆਂ ਉਨ੍ਹਾਂ ਨਾਲ ਟਕਰਾਉਂਦੀਆਂ ਹਨ ਪ੍ਰੰਤੂ ਹਾਰ ਨਹੀਂ ਮੰਨਦੀਆਂ। ਉਹ ਔਰਤ ਦੇ ਸੰਘਰਸ਼ ਦਾ ਬਹੁਰੰਗਾ ਚਿੱਤਰ ਪੇਸ਼ ਕਰਦੀ ਹੈ। ਉਸ ਦੀਆਂ ਪਾਤਰ ਚਾਹੇ ਕਹਾਣੀ ਸੁਣਾ ਰਹੀ ਹੋਵੇ, ਚਾਹੇ ਉਹ ਪਾਤਰ ਦੀ ਕਹਾਣੀ ਸੁਣਾ ਰਹੀ ਹੋਵੇ ਉਸ ਦੇ ਬਿਰਤਾਂਤ ਵਿਚ ਕਵਿਤਾ ਵਰਗੀ ਸੁਰ ਹੈ। ਇਸ ਸੰਗ੍ਰਹਿ ਵਿਚ ਵੀਹ ਕਹਾਣੀਆਂ ਦਰਜ ਹਨ। ਇਸ ਵਿਚੋਂ ਪੂਰੇ ਪੰਜਾਬੀ ਖਿੱਤੇ ਸਮੇਤ ਪੱਛਮੀ ਪੰਜਾਬ ਵਿਚਲੀ ਔਰਤ ਦਾ ਬਿੰਬ ਉਭਰਦਾ ਹੈ। ਇਨ੍ਹਾਂ ਕਹਾਣੀਆਂ ਵਿਚੋਂ ਇਕ ਅਜ਼ਾਦ ਔਰਤ ਦਾ ਬਿੰਬ ਉਭਰਦਾ ਹੈ। ਔਨਰ ਕਿਲਿੰਗ ਵਿਚੋਂ ਪੱਛਮੀ ਪੰਜਾਬ ਦੀ ਸਾਂਸਕ੍ਰਿਤ ਵਿਚੋਂ ਔਰਤ ਦਾ ਤ੍ਰਾਸਦਿਕ ਚਿੱਤਰ ਉਭਰਦਾ ਹੈ। ਅੰਨੀ ਦੀ ਦਾਲ ਵਿਚੋਂ ਗੰਗਾ ਵਰਗਾ ਹਿੰਮਤੀ ਪਾਤਰ ਸਾਹਮਣੇ ਆਉਂਦਾ ਹੈ। 'ਵਿਗੜਿਆ ਬਾਂਦਰ' ਦੀ ਕਾਂਤਾ ਦੇਵੀ ਅਤੇ ਸ਼ੂਗਰ ਡੈਡੀ ਦੀ ਸਕੁੰਤਲਾ, ਜਿਸਮਾਂ ਤੋਂ ਪਾਰ ਦੀ ਕਮਲ, ਕੱਚੀ ਮਿੱਟੀ ਦੀ ਜਸਪ੍ਰੀਤ, ਟਰਾਈ ਦੀ ਸਪਨਾ ਕਹਾਣੀਆਂ ਦੇ ਸ਼ਕਤੀਸ਼ਾਲੀ ਪਾਤਰ ਹਨ। ਜਿਹੜੇ ਪੰਜਾਬੀ ਕਹਾਣੀ ਵਿਚ ਵੱਖਰੇ ਖੜੇ ਨਜ਼ਰ ਆਉਂਦੇ ਹਨ। ਇਸ ਸੰਗ੍ਰਹਿ ਦੀ ਸਭ ਤੋਂ ਮਹੱਤਵਪੂਰਨ ਕਹਣੀ ਚਿੱਟੀ ਚੁੜੈਲ ਹੈ। ਇਸ ਕਹਾਣੀ ਵਿਚ ਔਂਜਲਾ ਪੱਛਮੀ ਮਾਨਵਵਾਦ ਦੀ ਪ੍ਰਮਾਨਿਕ ਤਸਵੀਰ ਹੈ। ਰਫੂਜੀ ਵਿਅਕਤੀ ਸੰਕਟ ਦਾ ਸਿਖਰ ਹੈ। ਹਾਫ਼ ਗਰਲ ਅਤੇ ਦੋ ਦੇਵੀਆਂ, ਔਰਤ ਜੀਵਨ ਦੀਆਂ ਨਵੀਆਂ ਚੁਣੌਤੀਆਂ ਨੂੰ ਸੰਬੋਧਿਤ ਕਹਾਣੀਆਂ ਹਨ। ਵੀਨਾ ਇਨ੍ਹਾਂ ਕਹਾਣੀਆਂ ਨਾਲ ਨਾਵਲਕਾਰ ਨਾਨਕ ਸਿੰਘ ਵਾਂਗ ਕਹਾਣੀ ਦੇ ਖੇਤਰ ਵਿਚ ਪੰਜਾਬੀ ਧਰਾਤਲ ਨੂੰ ਵਿਸ਼ਾਲ ਕਰਦੀ ਹੋਈ ਮਹਾਜਲੀ ਜੀਵਨ ਜਾਚ ਨੂੰ ਪੰਜਾਬੀ ਕਹਾਣੀ ਵਿਚ ਸ਼ਾਮਲ ਕਰਦੀ ਹੈ। ਵੀਨਾ ਦੇ ਇਸ ਸੰਗ੍ਰਹਿ ਨਾਲ ਪਰਵਾਸੀ ਹੀ ਸਗੋਂ ਪੰਜਾਬੀ ਕਹਾਣੀ ਵੀ ਦੁਮਲੇਮੁਖੀ ਚੱਲਦੀ ਹੈ।

ਪ੍ਰੋ. ਸਤਿੰਦਰ ਕੌਰ

## ਪਾਠਕ ਪ੍ਰਤਿਕਿਰਿਆ

ਮੈਂ ਕਈ ਵਰ੍ਹਿਆ ਤੋਂ ਪ੍ਰਵਚਨ 'ਚ ਪ੍ਰਕਾਸ਼ਤ ਹਰ ਰਚਨਾ ਨੂੰ ਬੜੀ ਦਿਲਚਸਪੀ ਨਾਲ ਪੜ੍ਹਦਾ ਆਇਆ ਹਾਂ। ਕਹਿ ਸਕਦਾ ਹਾਂ ਕਿ ਪੰਜਾਬੀ ਸਾਹਿਤ ਦੇ ਖੇਤਰ 'ਚ ਇਹ ਪਰਚਾ ਇਕ ਸਕਾਰਾਤਮਕ ਭੂਮਿਕਾ ਨਿਭਾ ਰਿਹਾ ਹੈ। ਸਭ ਤੋਂ ਪਹਿਲਾਂ ਮੈਂ ਰਜਨੀਸ਼ ਬਹਾਦਰ ਦੁਆਰਾ ਲਿਖੀ ਸੰਪਾਦਕੀ ਪੜ੍ਹਦਾ ਹਾਂ। ਹਮੇਸ਼ਾ ਵਾਂਗ ਜੁਲਾਈ-ਸਤੰਬਰ ਦੇ ਅੰਕ 'ਚ ਇਨ੍ਹਾਂ ਨੇ ਸਰਕਾਰੀ ਅਹੁਦਿਆਂ, ਇਨਾਮਾਂ, ਟੈਲੀਵੀਜਨ-ਪ੍ਰੋਗਰਾਮਾਂ ਬਾਰੇ ਗੱਲ ਕੀਤੀ ਹੈ। ਇਸ ਸੰਦਰਭ 'ਚ ਮੈਨੂੰ ਪੁਰਾਣਾ ਸਮਾਂ ਯਾਦ ਆਉਂਦਾ ਹੈ ਜਦੋਂ ਨਾ ਟੈਲੀਵੀਜਨ ਹੁੰਦਾ ਸੀ, ਨਾ ਇਨ੍ਹਾਂ ਇਨਾਮਾਂ ਸਨਮਾਨਾਂ ਦੇ ਪੁਆੜੇ। ਉਦੋਂ ਸਹਿਜਤਾ ਅਤੇ ਸੁਹਿਰਦਤਾ ਵਾਲਾ ਮਾਹੌਲ ਹੁੰਦਾ ਸੀ। ਕੋਈ Race, ਕੋਈ ਮੁਕਾਬਲੇ ਨਹੀਂ ਸਨ ਹੁੰਦੇ। ਜੇ ਮੁਕਾਬਲਾ ਕਰਨਾ ਹੀ ਹੈ ਤਾਂ ਹੋਰ ਚੰਗਾ ਲਿਖ ਕੇ ਕੀਤਾ ਜਾਵੇ ਤਾਂ ਚੰਗਾ ਹੈ ਨਾ ਕਿ ਗੰਡ-ਜੋੜ ਅਤੇ ਗਲਤ ਤਰੀਕਿਆਂ ਨਾਲ ਹਾਸਲ ਕੀਤੇ ਜਾਣ। ਮੇਰਾ ਮੰਨਣਾ ਹੈ ਕਿ ਕੇਵਲ ਸਾਹਿਤ ਦੇ ਸੰਦਰਭ 'ਚ ਹੀ ਨਹੀਂ, ਹਰ ਕਿਸਮ ਦੇ ਇਨਾਮਾਂ, ਸਨਮਾਨਾਂ ਦੀ ਪ੍ਰਾਪਤੀ ਦੀ ਚਾਹਤ ਨੇ ਸਾਹਿਤ ਚੋਂ ਪ੍ਰਦੂਸ਼ਣ ਹੀ ਪੈਦਾ ਕੀਤਾ ਹੈ-ਚਾਹੇ ਉਹ ਪਦਮ ਵਿਭੂਸ਼ਨ ਹੋਵੇ ਚਾਹੇ ਪਦਮ ਸ੍ਰੀ ਚਾਹੇ ਕੁਝ ਹੋਰ। ਇਸ ਦਾ ਇਕ ਨਾਂਹ ਪੱਖੀ ਪ੍ਰਭਾਵ ਇਹ ਪਿਆ ਕਿ ਇਨਾਮਾਂ, ਸਨਮਾਨਾਂ ਦੀ ਚਾਹਤ ਕਰਨ ਵਾਲੇ ਕਦੀ ਵੀ ਕੋਈ ਐਸਾ ਬਿਆਨ ਜਾਂ ਐਸਾ ਕਾਰਜ ਨਹੀਂ ਕਰਦੇ ਜਿਸ ਕਾਰਨ ਸਰਕਾਰੀ ਅਦਾਰਿਆਂ 'ਚ ਉਨ੍ਹਾਂ ਪ੍ਰਤੀ ਨਰਾਜਗੀ ਪੈਦਾ ਹੋਵੇ।

ਇਨ੍ਹਾਂ 'ਚੋਂ ਬਹੁਤ ਸਾਰੇ ਤਾਂ ਸਰਕਾਰੀ ਪਿੱਠੂ ਬਣ ਕੇ ਰਹਿ ਜਾਂਦੇ ਅਤੇ ਉਨ੍ਹਾਂ ਦਾ ਆਪਣਾ ਵਜੂਦ ਖ਼ਤਮ ਹੋ ਜਾਂਦਾ ਹੈ। ਜਿੰਨਾ ਅਹਿਮ ਸਰਕਾਰੀ ਅਦਾਰਾ ਹੋਵੇਗਾ, ਓਨਾ ਹੀ ਉਸ ਦੁਆਲੇ ਖ਼ੁਦਗਰਜ਼ਾਂ, ਬੇਈਮਾਨਾਂ ਦੀ ਭੀੜ ਹੋਵੇਗੀ।

ਸਾਹਿਤ ਖੇਤਰ 'ਚ ਕੁਝ ਪਹੁੰਚ ਰੱਖਣ ਵਾਲਿਆਂ 'ਚ ਕੁਝ ਜ਼ਿਆਦਾ ਹੁਸ਼ਿਆਰ ਕਿਸਮ ਦੇ ਬੰਦੇ ਵੀ ਹੁੰਦੇ ਹਨ ਜੋ ਕੋਈ ਪੁਸਤਕ ਲਿਖਣ ਲੱਗਿਆ ਹੀ ਆਪਣਾ ਤਾਣਾ-ਬਾਣਾ ਬੁਣਨ ਲੱਗਦੇ ਹਨ ਕਿ ਉਨ੍ਹਾਂ ਦੀ ਲਿਖੀ ਪਹਿਲੀ ਪੁਸਤਕ ਕਿਸੇ ਯੂਨੀਵਰਸਿਟੀ ਦੇ ਸਲੇਬਸ 'ਚ ਲੱਗੇ ਅਤੇ ਕੋਈ ਪੁਰਸਕਾਰ ਹਾਸਲ ਕਰੇ।

ਚੰਗਾ ਲਿਖਣ ਦੀ ਦੌੜ ਹੋਵੇ ਤਾਂ ਗੱਲ ਬਣਦੀ ਹੈ। ਇਸ ਸੰਦਰਭ 'ਚ ਮੈਨੂੰ ਯਾਦ ਆ ਰਿਹਾ ਹੈ ਕਿ ਕੁਝ ਵਰ੍ਹੇ ਪਹਿਲਾਂ 'ਨਵਾਂ ਜ਼ਮਾਨਾ' ਦੀ 'ਟੀਮ' ਨੇ ਇਹ ਸੋਚਦਿਆਂ ਚੰਗੇ ਸਾਹਿਤ, ਚੰਗੀਆਂ ਨਵੀਆਂ ਪ੍ਰਕਾਸ਼ਤ ਪੁਸਤਕਾਂ ਬਾਰੇ ਪਾਠਕਾਂ ਦੁਆਰਾ 'ਸਰਵੇ' ਕਰਾ ਕੇ ਪਾਠਕਾਂ ਤੱਕ ਪੁਚਾਇਆ ਜਾਵੇ। ਇਹ ਕੰਮ ਕੁਝ ਵਰ੍ਹੇ ਤੱਕ ਬੜੀ ਕਾਮਯਾਬੀ ਨਾਲ ਚੱਲਦਾ ਰਿਹਾ ਅਤੇ ਪਾਠਕਾਂ ਤੱਕ ਨਵੀਆਂ ਅਤੇ ਵਧੀਆ ਰਚਨਾਵਾਂ ਬਾਰੇ ਪਤਾ ਲਗਦਾ ਰਿਹਾ। ਪਰ ਫੇਰ ਲੇਖਕਾਂ ਨੇ ਆਪਣੀਆਂ ਜੁੰਡਲੀਆਂ ਬਣਾ ਲਈਆਂ ਅਤੇ ਆਪਣਿਆਂ ਵਿਚੋਂ ਹੀ ਚੰਗੀਆਂ ਪੁਸਤਕਾਂ ਤਕ ਸੀਮਤ ਕਰ ਲਿਆ। ਨਤੀਜਨ 'ਨਵਾਂ ਜ਼ਮਾਨਾ' ਨੇ ਇਹ ਸਰਵੇ ਬੰਦ ਕਰ ਦਿੱਤਾ।

ਦੁਨੀਆ ਦੀਆਂ ਸਰਕਾਰਾਂ ਬੁੱਧੀਜੀਵੀਆਂ ਤੋਂ ਕੁਝ ਡਰਦੀਆਂ ਸਨ। ਹੁਣ ਸਰਕਾਰਾਂ ਨੇ ਬੁੱਧੀਜੀਵੀਆਂ, ਲੇਖਕਾਂ ਨੂੰ ਆਪਣੇ ਵੱਸ 'ਚ ਕਰਨ ਲਈ ਕਿਸ-ਕਿਸ ਤਰ੍ਹਾਂ ਦੇ ਤਰੀਕੇ ਵਰਤਣੇ ਆਰੰਭ ਕਰ ਦਿੱਤੇ ਹਨ, ਰਜਨੀਸ਼ ਜੀ ਨੇ ਸੰਪਾਦਕੀ 'ਚ ਇਸ ਵੱਲ ਸੰਕੇਤ ਕਰਦਿਆਂ ਲਿਖਿਆ ਹੈ "ਇਸ ਤੋਂ ਵੀ ਮਾੜਾ ਇਹ ਕਿ ਆਉਣ ਵਾਲੀਆਂ ਪੀੜ੍ਹੀਆਂ ਦਾ ਬੇੜਾ ਗਰਕ ਕਰ ਦਿੱਤਾ।

ਉਂਝ ਬੁੱਧੀਜੀਵੀਆਂ, ਚੰਗਾ ਸੋਚਣ ਵਾਲਿਆਂ ਦੀ ਘਾਟ ਵੀ ਨਹੀਂ। ਪਰ ਉਹ ਆਪਣੇ

ਆਪ ਨੂੰ ਇਹ ਕਹਿ ਕੇ ਚੁੱਪ ਰਹਿੰਦੇ ਹਨ ਕਿ ਗੰਦ 'ਚ ਹੱਥ ਪਾਉਣ ਵਾਲੇ ਆਪਣੇ ਹੀ ਹੱਥ ਗੰਦੇ ਹੋਣਗੇ ਜਾਂ ਇਹ ਕਿ ਕੀ ਪਤਾ ਉਨ੍ਹਾਂ ਨੂੰ ਵੀ 'ਕੁਰਸੀ ਵਾਲਿਆਂ' ਨਾਲ ਕੋਈ ਕੰਮ ਪੈ ਜਾਵੇ। ਪਰ ਉਨ੍ਹਾਂ ਦੀ ਇਹ ਚੁੱਪ ਸਾਹਿਤ ਦੇ ਖੇਤਰ 'ਚ ਵਿਚਰਦੇ ਡਾਕੂਆਂ/ਲੁਟੇਰਿਆਂ ਨੂੰ ਸ਼ੈਅ ਪ੍ਰਦਾਨ ਕਰਦੀ ਹੈ ਅਤੇ ਇਹ ਚੁੱਪ, ਚੁੱਪ ਰਹਿਣ ਵਾਲਿਆਂ ਨੂੰ 'ਜ਼ਮੀਰ' ਦੀ ਪੱਧਰ ਤੇ ਹੋਰ ਨੀਵਾਂ ਕਰ ਦੇਂਦੀ ਹੈ। ਮੇਰੇ ਨਾਵਲ 'ਸ਼ੇਰ ਸ਼ਾਹ ਸੂਰੀ' ਬਾਰੇ ਲਿਖ ਕੇ ਤਾਂ ਤੁਸਾਂ ਕਮਾਲ ਕਰ ਦਿੱਤਾ। ਮੈਂ ਆਪਣੇ ਇਸ ਨਾਵਲ ਬਾਰੇ ਆਪ ਜ਼ਿਆਦਾ ਕੁਝ ਕਹਿਣਾ ਨਹੀਂ ਚਾਹੁੰਦਾ, ਪਰ ਇਸ ਦੀਆਂ ਅੰਤਰੀਵ ਪਰਤਾਂ ਨੂੰ ਬੜੀ ਸੂਝਤਾ ਅਤੇ ਕਾਮਯਾਬੀ ਨਾਲ ਪਾਠਕਾਂ ਦੇ ਸਨਮੁਖ ਪੇਸ਼ ਕੀਤਾ ਹੈ। ਪੜ੍ਹਦਿਆਂ-ਪੜ੍ਹਦਿਆਂ ਮੈਂ ਆਪ ਵੀ ਆਪਣੇ ਨਾਵਲ ਦੇ ਪੰਨਿਆਂ 'ਚੋਂ ਲੰਘਣ ਲੱਗ ਪਿਆ।

ਦੀਪਤੀ ਬਬੂਟਾ ਦੀ 'ਨਜ਼ਰਾਂ ਤੋਂ ਦੂਰ ਨਹੀਂ' ਅਤੇ ਡਾ. ਕਰਮਜੀਤ ਸਿੰਘ ਨਡਾਲਾ ਦੀ 'ਵਟਸਅਪ' ਵੀ ਚੰਗੀਆਂ ਕਹਾਣੀਆਂ ਹਨ। ਸੁਦਰਸ਼ਨ ਗਾਸੋਂ ਦੀ ਕਵਿਤਾ 'ਸੋਚ' 'ਚ ਉਸਨੇ 'ਨਪੁੰਨਸਕ ਹੋ ਰਹੀ ਸੋਚ ਤੇ ਸੋਚਹੀਣ ਹੋ ਰਹੀ ਪਨੀਰੀ ਨੂੰ' ਕੁਝ ਰੋਸ਼ਨੀ ਦੇਣ ਦੀ ਗੱਲ ਕੀਤੀ ਹੈ। ਦਰੁਸਤ ਆਖਿਆ ਹੈ। ਹਕੀਕਤ ਇਹ ਵੀ ਹੈ ਕਿ ਵਰਤਮਾਨ ਦੀ 'ਫਸਲ' ਹੀ 'ਸੋਚ' ਦੀ ਹੋ ਗਈ ਤਾਂ ਨਵੀਂ ਪਨੀਰੀ ਨੂੰ ਸੇਧ ਕੌਣ ਦੇ ਸਕਦਾ ਹੈ। 'ਜਲ੍ਹਿਆ ਵਾਲਾ ਬਾਗ਼' ਦੇ ਸਾਕੇ ਬਾਰੇ ਸੋਚਦਿਆਂ ਇਹ ਵੀ ਸੋਚਣ ਲੱਗਦਾ ਹਾਂ ਕਿ 'ਇਸ ਸਾਕੇ' ਅਤੇ ਸ. 1984 ਦੀਆਂ ਘਟਨਾਵਾਂ 'ਚ ਕੀ ਅੰਤਰ ਹੈ? ਸੋਚਿਆ ਕਰਦਾ ਸੀ ਕਿ ਅਠਾਰਵੀਂ ਸਦੀ 'ਚ ਜੋ ਪੰਜਾਬ ਦੇ ਸਿੱਖਾਂ ਨਾਲ ਘਟੀ, ਉਹ ਮੁੜ ਨਹੀਂ ਦੁਹਰਾਇਆ ਜਾਵੇਗਾ। ਪਰ ਕੀ ਮਤਾ ਸੀ ਕਿ ਮੁੜ ਉਹੀ ਕੁਝ ਵੇਖਣਾ ਅਤੇ ਸਹਿਣਾ ਪਵੇਗਾ।

ਮਨਮੋਹਨ ਬਾਵਾ, ਡਲਹੌਜੀ

✪ ਪਿਆਰੇ ਰਜਨੀਸ਼ ਬਹਾਦਰ ਸਿੰਘ, ਪ੍ਰਵਚਨ ਦੀ ਸੰਪਾਦਕੀ ਅੰਕ ਜੁਲਾਈ-ਸਤੰਬਰ ਵਿਚ ਤੁਸੀਂ ਬਹੁਤ ਹੀ ਸਾਰਥਿਕ ਮਸਲੇ ਛੇੜੇ ਹਨ। ਮਨੁੱਖੀ ਸਮਾਜ ਵਿਚ ਰਾਜ ਦੀ ਸਥਾਪਨਾ ਹੋਈ ਤਾਂ ਤਕਰੀਬਨ ਹਰ ਸਮਾਜ ਵਿਚ ਮਾਨਵੀ ਮੁੱਲ ਵਿਧਾਨ ਨੂੰ ਖੋਰਾ ਲੱਗਣਾ ਆਰੰਭ ਹੋ ਗਿਆ ਤੇ ਸਮੇਂ ਨਾਲ ਰਾਜ ਦਮਨ ਦਾ ਚਿੰਨ ਬਣ ਕੇ ਰਹਿ ਗਿਆ। ਅਜਿਹੇ ਰਾਜਸੀ ਆਪਾ ਧਾਪੀ ਦੇ ਦੌਰ ਵਿਚ ਇਕ ਸੱਚ ਕਹਿਣ ਵਾਲ਼ੀ ਧਿਰ ਵੀ ਲੋਕਤਾ ਦੇ ਹੱਕ ਵਿਚ ਆਪਣੀ ਆਵਾਜ਼ ਬੁਲੰਦ ਕਰਦੀ ਸੀ, ਜਿਸ ਦੇ ਭੈਅ ਖਾਂਦੀ ਰਾਜਸੱਤਾ ਉਸ ਆਵਾਜ਼ ਨੂੰ ਕੁਚਲਣ ਲਈ, ਜੇਲ੍ਹਾਂ ਦੇ ਬੂਹੇ ਖੋਲ੍ਹਦੀ ਸੀ, ਇੱਥੋਂ ਤੱਕ ਕਿ ਮੌਤ ਦੇ ਘਾਟ ਵੀ ਉਤਾਰਨ ਤੱਕ ਜਾਂਦੀ ਰਹੀ ਹੈ, ਸੰਸਾਰ ਇਤਿਹਾਸ ਇਸ ਦਾ ਗਵਾਹ ਹੈ ਕਿ ਕਿਵੇਂ ਸੱਤਾ ਦੇ ਸ਼ਿਕਾਰ ਈਸਾ ਮਸੀਹ, ਸੁਕਰਾਤ, ਮਨਸੂਰ ਆਦਿ ਦੀਆਂ ਉਦਾਹਰਣਾਂ ਇਤਿਹਾਸ ਦੇ ਪੰਨੇ ਸਾਂਭ ਕੇ ਰੱਖ ਰਹੇ ਹਨ। ਔਰੰਗਜ਼ੇਬ ਦੇ ਸਮੇਂ ਨੌਵੇਂ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵੱਡੀ ਇਤਿਹਾਸਕ ਘਟਨਾ ਸੀ।

ਜਿੱਥੋਂ ਤੱਕ ਲੋਕਤੰਤਰੀ ਵਿਵਸਥਾ ਦਾ ਸੁਆਲ ਹੈ, ਬੇਸ਼ੱਕ ਇਸ ਵਿਚ ਜਨ ਸਾਧਾਰਨ ਦੀ ਭਾਗੀਦਾਰੀ ਦਾ ਦਖ਼ਲ ਤਾਂ ਹੋ ਗਿਆ ਪਰ ਸੱਤਾ ਦਾ ਖ਼ਾਸਾ ਨਹੀਂ ਬਦਲਿਆ। ਮਾਰਕਸੀ ਚਿੰਤਨ ਅਨੁਸਾਰ ਕੋਈ ਵੀ ਲੋਕਤੰਤਰੀ ਵਿਵਸਥਾ ਜਾਂ ਜਮਹੂਰੀਅਤ ਲੋਕਤੰਤਰੀ ਜਾਂ ਜਮਹੂਰੀ ਨਹੀਂ ਹੁੰਦੀ। ਜਮਾਤੀ ਦ੍ਰਿਸ਼ਟੀਕੋਣ ਅਨੁਸਾਰ ਸੱਤਾ ਜਿਸ ਧਿਰ ਦੇ ਹੱਥ ਵਿਚ ਹੁੰਦੀ ਹੈ, ਉਹੀ ਇਸ ਦਾ ਹਰ ਢੰਗ ਨਾਲ ਲਾਭ ਉਠਾਉਂਦੀ ਹੈ, ਜਦ ਕਿ ਆਮ ਲੋਕਾਈ ਵਿਰਵੀ ਰਹਿਣ ਲਈ ਮਜਬੂਰ ਹੁੰਦੀ ਹੈ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਵਿਚ ਅੰਗਰੇਜ਼ਾਂ ਦੇ ਚਲੇ ਜਾਣ ਤੋਂ ਬਾਅਦ ਲੋਕਾਂ ਨੂੰ ਕੁੱਝ ਕੁ ਸੁਖ ਸਹੂਲਤਾਂ ਜ਼ਰੂਰ ਮਿਲੀਆਂ ਹਨ ਪਰ ਰਾਜ ਦਾ ਖ਼ਾਸਾ ਜਮਹੂਰੀ ਨਾ ਹੋ ਕੇ ਤਾਨਾਸ਼ਾਹੀ ਵਾਲ਼ਾ ਹੀ ਰਿਹਾ ਹੈ। ਮਸਲਾ ਚਾਹੇ ਸੂਬਿਆਂ ਨੂੰ ਵੱਧ ਅਧਿਕਾਰਾਂ ਦਾ ਹੋਵੇ ਚਾਹੇ

ਬੋਲੀਆਂ ਦੀ ਤਰੱਕੀ ਦਾ ਹੋਵੇ। ਸੱਤਾ ਦੀ ਤਾਕਤ ਵੋਟਰ ਕੋਲ਼ ਹੋਣ ਦੇ ਬਾਵਜੂਦ ਮਾਨਸ ਇਸ ਵਿਚੋਂ ਲੱਗਪੱਗ ਖ਼ਾਰਜ ਹੀ ਹੁੰਦਾ ਹੈ। ਬੀਤੇ ਦਾ ਇਤਿਹਾਸ ਇਸ ਗੱਲੋਂ ਕਿੰਨਾ ਰੌਸ਼ਨ ਹੈ, ਜਦ ਅਸੀਂ ਦੇਖਦੇ ਹਾਂ ਕਿ ਸੱਤਾ ਨੂੰ ਵੰਗਾਰਨ ਵਾਲ਼ਾ ਗਿਆਨ ਵੱਡੀ ਵੰਗਾਰ ਬਣ ਕੇ ਨਿੱਤਰਦਾ ਰਿਹਾ ਹੈ। ਪ੍ਰਵਚਨ ਇਸ ਜਾਗਰੂਕਤਾ ਦਾ ਬੁਲਾਰਾ ਬਣ ਕੇ ਉੱਭਰਿਆ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਪ੍ਰਵਚਨ ਦੀ ਇਹ ਨਿੱਡਰ ਸਮਝ ਦਾ ਹਿੱਸਾ ਹੈ।

ਮਧ ਕਾਲੀਨ ਯੁੱਗ ਵਿਚ ਸੱਤਾ ਨੂੰ ਵੰਗਾਰਨ ਵਾਲ਼ੇ ਸੰਤ ਮਹਾਂ ਪੁਰਸ਼ਾਂ–ਦੱਖਣ ਵਿਚ ਰਾਮਾਨੁਜ ਅਤੇ ਬੰਗਾਲ ਵਿਚ ਚੈਤੰਨਿਆ, ਇਸ ਤੋਂ ਉਪਰੰਤ ਰਾਮਾ ਨੰਦ, ਕਬੀਰ, ਤਿਰਲੋਚਨ, ਸਧਨਾ ਰਵਿਦਾਸ ਆਦਿ ਨੇ ਭੂਪਵਾਦੀ ਮੁੱਲ ਵਿਧਾਨ ਨੂੰ ਸ਼ਬਦ ਦੀ ਸ਼ਕਤੀ ਨਾਲ਼ ਵੱਡਾ ਝਟਕਾ ਦਿੱਤਾ। ਪੰਜਾਬ ਦੀ ਧਰਤੀ 'ਤੇ ਗੁਰੂ ਨਾਨਕ ਦਾ ਆਗਮਨ ਗਿਆਨ ਅਤੇ ਵਿਚਾਰ ਨੂੰ ਨਵੀਂ ਦਿਸ਼ਾ ਦੇਣ ਵਾਲ਼ਾ ਫ਼ਲਸਫ਼ਾ ਸਾਬਤ ਹੋਇਆ ਤੇ ਇਸ ਗਿਆਨ ਨੇ ਸੱਤਾ ਅਤੇ ਸਾਮੰਤੀ ਸੱਭਿਆਚਾਰ ਨੂੰ ਚੰਗੇ ਤਮਾਚੇ ਲਗਾਏ। ਗੁਰਬਾਣੀ ਦਾ ਮਹੱਤਵ ਹੀ ਇਸ ਗੱਲ ਵਿਚ ਨਿਹਿੱਤ ਹੈ ਕਿ ਗੁਰੂ ਜੀ ਦੀ ਬਾਣੀ ਵਿਚ ਸਮਾਜਿਕ, ਰਾਜਨੀਤਕ, ਸੱਭਿਆਚਾਰਕ, ਧਾਰਮਿਕ, ਸਦਾਚਾਰਕ ਆਦਿ ਉਪਰ ਬੇਬਾਕ ਹਮਲੇ ਕੀਤੇ ਮਿਲ਼ਦੇ ਹਨ। ਅਸੀਂ ਇਹ ਠੋਕ ਵਜਾ ਕੇ ਦਾਅਵਾ ਕਰ ਸਕਦੇ ਹਾਂ ਕਿ ਸ਼ਬਦ ਨੇ ਹਮੇਸ਼ਾ ਹੀ ਹੱਕ ਸੱਚ ਅਤੇ ਇਨਸਾਫ਼ ਦੀ ਵਕਾਲਤ ਕੀਤੀ ਹੈ। ਸੂਫੀ ਕਾਵਿ ਚਿੰਤਨ ਨੇ ਵੀ ਜੀਵਨ ਮੁੱਲਾਂ ਨੂੰ ਨਵੀਆਂ ਦਿਸ਼ਾਵਾਂ ਦੇਣ ਦਾ ਹੀ ਉਪਰਾਲਾ ਕੀਤਾ ਜਾਪਦਾ ਹੈ। ਜੇ ਸ਼ਬਦ ਕਿਸੇ ਭੈਅ ਦੇ ਅਧੀਨ ਜ਼ੁਬਾਨ ਨੂੰ ਤਾਲਾ ਲਾ ਲੈਂਦਾ ਹੈ ਤਾਂ ਉਹ ਸ਼ਬਦ ਕਿੰਨਾ ਵੀ ਕਲਾਮਈ ਤੇ ਰੌਚਕ ਹੋਵੇ, ਜ਼ਿੰਦਗੀ ਦੇ ਕਿਸੇ ਕੰਮ ਦਾ ਨਹੀਂ। ਤੁਸੀਂ ਆਪਣੇ ਸੰਪਾਦਕੀ ਵਿਚ ਚਿੰਤਨ ਅਤੇ ਚੇਤਨਾ ਦੀ ਜੀਵਨ ਵਿਚ ਭੂਮਿਕਾ ਉੱਪਰ ਵਿਚਾਰ ਪ੍ਰਗਟਾਉਂਦਿਆਂ ਮੌਜੂਦਾ ਦੌਰ ਵਿਚ ਇਸ ਦੀ ਅਹਿਮੀਅਤ ਨੂੰ ਉਭਾਰਿਆ ਹੈ, ਜਿਸ ਦਾ ਇਸ ਵਕਤ ਕਾਲ਼ ਪਿਆ ਮਾਲੂਮ ਹੁੰਦਾ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਸ਼ਬਦ ਆਪਣਾ ਫ਼ਰਜ਼ ਅਦਾ ਕਰਦਾ ਨਹੀਂ ਜਾਪਦਾ। ਬਹੁਤ ਘੱਟ ਲੇਖਕ ਹਨ, ਜੋ ਸਮੇਂ ਨੂੰ ਸੰਬੋਧਤ ਹੋ ਕੇ ਕਲਮ ਚਲਾ ਰਹੇ ਹੋਣ। ਅੱਜ ਖ਼ਾਸ ਕਰਕੇ ਜਦੋਂ ਮੁਲਕ ਨੂੰ ਭਗਵੇਂ ਰੰਗ ਵਿਚ ਰੰਗਣ ਦੇ ਤਾਬੜ ਤੋੜ ਯਤਨ ਆਰੰਭੇ ਹੋਏ ਹਨ ਤੇ ਸਾਡੀ ਅਨੇਕਤਾ ਵਿਚ ਏਕਤਾ, ਬਹੁਲਤਾਵਾਦੀ ਸੱਭਿਆਚਾਰ ਯਾਨੀ ਸਮੁੱਚੀ ਜੀਵਨ ਸ਼ੈਲੀ ਨੂੰ ਵੱਡੀਆਂ ਵੰਗਾਰਾਂ ਦਰਪੇਸ਼ ਹਨ, ਸਹਿਨਸ਼ੀਲਤਾ, ਵਿਚਾਰਾਂ ਦੀ ਆਜ਼ਾਦੀ, ਖਾਣ–ਪੀਣ, ਪਹਿਨਣ–ਪੱਚਰਨ ਦੀ ਆਜ਼ਾਦੀ, ਕਿਸੇ ਵੀ ਧਰਮ ਨੂੰ ਮੰਨਣ ਜਾਂ ਨਾ ਮੰਨਣ ਦੀ ਆਜ਼ਾਦੀ ਨੂੰ ਵੱਡੇ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਬਹੁਤ ਘੱਟ ਕਲਮਾਂ ਹਨ, ਜੋ ਨਿੱਠ ਕੇ ਇਸ ਸਥਿੱਤੀ ਨੂੰ ਮੁਖ਼ਾਤਿਬ ਹੋ ਰਹੀਆਂ ਹਨ। ਤੁਸੀਂ ਕਿੰਨਾ ਠੀਕ ਲਿਖਿਆ ਹੈ ਕਿ ਲੇਖਕਾਂ ਦਾ ਬਹੁਤ ਛੋਟਾ ਹਿੱਸਾ ਹੈ, ਜਿਹੜਾ ਸਮਾਜ ਦੀਆਂ ਜਟਿਲਤਾਵਾਂ ਬਾਰੇ ਚੇਤੰਨ ਹੈ। ਜੋ ਕੁੱਝ ਅੱਜ ਲਿਖਿਆ ਜਾ ਰਿਹਾ ਹੈ, ਉਹ ਚੰਗੇ ਨਿੱਗਰ ਨਰੋਏ ਸਾਹਿਤ ਦੀ ਵੀ ਪੜਤ ਮਾਰ ਰਿਹਾ ਹੈ। ਜੋ ਲਿਖਿਆ ਜਾ ਰਿਹਾ ਹੈ, ਉਸ ਵਿਚੋਂ ਉਪਜਦੀ ਧੁਨੀ ਜ਼ਿਆਦਾਤਰ ਕਿਸੇ ਕੰਮ ਦੀ ਨਹੀਂ। ਪੁਰਾਣੇ ਤੇ ਬੋਦੇ ਹੋ ਚੁੱਕੇ ਖ਼ਿਆਲ, ਖ਼ਾਸ ਕਰਕੇ ਬਹੁਤੀ ਕਵਿਤਾ ਵਿਚ, ਕੋਈ ਨਵੀਨਤਾ ਨਜ਼ਰ ਨਹੀਂ ਆਉਂਦੀ। ਇਨ੍ਹੀਂ ਦਿਨੀਂ ਮੈਨੂੰ ਬਹੁਤ ਸਾਰੇ ਸਾਹਿਤਕ ਸਮਾਗਮਾਂ ਵਿਚ ਜਾਣ ਦਾ ਮੌਕਾ ਮਿਲਿਆ ਹੈ। ਪੇਸ਼ ਕੀਤੀਆਂ ਜਾਣ ਵਾਲ਼ੀਆਂ ਰਚਨਾਵਾਂ ਤੋਂ ਮੈਨੂੰ ਨਿਰਾਸ਼ਤਾ ਹੀ ਹੱਥ ਲੱਗੀ ਹੈ। ਮੈਂ ਭਖਦੇ ਮੁੱਦਿਆਂ ਵੱਲ ਲੇਖਕਾਂ ਦਾ ਧਿਆਨ ਮੋੜਨ ਦਾ ਯਤਨ ਵੀ ਕਰਦਾ ਰਿਹਾ ਹਾਂ ਪਰ ਆਟੇ ਵਿਚ ਲੂਣ ਨੂੰ ਛੱਡ ਕੇ ਬਹੁਤਿਆਂ ਦਾ ਕੋਈ ਚੇਤਨਾ ਪੱਧਰ ਹੁੰਦਾ ਹੀ ਨਹੀਂ। ਮਾਂ, ਭਰੂਣ ਹੱਤਿਆ, ਨਸ਼ੇ ਜਾਂ ਬਹੁਤ ਹੀ

ਨਿਮਨ ਪੱਧਰ ਦੇ ਇਸ਼ਕੀਆਂ ਗੀਤ-ਕਵਿਤਾਵਾਂ ਜਿਨ੍ਹਾਂ ਦੇ ਵਿਸ਼ੇ ਪਹਿਲਾਂ ਹੀ ਬਥੇਰਾ ਮਸਲ਼ੇ-ਮਧੋਲ਼ੇ ਜਾ ਚੁੱਕੇ ਹਨ, ਤੋਂ ਅਗਾਂਹ ਕੁੱਝ ਵੀ ਨਹੀਂ ਹੁੰਦਾ। ਜਿੱਥੋਂ ਤੱਕ ਸਾਡੇ ਵੱਡੇ ਬੁੱਧੀਜੀਵੀ ਵਰਗ ਦਾ ਪ੍ਰਸ਼ਨ ਹੈ, ਤੁਸੀਂ ਠੀਕ ਲਿਖਿਆ ਹੈ, ਕਿ ਉਹ ਚਿੰਤਨ ਕੇਵਲ ਅਕੈਡਮਿਕ ਅਰਥਾਤ ਸਲੇਬਸ ਪੱਧਰ ਤੱਕ ਹੀ ਮਹਿਦੂਦ ਰਹਿੰਦਾ ਹੈ। ਬਹੁਤ ਪਹਿਲਾਂ ਪੜ੍ਹੀ ਕਿਸੇ ਕਵੀ ਦੀ ਨਜ਼ਮ ਦੀਆਂ ਕੁੱਝ ਸਤਰਾਂ ਚੇਤੇ ਆ ਗਈਆਂ ਜੋ ਅਜਿਹੇ ਬੁੱਧੀਜੀਵੀਆਂ ਦੀ ਬੌਧਕਿਤਾ ਦਾ ਸੁੰਦਰ ਨਮੂਨਾ ਹੈ-
"ਅਸੀਂ ਸਾਰੇ ਆਲੂਜੀਵ ਹੁੰਦੇ ਹਾਂ, ਜੋ ਹਰ ਸਬਜ਼ੀ ਵਿਚ ਪੈ ਜਾਂਦੇ ਹਾਂ।"

ਅੱਜ ਜਦੋਂ ਕਿ ਇਕ ਰਾਸ਼ਟਰ, ਇਕ ਭਾਸ਼ਾ, ਇਕ ਪਾਰਟੀ ਸੱਤਾ, ਇਕ ਸੱਭਿਆਚਾਰ ਦਾ ਢੋਲ ਕੁੱਟਿਆ ਜਾ ਰਿਹਾ ਹੈ, ਲੇਖਕਾਂ ਦੀਆਂ ਰਚਨਾਵਾਂ ਵਿਚੋਂ ਵਿਰੋਧ ਦੀ ਧੁਨੀ ਨਹੀਂ ਉਪਜ ਰਹੀ। ਸੱਤਾ ਦੁਆਰਾ ਜਮਹੂਰੀਅਤ ਦੀ ਗੱਲ ਕਰਨ ਵਾਲ਼ੀਆਂ ਆਵਾਜ਼ਾਂ ਨੂੰ ਵੀ ਚੁੱਪ ਕਰਾਉਣ ਲਈ, ਕਤਲ, ਜੇਲ੍ਹਾਂ ਦਾ ਵਰਤਾਰਾ ਆਮ ਕੀਤਾ ਹੋਇਆ ਹੈ, ਇਸ ਦੌਰ ਵਿਚ ਕਲਮਕਾਰਾਂ, ਸਿਰਜਣਕਾਰਾਂ ਨੂੰ ਚਿੰਤਨ ਤੇ ਚੇਤਨਾ ਦਾ ਪਸਾਰ ਕਰਨ ਦੀ ਜ਼ਰੂਰਤ ਹੈ। ਇਹ ਚਿੰਤਨ ਸਤਾ ਦੀਆਂ ਅੱਖਾਂ ਵਿਚ ਰੜਕਣਾ ਚਾਹੀਦਾ ਹੈ, ਜੇ ਰੜਕਦਾ ਨਹੀਂ ਤਾਂ ਇਹ ਸਮਾਜ ਦਾ ਕੁੱਝ ਸੰਵਾਰਨ ਦੀ ਸਮਰੱਥਾ ਵੀ ਨਹੀਂ ਰੱਖਦਾ। ਇਹ ਠੀਕ ਹੈ ਕਿ ਮਾਰਕਸੀ ਚਿੰਤਨ ਨਾਲ਼ ਪ੍ਰਤੀਬੱਧ ਲੇਖਕ ਆਪਣਾ ਫ਼ਰਜ਼ ਅਦਾ ਕਰ ਰਹੇ ਹਨ, ਜਦੋਂ ਕਿ ਦੂਜੇ ਪਾਸੇ ਪਰੰਪਰਾਗਤ ਸੋਚ ਸਮਝ ਵਿਚੋਂ ਪੈਦਾ ਹੋਇਆ ਸਾਹਿਤ ਫੋਕਟ ਮਾਲ ਤੋਂ ਵੱਧ ਕੁੱਝ ਵੀ ਨਹੀਂ ਹੈ। ਮੈਨੂੰ ਮਾਣ ਹੈ ਪ੍ਰਵਚਨ ਉੱਪਰ ਕਿ ਇਹ ਹਰ ਅੰਕ ਵਿਚ ਚਲੰਤ ਭਖਦੇ ਮਸਲਿਆਂ ਨੂੰ ਹੱਥ ਵਿਚ ਲੈ ਕੇ ਨਿੱਗਰ ਚਰਚਾ ਛੇੜਦਾ ਆ ਰਿਹਾ ਹੈ। ਮੁਬਾਰਕ ਸ਼ਬਦ ਲੈ ਕੇ ਹੀ ਆਉਂਦਾ ਹੈ। ਸ਼ਾਬਾਸ਼।

2 ਅਕਤੂਬਰ 2019 ਅਤਰਜੀਤ

✪ ਜੁਲਾਈ-ਸਤੰਬਰ ਦਾ ਪ੍ਰਵਚਨ ਬਹੁਤ ਗੁਹ ਨਾਲ ਵਾਚਿਆ ਵਿਚਾਰਿਆ ਹੈ। ਪਹਿਲੀ ਗੱਲ ਇਹ ਪਰਚਾ ਪੂਰੀ ਤਰ੍ਹਾਂ ਪੰਜਾਬੀ ਕਹਾਣੀ ਨੂੰ ਸਮਰਪਿਤ ਹੈ। ਦੂਜਾ ਇਸ ਵਿਚ ਕਹਾਣੀ ਦੀ ਨਵੀਂ ਤਕਨੀਕ ਬਾਰੇ ਤਾਂ ਅਕਸਰ ਚਰਚਾ ਹੁੰਦੀ ਹੀ ਹੈ ਸਗੋਂ ਪਹਿਲਾਂ ਅਤੇ ਹੁਣ ਲਿਖੀ ਜਾ ਰਹੀ ਕਹਾਣੀ ਨੂੰ ਦੂਜੀਆਂ ਭਾਸ਼ਾਵਾਂ ਵਿਚ ਲਿਖੀਆਂ ਜਾ ਰਹੀਆਂ ਕਹਾਣੀਆਂ ਦੇ ਸੰਦਰਭ ਵਿਚ ਵਿਚਾਰਿਆ ਜਾਂਦਾ ਹੈ ਅਤੇ ਇਸ ਸਬੰਧ ਵਿਚ ਬਕਾਇਦਾ ਕਹਾਣੀ ਗੋਸ਼ਟੀ ਦਾ ਉਚੇਚਾ ਪ੍ਰਬੰਧ ਕੀਤਾ ਜਾਂਦਾ ਹੈ। ਤੀਜਾ ਮੈਂ ਖੁਦ ਇਹ ਮਹਿਸੂਸ ਕਰਦਾ ਹਾਂ ਕਿ ਪਿਛਲੇ ਕੁਝ ਸਮੇਂ ਤੋਂ ਪੰਜਾਬੀ ਵਿਚ ਜੋ ਕਹਾਣੀ ਲਿਖੀ ਜਾ ਰਹੀ ਹੈ ਇਸ ਨੇ ਵੀਹਵੀਂ ਸਦੀ ਦੇ ਦੂਜੇ ਅੱਧ ਦਾ ਦੌਰ ਲੈ ਆਂਦਾ ਹੈ। ਪੰਜਾਬੀ ਕਹਾਣੀ ਹੁਣ ਪੁਰਾਣੀਆਂ ਵਲਗਣਾਂ ਚੋਂ ਨਿਕਲ ਕੇ ਨਵੇਂ ਤੋਂ ਨਵੇਂ ਵਿਸ਼ਿਆ ਨੂੰ ਰਿੜਕਣ ਲੱਗੀ ਹੈ। ਡਾ. ਸਾਹਿਬ ਇਕ ਮਕਸਦ ਨੂੰ ਲੈ ਕੇ ਪਰਚਾ ਚਲਾਉਣਾ ਅਸਲੋਂ ਘਰ ਫੂਕ ਤਮਾਸ਼ਾ ਵੇਖਣ ਵਾਲੀ ਗੱਲ ਹੈ। ਤੁਹਾਡੇ ਸਬਰ ਸਿਦਕ ਨੂੰ ਸਲਾਮ।

-ਸ਼ੰਗਾਰਾ ਸਿੰਘ ਭੁੱਲਰ

ਤੁਹਾਡੀ ਪ੍ਰਵਚਨ ਵਾਲੀ ਸੰਪਾਦਕੀ ਪੜ੍ਹ ਲਈ ਏ... ਤੁਸੀਂ ਬਹੁਤ ਅਹਿਮ ਮੁੱਦੇ ਜਾਂ ਮਸਲੇ ਤੇ ਸੰਵਾਦ ਚਲਾਇਆ ਏ, ਮਸਲੇ ਨੂੰ ਜੜ੍ਹ ਤੋਂ ਫੜਿਆ ਏ, ਰਾਜਨੀਤੀ ਦੀਆਂ ਜੜ੍ਹਾਂ ਕਿੱਥੇ ਪਈਆਂ ਨੇ, ਸਾਹਿਤ ਦੀ ਕਿਸ ਕਿਸਮ ਦੀ ਸਥਿਤੀ ਏ ਅਤੇ ਸਾਡੇ ਚਿੰਤਨ ਦੀ ਦਸ਼ਾ ਤੇ ਦਿਸ਼ਾ ਕੀ ਏ... ਇਨਾਮਾਂ ਨੇ ਚੰਗੇ ਸਾਹਿਤ ਨੂੰ ਸੱਟ ਮਾਰੀ ਏ... ਜੋ ਇਸ਼ਾਰਿਆਂ ਨਾਲ ਤੁਸੀਂ ਗੱਲ ਕੀਤੀ ਏ... ਇਸ ਤੇ ਪਰਚੇ 'ਚ ਸੰਵਾਦ ਚਲਾਉਣ ਦੀ ਲੋੜ ਏ...

-ਭਗਵੰਤ ਰਸੂਲਪੁਰੀ